ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 12 | Issue 30 | 03 August 2022 to 09 August 2022 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

### ਮਾਮਲਾ ਬਹਿਬਲ ਕਲਾਂ ਗੋਲੀਕਾਂਡ ਤੇ ਬੇਅਦਬੀ ਨਾਲ ਜੁੜੇ ਅਹਿਮ ਮੁੱਦੇ ਦਾ

# ਇਨਸਾਫ਼ ਮੋਰਚੇ ਵਲੋਂ ਭਗਵੰਤ ਸਰਕਾਰ ਨੂੰ 6 ਮਹੀਨੇ ਦਾ ਸਮਾਂ ਦੇਣ ਤੋਂ ਇਨਕਾਰ

### ✪ 16 ਅਗਸਤ ਨੂੰ ਇੱਕ ਹੋਰ ਇਕੱਠ ਸੱਦਿਆ ✪ ਸੰਗਤਾਂ ਦੀ ਮੰਗ ਸੁਮੇਧ ਸੈਣੀ ਦੀ ਵਕਾਲਤ ਕਰਨ ਵਾਲੇ ਨਵ-ਨਿਯੁਕਤ ਐਡਵੋਕੇਟ ਜਨਰਲ ਵਿਨੋਦ ਘਈ ਨੂੰ ਤੁਰੰਤ ਬਦਲਿਆ ਜਾਵੇ ✪ ਪਹਿਲਾਂ ਜਿੰਨੇ ਧੋਖੇ ਹੋਣੇ ਸੀ ਹੋ ਗਏ, ਪਰ ਹੁਣ ਇਨਸਾਫ਼ ਹੋਵੇਗਾ, ਗੁਰੂਘਰ ਦੇ ਦੋਖੀਆਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ : ਸੰਧਵਾ

**ਬਹਿਬਲ ਕਲਾਂ/ਏ.ਟੀ.ਨਿਊਜ਼** :-31 ਜੁਲਾਈ ਨੂੰ ਸਿੱਖ ਸੰਗਠਨਾਂ ਦੀ ਬੈਠਕ ਵਿੱਚ ਫ਼ੈਸਲਾ ਲਿਆ ਗਿਆ ਕਿ ਸਰਕਾਰ ਨੂੰ ਹੋਰ ਸਮਾਂ ਨਹੀਂ ਦਿੱਤਾ ਜਾਵੇਗਾ ਅਤੇ 16 ਅਗਸਤ ਨੂੰ ਇੱਕ ਹੋਰ ਇਕੱਠ ਕੀਤਾ ਜਾਵੇਗਾ।ਪੰਥਕ ਜਥੇਬੰਦੀਆਂ ਨੇ ਲੰਬੀ ਵਿਚਾਰ ਚਰਚਾ ਤੋਂ ਬਾਅਦ ਸਰਕਾਰ ਵਲੋਂ ਹੋਰ ਸਮੇਂ ਦੀ ਕੀਤੀ ਮੰਗ ਨੂੰ ਠੁਕਰਾਉਂਦਿਆਂ ਸੰਘਰਸ਼ ਨੂੰ ਹੋਰ ਤਿੱਖਾ ਕਰਨ ਲਈ ਸੰਗਤ ਦਾ ਅਗਲਾ ਇਕੱਠ 16 ਅਗਸਤ ਨੂੰ ਸੱਦ ਲਿਆ ਹੈ। ਮੋਰਚੇ ਦੇ ਆਗੂ ਸੁਖਰਾਜ ਸਿੰਘ ਖ਼ਾਲਸਾ ਨੇ ਕਿਹਾ ਕਿ ਗੁਰਦੁਆਰਾ ਸਾਹਿਬ ਬਹਿਬਲ ਕਲਾਂ ਵਿਖੇ ਸ੍ਰੀ ਸਹਿਜ ਪਾਠ ਆਰੰਭ ਹੋਣਗੇ, ਜਿਨਾਂ ਦੇ ਭੋਗ 16 ਅਗਸਤ ਨੂੰ ਪਾਏ ਜਾਣਗੇ। ਉਨਾਂ ਸਰਕਾਰ ਤੋਂ ਮੰਗ ਕੀਤੀ ਕਿ ਡੇਰਾ ਸਿਰਸਾ ਮੁਖੀ ਅਤੇ ਸੁਮੇਧ ਸੈਣੀ ਦੀ ਵਕਾਲਤ ਕਰਨ ਵਾਲੇ ਨਵ-ਨਿਯੁਕਤ ਐਡਵੋਕੇਟ ਜਨਰਲ ਵਿਨੋਦ ਘਈ ਨੂੰ ਤੁਰੰਤ ਬਦਲਿਆ ਜਾਵੇ ਅਤੇ ਪੰਜਾਬ ਵਿਚੋਂ ਡੇਰਾ ਸਿਰਸਾ ਦੀਆਂ ਸਰਗਰਮੀਆਂ ਨੂੰ ਪੂਰੀ ਤਰਾਂ ਬੰਦ ਕੀਤਾ ਜਾਵੇ। ਉਨਾਂ ਸੰਗਤ ਨੂੰ ਅਪੀਲ ਕੀਤੀ ਕਿ ਉਹ



15 ਅਗਸਤ ਨੂੰ ਆਪਣੇ ਘਰਾਂ ਉੱਪਰ ਕੇਸਰੀ ਨਿਸ਼ਾਨ ਝੁਲਾਉਣ।ਉਨਾਂ ਕਿਹਾ ਕਿ ਪੂਰਨ ਇਨਸਾਫ਼ ਮਿਲਣ ਤੱਕ ਇਹ ਮੋਰਚਾ ਨਿਰੰਤਰ ਜਾਰੀ ਰਹੇਗਾ।ਇਸ ਮੌਕੇ ਜਥੇਦਾਰ ਹਵਾਰਾ ਕਮੇਟੀ ਆਗੂ ਨਰਾਇਣ ਸਿੰਘ ਚੌੜਾ, ਨਿਹੰਗ ਸਿੰਘ ਦਲਾਂ ਦੇ ਮੁਖੀ ਬਾਬਾ ਰਾਜਾ ਰਾਜ ਸਿੰਘ, ਸਤਿਕਾਰ ਕਮੇਟੀ ਆਗੂ ਸੁਖਜੀਤ ਸਿੰਘ ਖੋਸਾ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਆਗੂ ਈਮਾਨ ਸਿੰਘ ਮਾਨ, ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਬਾਬਾ ਬਖਸ਼ੀਸ਼ ਸਿੰਘ, ਸਿੱਖ ਪ੍ਰਚਾਰਕ ਬਾਬਾ ਹਰਜਿੰਦਰ ਸਿੰਘ ਮਾਝੀ, ਕਮਲਜੀਤ ਬਰਾੜ, ਬਾਬਾ ਹਰਦੀਪ ਸਿੰਘ ਮਹਿਰਾਜ, ਵਕੀਲ ਹਰਪਾਲ ਸਿੰਘ ਖਾਰਾ, ਦਲ ਖ਼ਾਲਸਾ ਦੇ ਪਰਮਜੀਤ ਸਿੰਘ ਮੱਲ, ਸਤਨਾਮ ਸਿੰਘ ਚੰਦੜ, ਕਿਸਾਨ ਯੂਨੀਅਨ ਫ਼ਤਿਹ ਦੇ ਮਾਸਟਰ ਹਰਜਿੰਦਰ ਸਿੰਘ, ਸਤਨਾਮ ਸਿੰਘ ਖੰਡਾ, ਕਲਾਕਾਰ ਅਮੀਤੋਜ ਮਾਨ, ਜਸਵਿੰਦਰ ਸਿੰਘ ਸਾਹੋਕੇ, ਰਣਜੀਤ ਸਿੰਘ ਵਾਂਦਰ, ਡਾ. ਬਲਵੀਰ ਸਿੰਘ, ਕੋਟਕਪੂਰਾ ਤੋਂ ਵਿਧਾਇਕ ਅਤੇ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਆਦਿ ਹਾਜ਼ਰ ਸਨ।

ਯਾਦ ਰਹੇ ਕਿ 2015 ਵਿਚ ਪੰਜਾਬ ਦੇ ਫਰੀਦਕੋਟ ਜ਼ਿਲੇ ਦੇ ਬਗਰਾੜੀ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਵਿਰੋਧ ਵਿਚ ਧਰਨਾ ਦੇ ਰਹੀਆਂ ਸੰਗਤਾਂ ਉੱਤੇ ਪੁਲਿਸ ਨੇ ਬਹਿਬਲ ਕਲਾਂ ਵਿਚ ਗੋਲੀ ਚਲਾ ਦਿੱਤੀ ਸੀ। ਇਸ ਗੋਲੀ ਕਾਂਡ ਵਿਚ 2 ਸਿਖ ਸ਼ਹੀਦ ਹੋ ਗਏ ਸਨ ਅਤੇ ਕਈ ਜਖ਼ਮੀ ਹੋ ਗਏ। ਇਸ ਗੋਲੀਕਾਂਡ ਦੇ ਪੀੜਤਾਂ ਨੂੰ ਇਨਸਾਫ਼ ਦੁਆਉਣ ਲਈ 8 ਮਹੀਨੇ ਤੋਂ ਸਿੱਖ ਧਰਨੇ ਉੱਤੇ ਬੈਠੇ ਹਨ।ਆਮ ਆਦਮੀ ਪਾਰਟੀ ਨੇ ਸਰਕਾਰ ਵਿਚ ਆਉਣ ਤੋਂ ਪਹਿਲਾਂ ਇਸ ਨੂੰ ਵੱਡਾ ਚੋਣ ਮੁੱਦਾ ਬਣਾਇਆ ਸੀ ਅਤੇ ਸੱਤਾ ਹਾਸਲ ਹੁੰਦਿਆਂ ਹੀ ਇਨਸਾਫ਼ ਦੁਆਉਣ ਦਾ ਵਾਅਦਾ ਕੀਤਾ ਸੀ।ਸਰਕਾਰ ਬਣਦਿਆਂ ਹੀ ਪੰਜਾਬ ਦੇ ਐਡਵੋਕੇਟ ਜਨਰਲ ਦੇ ਦਫ਼ਤਰ ਦੇ ਨੁਮਾਇੰਦਿਆਂ ਨੇ ਇਨਸਾਫ਼ ਮੋਰਚੇ ਤੋਂ 3 ਮਹੀਨੇ ਦਾ ਸਮਾਂ ਲਿਆ ਸੀ, ਜਿਸ ਦੀ ਮਿਆਦ ਲੰਘਣ ਵਾਲੇ ਦਿਨ ਪੰਜਾਬ ਦੇ ਮੰਤਰੀ ਤੇ ਵਿਧਾਨ ਸਭਾ ਸਪੀਕਰ ਲੋਕਾਂ ਵਿਚ ਪਹੁੰਚੇ ਅਤੇ 6 ਮਹੀਨਾ ਹੋਰ ਸਮਾਂ ਦੇਣ ਦੀ ਮੰਗ ਕੀਤੀ ਸੀ।

**ਬਾਕੀ ਸਫ਼ਾ 31 'ਤੇ**

## ਬਹਿਬਲ ਗੋਲੀ ਕਾਂਡ ਦੇ ਦੋਸ਼ਾਂ ਵਿਚ ਘਿਰਿਆ ਸੈਣੀ, ਕੇਪੀ ਐਸ ਗਿੱਲ ਦਾ ਚਹੇਤਾ ਰਿਹਾ ਹੈ ਇਹ ਬੁਚੜ ਪੁਲਿਸ ਅਫਸਰ



**ਚੰਡੀਗੜ/ਏ.ਟੀ.ਨਿਊਜ਼** :- ਪੰਜਾਬ ਵਿੱਚ ਅਕਾਲੀ-ਭਾਜਪਾ ਸਰਕਾਰ ਦੇ ਕਾਰਜਕਾਲ ਦੌਰਾਨ ਹੋਈਆਂ ਧਾਰਮਿਕ ਗ੍ਰੰਥਾਂ ਦੀਆਂ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਲਈ ਪੰਜਾਬ ਸਰਕਾਰ ਵੱਲੋਂ ਬਣਾਈ ਗਈ ਸਪੈਸ਼ਲ ਜਾਂਚ ਟੀਮ ਨੇ ਸੂਬੇ ਦੇ ਤਤਕਾਲੀ ਡੀਜੀਪੀ ਸੁਮੇਧ ਸਿੰਘ ਸੈਣੀ ਨੂੰ ਬੀਤੇ ਹਫਤੇ ਪੁੱਛਗਿੱਛ ਲਈ ਸੱਦਿਆ। ਐੱਸਟੀਆਈ ਨੇ ਚੰਡੀਗੜ ਦੇ ਪੰਜਾਬ ਆਰਮਡ ਪੁਲਿਸ ਦੀ 13 ਬਟਾਲੀਅਨ ਦੇ ਹੈੱਡਕੁਆਟਰ ਵਿਖੇ ਕਰੀਬ ਦੋ ਘੰਟੇ ਸੈਣੀ ਤੋਂ ਪੁੱਛਗਿੱਛ ਕੀਤੀ। ਸੁਮੇਧ ਸਿੰਘ ਸੈਣੀ ਕਰੀਬ ਤਿੰਨ ਵਜੇ ਐੱਸਆਈਟੀ ਦੇ ਸਾਹਮਣੇ ਪੇਸ਼ ਹੋਇਆ ਤੇ ਕਰੀਬ ਪੰਜ ਵਜੇ ਉਹ ਬਾਹਰ ਆਇਆ।

ਪੰਜਾਬ ਸਰਕਾਰ ਵੱਲੋਂ ਬਹਿਬਲਾਂ ਕਲਾਂ ਤੇ ਕੋਟਕਪੂਰਾ ਪੁਲਿਸ ਕਾਰਵਾਈ ਦੀ ਜਾਂਚ ਲਈ ਏਡੀਜੀਪੀ ਪ੍ਰਬੋਧ ਕੁਮਾਰ ਦੀ ਅਗਵਾਈ ਵਿੱਚ 10 ਸਤੰਬਰ 2018 ਨੂੰ ਐੱਸਆਈਟੀ ਬਣਾਈ ਸੀ।ਉਸ ਵੇਲੇ ਸੁਮੇਧ ਸੈਣੀ ਪੰਜਾਬ ਪੁਲਿਸ ਦਾ ਮੁਖੀ ਸੀ। ਸੈਣੀ ਨੂੰ ਅਕਾਲੀ-ਭਾਜਪਾ ਦੇ ਦੂਸਰੇ ਕਾਰਜਕਾਲ ਦੌਰਾਨ ਉਸ ਨੂੰ ਡੀਜੀਪੀ ਲਾਇਆ ਗਿਆ ਸੀ।

ਪੰਜਾਬ ਦੇ ਸਾਬਕਾ ਡੀਜੀਪੀ ਸੁਮੇਧ ਸਿੰਘ 1982 ਬੈਚ ਦਾ ਆਈਪੀਐੱਸ ਅਫ਼ਸਰ ਹੈ। ਸੈਣੀ 6 ਜ਼ਿਲਿਆਂ ਦਾ ਐਸਐਸਪੀ ਰਹਿ ਚੁੱਕਾ ਹੈ। ਸੁਮੇਧ ਸੈਣੀ ਬਟਾਲਾ, ਫਿਰੋਜ਼ਪੁਰ, ਲੁਧਿਆਣਾ, ਬਠਿੰਡਾ, ਰੂਪਨਗਰ ਤੇ ਚੰਡੀਗੜ ਦੇ ਐੱਸਐੱਸਪੀ ਰਿਹਾ ਹੈ।

ਅਗਸਤ 1991 ਵਿੱਚ ਸੈਣੀ ਚੰਡੀਗੜ ਦੇ ਐੱਸਐੱਸਪੀ ਸੀ ਉਸ ਦੌਰਾਨ ਉਨਾਂ ਉੱਤੇ ਜਾਨਲੇਵਾ ਹਮਲਾ ਹੋਇਆ। ਇਸ ਹਮਲੇ ਵਿੱਚ ਸੁਮੇਧ ਤਾਂ ਬਚ ਗਿਆ ਪਰ ਤਿੰਨ ਸੁਰੱਖਿਆ ਕਰਮਚਾਰੀਆਂ ਦੀ ਮੌਤ ਹੋ ਗਈ।ਸੈਣੀ ਉੱਪਰ ਲੁਧਿਆਣਾ ਦੇ ਕਾਰੋਬਾਰੀ ਨੂੰ ਦੋ ਹੋਰ ਵਿਅਕਤੀਆਂ ਸਮੇਤ ਅਗਵਾ ਕਰਕੇ ਖੁਰਦ-ਬੁਰਦ ਕਰਨ ਦਾ ਸੀਬੀਆਈ ਕੇਸ ਵੀ ਲੰਬਾ ਸਮਾਂ ਚੱਲਿਆ। ਵਿਨੋਦ ਦੀ ਮਾਂ ਨੇ ਸੁਮੇਧ ਖਿਲਾਫ 24 ਸਾਲ ਅਦਾਲਤੀ ਮੁਕੱਦਮਾ ਲੜਿਆ ਅਤੇ 100 ਸਾਲ ਦੀ ਉਮਰ ਵਿੱਚ ਉਨਾਂ ਦੀ ਮੌਤ ਹੋ ਗਈ। ਸਾਲ 1994 ਤੋਂ ਜਾਰੀ ਅਦਾਲਤੀ ਕਾਰਵਾਈ ਅਜੇ ਵੀ ਜਾਰੀ ਹੈ। ਅਕਾਲੀ-ਭਾਜਪਾ ਸਰਕਾਰ ਦੇ ਦੂਸਰੇ ਕਾਰਜਕਾਲ ਤੋਂ ਬਾਅਦ ਸੁਮੇਧ ਤੇ ਕੈਪਟਨ ਦੇ ਰਿਸ਼ਤਿਆਂ ਦੀ ਵਿੱਚ ਖਾਈ ਲਗਾਤਾਰ ਵਧਦੀ ਹੀ ਗਈ। ਚੰਡੀਗੜ ਵਿੱਚ ਉਹ ਫੌਜ ਦੇ ਲੈਫਟੀਨੈਂਟ ਕਰਨਲ ਦੇ ਥੱਪੜ ਮਾਰਨ ਅਤੇ ਬਠਿੰਡਾ ਵਿੱਚ ਐੱਸਐੱਸਪੀ ਰਹਿੰਦਿਆਂ ਡਿਪਟੀ ਕਮਿਸ਼ਨਰ ਦੀ ਪਾਰਟੀ ਵਿੱਚ ਇੱਕ ਇੰਜੀਨੀਅਰ ਨਾਲ ਖਿੱਚ-ਧੂਹ ਕਰਨ ਕਰਕੇ ਵਿਵਾਦਾਂ ਵਿੱਚ ਆਇਆ ਸੀ। ਸੁਮੇਧ ਸੈਣੀ ਬੁਚੜ ਸਾਬਕਾ ਪੁਲਿਸ ਮੁਖੀ ਕੇ.ਪੀ.ਐੱਸ. ਗਿੱਲ ਦੇ ਕਰੀਬੀ ਸੀ। ਗਿੱਲ ਅਤੇ ਸੁਮੇਧ ਸੈਣੀ ਸਰਕਾਰ ਦੀ ਗੋਲੀ ਬਦਲੇ ਗੋਲੀ ਦੀ ਨੀਤੀ ਨੂੰ ਲਾਗੂ ਕਰਨ ਵਾਲੇ ਪੰਜਾਬ ਪੁਲਿਸ ਦੇ ਮੋਹਰੀ ਅਫ਼ਸਰ ਵਿੱਚੋਂ ਸਨ।

**ਬਾਕੀ ਸਫ਼ਾ 30 'ਤੇ**

## ਦਰਬਾਰ ਸਾਹਿਬ ਦੀਆਂ ਸਰਾਵਾਂ 'ਤੇ ਕੇਂਦਰ ਸਰਕਾਰ ਨੇ ਲਾਇਆ 12 ਫ਼ੀਸਦੀ ਜੀ. ਐੱਸ. ਟੀ.

### ✪ ਸਿੱਖ ਜਗਤ ਵਿਚ ਭਾਰੀ ਰੋਸ ✪ ਜੀ. ਐੱਸ. ਟੀ. ਦੀ ਸ਼ਰਤ ਲਾਗੂ ਕਰਨ ਦੇ ਫ਼ੈਸਲੇ ਦੀ ਮੁੱਖ ਮੰਤਰੀ ਤੇ ਪੰਥਕ ਜਥੇਬੰਦੀਆਂ ਨੇ ਕੀਤੀ ਨਿੰਦਾ



**ਅੰਮ੍ਰਿਤਸਰ/ਏ.ਟੀ.ਨਿਊਜ਼** :- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੱਚਖੰਡ ਸ੍ਰੀ ਸ੍ਰੀ ਦਰਬਾਰ ਸਾਹਿਬ ਨਾਲ ਸਬੰਧਿਤ ਸਰਾਵਾਂ ਨੂੰ ਭਾਰਤ ਸਰਕਾਰ ਵੱਲੋਂ ਜੀ. ਐੱਸ. ਟੀ. ਦੇ ਘੇਰੇ ਵਿਚ ਲੈਣ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਮੀਡੀਆ ਕੁਲਵਿੰਦਰ ਸਿੰਘ ਰਮਦਾਸ ਨੇ ਕਿਹਾ ਕਿ ਭਾਰਤ ਸਰਕਾਰ ਦਾ ਇਹ ਫ਼ੈਸਲਾ ਬੇਹੱਦ ਨਿੰਦਣਯੋਗ ਹੈ ਅਤੇ ਸੰਗਤ ਵਿਰੋਧੀ ਇਸ ਫ਼ੈਸਲੇ ਨੂੰ ਤੁਰੰਤ ਵਾਪਸ ਲਿਆ ਜਾਣਾ ਚਾਹੀਦਾ ਹੈ।ਉਨਾਂ ਆਖਿਆ ਕਿ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਦੁਨੀਆ ਭਰ ਤੋਂ ਰੋਜ਼ਾਨਾ ਲੱਖਾਂ ਸ਼ਰਧਾਲੂ ਨਤਮਸਤਕ ਹੋਣ ਲਈ ਪੁੱਜਦੇ ਹਨ, ਜਿਨਾਂ ਦੇ ਠਹਿਰਨ ਲਈ ਸੰਸਥਾ ਵੱਲੋਂ ਪ੍ਰਬੰਧ ਕੀਤੇ ਜਾਂਦੇ ਹਨ ਪਰ ਦੁੱਖ ਦੀ ਗੱਲ ਹੈ ਕਿ ਭਾਰਤ ਸਰਕਾਰ ਨੇ ਸਰਾਵਾਂ 'ਤੇ ਜੀ. ਐੱਸ. ਟੀ. ਲਗਾ ਕੇ ਸੰਗਤ 'ਤੇ ਵਾਧੂ ਬੋਝ ਪਾ ਦਿੱਤਾ ਹੈ। ਉਨਾਂ ਆਖਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸੰਗਤ ਵੱਲੋਂ ਚੜਾਈ ਜਾਂਦੀ ਭੇਟਾ ਨੂੰ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਾਂ ਅਤੇ ਸੰਗਤਾਂ ਦੀ ਸਹੂਲਤ ਲਈ ਵਰਤਦੀ ਹੈ। ਇਸ ਤੋਂ ਇਲਾਵਾ ਸਮੇਂ-ਸਮੇਂ 'ਤੇ ਕੁਦਰਤੀ ਆਫ਼ਤਾਂ ਦੌਰਾਨ ਵੀ ਲੋਕ ਭਲਾਈ ਲਈ ਸੇਵਾਵਾਂ ਵਿਚ ਮੋਹਰੀ ਰਹਿੰਦੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਗੁਰੂਘਰਾਂ ਵਿਚ ਪੁੱਜਦੀਆਂ ਸੰਗਤਾਂ ਦੀ ਸਹੂਲਤ ਲਈ ਤਿਆਰ ਕੀਤੀਆਂ ਸਰਾਵਾਂ ਵਪਾਰਕ ਨਹੀਂ ਹਨ, ਇਸ ਲਈ ਇਸ 'ਤੇ ਕਿਸੇ ਕਿਸਮ ਦਾ ਟੈਕਸ ਸਰਕਾਰੀ ਸਰਾਸਰ ਧੱਕਾ ਹੈ। ਦੱਸਣਯੋਗ ਹੈ ਕਿ ਕੇਂਦਰ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ਨਾਲ ਸੰਬਧਿਤ ਤਿੰਨ ਸਰਾਵਾਂ ਬਾਬਾ ਦੀਪ ਸਿੰਘ ਯਾਤਰੀ ਨਿਵਾਸ, ਮਾਤਾ ਭਾਗ ਕੌਰ ਨਿਵਾਸ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਐੱਨ. ਆਰ. ਆਈ. ਨਿਵਾਸ 'ਤੇ 12 ਫ਼ੀਸਦੀ ਜੀ. ਐੱਸ. ਟੀ. ਲਗਾਇਆ ਹੈ। ਇਨਾਂ ਤਿੰਨਾਂ ਸਰਾਵਾਂ ਦਾ ਸੰਚਾਲਨ ਸ੍ਰੀ ਦਰਬਾਰ ਸਾਹਿਬ ਵਲੋਂ ਕੀਤਾ ਜਾਂਦਾ ਹੈ। ਪਤਾ ਲੱਗਾ ਹੈ ਕਿ ਪਿਛਲੇ ਕੁਝ ਦਿਨਾਂ ਤੋਂ ਯਾਤਰੀਆਂ ਕੋਲੋਂ ਲਏ ਜਾਂਦੇ ਕਮਰਿਆਂ ਦੇ ਕਿਰਾਏ ਦੇ ਨਾਲ-ਨਾਲ 12 ਫ਼ੀਸਦੀ ਜੀ. ਐੱਸ. ਟੀ. ਵਸੂਲਿਆ ਜਾ ਰਿਹਾ ਹੈ। ਇਸ ਗੱਲ ਦੀ ਪੁਸ਼ਟੀ ਮੈਨੇਜਰ ਸਰਾਵਾਂ ਗੁਰਪ੍ਰੀਤ ਸਿੰਘ ਨੇ ਕੀਤੀ ਹੈ।ਜਾਣਕਾਰੀ ਮੁਤਾਬਕ ਬਾਬਾ ਦੀਪ ਸਿੰਘ ਨਿਵਾਸ ਵਿਖੇ ਯਾਤਰੀਆਂ ਕੋਲੋਂ ਪੰਜ ਸੌ ਰੁਪਏ ਪ੍ਰਤੀ ਕਮਰਾ ਕਿਰਾਇਆ ਲਿਆ ਜਾਂਦਾ ਹੈ ਜਿਸ ਦਾ ਕਿਰਾਇਆ ਹੁਣ ਜੀ. ਐੱਸ. ਟੀ. ਸਮੇਤ 560 ਰੁਪਏ ਪ੍ਰਤੀ ਕਮਰਾ ਹੋ ਗਿਆ ਹੈ।

**ਬਾਕੀ ਸਫ਼ਾ 30 'ਤੇ**

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm,office building, Farm House and for Truck Yard in Tracy, Manteca, Lathrop and Stockton

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**



**PROPERTY ADDRESS: 27022 RIVER ROADM, NEWMAN CA 95360.**



RANJIT SINGH
(Lic: 01922089)

## RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ‘ਗਦਰੀ ਹਾਲ’ ਵਿਚ ਕੌਂਸਲੇਟ ਵਲੋਂ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਤਸਵੀਰ ਲਗਾਈ ਗਈ

**ਸੈਕਰਾਮੈਂਟੋ, ਕੈਲੀਫੋਰਨੀਆਂ/ਹੁਸਨ ਲੜੋਆ ਬੰਗਾ :-** ਭਾਰਤ ਦੇ ਕੌਂਸਲੇਟ ਜਨਰਲ ਸੈਨ ਫ੍ਰਾਂਸਿਸਕੋ (ਕੈਲੀਫੋਰਨੀਆ) ਵੱਲੋਂ ਗਦਰ ਮੈਮਰੀਅਰ ਹਾਲ, 5 ਵੁੱਡ ਸਟ੍ਰੀਟ ਸੈਨਫ੍ਰਾਂਸਿਸਕੋ ਵਿਖੇ ‘ਗਦਰੀ ਹਾਲ’ ਵਿਚ ਗਦਰੀ ਬਾਬਿਆਂ ਸਬੰਧੀ ਸਮਾਗਮ ਕੀਤਾ ਗਿਆ, ਜਿਸ ਦੌਰਾਨ ਭਾਰਤ ਦੀ ਅਜ਼ਾਦੀ ਲਈ ਸੰਘਰਸ਼ ਕਰਨ ਵਾਲੇ, ਆਪਣੀਆਂ ਜਾਨਾਂ ਕੁਰਬਾਨ ਕਰ ਦੇਣ ਵਾਲੇ ਮਹਾਨ ਗਦਰੀ ਬਾਬਿਆਂ ਨੂੰ ਸਨਿਮਰ ਯਾਦ ਕੀਤਾ ਗਿਆ ਤੇ ਇਸ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਰੱਖੇ। ਇਸ ਮੌਕੇ ਡਾ. ਟੀ.ਵੀ. ਨਗੇਂਦਰ ਪ੍ਰਸਾਦ (ਭਾਰਤ ਦੇ ਕੌਂਸੁਲ ਜਨਰਲ ਸੈਨਫ੍ਰਾਂਸਿਸਕੋ) ਮੁੱਖ ਬੁਲਾਰੇ ਤੋਂ ਇਲਾਵਾ ਕੁਝ ਹੋਰ ਬੁਲਾਰਿਆਂ ਨੇ ਆਪੋ ਆਪਣੇ ਵਿਚਾਰ ਰੱਖੇ ਅਤੇ ਗਦਰੀ ਰਚਨਾਵਾਂ ਪੜੀਆਂ। ਇਸ ਸਮਾਗਮ ਦੀ ਹੋਰ ਵਿਸ਼ੇਸ਼ਤਾ ਇਹ ਵੀ ਸੀ ਕਿ ਇਸ ਮੌਕੇ ਭਾਰਤ ਦੀ ਅਜ਼ਾਦੀ ਲਈ ਸੰਘਰਸ਼ ਕਰਨ ਵਾਲੇ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਨੂੰ ਯਾਦ ਕਰਦਿਆਂ ਉਨਾਂ ਦੀ ਤਸਵੀਰ ਸਦਾ ਲਈ ਬਾਕੀ ਗਦਰੀ ਬਾਬਿਆਂ ਦੀਆਂ ਫੋਟੋਆਂ ਨਾਲ ’ਗਦਰ ਮੈਮੋਰੀਅਲ ਹਾਲ’ ਵਿਚ ਲਗਾਈ ਗਈ। ਇਹ ਤਸਵੀਰ ਸ੍ਰੀ ਪ੍ਰੇਮ ਕੁਮਾਰ ਚੁੰਬਰ ਨੇ ਮਾਣਯੋਗ ਡਾ. ਟੀ.ਵੀ. ਨਗੇਂਦਰ ਪ੍ਰਸਾਦ (ਭਾਰਤ ਦੇ ਕੌਂਸਲ ਜਨਰਲ ਸੈਨਫ੍ਰਾਂਸਿਸਕੋ) ਨੂੰ ਸਟੇਜ ’ਤੇ ਭੇਂਟ ਕੀਤੀ। ਉਸ ਵਕਤ ਗਦਰੀ ਬਾਬਿਆਂ ਨਾਲ ਸਬੰਧਤ ਵੱਖ-ਵੱਖ ਸੰਸਥਾਵਾਂ ਦੇ ਨੁਮਾਇੰਦੇ ਵੀ ਸ਼ਾਮਲ ਸਨ। ਉਨਾਂ ਸਾਰਿਆਂ ਨੇ ਇਸ ਉਦਮ ਦਾ ਸਵਾਗਤ ਕੀਤਾ। ਸਟੇਜ ਦੀ ਸੇਵਾ ਡਾ. ਅਕੁਨ ਸਬਰਵਾਲ (ਕੌਂਸਲ) ਨੇ ਨਿਭਾਈ ਅਤੇ ਸਭਨਾਂ ਦਾ ਧੰਨਵਾਦ ਕੀਤਾ।



# ਕੈਨੇਡਾ ਵਿਚ ‘ਸਟੱਡੀ ਵੀਜ਼ਾ’ ਮਿਲਣਾ ਹੋਇਆ ਔਖਾ

## ਟਾਪਰਾਂ ਦਾ ਵੀਜ਼ਾ ਵੀ ਰੱਦ

**ਸਰੀ/ਏ.ਟੀ.ਨਿਊਜ਼ :-** ਕੈਨੇਡਾ ਵੱਲੋਂ ਹਾਲ ਹੀ ਵਿਚ ਸਟੱਡੀ ਵੀਜ਼ਾ ਤੋਂ ਇਨਕਾਰ ਦੀ ਦਰ ਬੀਤੇ ਸਾਲਾਂ ਦੇ ਮੁਕਾਬਲੇ ਬਹੁਤ ਵੱਧ ਚੁੱਕੀ ਹੈ। ਇਸ ਕਾਰਨ ਦੇਸ਼ ਅਤੇ ਵਿਦੇਸ਼ਾਂ ਤੋਂ ਕੈਨੇਡਾ ਵਿਚ ਪੱਕੇ ਹੋਣ ਦੇ ਚਾਹਵਾਨ ਨੌਜਵਾਨਾਂ ਨੂੰ ਆਪਣੇ ਭਵਿੱਖ ਦੀ ਚਿੰਤਾ ਹੋ ਰਹੀ ਹੈ। ਕੈਨੇਡਾ ਨੇ ਵੱਡੀ ਗਿਣਤੀ ਵਿੱਚ ਭਾਰਤੀ ਵਿਦਿਆਰਥੀਆਂ ਨੂੰ ਵੀ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਆਈਲੈਟਸ ਵਿੱਚ ਚੰਗੇ ਸਕੋਰ ਅਤੇ ਚੰਗੀ ਪ੍ਰੋਫਾਈਲ ਹੋਣ ਦੇ ਬਾਵਜੂਦ ਵਿਦਿਆਰਥੀਆਂ ਦੀਆਂ ਵੀਜ਼ਾ ਅਰਜ਼ੀਆਂ ਰੱਦ ਕੀਤੀਆਂ ਜਾ ਰਹੀਆਂ ਹਨ। ਜਿੱਥੇ ਕਿ ਕੋਵਿਡ-19 ਮਹਾਂਮਾਰੀ ਤੋਂ ਪਹਿਲਾਂ ਇਹ ਦਰ 15% ਤੋਂ 20% ਦੇ ਵਿਚਕਾਰ ਸੀ, ਹੁਣ ਵੀਜ਼ਾ ਰੱਦ ਹੋਣ ਦੀ ਦਰ 40%-50% ਤੱਕ ਦੱਸੀ ਜਾ ਰਹੀ ਹੈ।

ਵੀਜ਼ਾ ਸਲਾਹਕਾਰ ਅਨੁਜ ਪਾਰਿਖ ਦੇ ਅਨੁਸਾਰ ਕੈਨੇਡਾ ਦੇ ਵਿਦਿਆਰਥੀ ਵੀਜ਼ਾ ਰੱਦ ਹੋਣ ਦੀ ਦਰ ਇਸ ਸਾਲ ਦੁੱਗਣੀ ਤੋਂ ਵੱਧ ਹੋ ਗਈ ਹੈ, ਜਿਸ ਨਾਲ ਬਹੁਤ ਸਾਰੇ ਵਿਦਿਆਰਥੀ ਸਹੀ ਸਕੋਰ ਅਤੇ ਕਾਗਜ਼ੀ ਕਾਰਵਾਈ ਦੇ ਬਾਵਜੂਦ ਰੱਦ ਹੋ ਗਏ ਹਨ। ਇਸ ਦੇ ਨਾਲ ਹੀ ਵੀਜ਼ਾ ਸਲਾਹਕਾਰ ਭਾਵਿਨ ਠਾਕਰ ਦਾ ਕਹਿਣਾ ਹੈ ਕਿ ਕੋਵਿਡ ਮਹਾਂਮਾਰੀ ਤੋਂ ਪਹਿਲਾਂ ਸਵੀਕ੍ਰਿਤੀ ਦਰ 85% ਸੀ, ਜੋ ਹੁਣ ਘਟ ਕੇ ਲਗਭਗ 55% ਰਹਿ ਗਈ ਹੈ। ਇਹ ਲੰਬਿਤ ਅਰਜ਼ੀਆਂ ਦੀ ਵਧਦੀ ਗਿਣਤੀ ਕਾਰਨ ਹੋ ਸਕਦਾ ਹੈ।ਅੰਗਰੇਜ਼ੀ ਦੇ ਗਿਆਨ ਦੇ ਟੈਸਟ ਵਾਰ-ਵਾਰ ਦੇ ਕੇ ਅਤੇ ਬੈਂਡ ਵਧਾਉਣ ਦੇ ਬਾਵਜੂਦ ਬਿਨੈਕਾਰਾਂ ਨੂੰ ਵੀਜ਼ਾਂ ਦੇਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ਕਈ ਵਿਦਿਆਰਥੀਆਂ ਦੇ ਕੇਸ 3-4 ਵਾਰੀ ਰੱਦ ਹੋ ਚੁੱਕੇ ਹਨ। ਟਾਪਰਾਂ ਦਾ ਵੀਜ਼ਾ ਵੀ ਕੀਤਾ ਗਿਆ ਰੱਦ

ਸਲਾਹਕਾਰਾਂ ਦਾ ਮੰਨਣਾ ਹੈ ਕਿ ਕੈਨੇਡਾ ਵੀਜ਼ਾ ਅਰਜ਼ੀਆਂ ਨੂੰ ਰੱਦ ਕਰਨ ਦੀ ਵਧਦੀ ਦਰ ਹੈਰਾਨੀਜਨਕ ਹੈ। ਆਪਣੇ ਖੇਤਰ ਵਿੱਚ ਗੋਲਡ ਮੈਡਲ ਜਿੱਤਣ ਵਾਲੇ ਅਤੇ ਟਾਪਰ ਰਹੇ ਵਿਦਿਆਰਥੀਆਂ ਨੂੰ ਵੀ ਉੱਚ ਸਿੱਖਿਆ ਦੇ ਮੌਕੇ ਤੋਂ ਵਾਂਝੇ ਰੱਖਿਆ ਜਾ ਰਿਹਾ ਹੈ। ਜਦੋਂ ਕਿ ਪਹਿਲਾਂ ਚੰਗੇ ਪ੍ਰੋਫਾਈਲ ਵਾਲੇ ਵਿਦਿਆਰਥੀਆਂ ਨੂੰ ਉੱਚ ਸਿੱਖਿਆ ਲਈ ਵੀਜ਼ਾ ਮਿਲਣਾ ਲਗਭਗ ਤੈਅ ਸੀ।

ਸਲਾਹਕਾਰਾਂ ਦਾ ਅੰਦਾਜ਼ਾ ਹੈ ਕਿ ਕੋਵਿਡ-19 ਕਾਰਨ ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਵਿਚ ਉੱਚ ਸਿੱਖਿਆ ਲਈ ਵਿਦੇਸ਼ੀ ਵਿਦਿਆਰਥੀਆਂ ’ਤੇ ਰੋਕ ਲੱਗੀ ਹੋਈ ਹੈ, ਜਿਸ ਨਾਲ ਵਿਦਿਆਰਥੀ ਹੁਣ ਕੈਨੇਡਾ ਵੱਲ ਰੁਖ਼ ਕਰ ਰਹੇ ਹਨ। ਇਸ ਕਾਰਨ ਬਿਨੈਕਾਰਾਂ ਦੀ ਗਿਣਤੀ ਵਿਚ ਕਾਫੀ ਵਾਧਾ ਹੋਇਆ ਹੈ। ਬੀਤੇ ਸਮੇਂ ਵਿਚ ਕਰੀਅਰ ਕਾਲਜਾਂ ਦੇ ਪ੍ਰਬੰਧਕੀ ਕਾਰਜਾਂ ਵਿਚ ਖਾਮੀਂ ਕਾਰਨ ਕੈਨੇਡਾ ਸਰਕਾਰ ਨੂੰ ਕਈ ਸ਼ਿਕਾਇਤਾਂ ਮਿਲੀਆਂ ਅਤੇ ਪਤਾ ਲੱਗਿਆ ਕਿ ਮੁੰਡਿਆਂ ਅਤੇ ਕੁੜੀਆਂ ਦਾ ਉਦੇਸ਼ ਪੜਾਈ ਕਰਨਾ ਨਹੀਂ ਸਗੋਂ ਸਟੱਡੀ ਵੀਜ਼ਾ ਦੇ ਸਹਾਰੇ ਕੈਨੇਡਾ ਵਿਚ ਪੈਰ ਰੱਖਣਾ ਅਤੇ ਪੱਕੇ ਹੋਣ ਲਈ ਜੁਗਾੜ ਕਰਨਾ ਹੀ ਰਹਿ ਗਿਆ ਹੈ। ਇਸ ਵਰਤਾਰੇ ਨਾਲ ਪੱਕੇ ਹੋਣ ਲਈ ਲੋੜੀਂਦੇ ਦਸਤਾਵੇਜ਼ਾਂ ਦੀ ਕੈਨੇਡਾ ਦੇ ਵਿਦਿਅਕ ਅਤੇ ਕਾਰੋਬਾਰੀ ਅਦਾਰਿਆਂ ਤੋਂ ਖਰੀਦ-ਵੇਚ ਦਾ ਭ੍ਰਿਸ਼ਟਾਚਾਰ ਵੀ ਸਿਖਰ ’ਤੇ ਪੁੱਜਦਾ ਗਿਆ, ਜਿਸ ਕਾਰਨ ਕੈਨੇਡਾ ਵਾਸੀ ਅਤੇ ਕੈਨੇਡਾ ਸਰਕਾਰ ਚਿੰਤਤ ਹੋ ਗਈ। ਅਜਿਹੇ ਵਿਚ ਸਤੰਬਰ ਤੋਂ ਸ਼ੁਰੂ ਹੋਣ ਵਾਲੇ ਸਮੈਸਟਰਾਂ ਲਈ ਭਾਰਤ ਦੇ ਬਿਨੈਕਾਰਾਂ ਨੂੰ ਆਮ ਨਾਲੋਂ ਬਹੁਤ ਘੱਟ ਵੀਜ਼ੇ ਮਿਲਣ ਦੀਆਂ ਖ਼ਬਰਾਂ ਹਨ ਅਤੇ ਇਮੀਗ੍ਰੇਸ਼ਨ ਵਿਭਾਗ ਕੋਲ ਇਸ ਸਮੇਂ ਵੀ 25 ਹਜ਼ਾਰ ਤੋਂ ਵੱਧ ਅਰਜ਼ੀਆਂ ਵਿਚਾਰ ਅਧੀਨ ਹਨ।

**ਵਿਦਿਆਰਥੀਆਂ ’ਤੇ ਵਧਦਾ ਦਬਾਅ**

ਵੀਜ਼ਾ ਸਲਾਹਕਾਰ ਅੰਕਿਤ ਮਿਸਤਰੀ ਨੇ ਕਿਹਾ ਕਿ ਅਸਵੀਕਾਰ ਕਰਨ ਲਈ ਕੋਈ ਰਸਮੀ ਸਪੱਸ਼ਟੀਕਰਨ ਨਹੀਂ ਹੈ ਪਰ ਇਹ ਹੈਰਾਨੀਜਨਕ ਹੈ ਕਿਉਂਕਿ ਜ਼ਿਆਦਾਤਰ ਵਿਦਿਆਰਥੀਆਂ ਦੇ ਅਕਾਦਮਿਕ ਪ੍ਰੋਫਾਈਲ ਅਤੇ ਸਹੀ ਕਾਗਜ਼ਾਤ ਹਨ। ਅਸਾਧਾਰਨ ਤੌਰ ’ਤੇ ਵੱਧ ਰਹੀ ਅਸਵੀਕਾਰਨ ਦਰ ਕਾਰਨ ਕੈਨੇਡਾ ਜਾਣ ਵਾਲੇ ਵਿਦਿਆਰਥੀਆਂ ’ਤੇ ਬਹੁਤ ਦਬਾਅ ਹੈ।

# ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ

**ਡੇਟਨ (ਅਮਰੀਕਾ)/ਏ.ਟੀ.ਨਿਊਜ਼: -** ਗੁਰਦੁਆਰਾ ਸਿੱਖ ਸੋਸਾਇਟੀ ਡੇਟਨ ਵਿਖੇ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ ਗਿਆ। ਨਿਤਨੇਮ, ਆਸਾ ਦੀ ਵਾਰ ਤੇ ਸ਼ਬਦ ਕੀਰਤਨ ਤੋਂ ਬਾਅਦ ਪ੍ਰਸਿੱਧ ਕਥਾਕਾਰ ਭਾਈ ਗੁਜਰ ਸਿੰਘ ਨੇ ਕਥਾ ਕੀਤੀ। ਉਨਾਂ ਨੇ ਸ਼ਹੀਦ ਊਧਮ ਸਿੰਘ ਦੇ ਜੀਵਨ ਬਾਰੇ ਚਾਨਣਾ ਪਾਉਂਦੇ ਉਨਾਂ ਨੂੰ ਮਹਾਨ ਇਨਕਲਾਬੀ ਜੋਧਾ ਕਰਾਰ ਦਿੱਤਾ ਤੇ ਅਜੋਕੀ ਪੀੜੀ ਨੂੰ ਉਨਾਂ ਦੀ ਕੁਰਬਾਨੀ ਨੂੰ ਯਾਦ ਕਰਦੇ ਹੋਏ ਉਨਾਂ ਦੇ ਪੂਰਨਿਆਂ ’ਤੇ ਚੱਲਣ ਦੀ ਸਲਾਹ ਦਿੱਤੀ। ਜਦ 13 ਅਪ੍ਰੈਲ 1919 ਨੂੰ ਸੈਂਕੜੇ ਬੇਦੋਸ਼ੇ ਭਾਰਤੀਆਂ ਨੂੰ ਜਲਿਆਂਵਾਲੇ ਬਾਗ਼ ਵਿਚ ਅੰਗ਼ਰੇਜੀ ਹਕੂਮਤ ਨੇ ਗੋਲੀਆਂ ਨਾਲ ਭੁੰਨ ਦਿੱਤਾ ਤਾਂ ਊਧਮ ਸਿੰਘ ਉਸ ਸਮੇਂ ਅੰਮ੍ਰਿਤਸਰ ਦੇ ਯਤੀਮਖ਼ਾਨੇ ਰਹਿੰਦਾ ਹੁੰਦਾ ਸੀ, ਤਾਂ ਉਸ ਨੇ ਪ੍ਰਣ ਕੀਤਾ ਕਿ ਉਹ ਇਸ ਦਾ ਬਦਲਾ ਜਰੂਰ ਲਵੇਗਾ। ਅੱਜ ਤੋਂ 83 ਸਾਲ ਪਹਿਲਾਂ ਉਸ ਨੇ ਇੰਗਲੈਂਡ ਦੇ ਪ੍ਰਸਿੱਧ ਸ਼ਹਿਰ ਲੰਡਨ ਦੇ ਕੈਕਸਟਨ ਹਾਲ ਵਿਚ ਲੈਫਟੀਨੈਂਟ ਗਵਰਨਰ ਮਾਈਕਲ ਓਡਵਾਇਰ ਨੂੰ ਗੋਲੀ ਮਾਰ ਕੇ ਇਸ ਦਾ ਬਦਲਾ ਲਿਆ ਤੇ ਆਪਣੇ ਪ੍ਰਣ ਨੂੰ ਪੂਰਾ ਕੀਤਾ। ਉਨਾਂ ਗੁਰਬਾਣੀ ਦੇ ਹਵਾਲਿਆਂ ਨਾਲ ਬੜੇ ਵਿਸਥਾਰ ਨਾਲ ਸਮਝਾਇਆ ਕਿ ਸੂਰਾ ਜਾਂ ਸੂਰਮਾ ਕਿਸ ਨੂੰ ਕਹਿੰਦੇ ਹਨ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।



# ਇਸਲਾਮਿਕ ਸਟੇਟ ਦੀਆਂ ਸਰਗਰਮੀਆਂ ਵਿਰੁੱਧ ਐਨ.ਆਈ.ਏ ਨੇ ਕਈ ਸੂਬਿਆਂ ਵਿਚ ਮਾਰੇ ਛਾਪੇ

## ਸਹਾਰਨਪੁਰ ਦੇ ਦੇਵਬੰਦ ਵਿਖੇ ਇਕ ਮਦਰੱਸੇ ਵਿਚੋਂ ਕਰਨਾਟਕ ਦੇ ਵਿਦਿਆਰਥੀ ਫ਼ਾਰੂਖ ਨੂੰ ਹਿਰਾਸਤ ਵਿਚ ਲਿਆ

**ਨਵੀਂ ਦਿੱਲੀ/ਏ.ਟੀ.ਨਿਊਜ਼ :-** ਇਸਲਾਮਿਕ ਸਟੇਟ (ਆਈ.ਐਸ.) ਨਾਲ ਸੰਬੰਧਿਤ ਸਰਗਰਮੀਆਂ ਦੇ ਮਾਮਲੇ ਵਿਚ ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਨੇ ਐਤਵਾਰ ਨੂੰ ਕਈ ਸੂਬਿਆਂ ’ਚ ਛਾਪੇ ਮਾਰੇ । 25 ਜੂਨ ਨੂੰ ਵੱਖ-ਵੱਖ ਧਾਰਾਵਾਂ ਤਹਿਤ ਦਰਜ ਕੀਤੇ ਗਏ ਮਾਮਲੇ ਵਿਚ ਐਨ. ਆਈ.ਏ. ਨੇ ਗੁਜਰਾਤ, ਮੱਧ ਪ੍ਰਦੇਸ਼, ਮਹਾਰਾਸ਼ਟਰ, ਯੂ.ਪੀ. ਤੇ ਕੁਝ ਹੋਰ ਸੂਬਿਆਂ ਵਿਚ ਵੀ ਛਾਪੇ ਮਾਰੇ। ਗੁਜਰਾਤ ਦੇ ਚਾਰ ਜ਼ਿਲਿਆਂ ਭਰੂਚ, ਸੂਰਤ, ਨਵਸਾਰੀ ਤੇ ਅਹਿਮਦਾਬਾਦ ਵਿਚ ਛਾਪੇਮਾਰੀ ਕੀਤੀ ਅਤੇ ਕਾਰਵਾਈ ਦੌਰਾਨ ਅਹਿਮ ਦਸਤਾਵੇਜ਼ ਤੇ ਇਤਰਾਜ਼ਯੋਗ ਸਮੱਗਰੀ ਬਰਾਮਦ ਕੀਤੀ ਗਈ। ਗੁਜਰਾਤ ਅੱਤਵਾਦ ਵਿਰੋਧੀ ਦਸਤੇ ਨੇ ਕਿਹਾ ਕਿ ਤਿੰਨ ਵਿਅਕਤੀਆਂ ਤੋਂ ਪੁੱਛਗਿੱਛ ਕੀਤੀ ਜਾ ਹੀ ਹੈ, ਹਾਲਾਂਕਿ ਉਨਾਂ ਹੋਰ ਵੇਰਵੇ ਦੇਣ ਤੋਂ ਇਨਕਾਰ ਕਰ ਦਿੱਤਾ। ਯੂ.ਪੀ. ਦੇ ਸਹਾਰਨਪੁਰ ਦੇ ਦੇਵਬੰਦ ਵਿਖੇ ਇਕ ਮਦਰੱਸੇ ’ਚ ਰਹਿੰਦੇ ਕਰਨਾਟਕ ਦੇ ਵਿਦਿਆਰਥੀ ਨੂੰ ਹਿਰਾਸਤ ਵਿਚ ਲਿਆ ਗਿਆ । ਫ਼ਾਰੂਖ ਨੂੰ ਜਿਹਾਦੀਆਂ ਨਾਲ ਕਥਿਤ ਸੰਬੰਧਾਂ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ।ਐਸ.ਐਸ.ਪੀ. ਵਿਪਿਨ ਟਾਡਾ ਨੇ ਫ਼ਾਰੂਖ ਨੂੰ ਹਿਰਾਸਤ ਵਿਚ ਲਏ ਜਾਣ ਦੀ ਪੁਸ਼ਟੀ ਕੀਤੀ ਹੈ। ਸੂਤਰਾਂ ਮੁਤਾਬਿਕ ਫ਼ਾਰੂਖ ਸੋਸ਼ਲ ਮੀਡੀਆ ਐਪ ਰਾਹੀਂ ਪਾਕਿ ਖ਼ੁਫ਼ੀਆ ਏਜੰਸੀ ਆਈ.ਐਸ.ਆਈ. ਦੇ ਗਰੋਹ ਨਾਲ ਸੰਪਰਕ ਵਿਚ ਸੀ।

# ਸਟਰ ਕਾਊਂਟੀ ਲਾਇਬ੍ਰੇਰੀ ਲਟਰੇਸੀ ਯੂਬਾ ਸਿਟੀ ਵਲੋਂ ਸਰਬ ਸਭਿਆਚਾਰ ਸਮਾਗਮ ਕਰਵਾਇਆ ਗਿਆ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-** ਹਰ ਵਰੇ ਦੀ ਤਰਾਂ ਇਸ ਵਾਰ ਵੀ ਯੂਬਾ ਸਿਟੀ ਦੀ ਸਟਰ ਕਾਊਂਟੀ ਲਾਇਬ੍ਰੇਰੀ ਲਟਰੇਸੀ ਵਲੋਂ 17ਵਾਂ ਮਲਟੀ ਕਲਚਰਲ ਸਮਾਗਮ ਕਰਵਾਇਆ ਗਿਆ, ਜਿਸ ਦੌਰਾਨ ਵੱਖ-ਵੱਖ ਦੇਸ਼ਾਂ ਦੀਆਂ ਸਭਿਅਚਾਰਕ ਟੋਲੀਆਂ ਨੇ ਵੱਖ-ਵੱਖ ਰੰਗ ਪੇਸ਼ ਕੀਤੇ। ਇਸ ਮੌਕੇ ਡਾਇਰੈਕਟਰ ਲਾਇਬ੍ਰੇਰੀ ਮਿਸਟਰ ਜੇਮਜ ਤੇ ਅਇਲਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਭਾਵੇਂ ਇੰਡੋਨੇਸ਼ਨੀਅਨ, ਸਪੈਨਸ਼ ਤੇ ਅਮਰੀਕਾ ਦੇ ਮੂਲ ਨਿਵਾਸੀ ਰੈਡ ਇੰਡੀਅਨਜ ਦੀਆਂ ਵੱਖ-ਵੱਖ ਆਈਟਮਾਂ ਨੇ ਪ੍ਰਭਾਵਿਤ ਕੀਤਾ ਪਰ ਇਸ ਮੌਕੇ ਪੰਜਾਬੀ ਗਿੱਧਾ ਬੋਲੀਆਂ ਤੇ ਪੰਜਾਬੀ ਸਕਿੱਟਾਂ ਦਾ ਹੀ ਦਬਦਬਾ ਰਿਹਾ। ਇਸ ਸਮਾਗਮ ਦੇ ਮੁੱਖ ਪ੍ਰਬੰਧਕਾਂ ਵਿਚ ਨਵਨੀਤ ਕੌਰ ਰੰਧਾਵਾ, ਤੇਜਿੰਦਰ ਕੌਰ ਸੈਣੀ, ਕਮਲਜੀਤ ਕੌਰ, ਗੁਰਪ੍ਰੀਤ ਕੌਰ ਨੇ ਸਾਰੇ ਸਮਾਗਮ ਨੂੰ ਤਰਤੀਬ ਦੇ ਕੇ ਪੇਸ਼ ਕਰਵਾਇਆ। ਇਸ ਮੌਕੇ ਪ੍ਰਬੰਧਕਾਂ ਨੇ ਸਾਰੇ ਦਾਨੀਂ ਲੋਕਾਂ ਦਾ ਧੰਨਵਾਦ ਵੀ ਕੀਤਾ ਤੇ ਸਮਾਗਮ ਵਿਚ ਸ਼ਾਮਿਲ ਹੋਣ ਵਾਲੇ ਸਾਰੇ ਕਲਾਕਾਰਾਂ ਲਈ ਧੰਨਵਾਦੀ ਪਾਰਟੀ 13 ਅਗਸਤ ਸ਼ਾਮ 5 ਵਜੇ ਰੱਖੀ ਗਈ ਹੈ।



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau.
They do not purport to reflect the opinions or views of the Owner or its members.
All legal disputes must be handled in the courts of State of Punjab in India.

# ਸ੍ਰੀ ਦਰਬਾਰ ਸਾਹਿਬ ਵਿਖੇ ਅਖੰਡ ਪਾਠ ਕਰਵਾਉਣ ਲਈ ਸਾਲਾਂਬੱਧੀ ਕਰਨਾ ਪੈਂਦੈ ਇੰਤਜ਼ਾਰ

## ਦੁੱਖ ਭੰਜਨੀ ਬੇਰ ਸਾਹਿਬ ਵਿਖੇ 2024 ਤੇ ਹਰਿ ਕੀ ਪਉੜੀ ਤੇ ਗੁੰਬਦ ਸਾਹਿਬ ਵਿਖੇ 2027 ਤੱਕ ਬੁਕਿੰਗ ਫੁੱਲ

**ਅੰਮ੍ਰਿਤਸਰ/ਏ.ਟੀ.ਨਿਊਜ਼** :- ਸ੍ਰੀ ਹਰਿਮੰਦਰ ਸਾਹਿਬ ਵਿਖੇ ਜਿੱਥੇ ਸ਼ਰਧਾਲੂਆਂ ਨੂੰ ਦਰਸ਼ਨ ਕਰਨ ਲਈ ਅਕਸਰ ਲੰਬਾ ਸਮਾਂ ਕਤਾਰਾਂ ਵਿਚ ਖੜ੍ਹੇ ਹੋ ਕੇ ਇੰਤਜ਼ਾਰ ਕਰਨਾ ਪੈਂਦਾ ਹੈ, ਇਸੇ ਤਰਾਂ ਸਿੱਖ ਜਗਤ ਦੇ ਇਸ ਕੇਂਦਰੀ ਧਾਰਮਿਕ ਅਸਥਾਨ ਵਿਖੇ ਸ੍ਰੀ ਅਖੰਡ ਪਾਠ ਕਰਵਾਉਣ ਦੇ ਚਾਹਵਾਨ ਦੇਸ਼ ਵਿਦੇਸ਼ ਸ਼ਰਧਾਲੂਆਂ ਨੂੰ ਵੀ ਕਈ-ਕਈ ਸਾਲ ਆਪਣੀ ਵਾਰੀ ਦੀ ਉਡੀਕ ਕਰਨੀ ਪੈਂਦੀ ਹੈ । ਸ੍ਰੀ ਦਰਬਾਰ ਸਾਹਿਬ ਸਮੂਹ ਵਿਚ ਕਰੀਬ 60 ਥਾਵਾਂ ’ਤੇ ਸ੍ਰੀ ਅਖੰਡ ਪਾਠ ਸਾਹਿਬਾਂ ਦੇ ਪ੍ਰਵਾਹ ਹਰ ਸਮੇਂ ਚੱਲਦੇ ਹਨ ਪਰ ਕੁਝ ਅਸਥਾਨਾਂ ’ਤੇ ਸ੍ਰੀ ਅਖੰਡ ਪਾਠ ਸਾਹਿਬ ਰਖਵਾਉਣ ਲਈ ਦੇਸ਼-ਵਿਦੇਸ਼ ਦੇ ਸ਼ਰਧਾਲੂਆਂ ਨੂੰ 6-6 ਸਾਲ ਤੱਕ ਵੀ ਵਾਰੀ ਦੀ ਉਡੀਕ ਕਰਨੀ ਪੈਂਦੀ ਹੈ। ਇਸ ਸੰਬੰਧੀ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਸੁਲੱਖਣ ਸਿੰਘ ਭੰਗਾਲੀ ਨੇ ਦੱਸਿਆ ਕਿ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਸਥਿਤ ਦੁੱਖ ਭੰਜਨੀ ਬੇਰ ਸਾਹਿਬ ਵਾਲੇ ਅਸਥਾਨ ’ਤੇ ਸ੍ਰੀ ਅਖੰਡ ਪਾਠ ਸਾਹਿਬ ਕਰਵਾਉਣ ਲਈ ਸਾਲ 2024 ਤੱਕ ਦੀ ਬੁਕਿੰਗ ਹੋ ਚੁੱਕੀ ਹੈ ਤੇ ਅੱਗੇ ਫ਼ਿਲਹਾਲ ਬੁਕਿੰਗ ਬੰਦ ਹੈ। ਇਸੇ ਤਰਾਂ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਭਵਨ ਅੰਦਰ ਹਰਿ ਕੀ ਪਉੜੀ ਅਤੇ ਸਭ ਤੋਂ ਉੱਪਰਲੀ ਮੰਜ਼ਿਲ ’ਤੇ ਸਥਿਤ ਗੁੰਬਦ ਸਾਹਿਬ ਵਿਖੇ 2027 ਤੱਕ ਸ੍ਰੀ ਅਖੰਡ ਪਾਠਾਂ ਦੀ ਬੁਕਿੰਗ ਹੋ ਚੁੱਕੀ ਹੈ ਤੇ ਅੱਗੇ



ਬੁਕਿੰਗ ਇਥੇ ਵੀ ਬੰਦ ਹੈ । ਉਨਾਂ ਦੱਸਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਿੱਛੇ ਬਣੇ ਸ੍ਰੀ ਅਖੰਡ ਪਾਠਾਂ ਵਾਲੇ ਕਮਰਿਆਂ ਤੋਂ ਇਲਾਵਾ ਪਰਿਕਰਮਾ ਵਿਚ ਸਥਿਤ ਗੁਰਦੁਆਰਾ ਲਾਚੀ ਬੇਰ ਸਾਹਿਬ, ਗੁਰਦੁਆਰਾ ਝੰਡੇ ਬੁੰਗੇ ਸਾਹਿਬ, ਗੁਰਦੁਆਰਾ ਬੇਰ ਬਾਬਾ ਬੁੱਢਾ ਜੀ ਤੇ ਦੁੱਖ ਭੰਜਨੀ ਬੇਰੀ ਦੇ ਸਾਹਮਣੇ ਵਾਲੇ ਵਰਾਂਡਿਆਂ ਤੋਂ ਇਲਾਵਾ ਸ਼ਹੀਦੀ ਅਸਥਾਨ ਗੁਰਦੁਆਰਾ ਬਾਬਾ ਦੀਪ ਸਿੰਘ ਆਦਿ ਸਮੇਤ 60 ਥਾਵਾਂ ’ਤੇ ਸ੍ਰੀ ਅਖੰਡ ਪਾਠ ਸਾਹਿਬ ਦੇ ਪ੍ਰਵਾਹ ਹਰ ਸਮੇਂ ਚੱਲਦੇ ਹਨ ਤੇ ਜਿਨਾਂ ਲਈ ਕਰੀਬ ਤਿੰਨ ਸਾਲ ਬਾਅਦ ਵਾਰੀ ਮਿਲ ਜਾਂਦੀ ਹੈ। ਉਨਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਫ਼ੈਸਲੇ ਅਨੁਸਾਰ ਚਾਰ ਸਾਲ ਤੋਂ ਬਾਅਦ ਦੀ ਪਾਠਾਂ ਦੀ ਬੁਕਿੰਗ ਨਹੀਂ ਕੀਤੀ ਜਾਂਦੀ।ਉਨਾਂ ਦੱਸਿਆ ਕਿ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਵਿਖੇ ਵੀ ਕਰੀਬ 20 ਥਾਵਾਂ ’ਤੇ ਸ੍ਰੀ ਅਖੰਡ ਪਾਠਾਂ ਦੇ ਪ੍ਰਵਾਹ ਚੱਲਦੇ ਹਨ ਤੇ ਇਥੇ ਵੀ ਸ਼ਰਧਾਲੂਆਂ ਨੂੰ ਵਾਰੀ ਦਾ ਇੰਤਜ਼ਾਰ ਕਰਨਾ ਪੈਂਦਾ ਹੈ। ਮੈਨੇਜਰ ਭੰਗਾਲੀ ਨੇ ਦੱਸਿਆ ਕਿ ਇਸ ਵੇਲੇ ਸ੍ਰੀ ਅਖੰਡ ਪਾਠ ਸਾਹਿਬ ਦੀ ਭੇਟਾ 9500 ਰੁਪਏ ਹੈ ।ਇਸੇ ਦੌਰਾਨ ਉਨਾਂ ਦੱਸਿਆ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਭਵਨ ਅੰਦਰ ਰੋਜ਼ਾਨਾ ਚੰਦੋਆ ਤੇ ਰੁਮਾਲਾ ਸਾਹਿਬ ਬਦਲੇ ਜਾਂਦੇ ਹਨ। ਉਨਾਂ ਦੱਸਿਆ ਕਿ ਚੰਦੋਆ ਸਾਹਿਬ ਤੇ ਰੁਮਾਲਾ ਭੇਟ ਕਰਨ ਲਈ ਵੀ ਸ਼ਰਧਾਲੂਆਂ ਨੂੰ ਸਤੰਬਰ 2023 ਤੱਕ ਵਾਰੀ ਦਾ ਇੰਤਜ਼ਾਰ ਕਰਨਾ ਪੈ ਰਿਹਾ ਹੈ । ਇਥੇ ਜ਼ਿਕਰਯੋਗ ਹੈ ਕਿ ਦਰਬਾਰ ਸਾਹਿਬ ਦੇ ਪ੍ਰਬੰਧਕਾਂ ਵਲੋਂ ਸ਼ਰਧਾਲੂਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ 1.50 ਲੱਖ ਤੋਂ ਉੱਪਰ ਦੀ ਕੀਮਤ ਵਾਲਾ ਚੰਦੋਆ ਸਾਹਿਬ ਸੈਟ ਨਾ ਹੋਵੇ। ਉਂਝ ਸ਼ਰਧਾਲੂ ਕਰੀਬ 50 ਹਜ਼ਾਰ ਤੋਂ ਲੈ ਕੇ 1.50 ਲੱਖ ਤੱਕ ਦਾ ਚੰਦੋਆ ਤੇ ਰੁਮਾਲਾ ਸਾਹਿਬ ਦਾ ਸੈੱਟ ਸ਼ਰਧਾ ਸਹਿਤ ਭੇਟ ਕਰਦੇ ਹਨ।

# ਨੌਜਵਾਨਾਂ ਨੂੰ ਨਸ਼ੇ ਛੁਡਵਾਉਣ ਤੇ ਸਿਖੀ ਨਾਲ ਜੋੜਨ ਲਈ ਸਾਈਕਲ ਯਾਤਰਾ ’ਤੇ ਨਿਕਲਿਆ ਬੈਰਾਗ ਸਿੰਘ ਖ਼ਾਲਸਾ

## ਸ੍ਰੀ ਕੇਸਗੜ ਸਾਹਿਬ ਵਿਚ ਹੋਇਆ ਨਤਮਸਤਕ



**ਸ੍ਰੀ ਅਨੰਦਪੁਰ ਸਾਹਿਬ/ਏ.ਟੀ.ਨਿਊਜ਼** :- ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਰਾਮੇਸ਼ਵਰ ਕੰਨਿਆ ਕੁਮਾਰੀ ਦੀ 15ਵੀਂ ਸਾਈਕਲ ਯਾਤਰਾ ’ਤੇ ਨਿਕਲੇ ਜ਼ਿਲਾ ਅੰਮ੍ਰਿਤਸਰ ਦੇ ਪਿੰਡ ਭੋਮਾ ਦੇ ਵਸਨੀਕ 74 ਸਾਲਾਂ ਦੇ ਬਾਬਾ ਬੈਰਾਗ ਸਿੰਘ ਖ਼ਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਪੁੱਜੇ। ਬਜ਼ੁਰਗ ਸ਼ਰਧਾਲੂ ਨੇ ਤਖ਼ਤ ਸ੍ਰੀ ਕੇਸਗੜ ਸਾਹਿਬ ਮੱਥਾ ਟੇਕਣ ਤੋਂ ਬਾਅਦ ਇਥੋਂ ਦੇ ਹੋਰ ਗੁਰੂਧਾਮਾਂ ਦੇ ਦਰਸ਼ਨ ਦੀਦਾਰੇ ਕੀਤੇ ਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।

ਇਸ ਮੌਕੇ ਉਨਾਂ ਦੱਸਿਆ ਕਿ ਇਨਾਂ ਸਾਈਕਲ ਯਾਤਰਾਵਾਂ ਦਾ ਮਕਸਦ ਜਿੱਥੇ ਸਰਬੱਤ ਦੇ ਭਲੇ ਲਈ ਕਾਮਨਾ ਕਰਨਾ ਹੈ ਓਥੇ ਨੌਜਵਾਨਾਂ ਨੂੰ ਨਸ਼ਿਆਂ ਦੀਆਂ ਅਲਾਮਤਾਂ ਛੱਡ ਕੇ ਬਾਣੀ ਨਾਲ ਜੁੜਨ ਲਈ ਪ੍ਰੇਰਿਤ ਕਰਨਾ ਹੈ। ਉਨਾਂ ਦੱਸਿਆ ਕਿ ਇਸ ਸਾਈਕਲ ਯਾਤਰਾ ਨੂੰ ਪੂਰਾ ਕਰਨ ਲਈ ਲਗਭਗ 4 ਮਹੀਨੇ ਦਾ ਸਮਾਂ ਲੱਗੇਗਾ। ਉਨਾਂ ਦੇ ਪਿਤਾ ਜੀ ਏਅਰ ਫੋਰਸ ਵਿਚ ਨੌਕਰੀ ਕਰਦੇ ਸਨ, ਜਿਨਾਂ ਦੀਆਂ ਵਤਨ ਲਈ ਨਿਭਾਈਆਂ ਸੇਵਾਵਾਂ ਨੂੰ ਦੇਖਦੇ ਹੋਏ ਹੀ ਉਨਾਂ ਨੂੰ ਇਹ ਜਜ਼ਬਾ ਮਿਲਿਆ ਹੈ। ਉਹ ਦੇਸ਼ ਵਿਚ ਅਮਨ ਤੇ ਕਾਨੂੰਨ ਦੀ ਚੰਗੀ ਸਥਿਤੀ ਲਈ ਵੀ ਅਕਾਲ ਪੁਰਖ ਵਾਹਿਗੁਰੂ ਦੇ ਚਰਨਾਂ ਵਿਚ ਹਮੇਸ਼ਾ ਅਰਦਾਸ ਕਰਦੇ ਰਹਿੰਦੇ ਹਨ।

# ਭਾਜਪਾ ਬੁਲਾਰੇ ਦੇ ਬਿਆਨ ’ਤੇ ਸ਼੍ਰੋਮਣੀ ਕਮੇਟੀ ਨੂੰ ਇਤਰਾਜ਼

## ਇਸਾਈ ਧਰਮ ਵਧਣ ਕਾਰਨ ਜਲਦੀ ਹੀ ਸ਼੍ਰੋਮਣੀ ਕਮੇਟੀ ਸ਼੍ਰੋਮਣੀ ਚਰਚ ਬਣ ਜਾਵੇਗੀ

**ਅੰਮ੍ਰਿਤਸਰ/ਏ.ਟੀ.ਨਿਊਜ਼** :- ਭਾਜਪਾ ਦੇ ਕੌਮੀ ਬੁਲਾਰੇ ਆਰ.ਪੀ. ਸਿੰਘ ਵੱਲੋਂ ਸਿੱਖ ਧਰਮ ਪਰਿਵਰਤਨ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ’ਤੇ ਨਿਸ਼ਾਨਾ ਸੇਧਦਿਆਂ ਕੀਤੀ ਗਈ ਟਿੱਪਣੀ ਦਾ ਸ਼੍ਰੋਮਣੀ ਕਮੇਟੀ ਨੇ ਸਖ਼ਤ ਵਿਰੋਧ ਕੀਤਾ ਹੈ। ਸ਼੍ਰੋਮਣੀ ਕਮੇਟੀ ਨੇ ਭਾਜਪਾ ਆਗੂ ਨੂੰ ਇਸ ਵਿਵਾਦਤ ਬਿਆਨ ਲਈ ਸਿੱਖ ਸੰਸਥਾ ਕੋਲੋਂ ਮੁਆਫੀ ਮੰਗਣ ਲਈ ਆਖਿਆ ਹੈ। ਭਾਜਪਾ ਦੇ ਬੁਲਾਰੇ ਨੇ ਹਾਲ ਹੀ ਵਿੱਚ ਸੋਸ਼ਲ ਮੀਡੀਆ ’ਤੇ ਆਖਿਆ ਸੀ ਕਿ ਜਿਸ ਰਫ਼ਤਾਰ ਨਾਲ ਪੰਜਾਬ ਵਿੱਚ ਇਸਾਈ ਧਰਮ ਵਧ ਰਿਹਾ ਹੈ, ਜਲਦੀ ਹੀ ਸ਼੍ਰੋਮਣੀ ਕਮੇਟੀ ਖ਼ਤਮ ਹੋ ਜਾਵੇਗੀ ਅਤੇ ਇਹ ਸ਼੍ਰੋਮਣੀ ਚਰਚ ਪ੍ਰਬੰਧਕ ਕਮੇਟੀ ਬਣ ਜਾਵੇਗੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਜੇਕਰ ਧਰਮ ਪਰਿਵਰਤਨ ਦੇ ਮਾਮਲੇ ਵਿੱਚ ਭਾਜਪਾ ਆਗੂ ਆਰ.ਪੀ. ਸਿੰਘ ਸੱਚਮੁੱਚ ਸੰਜੀਦਾ ਹਨ ਤਾਂ ਉਹ ਸ਼੍ਰੋਮਣੀ ਕਮੇਟੀ ਦੇ ਭਾਰਤ ਸਰਕਾਰ ਪਾਸ ਇਸ ਸਬੰਧੀ ਪਏ ਕੇਸ ’ਤੇ ਪਹਿਲ ਦੇ ਆਧਾਰ ’ਤੇ ਕਾਰਵਾਈ ਕਰਵਾਉਣ। ਉਨਾਂ ਕਿਹਾ ਕਿ ਧਰਮ ਪਰਿਵਰਤਨ ਦੇ ਮੁੱਦੇ ’ਤੇ ਸਿੱਖ ਸੰਸਥਾ ’ਤੇ ਸਵਾਲ ਖੜੇ ਕਰਨਾ ਇਕ ਸੋਚੀ ਸਮਝੀ ਸਾਜ਼ਿਸ਼ ਦਾ ਹਿੱਸਾ ਹੈ।

# ਅੰਮ੍ਰਿਤਸਰ ਵਿਚ ਬਣੇਗੀ ਫੋਰੈਂਸਿਕ ਲੈਬ ਐਨ.ਸੀ.ਬੀ. ਸੈਂਟਰ

## ✪ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਭਰੋਸਾ ਦਿਵਾਇਆ ✪ ਮੁੱਖ ਮੰਤਰੀ ਵਲੋਂ ਨਾਰਕੋ-ਗੈਂਗਸਟਰ-ਖਾੜਕੂਵਾਦ ਦੇ ਗੱਠਜੋੜ ਦੇ ਖ਼ਾਤਮੇ ਲਈ ਇਕਜੁੱਟ ਹੋ ਕੇ ਕਾਰਵਾਈ ਦੀ ਵਕਾਲਤ

**ਚੰਡੀਗੜ/ਏ.ਟੀ.ਨਿਊਜ਼** :- ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇੱਥੇ ਪੰਜਾਬ ਰਾਜ ਭਵਨ ਵਿਖੇ ਨਾਰਕੋਟਿਕਸ ਕੰਟਰੋਲ ਬਿਊਰੋ (ਐਨ.ਸੀ.ਬੀ.) ਦੀ ਕਾਨਫਰੰਸ ਮੌਕੇ ਬੋਲਦਿਆਂ ਕਿਹਾ ਕਿ ਨਸ਼ਿਆਂ ਖ਼ਿਲਾਫ਼ ਲੜਾਈ ਵਿਚ ਕੇਂਦਰ ਪੰਜਾਬ ਸਰਕਾਰ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜਾ ਹੈ । ਉਨਾਂ ਕਿਹਾ ਕਿ ਮੇਰਾ ਮੰਨਣਾ ਹੈ ਕਿ ਪੰਜਾਬ ’ਚ ਨਸ਼ਿਆਂ (ਡਰੱਗਜ਼) ਦੀ ਸਮੱਸਿਆ ਇਸ ਕਰਕੇ ਜ਼ਿਆਦਾ ਹੈ, ਕਿਉਂਕਿ ਪੰਜਾਬ ਇਕ ਸਰਹੱਦੀ ਸੂਬਾ ਹੈ ।ਸਾਨੂੰ ਰੋਕਥਾਮ ਦੇ ਉਪਰਾਲੇ ਜ਼ਿਆਦਾ ਕਰਨੇ ਹੋਣਗੇ । ਉਨਾਂ ਕਿਹਾ ਕਿ ਜੇਕਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਜ਼ਮੀਨ ਦੇਣ ਤਾਂ ਭਾਰਤ ਸਰਕਾਰ ਵਲੋਂ ਅੰਮ੍ਰਿਤਸਰ ਵਿਚ ਫੋਰੈਂਸਿਕ ਲੈਬ ਬਣਾਈ ਜਾਏਗੀ ਤੇ ਐਨ.ਸੀ.ਬੀ. ਦਾ ਇਕ ਸੈਂਟਰ ਖੋਲਿਆ ਜਾਏਗਾ, ਜਿਸ ਵਿਚ ਸਿਖਲਾਈ ਦਿੱਤੀ ਜਾਏਗੀ । ਉਨਾਂ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿਚੋਂ ਕੱਢਣ ਲਈ ਜੋ ਵੀ ਉਪਰਾਲੇ ਕਰ ਰਿਹਾ ਹੈ, ਅਸੀਂ ਉਸ ਨਾਲ ਖੜੇ ਹਾਂ ।ਨਾਲ ਹੀ ਉਨਾਂ ਨਸ਼ਿਆਂ ਖ਼ਿਲਾਫ਼ ਲੜਾਈ ਵਿਚ ਸੂਬਿਆਂ ਨੂੰ ਮਿਲ ਕੇ ਕੰਮ ਕਰਨ ਦੀ ਲੋੜ ’ਤੇ ਜ਼ੋਰ ਦਿੰਦਿਆਂ ਕਿਹਾ ਕਿ ਗ਼ੈਰ-ਕਾਨੂੰਨੀ ਨਸ਼ਿਆਂ ਦੀ ਖੇਤੀ ਦੇ ਲਈ



ਵੀ ਸੂਬੇ ਵਿਚ ਡਰੋਨ ਵਰਤੋਂ ਅਤੇ ਤਕਨੋਲਜੀ ਦੀ ਵਰਤੋਂ ਵਧਾ ਕੇ ਬਹੁਤ ਜਲਦੀ ਇਸ ਨੂੰ ਰੋਕਣਾ ਹੋਵੇਗਾ । ਨਸ਼ਿਆਂ ਵਿਰੁੱਧ ਲੜਾਈ ਸਹੀ ਦਿਸ਼ਾ ਵੱਲ ਜਾ ਰਹੀ ਹੈ ।ਉਨਾਂ ਦੱਸਿਆ 2006 ਤੋਂ 2013 ਤੱਕ 768 ਕਰੋੜ ਰੁਪਏ ਦੀ ਡਰੱਗਜ਼ ਫੜੀ ਗਈ, ਜਦ ਕਿ 2014 ਤੋਂ 2021 ਦੇ ਵਿਚ 20 ਹਜ਼ਾਰ ਕਰੋੜ ਰੁਪਏ ਦੀ ਡਰੱਗ ਫੜ ਕੇ ਉਸ ਨੂੰ ਨਸ਼ਟ ਕਰਨ ਦੀ ਮੁਹਿੰਮ ਭਾਰਤ ਸਰਕਾਰ ਚਲਾ ਰਹੀ ਹੈ ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਨਾਰਕੋ-ਗੈਂਗਸਟਰ-ਖਾੜਕੂਵਾਦ ਦੇ ਨਾਪਾਕ ਗਠਜੋੜ ਨਾਲ ਨਜਿੱਠਣ ਲਈ ਸੂਬਿਆਂ ਵਲੋਂ ਏਕੀਕ੍ਰਿਤ ਕਾਰਵਾਈ ਦੀ ਲੋੜ ’ਤੇ ਜ਼ੋਰ ਦਿੱਤਾ ਹੈ। ਨਸ਼ਿਆਂ ਦੀ ਤਸਕਰੀ ਤੇ ਕੌਮੀ ਸੁਰੱਖਿਆ ਬਾਰੇ ਇਕ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਇਸ ਖ਼ਤਰੇ ਨਾਲ ਲੜਨ ਲਈ ਸਾਰੇ ਇਕਜੁੱਟ ਹੋ ਕੇ ਕਾਰਵਾਈ ਕਰਨ। ਉਨਾਂ ਸਪੱਸ਼ਟ ਤੌਰ ’ਤੇ ਕਿਹਾ ਕਿ ਸੂਬਿਆਂ ਨੂੰ ਸਿਹਰਾ ਲੈਣ ਦੀ ਦੌੜ ਵਿਚ ਨਹੀਂ ਪੈਣਾ ਚਾਹੀਦਾ, ਸਗੋਂ ਗੈਂਗਸਟਰਾਂ, ਨਸ਼ਾ ਤਸਕਰਾਂ ਤੇ ਜਿਹਾਦੀਆਂ ਦੇ ਖ਼ਾਤਮੇ ’ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਭਗਵੰਤ ਮਾਨ ਨੇ ਕਿਹਾ ਕਿ ਸਮੇਂ ਦੀ ਲੋੜ ਹੈ ਕਿ ਸਾਰੇ ਸੂਬੇ ਆਪਣੇ ਵਖਰੇਵਿਆਂ ਨੂੰ ਪਾਸੇ ਰੱਖ ਕੇ ਇਸ ਖ਼ਤਰੇ ਖ਼ਿਲਾਫ਼ ਸਖ਼ਤ ਕਾਰਵਾਈ ਕਰਨ। ਮੁੱਖ ਮੰਤਰੀ ਨੇ ਸੂਬੇ ਵਿਚ ਫੋਰੈਂਸਿਕ ਲੈਬਾਰਟਰੀ ਸਥਾਪਤ ਕਰਨ ਲਈ ਕੇਂਦਰ ਸਰਕਾਰ ਦੀ ਹਰ ਸਹਾਇਤਾ ਤੇ ਸਹਿਯੋਗ ਕਰਨ ਦੀ ਪੇਸ਼ਕਸ਼ ਕੀਤੀ। ਉਨਾਂ ਕਿਹਾ ਕਿ ਇਹ ਲੈਬਾਰਟਰੀ ਸਥਾਪਤ ਕਰਨ ਲਈ ਸੂਬਾ ਸਰਕਾਰ ਕੋਈ ਕਸਰ ਬਾਕੀ ਨਹੀਂ ਛੱਡੇਗੀ।

# ਡਰੱਗ ਤਸਕਰ ਕੋਲੋਂ 10 ਲੱਖ ਰੁਪਏ ਰਿਸ਼ਵਤ ਲੈਣ ਵਾਲਾ ਸਬ ਇੰਸਪੈਕਟਰ ਗ੍ਰਿ.ਫਤਾਰ

**ਅੰਮ੍ਰਿਤਸਰ/ਏ.ਟੀ.ਨਿਊਜ਼** :- ਪੰਜਾਬ ਪੁਲਿਸ ਨੇ ਵਿਭਾਗ ਵਿਚ ਕਾਲੀਆਂ ਭੇਡਾਂ ਖ਼ਿਲਾਫ਼ ਵਿੱਢੀ ਕਾਰਵਾਈ ਤਹਿਤ ਸਬ ਇੰਸਪੈਕਟਰ ਨੂੰ ਨਸ਼ਾ ਤਸਕਰ ਕੋਲੋਂ ਦੱਸ ਲੱਖ ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਇਹ ਕਾਰਵਾਈ ਸਪੈਸ਼ਲ ਟਾਸਕ ਫੋਰਸ ਵੱਲੋਂ ਕੀਤੀ ਗਈ ਹੈ। ਗ੍ਰਿਫਤਾਰ ਕੀਤੇ ਗਏ ਸਬ ਇੰਸਪੈਕਟਰ ਦੀ ਸ਼ਨਾਖਤ ਨਰਿੰਦਰ ਸਿੰਘ ਵਜੋਂ ਹੋਈ ਹੈ। ਉਹ ਥਾਣਾ ਲੋਪੋਕੇ ਵਿੱਚ ਵਧੀਕ ਐੱਸਐੱਚਓ ਵਜੋਂ ਤਾਇਨਾਤ ਸੀ। ਐੱਸਟੀਐੱਫ ਨੇ ਕਥਿਤ ਰਿਸ਼ਵਤ ਦੀ ਰਕਮ ਵੀ ਬਰਾਮਦ ਕੀਤੀ ਹੈ। ਇਸ ਸਬ ਇੰਸਪੈਕਟਰ ਦਾ ਨਾਂ ਉਸ ਵੇਲੇ ਸਾਹਮਣੇ ਆਇਆ ਸੀ, ਜਦੋਂ ਪੁਲਿਸ ਨੇ ਨਸ਼ਾ ਤਸਕਰ ਗੁਰਅਵਤਾਰ ਸਿੰਘ ਅਤੇ ਉਸ ਦੇ ਸਾਥੀ ਨੂੰ ਕਿਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਸੀ। ਇਨਾਂ ਕੋਲੋਂ ਪੁੱਛ ਪੜਤਾਲ ਬਾਅਦ ਇਕ ਹੋਰ ਤਸਕਰ ਬਲਵਿੰਦਰ ਸਿੰਘ ਬਿੱਲਾ ਨੂੰ ਵੀ ਕਾਬੂ ਕੀਤਾ ਗਿਆ। ਇਹ ਸਾਰੇ ਤਸਕਰ ਸੁਰਮੁਖ ਸਿੰਘ ਅਤੇ ਦਿਲਬਾਗ ਸਿੰਘ, ਜਿਨਾਂ ਨੂੰ ਪਹਿਲਾਂ ਹੀ ਐੱਸਟੀਐੱਫ ਵੱਲੋਂ ਗ੍ਰਿਫ਼ਤਾਰ ਕੀਤਾ ਹੋਇਆ, ਦੇ ਸਾਥੀ ਹਨ। ਇਨਾਂ ਨੂੰ ਲੁਧਿਆਣਾ ਅਦਾਲਤ ਵਿਚ ਬੰਬ ਧਮਾਕੇ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ ਸੀ। ਜ਼ਿਲਾ ਦਿਹਾਤੀ ਪੁਲੀਸ ਦੇ ਐੱਸਐੱਸਪੀ ਸਵਪਨ ਸ਼ਰਮਾ ਨੇ ਸਬ ਇੰਸਪੈਕਟਰ ਨੂੰ ਗ੍ਰਿਫ਼ਤਾਰ ਕਰਨ ਦੀ ਪੁਸ਼ਟੀ ਕੀਤੀ ਹੈ।

# ਡੇਰਾ ਪ੍ਰੇਮੀ ਨੇ ਬੇਅਦਬੀ ਦੇ ਮੁੱਖ ਗਵਾਹ ਨੂੰ ਕੱਢੀਆਂ ਗਾਲਾਂ

## ✪ ਪੰਥਕ ਜਥੇਬੰਦੀਆਂ ਸਿੰਘ ਦੇ ਹੱਕ ਵਿਚ ਨਿਤਰੀਆਂ ✪ ਪਿੰਡ ਪੁਲਿਸ ਛਾਉਣੀ ਵਿਚ ਤਬਦੀਲ

**ਬਾਘਾਪੁਰਾਣਾ/ਏ.ਟੀ.ਨਿਊਜ਼** :- ਮੋਗਾ ਜ਼ਿਲੇ ਦੇ ਪਿੰਡ ਮੱਲਕੇ ਵਿਚ 4 ਨਵੰਬਰ 2015 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ ਦੇ ਮੁੱਖ ਗਵਾਹ ਗੁਰਸੇਵਕ ਸਿੰਘ ਫੌਜੀ ਨਾਲ ਡੇਰਾ ਪ੍ਰੇਮੀਆਂ ਵੱਲੋਂ ਗਾਲੀ ਗਲੋਚ ਕਰਨ ਦਾ ਮਸਲਾ ਵਿਗੜ ਰਿਹਾ ਹੈ। ਪੀੜਤ ਨੇ ਸਿੱਖ ਜਥੇਬੰਦੀਆਂ ਨਾਲ ਸੰਪਰਕ ਕੀਤਾ ਹੈ। ਫਿਰ ਪੁਲਿਸ ਨੇ ਪਹੁੰਚ ਕੇ ਪਿੰਡ ਮੱਲਕੇ ਨੂੰ ਪੁਲਿਸ ਛਾਉਣੀ ਵਿਚ ਤਬਦੀਲ ਕਰ ਦਿੱਤਾ ਹੈ।

ਇਸ ਬਾਰੇ ਗੁਰਸੇਵਕ ਸਿੰਘ ਫੌਜੀ ਨੇ ਦੱਸਿਆ ਕਿ ਲੰਘੇ ਸ਼ਨਿੱਚਰਵਾਰ ਸਵੇਰੇ ਜਦੋਂ ਆਪਣੇ ਖੇਤ ਜਾ ਰਿਹਾ ਸੀ ਤਾਂ ਅਮਰਦੀਪ ਸਿੰਘ ਦੀਪਾ ਦੇ ਪਿਤਾ ਸੁਖਮੰਦਰ ਸਿੰਘ ਨੇ ਕਿਹਾ, ‘ਤੂੰ ਗਵਾਹੀ ਦੇ ਕੇ ਸਾਡਾ ਕੀ ਕਰ ਲਿਆ’? ਫਿਰ ਉਹ ਗਾਲੀ-ਗਲੋਚ ਮਗਰੋਂ ਭੱਦੀ ਸ਼ਬਦਾਵਲੀ ’ਤੇ ਉਤਰ ਆਇਆ।

ਸੋਸ਼ਲ ਮੀਡੀਆ ਰਾਹੀਂ ਘਟਨਾ ਬਾਰੇ ਪਤਾ ਲੱਗਣ ’ਤੇ ਸਿੱਖ ਜਥੇਬੰਦੀਆਂ ਦੇ ਕਾਰਕੁਨ ਪਿੰਡ ਮੱਲਕੇ ਪਹੁੰਚਣੇ ਸ਼ੁਰੂ ਹੋ ਗਏ। ਓਧਰ ਡੀਐੱਸਪੀ ਬਾਘਾਪੁਰਾਣਾ ਜਸਜੋਤ ਸਿੰਘ, ਡੀਐੱਸਪੀ ਕੋਟਕਪੂਰਾ ਸ਼ਮਸ਼ੇਰ ਸਿੰਘ ਸ਼ੇਰਗਿੱਲ ਤੇ ਥਾਣਾ ਬਾਘਾਪੁਰਾਣਾ ਦੇ ਮੁੱਖ ਅਫਸਰ ਜਤਿੰਦਰ ਸਿੰਘ ਨੇ ਸਾਥੀ ਪੁਲਿਸ ਮੁਲਾਜ਼ਮਾਂ ਦੇ ਨਾਲ ਪਿੰਡ ਮੱਲਕੇ ਦੇ ਹਰ ਰਸਤੇ ਨੂੰ ਸੀਲ ਕੀਤਾ ਹੈ। ਪਿੰਡ ਮੱਲਕੇ ਨੂੰ ਪੁਲਿਸ ਛਾਉਣੀ ਵਿਚ ਤਬਦੀਲ ਕੀਤਾ ਗਿਆ ਹੈ।

ਇਸ ਸਮੇਂ ਸਮਾਲਸਰ ਪੁਲਿਸ ਨੇ ਡੇਰਾ ਪ੍ਰੇਮੀ ਸੁਖਮੰਦਰ ਸਿੰਘ ਪੁੱਤਰ ਇੰਦਰ ਸਿੰਘ ਵਾਸੀ ਮੱਲਕੇ ਨੂੰ ਕਾਰਜਕਾਰੀ ਮੈਜਿਸਟ੍ਰੇਟ-ਕਮ-ਤਹਿਸੀਲਦਾਰ ਬਾਘਾਪੁਰਾਣਾ ਦੀ ਅਦਾਲਤ ਵਿਚ ਪੇਸ਼ ਕਰ ਕੇ ਮੋਗਾ ਜੇਲ੍ਹ ਭੇਜ ਦਿੱਤਾ ਹੈ।

**ਇਹ ਹੈ ਪੁਰਾਣਾ ਮਾਮਲਾ**

ਜ਼ਿਕਰਯੋਗ ਹੈ ਕਿ ਨਵੰਬਰ 2015 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਅਨਸਰਾਂ ਦੀ ਜਾਂਚ ਲਈ ਪੰਜਾਬ ਪੁਲਿਸ ਨੇ ਵਿਸ਼ੇਸ਼ ਜਾਂਚ ਟੀਮ ਬਣਾਈ ਸੀ। ਸ਼ਨਾਖ਼ਤ ਕੀਤੇ ਜਾਣ ’ਤੇ ਬੀਤੀ 7 ਜੁਲਾਈ ਨੂੰ ਜ਼ਿਲਾ ਜੁਡੀਸ਼ੀਅਲ ਅਦਾਲਤ ਨੇ ਕਥਿਤ ਡੇਰਾ ਪ੍ਰੇਮੀਆਂ ਨੂੰ ਤਿਨ-ਤਿੰਨ ਸਾਲ ਦੀ ਸਜ਼ਾ ਤੇ ਪੰਜ ਪੰਜ ਹਜ਼ਾਰ ਰੁਪਏ ਜੁਰਮਾਨਾ ਕੀਤਾ, ਫਿਰ ਜ਼ਮਾਨਤ ਮਿਲ ਗਈ ਸੀ।

ਸਿੱਖ ਜਥੇਬੰਦੀਆਂ ਵੱਲੋਂ ਪੁੱਜੇ ਭਾਈ ਸੁਖਜੀਤ ਸਿੰਘ ਖੋਸਾ, ਸਿੱਖ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ ਦਲੇਰ ਸਿੰਘ ਡੋਡ, ਰਾਜਾ ਸਿੰਘ ਖੁਖਰਾਣਾ, ਜਗਸੀਰ ਸਿੰਘ ਰਾਜੇਆਣਾ, ਮੱਖਣ ਸਿੰਘ ਮੁਸਾਫ਼ਰ ਸਮਾਲਸਰ, ਵੀਰਪਾਲ ਸਿੰਘ ਸਮਾਲਸਰ, ਡਾ. ਬਲਵੀਰ ਸਿੰਘ ਸਰਾਵਾਂ, ਭੋਲਾ ਸਿੰਘ ਥਰਾਜ, ਗੁਰਭਾਗ ਸਿੰਘ ਮਰੂੜ, ਭਾਈ ਦਵਿੰਦਰ ਸਿੰਘ ਹਰੀਏ ਵਾਲਾ, ਗੁਰਪਰੀਤ ਸਿੰਘ ਜਿਉਣਵਾਲਾ ਆਦਿ ਤੋਂ ਇਲਾਵਾ ਹੋਰ ਕਾਰਕੁਨ ਹਾਜ਼ਰ ਸਨ।

# ਨਵੇਂ ਐਡਵੋਕੇਟ ਜਨਰਲ ਡੇਰਾ ਮੁਖੀ, ਬੇਅਦਬੀਆਂ, ਸੈਣੀ ਸਮੇਤ ਹੋਰਨਾਂ ਕੇਸਾਂ 'ਚ ਕਿਵੇਂ ਹੋ ਸਕਣਗੇ ਪੇਸ਼ ?

**ਚੰਡੀਗੜ/ਏ.ਟੀ.ਨਿਊਜ਼ :-** ਪੰਜਾਬ ਸਰਕਾਰ ਵਲੋਂ ਨਿਯੁਕਤ ਕੀਤੇ ਗਏ ਨਵੇਂ ਐਡਵੋਕੇਟ ਜਨਰਲ ਵਿਨੋਦ ਘਈ ਸੂਬੇ ਦੇ ਅਹਿਮ ਕੇਸਾਂ 'ਚ ਸਰਕਾਰ ਵਲੋਂ ਪੇਸ਼ ਹੋ ਸਕਣਗੇ। ਸੀਨੀਅਰ ਵਕੀਲਾਂ ਅਨੁਸਾਰ ਇਹ ਗਲਤ ਨਿਯੁਕਤੀ ਹੈ। ਜਸਵਿੰਦਰ ਸਿੰਘ ਐਡਵੋਕੇਟ ਅਨੁਸਾਰ ਵਕੀਲਾਂ ਲਈ ਨੈਤਿਕ ਜ਼ਾਬਤੇ ਅਨੁਸਾਰ ਜੋ ਵਕੀਲ ਜਿਸ ਕੇਸ ਵਿਚ ਇਕ ਪਾਸੇ ਪਹਿਲਾਂ ਵਕੀਲ ਹੋਵੇ ਦੁਬਾਰਾ ਉਸੇ ਕੇਸ ਵਿਚ ਵਿਰੋਧੀ ਧਿਰ ਦਾ ਵਕੀਲ ਨਹੀਂ ਬਣਦਾ। ਜਿਸ ਕਾਰਨ ਸਰਕਾਰ ਲਈ ਸਾਰੇ ਮੁੱਖ ਕੇਸਾਂ ਜਿਨਾਂ ਵਿਚ ਡੇਰਾ ਮੁਖੀ ਰਾਮ ਰਹੀਮ ਤੇ ਬੇਅਦਬੀਆਂ ਨਾਲ ਸੰਬੰਧਿਤ ਕੇਸ ਹਨ ਅਤੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ, ਮੌਜੂਦਾ ਸਰਕਾਰ ਵਲੋਂ ਦਿੱਲੀ ਤੋਂ ਚੁੱਕੇ ਗਏ ਭਾਜਪਾ ਆਗੂ ਤਜਿੰਦਰਪਾਲ ਸਿੰਘ ਬੱਗਾ ਤੇ ਮੌਜੂਦਾ ਸਰਕਾਰ ਵਲੋਂ ਡਿਸਮਿਸ ਕੀਤੇ ਗਏ ਸਿਹਤ ਮੰਤਰੀ ਵਿਜੇ ਸਿੰਗਲਾ ਅਤੇ ਸਾਬਕਾ ਕਾਂਗਰਸੀ ਮੰਤਰੀ ਭਾਰਤ ਭੂਸ਼ਨ ਆਸ਼ੂ ਦੇ ਕੇਸਾਂ ਵਿਚ ਜਿਨਾਂ ਦੇ ਕੇਸ ਪਹਿਲਾਂ ਵਿਨੋਦ ਘਈ ਲੜ ਰਹੇ ਸਨ ਅਤੇ ਹੁਣ ਉਹ ਕੇਸ ਉਨਾਂ ਦੇ ਸਾਥੀ ਵਕੀਲ ਲੜਨਗੇ, ਪ੍ਰੰਤੂ ਘਈ ਸਰਕਾਰ ਵਲੋਂ ਉਨਾਂ ਕੇਸਾਂ ਵਿਚ ਪੇਸ਼ ਨਹੀਂ ਹੋ ਸਕਣਗੇ । ਮੁੱਖ ਮੰਤਰੀ ਭਗਵੰਤ ਮਾਨ ਜਿਨਾਂ 2 ਦਿਨ ਪਹਿਲਾਂ ਇਹ ਬਿਆਨ ਦਿੱਤਾ ਸੀ ਕਿ ਘਈ ਜਿਨਾਂ ਅਹਿਮ ਕੇਸਾਂ ਵਿਚ ਸਰਕਾਰ ਵਿਰੁੱਧ ਪੇਸ਼ ਹੁੰਦੇ ਸਨ, ਹੁਣ ਸਰਕਾਰ ਵਲੋਂ ਪੇਸ਼ ਹੋਣਗੇ। ਕੀ ਮੁੱਖ ਮੰਤਰੀ ਨੂੰ ਇਹ ਜਾਣਕਾਰੀ ਨਹੀਂ ਸੀ ਕਿ ਉਹ ਉਕਤ



ਸਾਰੇ ਅਹਿਮ ਕੇਸਾਂ ਵਿਚ ਸਰਕਾਰ ਵਲੋਂ ਪੇਸ਼ ਨਹੀਂ ਹੋ ਸਕਣਗੇ ।ਪ੍ਰੰਤੂ ਜੇ ਨਵੇਂ ਐਡਵੋਕੇਟ ਜਨਰਲ ਸਰਕਾਰ ਦੇ ਇਨਾਂ ਅਹਿਮ ਕੇਸਾਂ ਵਿਚ ਪੇਸ਼ ਹੀ ਨਹੀਂ ਹੋ ਸਕਣਗੇ ਤਾਂ ਸਰਕਾਰ ਨੂੰ ਉਨਾਂ ਦੀ ਨਿਯੁਕਤੀ ਦਾ ਲਾਭ ਕੀ ਹੋਵੇਗਾ ? ਕੁਝ ਸੀਨੀਅਰ ਵਕੀਲਾਂ ਦਾ ਇਹ ਵੀ ਕਹਿਣਾ ਸੀ ਕਿ ਹਰੇਕ ਕੇਸ ਨੂੰ ਲੜਨ ਲਈ ਬਣਾਈ ਜਾਣ ਵਾਲੀ ਰਣਨੀਤੀ ਅਤੇ ਉਸ ਕੇਸ ਵਿਚ ਸਰਕਾਰੀ ਵਕੀਲ ਦੀ ਚੋਣ ਦਾ ਅਧਿਕਾਰ ਵੀ ਸੂਬੇ ਦੇ ਐਡਵੋਕੇਟ ਜਨਰਲ ਦਾ ਹੁੰਦਾ ਹੈ, ਪ੍ਰੰਤੂ ਜਦੋਂ ਅਜਿਹੇ ਸੰਵੇਦਨਸ਼ੀਲ ਕੇਸਾਂ ਵਿਚ ਜਦੋਂ ਵਿਰੋਧੀ ਧਿਰ ਦਾ ਰਿਹਾ ਵਕੀਲ ਹੀ ਸਰਕਾਰੀ ਵਕੀਲਾਂ ਦੀ ਨਿਯੁਕਤੀ ਅਤੇ ਕੇਸ ਲੜਨ ਦੀ ਰਣਨੀਤੀ ਦਾ ਮੁਖੀ ਬਣ ਜਾਵੇ ਤਾਂ ਸਮੁੱਚੀ ਪ੍ਰਕਿਰਿਆ ਵੀ ਸ਼ੱਕ ਤੇ ਵਿਵਾਦਾਂ ਦੇ ਘੇਰੇ ਵਿਚ ਆ ਸਕਦੀ ਹੈ ਅਤੇ ਸਰਕਾਰ ਅਜਿਹੇ ਕੇਸਾਂ ਨੂੰ ਐਡਵੋਕੇਟ ਜਨਰਲ ਦੇ ਅਧਿਕਾਰ ਖੇਤਰ ਤੋਂ ਬਾਹਰ ਰੱਖਣ ਲਈ ਵੀ ਮਜਬੂਰ ਹੋ ਸਕਦੀ ਹੈ, ਕਿਉਂਕਿ ਬੇਅਦਬੀਆਂ ਵਰਗੇ ਮੁੱਦੇ 'ਤੇ ਸਿੱਖ ਜਥੇਬੰਦੀਆਂ ਵਲੋਂ ਪਹਿਲਾਂ ਹੀ ਐਡਵੋਕੇਟ ਜਨਰਲ ਦੀ ਨਿਯੁਕਤੀ ਸੰਬੰਧੀ ਸਵਾਲ ਉਠਾਏ ਜਾ ਰਹੇ ਹਨ। ਹਾਲਾਂਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਵਿਨੋਦ ਘਈ ਹਾਈਕੋਰਟ ਦੇ ਕਰੀਮੀਨਲ ਕੇਸਾਂ ਦੇ ਇਕ ਸਥਾਪਤ ਨਾਮਵਰ ਵਕੀਲ ਹਨ, ਪ੍ਰੰਤੂ ਮਾਹਿਰਾਂ ਦਾ ਮੰਨਣਾ ਹੈ ਕਿ ਸਰਕਾਰ ਲਈ ਹਾਈਕੋਰਟ ਵਿਚ ਬਹੁਤ ਕੰਮ ਵਿਧਾਨਕ ਵਿਸ਼ਿਆਂ, ਸਰਵਿਸ ਤੇ ਦੀਵਾਨੀ ਮਾਮਲਿਆਂ ਨਾਲ ਸੰਬੰਧਿਤ ਹੁੰਦਾ ਹੈ ਅਤੇ ਖ਼ਾਸਕਰ ਪੰਜਾਬ ਜਿਸ ਦੇ ਦਰਿਆਈ ਪਾਣੀਆਂ ਸਮੇਤ ਕਈ ਅੰਤਰਰਾਜੀ ਮਾਮਲੇ ਅਦਾਲਤਾਂ ਵਿਚ ਹਨ, ਨੂੰ ਅਜਿਹੇ ਕੇਸਾਂ ਦੀ ਮੁਹਾਰਤ ਰੱਖਣ ਵਾਲੇ ਕਾਨੂੰਨੀ ਮਾਹਿਰਾਂ ਦੀ ਜ਼ਰੂਰਤ ਹੈ। ਪ੍ਰੰਤੂ ਰਾਜ ਦਾ ਕਾਨੂੰਨੀ ਢਾਂਚਾ ਕੀ ਸੂਬੇ ਦੇ ਹਿੱਤਾਂ ਦੀ ਰਾਖੀ ਕਰਨ ਵਿਚ ਕਾਮਯਾਬ ਸਾਬਤ ਹੋਵੇਗਾ, ਇਹ ਆਉਣ ਵਾਲੇ ਸਮੇਂ ਵਿਚ ਸਪੱਸ਼ਟ ਹੋ ਸਕੇਗਾ।

### ਮਾਮਲਾ ਕੌਂਸਲਰ ਹੱਤਿਆ ਕਾਂਡ ਦਾ

# ਮੁੱਖ ਸਾਜਿਸ਼ਕਰਤਾ ਸਮੇਤ ਤਿੰਨ ਗ੍ਰਿਫ਼ਤਾਰ, ਦੋਵੇਂ ਸ਼ੂਟਰ ਫ਼ਰਾਰ

**ਮਲੇਰਕੋਟਲਾ/ਏ.ਟੀ.ਨਿਊਜ਼ :-** ਬੀਤੇ ਦਿਨੀਂ ਸਥਾਨਕ ਲੁਧਿਆਣਾ ਬਾਈਪਾਸ ਨੇੜੇ ਅਣਪਛਾਤੇ ਹਮਲਾਵਰਾਂ ਵਲੋਂ ਆਮ ਆਦਮੀ ਪਾਰਟੀ ਦੇ ਕੌਂਸਲਰ ਮੁਹੰਮਦ ਅਕਬਰ ਭੋਲੀ ਦੇ ਗੋਲੀਆਂ ਮਾਰ ਕੇ ਕੀਤੀ ਹੱਤਿਆ ਦਾ ਮਾਮਲਾ ਮਲੇਰਕੋਟਲਾ ਪੁਲਿਸ ਨੇ 24 ਘੰਟਿਆਂ ਦੇ ਅੰਦਰ-ਅੰਦਰ ਹੱਲ ਕਰਕੇ ਹੱਤਿਆ ਦੇ ਮੁੱਖ ਸਾਜ਼ਿਸਕਰਤਾ ਵਸੀਮ ਇਕਬਾਲ ਸੋਨੀ, ਮੁਹੰਮਦ ਸਾਦਾਵ ਅਤੇ ਤਹਿਸੀਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਜਦਕਿ ਹੱਤਿਆ ਕਰਨ ਵਾਲੇ ਦੋਵੇਂ ਸ਼ੂਟਰ ਹਾਲੇ ਪੁਲਿਸ ਦੀ ਗ੍ਰਿਫ਼ਤ ਵਿਚੋਂ ਬਾਹਰ ਹਨ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪੁਲਿਸ ਰੇਂਜ ਪਟਿਆਲਾ ਦੇ ਆਈ. ਜੀ. ਮੁਖਵਿੰਦਰ ਸਿੰਘ ਛੀਨਾ ਆਈ.ਪੀ.ਐਸ. ਨੇ ਦੱਸਿਆ ਕਿ ਕਿ ਮ੍ਰਿਤਕ ਮੁਹੰਮਦ ਅਕਬਰ ਉਰਫ਼ ਭੋਲੀ ਨੇ ਇਕ ਦੁਕਾਨ ਗਰੇਵਾਲ ਚੌਕ ਮਲੇਰਕੋਟਲਾ ਵਿਖੇ ਵਸੀਮ ਇਕਬਾਲ ਸੋਨੀ ਪੁੱਤਰ ਮੁਹੰਮਦ ਨਜ਼ੀਰ ਵਾਸੀ ਇਸਮਾਇਲ ਬਸਤੀ ਨਜ਼ਦੀਕ ਮਾਨਾ ਫਾਟਕ ਮਲੇਰਕੋਟਲਾ ਨੂੰ ਕਰੀਬ 13-14 ਸਾਲ ਤੋਂ ਕਿਰਾਏ ਉਪਰ ਦਿੱਤੀ ਹੋਈ ਸੀ। ਵਸੀਮ ਇਕਬਾਲ ਦਾ ਮੁਹੰਮਦ ਅਕਬਰ ਦੇ ਨਾਲ ਕਾਫੀ ਪੈਸਿਆਂ ਦਾ ਲੈਣ ਦੇਣ ਚਲਦਾ ਸੀ । ਸਾਲ 2015 ਤੋਂ ਵਸੀਮ ਇਕਬਾਲ ਮੁਹੰਮਦ ਅਕਬਰ ਤੋਂ ਕਰੀਬ ਢਾਈ



ਗ੍ਰਿਫ਼ਤਾਰ ਮੁੱਖ ਸਾਜਿਸ਼ਕਰਤਾ ਸਮੇਤ ਤਿੰਨੇ ਮੁਲਜ਼ਮ। ਤਸਵੀਰ: ਕੁਠਾਲਾ

ਕਰੋੜ ਰੁਪਏ ਲੈ ਕੇ ਮੋਟਰਸਾਈਕਲ ਅਤੇ ਕੱਪੜੇ ਦੇ ਵਪਾਰ ਵਿਚ ਲਾ ਚੁੱਕਾ ਸੀ। ਆਈ. ਜੀ. ਛੀਨਾ ਮੁਤਾਬਿਕ ਕਰੀਬ ਇਕ ਹਫ਼ਤਾ ਪਹਿਲਾਂ ਮੁਹੰਮਦ ਅਕਬਰ ਵਸੀਮ ਇਕਬਾਲ ਤੋਂ ਆਪਣੀ ਰਕਮ ਵਾਪਸ ਮੰਗ ਰਿਹਾ ਸੀ ਜੋ ਵਸੀਮ ਇਕਬਾਲ ਸੋਨੀ ਨੇ ਮੁਹੰਮਦ ਅਕਬਰ ਭੋਲੀ ਦੇ ਪੈਸੇ ਵਾਪਸ ਕਰਨ ਦੀ ਬਜਾਏ ਆਪਣੇ ਦੂਸਰੇ ਵਿਆਹ ਦੇ ਸਾਲੇ ਮੁਹੰਮਦ ਆਸਿਫ਼ ਵਾਸੀ ਮਲੇਰਕੋਟਲਾ ਨਾਲ ਮੁਹੰਮਦ ਅਕਬਰ ਦਾ ਕਤਲ ਕਰਨ ਦੀ ਸਾਜ਼ਿਸ਼ ਰਚ ਲਈ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਵਸੀਮ ਇਕਬਾਲ ਸੋਨੀ ਨੇ 31 ਜੁਲਾਈ ਦੀ ਰਾਤ ਨੂੰ ਕਰੀਬ 3.30 ਵਜੇ ਸਵੇਰੇ ਮਲੇਰਕੋਟਲਾ ਵਾਪਸ ਆ ਕੇ ਦੇਸੀ ਕੱਟਾ ਅਤੇ ਕਾਰਤੂਸ ਆਪਣੇ ਸਾਲੇ ਮੁਹੰਮਦ ਆਸਿਫ਼ ਨੂੰ ਦੇ ਦਿੱਤੇ। ਫਿਰ ਮੁਹੰਮਦ ਆਸਿਫ਼ ਆਪਣੇ ਨਾਲ ਆਪਣੇ ਦੋਸਤ ਮੁਹੰਮਦ ਮੁਰਸ਼ਦ ਮਲੇਰਕੋਟਲਾ ਨੂੰ ਨਾਲ ਲੈ ਕੇ ਵਸੀਮ ਇਕਬਾਲ ਸੋਨੀ ਦੀ ਗਰੇਵਾਲ ਚੌਕ ਸਥਿਤ ਦੁਕਾਨ ਤੋਂ ਇੱਕ ਮੋਟਰਸਾਇਕਲ ਹੌਂਡਾ ਸਿਟੀ ਲੈ ਕੇ ਵਾਰਦਾਤ ਕਰਨ ਚਲੇ ਗਏ।

ਬਾਕੀ ਸਫ਼ਾ 30 'ਤੇ

### ਮਾਮਲਾ ਗੋਬਿੰਦ ਸਿੰਘ ਦੇ ਕਾਰਟੂਨ ਬਣਾ ਕੇ ਸੋਸ਼ਲ ਮੀਡੀਆ 'ਤੇ ਅਪਲੋਡ ਕਰਨ ਦਾ

# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੇ ਐਸਐਸਪੀ ਨੂੰ ਮੰਗ ਪੱਤਰ ਸੌਂਪਿਆ

**ਰੂਪਨਗਰ :** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਸਰ ਦੀ ਜ਼ਿਲਾ ਇਕਾਈ ਵੱਲੋਂ ਜ਼ਿਲਾ ਪ੍ਰਧਾਨ ਰਣਜੀਤ ਸਿੰਘ ਸੰਤੋਖਗੜ ਦੀ ਅਗਵਾਈ ਵਿਚ ਵਫ਼ਦ ਨੇ ਦਿੱਲੀ ਰਹਿੰਦੇ ਬਿਜ਼ਨਸਮੈਨ ਵੱਲੋਂ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਾਰਟੂਨ ਬਣਾ ਕੇ ਸੋਸ਼ਲ ਮੀਡੀਆ 'ਤੇ ਪਾਉਣ ਦੇ ਮੁੱਦੇ ਨੂੰ ਲੈ ਕੇ ਐਸਐਸਪੀ ਡਾ. ਸੰਦੀਪ ਕੁਮਾਰ ਗਰਗ ਨੂੰ ਮੰਗ ਪੱਤਰ ਦਿੱਤਾ। ਇਸ ਮੌਕੇ ਪ੍ਰਧਾਨ ਰਣਜੀਤ ਸਿੰਘ ਸੰਤੋਖਗੜ ਨੇ ਦੱਸਿਆ ਕਿ ਸੋਸ਼ਲ ਮੀਡੀਆ 'ਤੇ ਉਨਾਂ ਵੇਖਿਆ ਕਿ ਵਿਵੇਕ ਬਿੰਦਰਾ ਬਿਜ਼ਨਸ ਕੋਚ ਜੋ ਕਿ ਦਿੱਲੀ ਦੇ ਉਦਯੋਗਿਕ ਇਲਾਕੇ ਵਿਚ ਰਹਿੰਦਾ ਹੈ, ਨੇ



ਵੀਡੀਓ ਜਾਰੀ ਕੀਤਾ ਸੀ ਜਿਸ ਵਿਚ ਸਿੱਖ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਅਤੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਾਰਟੂਨ ਬਣਾਏ ਜੋ ਕਿ ਸਿੱਖ ਮਰਿਆਦਾ ਤੋਂ ਉਲਟ ਹਨ। ਉਨਾਂ ਕਿਹਾ ਕਿ ਇਹ ਵੀਡੀਓ ਵੇਖ ਕੇ ਸਮੂਹ ਸਿੱਖ ਕੌਮ ਦੇ ਹਿਰਦੇ ਵਲੂੰਧਰੇ ਗਏ। ਉਨਾਂ ਕਿਹਾ ਕਿ ਸਾਡੀ ਪਾਰਟੀ ਸਿੱਖ ਰਹਿਤ ਮਰਿਆਦਾ ਤੇ ਕੌਮ ਦੀ ਚੜਦੀ ਕਲਾ ਦੀ ਗੱਲ ਕਰਦੀ ਹੈ, ਇਸ ਲਈ ਐਸਐਸਪੀ ਰੂਪਨਗਰ ਤੋਂ ਮੰਗ ਕੀਤੀ ਕਿ ਉਕਤ ਵਿਅਕਤੀ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇ।

# ਕਬਾਇਲੀਆਂ 'ਤੇ ਲਗਾਇਆ ਜਾਂਦਾ ਹੈ 'ਨਕਸਲੀਆਂ' ਦਾ ਠੱਪਾ

### ਸਿਮਰਨਜੀਤ ਸਿੰਘ ਮਾਨ ਨੇ ਕਬੀਲਿਆਂ ਦਾ ਮੁੱਦਾ ਉਠਾਇਆ



**ਨਵੀਂ ਦਿੱਲੀ/ਏ.ਟੀ.ਨਿਊਜ਼ :-** ਸ਼੍ਰੋਮਣੀ ਅਕਾਲੀ ਦਲ (ਅ) ਦੇ ਸੰਗਰੂਰ ਤੋਂ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਦੋਸ਼ ਲਗਾਇਆ ਕਿ ਕਬਾਇਲੀਆਂ ਨੂੰ 'ਨਕਸਲੀ' ਆਖਿਆ ਜਾਂਦਾ ਹੈ ਅਤੇ ਸੁਰੱਖਿਆ ਬਲਾਂ ਵਲੋਂ ਉਨਾਂ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਜਾਂਦਾ ਹੈ। ਉਨਾਂ ਸਰਕਾਰ ਤੋਂ ਅਜਿਹੀਆਂ ਗ਼ੈਰ-ਨਿਆਇਕ ਹੱਤਿਆਵਾਂ ਦੇ ਪਿੱਛੇ ਕਾਰਨਾਂ ਨੂੰ ਜਾਣਨ ਦੀ ਕੋਸ਼ਿਸ਼ ਕੀਤੀ । ਮਾਨ ਨੇ ਲੋਕ ਸਭਾ 'ਚ ਜੰਗਲੀ ਜੀਵ ਸੁਰੱਖਿਆ (ਸੋਧ) ਬਿੱਲ 2021 'ਤੇ ਚਰਚਾ ਵਿਚ ਸ਼ਾਮਿਲ ਹੁੰਦਿਆਂ ਇਹ ਮੁੱਦਾ ਚੁੱਕਿਆ। ਮਾਨ ਨੇ ਕਿਹਾ ਕਿ ਕਬਾਇਲੀ ਦੁੱਖ ਝੱਲ ਰਹੇ ਹਨ ਅਤੇ ਜੰਗਲਾਂ ਵਿਚ ਜਿੱਥੇ ਉਹ ਰਹਿੰਦੇ ਹਨ ਉਥੇ ਮਾਈਨਿੰਗ ਹੋਣ ਕਰਕੇ ਉਨਾਂ ਦਾ ਜੀਵਨ ਜਿਉਣ ਦਾ ਢੰਗ ਵਿਗੜ ਗਿਆ ਹੈ। ਮਾਨ ਨੇ ਕਿਹਾ ਕਿ ਮਨੁੱਖ ਤੇ ਜੰਗਲ ਵਿਚਕਾਰ ਟਕਰਾਅ ਹੈ ।ਸਾਡੇ ਕਬਾਇਲੀ ਜੰਗਲਾਂ 'ਚ ਰਹਿੰਦੇ ਹਨ। ਪਰ ਅਸੀਂ ਖਾਨਾਂ ਦੀ ਤਲਾਸ਼ ਕਰ ਰਹੇ ਹਾਂ ਅਤੇ ਜੰਗਲਾਂ ਨੂੰ ਤਬਾਹ ਕਰ ਰਹੇ ਹਾਂ। ਨਤੀਜੇ ਵਜੋਂ ਕਬਾਇਲੀਆਂ ਨੂੰ ਪ੍ਰੇਸ਼ਾਨੀ ਝੱਲਣੀ ਪੈ ਰਹੀ ਹੈ ਅਤੇ ਉਨਾਂ ਦਾ ਜਿਊਣਾ ਦੁੱਭਰ ਹੋ ਗਿਆ ਹੈ। ਉਨਾਂ ਨੂੰ ਸਰਕਾਰ ਨਕਸਲੀ ਜਾਂ ਮਾਓਵਾਦੀ ਕਰਾਰ ਦੇ ਕੇ ਮਾਰ ਦਿੰਦੀ ਹੈ।ਉਨਾਂ ਮੰਤਰੀ ਤੋਂ ਇਹ ਵੀ ਪੁੱਛਿਆ ਕੀ ਉਹ ਜੰਗਲਾਂ 'ਚ ਖਣਿਜਾਂ ਦੀ ਖੁਦਾਈ 'ਤੇ ਪਾਬੰਦੀ ਲਗਾਉਣਗੇ ? ਮਾਨ ਨੇ ਕਿਹਾ ਕਿ ਕਬਾਇਲੀ ਭਾਵੇਂ ਕੁਦਰਤ ਦੇ ਉਪਾਸ਼ਕ ਹਨ ਪਰ ਉਨਾਂ ਨੂੰ ਕੁਝ ਧਰਮਾਂ ਵਿਚ ਤਬਦੀਲ ਕੀਤਾ ਜਾਂਦਾ ਹੈ, ਜੋ ਭਾਰਤ ਵਿਚ ਧਰਮਾਂ ਦੀ ਮਰਿਆਦਾ ਦੇ ਖ਼ਿਲਾਫ਼ ਹੈ।

# ਪੰਜਾਬ ਪੁਲਿਸ ਨੇ 260 ਵੱਡੇ ਨਸ਼ਾ ਤਸਕਰ ਫੜੇ

### 1730 ਮਾਮਲਿਆਂ ਵਿਚ ਇੱਕ ਮਹੀਨੇ ਦੌਰਾਨ 2205 ਨਸ਼ਾ ਤਸਕਰ ਗ੍ਰਿਫਤਾਰ

**ਚੰਡੀਗੜ/ਏ.ਟੀ.ਨਿਊਜ਼ :-** ਪੰਜਾਬ ਪੁਲਿਸ ਨੇ ਬੀਤੇ ਇੱਕ ਮਹੀਨੇ ਦੌਰਾਨ ਨਸ਼ਾ ਤਸਕਰੀ ਖਿਲਾ.ਫ ਕਾਰਵਾਈ ਕਰਦਿਆਂ 260 ਵੱਡੇ ਨਸ਼ਾ ਤਸਕਰਾਂ ਸਣੇ 2205 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਦੌਰਾਨ ਪੁਲਿਸ ਵੱਲੋਂ ਕੁੱਲ 1730 ਐੱਫਆਈਆਰਜ਼ ਦਰਜ ਕੀਤੀਆਂ ਗਈਆਂ, ਜਿਨਾਂ 'ਚੋਂ 145 ਵਪਾਰਕ ਮਾਮਲਿਆਂ ਨਾਲ ਸਬੰਧਤ ਹਨ।

ਇਹ ਜਾਣਕਾਰੀ ਪੰਜਾਬ ਪੁਲਿਸ ਦੇ ਇੰਸਪੈਕਟਰ ਜਨਰਲ ਆਫ਼ ਪੁਲਿਸ (ਹੈੱਡਕੁਆਰਟਰ) ਸੁਖਚੈਨ ਸਿੰਘ ਗਿੱਲ ਨੇ ਦਿੱਤੀ। ਗਿੱਲ ਨੇ ਦੱਸਿਆ ਕਿ ਪਿਛਲੇ ਮਹੀਨੇ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਕੋਲੋਂ 48.95 ਲੱਖ ਰੁਪਏ ਦੀ ਡਰੱਗ ਮਨੀ ਵੀ ਬਰਾਮਦ ਕੀਤੀ ਹੈ। ਇਸ ਤੋਂ ਇਲਾਵਾ 99 ਭਗੌੜਿਆਂ ਅਤੇ ਐੱਨਡੀਪੀਐੱਸ ਕੇਸਾਂ ਵਿੱਚ ਲੋੜੀਂਦੇ ਅਪਰਾਧੀਆਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨਾਂ ਕਿਹਾ ਕਿ ਪੁਲਿਸ ਨੇ 30 ਕਿੱਲੋ ਹੈਰੋਇਨ, 75 ਕਿੱਲੋ ਅਫੀਮ, 69 ਕਿੱਲੋ ਗਾਂਜਾ ਤੇ 185 ਕੁਇੰਟਲ ਭੁੱਕੀ ਸਣੇ 12.56 ਲੱਖ ਨਸ਼ੀਲੀਆਂ ਗੋਲੀਆਂ/ਕੈਪਸੂਲ/ਟੀਕੇ ਤੇ ਸ਼ੀਸ਼ੀਆਂ ਬਰਾਮਦ ਕੀਤੀਆਂ ਹਨ।

ਉਨਾਂ ਦੱਸਿਆ ਕਿ ਪਿਛਲੇ ਹਫਤੇ ਪੁਲਿਸ ਨੇ 329 ਐੱਫਆਈਆਰਜ਼ ਦਰਜ ਕਰਦਿਆਂ 453 ਨਸ਼ਾ ਤਸਕਰ ਗ੍ਰਿਫ਼ਤਾਰ ਕਰ ਕੇ 8.4 ਕਿੱਲੋ ਹੈਰੋਇਨ, 10 ਕਿੱਲੋ ਅਫੀਮ, ਦੋ ਕਿੱਲੋ ਗਾਂਜਾ ਤੇ 21 ਕੁਇੰਟਲ ਭੁੱਕੀ ਬਰਾਮਦ ਕਰਨ ਤੋਂ ਇਲਾਵਾ 10.46 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ।

# ਮੂਸੇਵਾਲਾ ਕਤਲ ਕਾਂਡ ਦੇ ਸ਼ਾਰਪਸ਼ੂਟਰਾਂ ਨੂੰ ਕਾਰ ਮੁਹੱਈਆ ਕਰਵਾਉਣ ਵਾਲਿਆਂ ਦੀ ਜੇਲ੍ਹ ਵਿੱਚ ਗਿੱਦੜਕੁਟ

**ਬਠਿੰਡਾ/ਏ.ਟੀ.ਨਿਊਜ਼ :-** ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਹੱਤਿਆ ਦੇ ਮਾਮਲੇ ਵਿਚ ਸ਼ਾਰਪਸ਼ੂਟਰਾਂ ਨੂੰ ਕਾਰ ਮੁਹੱਈਆ ਕਰਵਾਉਣ ਵਾਲੇ ਗੈਂਗਸਟਰ ਸਰਾਜ ਮਿੰਟੂ ਉਰਫ ਸਰਾਜ ਸੰਧੂ ਤੇ ਬੌਬੀ ਮਲਹੋਤਰਾ ਉਰਫ ਸਾਗਰ ਨਾਲ ਬਠਿੰਡਾ ਦੀ ਕੇਂਦਰੀ ਜੇਲ੍ਹ ਵਿਚ ਕੁੱਟਮਾਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਹਮਲੇ ਵਿਚ ਉਨਾਂ ਦੇ ਜ਼ਖ਼ਮੀ ਹੋਣ ਦੀ ਵੀ ਸੂਚਨਾ ਹੈ। ਪੁਲਿਸ ਨੇ ਉਨਾਂ ਨਾਲ ਕੁੱਟਮਾਰ ਕਰਨ ਦੇ ਦੋਸ਼ ਹੇਠ ਦੋ ਗੈਂਗਸਟਰਾਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਜੇਲ੍ਹ ਪ੍ਰਸ਼ਾਸਨ ਨੇ ਕੁੱਟਮਾਰ ਮਾਮਲੇ ਵਿੱਚ ਸ਼ਾਮਲ ਸਾਰੇ ਗੈਂਗਸਟਰਾਂ ਨੂੰ ਵੱਖ-ਵੱਖ ਬੈਰਕਾਂ ਵਿਚ ਭੇਜ ਦਿੱਤਾ ਹੈ। ਇਹ ਵੀ ਦੱਸਿਆ ਜਾਂਦਾ ਹੈ ਕਿ ਬਠਿੰਡਾ ਦੀ ਕੇਂਦਰੀ ਜੇਲ੍ਹ ਵਿੱਚ ਨਜ਼ਰਬੰਦ ਗੈਂਗਸਟਰ ਜੋਗਿੰਦਰ ਸਿੰਘ ਤੇ ਪਲਵਿੰਦਰ ਸਿੰਘ ਨਾਲ ਕਿਸੇ ਮਾਮਲੇ 'ਤੇ ਸਰਾਜ ਮਿੰਟੂ ਤੇ ਬੌਬੀ ਮਲਹੋਤਰਾ ਦਾ ਦਸ ਦਿਨ ਪਹਿਲਾਂ ਝਗੜਾ ਹੋਇਆ ਸੀ। ਇਸ ਤੋਂ ਬਾਅਦ ਜੋਗਿੰਦਰ ਤੇ ਪਲਵਿੰਦਰ ਦਾ ਮਿੰਟੂ ਤੇ ਬੌਬੀ ਨਾਲ ਸਾਹਮਣਾ ਹੋਇਆ ਸੀ ਅਤੇ ਉਨਾਂ ਬੌਬੀ ਤੇ ਮਿੰਟੂ ਦੀ ਕੁੱਟਮਾਰ ਕੀਤੀ। ਪੁਲਿਸ ਨੇ ਸਹਾਇਕ ਜੇਲ੍ਹ ਸੁਪਰਡੈਂਟ ਸੁਰਿੰਦਰ ਪਾਲ ਸਿੰਘ ਦੀ ਸ਼ਿਕਾਇਤ ਦੇ ਆਧਾਰ 'ਤੇ ਗੈਂਗਸਟਰਾਂ ਜੋਗਿੰਦਰ ਸਿੰਘ ਤੇ ਪਲਵਿੰਦਰ ਸਿੰਘ ਖ਼ਿਲਾਫ਼ ਕੇਸ ਦਰਜ ਕਰ ਲਿਆ। ਪੁਲਿਸ ਨੇ ਇਨਾਂ ਦੋਵਾਂ ਗੈਂਗਸਟਰਾਂ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਲਿਆਉਣ ਲਈ ਵੀ ਕਾਰਵਾਈ ਆਰੰਭ ਦਿੱਤੀ ਹੈ। ਦੱਸਣਾ ਬਣਦਾ ਹੈ ਕਿ ਸਰਾਜ ਮਿੰਟੂ ਤੇ ਬੌਬੀ ਮਲਹੋਤਰਾ ਨੇ ਸ਼ਾਰਪਸ਼ੂਟਰ ਮਨਪ੍ਰੀਤ ਸਿੰਘ ਉਰਫ ਮੰਨਾ ਨੂੰ ਕਰੋਲਾ ਕਾਰ ਮੁਹੱਈਆ ਕੀਤੀ ਸੀ।

# ਖਤਰਨਾਕ ਗੈਂਗਸਟਰ ਜੱਗੂ ਭਗਵਾਨਪੁਰੀਆ ਗ੍ਰਿਫਤਾਰ

**ਅੰਮ੍ਰਿਤਸਰ/ਏ.ਟੀ.ਨਿਊਜ਼:-** ਅੰਮ੍ਰਿਤਸਰ ਪੁਲਿਸ ਕਮਿਸ਼ਨਰੇਟ ਨੇ ਗੈਂਗਸਟਰ ਰਣਬੀਰ ਸਿੰਘ ਉਰਫ਼ ਰਾਣਾ ਕੰਦੋਵਾਲੀਆ ਕਤਲ ਮਾਮਲੇ ਵਿੱਚ ਗੈਂਗਸਟਰ ਜੱਗੂ ਭਗਵਾਨਪੁਰੀਆ ਦਾ ਪੁਲਿਸ ਰਿਮਾਂਡ ਪ੍ਰਾਪਤ ਕਰਕੇ ਉਸ ਨੂੰ ਪੁੱਛ-ਪੜਤਾਲ ਲਈ ਹਿਰਾਸਤ ਵਿੱਚ ਲੈ ਲਿਆ ਹੈ। ਗੈਂਗਸਟਰ ਰਾਣਾ ਕੰਦੋਵਾਲੀਆ ਦਾ ਪਿਛਲੇ ਸਾਲ ਅਗਸਤ ਮਹੀਨੇ ਵਿਚ ਇਥੇ ਇਕ ਨਿੱਜੀ ਹਸਪਤਾਲ ਵਿਚ ਉਸ ਵੇਲੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ, ਜਦੋਂ ਉਹ ਇਥੇ ਆਪਣੇ ਇਕ ਰਿਸ਼ਤੇਦਾਰ ਦਾ ਹਾਲ-ਚਾਲ ਪੁੱਛਣ ਆਇਆ ਸੀ। ਉਸ ਦੇ ਕਤਲ ਦੀ ਜ਼ਿੰਮੇਵਾਰੀ ਜੱਗੂ ਭਗਵਾਨਪੁਰੀਆ ਨੇ ਲਈ ਸੀ। ਇਸ ਮਗਰੋਂ ਪੁਲਿਸ ਨੇ ਮਾਮਲੇ ਵਿੱਚ ਗੈਂਗਸਟਰ ਜੱਗੂ ਭਗਵਾਨਪੁਰੀਆ ਅਤੇ ਲਾਰੈਂਸ ਬਿਸ਼ਨੋਈ ਦੋਵਾਂ ਨੂੰ ਨਾਮਜ਼ਦ ਕੀਤਾ ਸੀ। ਇਸ ਮਾਮਲੇ ਵਿੱਚ ਪੁਲਿਸ ਲਾਰੈਂਸ ਬਿਸ਼ਨੋਈ ਕੋਲੋਂ ਪੁੱਛ-ਪੜਤਾਲ ਕਰ ਚੁੱਕੀ ਹੈ। ਜੱਗੂ ਭਗਵਾਨਪੁਰੀਆ ਨੂੰ ਹਿਰਾਸਤ ਵਿੱਚ ਲਏ ਜਾਣ ਦੀ ਪੁਸ਼ਟੀ ਪੁਲਿਸ ਦੇ

ਬਾਕੀ ਸਫ਼ਾ 30 'ਤੇ

# ਪੰਜਾਬ ਨੂੰ ਖ਼ੇਤਰੀ ਵਿਚਾਰਧਾਰਾ ਵਾਲੇ ਰਾਜਸੀ ਬਦਲ ਦੀ ਲੋੜ

**ਹਰਬੰਸ ਸਿੰਘ**

ਭਾਰਤ ਦੁਨੀਆਂ ਦਾ ਉਹ ਹਿੱਸਾ ਹੈ, ਜਿੱਥੇ ਵੱਖ ਵੱਖ ਧਰਮਾਂ ਨੂੰ ਮੰਨਣ ਵਾਲੇ ਲੋਕ ਰਹਿੰਦੇ ਹਨ। ਵੱਖ ਵੱਖ ਭਾਸ਼ਾਵਾਂ ਅਤੇ ਬੋਲੀਆਂ ਵਾਲੇ ਲੋਕ ਸਦੀਆਂ ਤੋਂ ਵੱਖਰਾ ਖਾਣ ਪੀਣ ਹੋਣ ਦੇ ਬਾਵਜੂਦ ਵੀ ਇੱਕ ਦੂਜੇ ਨਾਲ ਆਪਸੀ ਮੇਲ ਮਿਲਾਪ ਦੀ ਗੂੜ੍ਹੀ ਸਾਂਝ ਰੱਖਦੇ ਹਨ। ਆਮ ਲੋਕ ਚਾਹੁੰਦੇ ਹੋਣ, ਭਾਵੇਂ ਨਾ ਚਾਹੁੰਦੇ ਹੋਣ ਪਰ ਫੇਰ ਵੀ ਧਰਮ ਅਤੇ ਜਾਤ ਸਾਡੇ ਲੋਕਾਂ ਨੂੰ ਬਹੁਤ ਪ੍ਰਭਾਵਿਤ ਕਰਦੇ ਹਨ। ਬਹੁਤੇ ਵਾਰੀ ਸਰਕਾਰਾਂ ਬਣਾਉਣ ਤੱਕ ਦੇ ਫੈਸਲੇ ਵੀ ਬਹੁਤ ਹੱਦ ਤਕ ਧਰਮ ਅਤੇ ਜਾਤ ਤੋਂ ਪ੍ਰਭਾਵਿਤ ਹੁੰਦੇ ਹੋਏ ਨਜ਼ਰ ਆਉਂਦੇ ਹਨ। ਦੇਸ਼ ਦੇ ਵਿੱਚ ਹੋਣ ਵਾਲੇ ਕਿਸੇ ਵੀ ਰਾਜਸੀ ਬਦਲਾਅ ਦਾ ਅਸਰ ਪੰਜਾਬ 'ਤੇ ਹੋਣਾ ਵੀ ਇੱਕ ਸੁਭਾਵਿਕ ਜਿਹੀ ਗੱਲ ਮੰਨੀ ਜਾ ਸਕਦੀ ਹੈ।

ਪੰਜਾਬ ਦੀਆਂ ਮੰਗਾਂ ਦੀ ਗੱਲ ਜਦੋਂ ਵੀ ਕੀਤੀ ਗਈ ਤਾਂ ਇਸ ਨੂੰ ਪੰਜਾਬ ਦੀ ਸਿੱਖ ਵਸੋਂ ਵੱਲੋਂ ਕੀਤੀ ਜਾ ਰਹੀ ਮੰਗ ਹੀ ਮੰਨਿਆ ਗਿਆ। ਪੰਜਾਬ ਦਾ ਹਿੰਦੂ ਭਾਈਚਾਰਾ ਕਦੇ ਵੀ ਇਨ੍ਹਾਂ ਮੰਗਾਂ ਲਈ ਖੁੱਲ ਕੇ ਸਾਹਮਣੇ ਨਹੀਂ ਆਇਆ। ਪੰਜਾਬ ਦੇ ਵਿੱਚ ਇੱਕ ਵੱਡੀ ਗਿਣਤੀ ਅਨੁਸੂਚਿਤ ਜਾਤੀਆਂ ਦਾ ਵੱਡਾ ਹਿੱਸਾ ਭਾਵੇਂ ਸਿੱਖ ਧਰਮ ਨੂੰ ਮੰਨਣ ਵਾਲਾ ਹੈ, ਪਰ ਉਸਦਾ ਝੁਕਾਅ ਆਮ ਤੌਰ 'ਤੇ ਕਾਂਗਰਸ ਵਾਲੇ ਪਾਸੇ ਹੀ ਬਣਿਆ ਰਿਹਾ ਹੈ। ਸਿੱਖਾਂ ਦੀ ਸ਼ਰਧਾ ਦੇ ਸਭ ਤੋਂ ਵੱਡੇ ਅਸਥਾਨ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ 1984 ਵਾਲੀ ਫੌਜੀ ਕਾਰਵਾਈ ਤੋਂ ਬਾਅਦ ਸਿੱਖ ਭਾਈਚਾਰੇ ਦੇ ਮਨਾਂ ਵਿੱਚ ਕੇਂਦਰ ਦੀ ਕਾਂਗਰਸ ਸਰਕਾਰ ਲਈ ਹੋਰ ਵੀ ਬੇਗਾਨਗੀ ਪੈਦਾ ਹੋ ਗਈ। ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਸਿੱਖਾਂ ਦੇ ਖਿਲਾਫ਼ ਹੋਏ ਦੇਸ਼ ਪੱਧਰੀ ਨਸਲਕੁਸ਼ੀ ਨੇ ਵੀ ਦੇਸ਼ ਦੀ ਸਿੱਖ ਵਸੋਂ ਨੂੰ ਬੇਗਾਨਗੀ ਦਾ ਅਹਿਸਾਸ ਕਰਵਾਇਆ। ਕਾਂਗਰਸ ਨਾਲ ਪੰਜਾਬ ਦੇ ਵਿੱਚ ਅਕਾਲੀ ਦਲ ਦਾ ਸਿੱਧਾ ਰਾਜਨੀਤਕ ਮੁਕਾਬਲਾ ਹੋਣ ਕਰਕੇ ਦੋਹਾਂ ਧਿਰਾਂ ਦੇ ਵਿਚਾਲੇ ਦੂਰੀ ਵਧਦੀ ਗਈ ਅਤੇ ਅਕਾਲੀ ਦਲ ਭਾਰਤੀ ਜਨਤਾ ਪਾਰਟੀ ਦੇ ਨੇੜੇ ਹੁੰਦਾ ਗਿਆ।

ਐਮਰਜੈਂਸੀ ਤੋਂ ਬਾਅਦ 1977 ਸਮੇਂ ਭਾਵੇਂ ਅਕਾਲੀ ਦਲ ਦੀ ਨੇੜਤਾ ਤੀਜੇ ਮੋਰਚੇ ਨਾਲ ਵੀ ਰਹੀ ਪਰ ਕਾਂਗਰਸ ਕਰਕੇ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੀ ਨੇੜਤਾ ਵਧਦੀ ਰਹੀ। ਖੇਤਰੀ ਪਾਰਟੀ ਦੇ ਤੌਰ 'ਤੇ ਅਕਾਲੀ ਦਲ ਦੇ ਕਾਂਗਰਸ ਨੂੰ ਛੱਡਕੇ ਦੂਜੀਆਂ ਖੇਤਰੀ ਪਾਰਟੀਆਂ ਅਤੇ ਹੋਰ ਰਾਜਸੀ ਧਿਰਾਂ ਨਾਲ ਵੀ ਕਾਫੀ ਸਮੇਂ ਤਕ ਵਧੀਆ ਸਬੰਧ ਬਣੇ ਰਹੇ, ਪਰ ਭਾਰਤੀ ਜਨਤਾ ਪਾਰਟੀ ਨਾਲ ਜ਼ਿਆਦਾ ਨੇੜਤਾ ਹੋਣ ਨਾਲ ਇਹਨਾਂ ਸਬੰਧਾਂ ਵਿੱਚ ਵੀ ਫਰਕ ਪੈਂਦਾ ਗਿਆ। ਪਰਿਵਾਰਵਾਦ, ਪੰਜਾਬ ਦੀਆਂ ਮੰਗਾਂ ਤੇ ਧਾਰੀ ਚੁੱਪ, ਚਿੱਟੇ ਵਰਗੇ ਨਸ਼ੇ ਨੂੰ ਕੰਟਰੋਲ ਨਾ ਕਰ ਸਕਣਾ ਅਤੇ ਬੇਅਦਬੀ ਵਰਗੇ ਮਸਲੇ ਸਮੇਤ ਕਈ ਹੋਰ ਕਮੀਆਂ ਕਰਕੇ ਲੋਕਾਂ ਦਾ ਵਿਸ਼ਵਾਸ ਅਕਾਲੀ ਦਲ ਤੋਂ ਘਟਦਾ ਗਿਆ। ਅਕਾਲੀ ਦਲ ਅੱਜ ਦੇ ਸਮੇਂ ਸਭ ਤੋਂ ਮਾੜੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਅਕਾਲੀ ਦਲ ਤੋਂ ਇੱਥੇ ਸਾਡਾ ਭਾਵ ਅਕਾਲੀ ਦਲ ਦੇ ਬਾਦਲ ਧੜੇ ਤੋਂ ਹੈ। ਆਮ ਆਦਮੀ ਪਾਰਟੀ ਦੇ ਪੰਜਾਬ ਦੀ ਸੱਤਾ 'ਤੇ ਕਾਬਜ਼ ਹੋ ਜਾਣ ਨਾਲ ਇੱਥੇ ਕਾਂਗਰਸ ਤੋਂ ਬਾਅਦ ਦੂਜੀ ਦੇਸ਼ ਪੱਧਰੀ ਰਾਜਨੀਤੀ ਕਰਨ ਵਾਲੀ ਰਾਜਸੀ ਧਿਰ ਦਾ ਬੋਲਬਾਲਾ ਹੋ ਗਿਆ ਹੈ। ਦੇਸ਼ ਪੱਧਰੀ ਰਾਜਨੀਤੀ ਕਰਨ ਵਾਲੀਆਂ ਰਾਜਸੀ ਧਿਰਾਂ ਕਦੇ ਵੀ ਪੰਜਾਬ ਦੇ ਮਸਲਿਆਂ ਨੂੰ ਖੇਤਰੀ ਪਾਰਟੀ ਦੀ ਤਰਜ਼ 'ਤੇ ਨਹੀਂ ਚੁੱਕ ਸਕਦੀਆਂ, ਕਿਉਂਕਿ ਉਨਾਂ ਨੂੰ ਖ਼ੇਤਰੀ ਮਸਲਿਆਂ ਦੀ ਥਾਂ ਦੇਸ਼ ਪੱਧਰੀ ਮਸਲਿਆਂ ਦਾ ਫ਼ਿਕਰ ਜ਼ਿਆਦਾ ਹੁੰਦਾ ਹੈ। ਪੰਜਾਬ, ਬੰਗਾਲ, ਤਾਮਿਲਨਾਡੂ ਅਤੇ ਨਾਰਥ ਈਸਟ ਵਰਗੇ ਸੂਬਿਆਂ ਨੂੰ ਦੇਸ਼ ਪੱਧਰੀ ਰਾਜਨੀਤੀ ਕਰਨ ਵਾਲੀਆਂ ਰਾਜਸੀ ਧਿਰਾਂ ਬਹੁਤਾ ਰਾਸ ਨਹੀਂ ਆ ਸਕਦੀਆਂ, ਕਿਉਂਕਿ ਇਹਨਾਂ ਸੂਬਿਆਂ ਦੇ ਲੋਕਾਂ ਦੀ ਬੋਲੀ, ਭਾਸ਼ਾ, ਖਾਣ ਪੀਣ, ਰੀਤੀ ਰਿਵਾਜ ਅਤੇ ਪਹਿਰਾਵਾ ਵੱਖਰਾ ਹੋਣ ਕਰਕੇ ਉਹਨਾਂ ਦੀ ਇੱਕ ਵੱਖਰੀ ਪਹਿਚਾਣ ਨਜ਼ਰ ਆਉਂਦੀ ਹੈ। ਦੇਸ਼ ਪੱਧਰੀ ਰਾਜਨੀਤੀ ਕਰਨ ਵਾਲੀਆਂ ਰਾਜਸੀ ਧਿਰਾਂ ਨੂੰ ਖ਼ੇਤਰੀ ਪਾਰਟੀਆਂ ਨਾਲ ਤਾਲਮੇਲ ਕਰਕੇ ਸਮੁੱਚੀ ਰਾਜਨੀਤੀ ਨੂੰ ਅੱਗੇ ਵਧਾਉਣਾ ਚਾਹੀਦਾ ਹੈ।

ਦਿੱਲੀ ਦੇ ਵਿੱਚ ਬੈਠ ਕੇ ਦੇਸ਼ ਪੱਧਰੀ ਰਾਜਨੀਤੀ ਕਰਨ ਵਾਲੀਆਂ ਰਾਜਸੀ ਧਿਰਾਂ ਸੂਬਿਆਂ ਦੀ ਵਿਲੱਖਣਤਾ ਨੂੰ ਉਸ ਤਰੀਕੇ ਨਾਲ ਸਾਹਮਣੇ ਨਹੀਂ ਲਿਆ ਸਕਦੀਆਂ, ਜਿਸ ਤਰਾਂ ਇੱਕ ਖੇਤਰੀ ਪਾਰਟੀ ਲਿਆ ਸਕਦੀ ਹੈ। ਖ਼ੇਤਰੀ ਪਾਰਟੀ ਦੀ ਲੀਡਰਸ਼ਿੱਪ ਸੂਬੇ ਦੇ ਲੋਕਾਂ ਨਾਲ ਜ਼ਿਆਦਾ ਨੇੜਤਾ ਵਾਲਾ ਰਿਸ਼ਤਾ ਰੱਖ ਸਕਦੀ ਹੈ, ਕਿਉਂਕਿ ਉਹਨਾਂ ਦੇ ਵਰਕਰਾਂ ਦੀ ਪਹੁੰਚ ਸਿੱਧੀ ਪਾਰਟੀ ਦੇ ਆਗੂਆਂ ਨਾਲ ਹੁੰਦੀ ਹੈ। ਜੇਕਰ ਕੋਈ ਫੈਸਲਾ ਲੈਣਾ ਹੋਵੇ ਤਾਂ ਖ਼ੇਤਰੀ ਪਾਰਟੀ ਦੇ ਆਗੂਆਂ ਨੂੰ ਦਿੱਲੀ ਵਿੱਚ ਬੈਠੇ ਕਿਸੇ ਹਾਈਕਮਾਨ ਤੋਂ ਇਜਾਜ਼ਤ ਲੈਣ ਦੀ ਲੋੜ ਨਹੀਂ ਹੁੰਦੀ। ਤਾਮਿਲਨਾਡੂ ਦੀ ਤਰਜ਼ 'ਤੇ ਪੰਜਾਬ ਦੇ ਲਈ ਵੀ ਇੱਕ ਦੀ ਥਾਂ ਦੋ ਖ਼ੇਤਰੀ ਪਾਰਟੀਆਂ ਦਾ ਹੋਣਾ ਇੱਥੋਂ ਦੇ ਲੋਕਾਂ ਲਈ ਜ਼ਿਆਦਾ ਲਾਹੇਵੰਦ ਹੋ ਸਕਦਾ ਹੈ। ਦੇਸ਼ ਦੀਆਂ ਸਾਰੀਆਂ ਖ਼ੇਤਰੀ ਪਾਰਟੀਆਂ ਨੂੰ ਇੱਕ ਦੂਜੇ ਦੇ ਸੰਪਰਕ ਵਿੱਚ ਰਹਿ ਕੇ ਘੱਟੋ ਘੱਟ ਸਾਂਝੇ ਪ੍ਰੋਗਰਾਮ ਲਈ ਇੱਕ ਸੁਰ ਹੋ ਕੇ ਕੰਮ ਕਰਨਾ ਚਾਹੀਦਾ ਹੈ। ਸਾਡਾ ਦੇਸ਼ ਇੱਕ ਬਾਗ਼ ਦੀ ਤਰਾਂ ਹੈ, ਜਿਸ ਵਿੱਚ ਸਾਰੀ ਤਰਾਂ ਦੇ ਬੂਟੇ ਪ੍ਰਫੁਲਿਤ ਹੋਣ, ਤਾਂ ਕਿ ਇਨ੍ਹਾਂ ਬੂਟਿਆਂ ਦੇ ਫੁੱਲਾਂ ਦੀ ਖੁਸ਼ਬੂ ਸਾਰੀ ਦੁਨੀਆਂ ਦੇ ਵਿੱਚ ਮਹਿਕ ਖਲਾਰ ਸਕੇ।

ਪੰਜਾਬ ਦੇ ਲੋਕਾਂ ਨੂੰ ਹਮੇਸ਼ਾ ਹੀ ਇਹ ਗਿਲਾ ਰਿਹਾ ਹੈ ਕਿ ਉਨਾਂ ਵੱਲੋਂ ਦੇਸ਼ ਲਈ ਜੋ ਕੁਝ ਵੀ ਕੀਤਾ ਗਿਆ, ਉਸਦੇ ਲਈ ਉਨਾਂ ਨੂੰ ਬਣਦਾ ਮਾਣ ਸਨਮਾਨ ਨਹੀਂ ਮਿਲਿਆ। ਪੰਜਾਬ ਦੇ ਕਿਸਾਨਾਂ ਨੇ ਦੇਸ਼ ਦੀ ਵੱਡੀ ਅਬਾਦੀ ਲਈ ਅੰਨ ਦੇ ਭੰਡਾਰ ਭਰਨ ਦਾ ਸ਼ਾਨਦਾਰ ਉਪਰਾਲਾ ਕੀਤਾ। ਪਾਕਿਸਤਾਨ ਦੀਆਂ ਜੰਗਾਂ, ਬੰਗਲਾਦੇਸ਼ ਦੀ ਬਣਤਰ ਜਾਂ ਫਿਰ ਚੀਨ ਨਾਲ ਹੋਈ ਲੜਾਈ, ਹਰ ਥਾਂ 'ਤੇ ਪੰਜਾਬ ਦੇ ਲੋਕਾਂ ਨੇ, ਖ਼ਾਸ ਤੌਰ 'ਤੇ ਸਿੱਖ ਭਾਈਚਾਰੇ ਨੇ ਦੇਸ਼ ਲਈ ਵੱਡਾ ਯੋਗਦਾਨ ਪਾਉਣ ਦਾ ਕੰਮ ਕੀਤਾ। ਦੁਨੀਆਂ ਭਰ ਵਿੱਚ ਵਸਦੇ ਪੰਜਾਬੀਆਂ ਦੇ ਮਨ ਵਿੱਚ ਅਤੇ ਸਿੱਖਾਂ ਦੇ ਮਨ ਵਿੱਚ ਹਮੇਸ਼ਾ ਪੰਜਾਬ ਦੇ ਵਿੱਚ ਇੱਕ ਵਧੀਆ ਅਤੇ ਅਗਾਂਹਵਧੂ ਸਰਕਾਰ ਦਾ ਸੁਪਨਾ ਤੈਰਦਾ ਰਹਿੰਦਾ ਹੈ। ਇਸ ਸੁਪਨੇ ਕਰਕੇ ਹੀ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਰਵਾਇਤੀ ਪਾਰਟੀਆਂ ਨੂੰ ਪਾਸੇ ਕਰਦੇ ਹੋਏ ਪੰਜਾਬ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਵੱਡਾ ਬਹੁਮਤ ਦੇ ਕੇ ਸਰਕਾਰ ਬਣਾਈ ਹੈ। ਪਰ ਆਮ ਆਦਮੀ ਪਾਰਟੀ ਵੀ ਦੂਜੇ ਸੂਬਿਆਂ ਦੀ ਰਾਜਨੀਤੀ ਨੂੰ ਧਿਆਨ ਵਿੱਚ ਰੱਖ ਕੇ ਹੀ ਚਲਦੀ ਹੋਈ ਨਜ਼ਰ ਆ ਰਹੀ ਹੈ, ਜਿਸ ਕਰਕੇ ਉਹ ਪੰਜਾਬ ਦੇ ਮਸਲਿਆਂ ਦਾ ਸ਼ਾਇਦ ਹੀ ਕੋਈ ਹੱਲ ਕੱਢ ਸਕੇ। ਪੰਜਾਬ ਦੀ ਵੱਖਰੀ ਪਹਿਚਾਣ ਅਤੇ ਇੱਥੋਂ ਦੀ ਵੱਡੀ ਆਬਾਦੀ ਸਿੱਖ ਧਰਮ ਨਾਲ ਸਬੰਧਤ ਹੋਣ ਕਰਕੇ ਇੱਥੋਂ ਦੇ ਲੋਕਾਂ ਨੂੰ ਖ਼ੇਤਰੀ ਵਿਚਾਰਧਾਰਾ ਵਾਲੇ ਰਾਜਸੀ ਬਦਲ ਬਾਰੇ ਦੇਰ ਸਵੇਰ ਵਿਚਾਰ ਕਰਨਾ ਹੀ ਪੈਣਾ ਹੈ।

## ਮਾਨ ਸਰਕਾਰ ਦਾ ਦਾਅਵਾ ਸਿਮਰਨਜੀਤ ਸਿੰਘ ਮਾਨ ਦੇ ਪੁੱਤਰ ਸਣੇ ਹੋਰਾਂ ਤੋਂ ਛੁਡਵਾਈ 2828 ਏਕੜ ਜ਼ਮੀਨ

### ਈਮਾਨ ਦੇ ਨਾਂ 'ਤੇ 125 ਏਕੜ ਜ਼ਮੀਨ ਦਾ ਕਾਗਜ਼ ਪੱਤਰ ਹੈ ਤਾਂ ਸਰਕਾਰ ਕਰੇ ਜ਼ਾਹਰ : ਕੁਸ਼ਲਪਾਲ

ਚੰਡੀਗੜ/ਏ.ਟੀ.ਨਿਊਜ਼ :- ਮਾਨ ਸਰਕਾਰ ਦਾ ਦਾਅਵਾ ਹੈ ਕਿ ਐਸ. ਏ. ਐਸ. ਨਗਰ ਜ਼ਿਲ੍ਹੇ ਦੇ ਬਲਾਕ ਮਾਜਰੀ ਵਿਚ 2828 ਏਕੜ ਕੀਮਤੀ ਜ਼ਮੀਨ ਤੋਂ 15 ਰਸੂਖ਼ਵਾਨ ਕਾਬਜ਼ਕਾਰਾਂ ਕੋਲੋਂ ਛੁਡਵਾਇਆ ਗਿਆ ਹੈ, ਜਿਨਾਂ ਵਿਚ ਸੰਗਰੂਰ ਤੋਂ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਦੇ ਪੁੱਤਰ ਅਤੇ ਸਾਬਕਾ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਦੇ ਪੁੱਤਰ ਵੀ ਸ਼ਾਮਲ ਹਨ। ਪਿੰਡ ਛੋਟੀ ਬੜੀ ਨੰਗਲ 'ਚ ਕਬਜ਼ਾ ਲੈਣ ਦੀ ਮੁਹਿੰਮ ਦੀ ਖੁਦ ਅਗਵਾਈ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਮਹਿੰਗੀ ਜ਼ਮੀਨ ਪਹਾੜੀਆਂ ਦੀਆਂ ਜੜਾਂ ਵਿਚ ਸਥਿਤ ਹੈ ਅਤੇ ਇਸ ਜ਼ਮੀਨ ਉਪਰ ਕੁਝ ਰਸੂਖ਼ਵਾਨ ਅਫਸਰਾਂ ਅਤੇ ਸਿਆਸਤਦਾਨਾਂ ਨੇ ਗੈਰ-ਕਾਨੂੰਨੀ ਢੰਗ ਨਾਲ ਕਬਜ਼ਾ ਕੀਤਾ ਹੋਇਆ ਸੀ। ਉਨਾਂ ਕਿਹਾ ਕਿ ਇਨਾਂ ਅਣਅਧਿਕਾਰਤ ਕਾਬਜ਼ਕਾਰਾਂ ਵਿਚ ਸੰਗਰੂਰ ਤੋਂ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ਦੇ ਪੁੱਤਰ ਈਮਾਨਜੀਤ ਸਿੰਘ ਮਾਨ ਨੇ 125 ਏਕੜ ਉਤੇ ਕਬਜ਼ਾ ਕੀਤਾ



ਹੋਇਆ ਸੀ ਅਤੇ ਸਾਬਕਾ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਦੇ ਪੁੱਤਰ ਹਰਮਨਦੀਪ ਸਿੰਘ ਨੇ ਪੰਜ ਏਕੜ ਉੱਤੇ ਕਾਬਜ਼ ਸੀ। ਇਸੇ ਤਰਾਂ ਭਗਵੰਤ ਮਾਨ ਨੇ ਕਿਹਾ ਕਿ ਸੰਗਰੂਰ ਦੇ ਸੰਸਦ ਮੈਂਬਰ ਦੀ ਸਪੁੱਤਰੀ ਅਤੇ ਜਵਾਈ ਨੇ ਵੀ ਅਣ-ਅਧਿਕਾਰਤ ਤੌਰ ਉੱਤੇ ਮਹਿੰਗੇ ਭਾਅ ਵਾਲੀ 28 ਏਕੜ ਜ਼ਮੀਨ ਉਤੇ ਕਬਜ਼ਾ ਕੀਤਾ ਹੋਇਆ ਸੀ। ਮੁੱਖ ਮੰਤਰੀ ਨੇ ਕਿਹਾ ਕਿ 1100 ਏਕੜ ਜ਼ਮੀਨ ਉੱਤੇ ਫੌਜਾ ਸਿੰਘ ਨੇ ਕਬਜ਼ਾ ਕੀਤਾ ਹੋਇਆ ਸੀ, ਜੋ ਇਨਫ੍ਰਾਸਟਰੱਕਚਰ ਕੰਪਨੀ ਚਲਾਉਂਦਾ ਹੈ।ਉਨਾਂ ਕਿਹਾ ਕਿ ਬਾਕੀ ਕਾਬਜ਼ਕਾਰਾਂ ਵਿਚ ਈਮਾਨ ਸਿੰਘ (125 ਏਕੜ), ਅੰਕੁਰ ਧਵਨ (103 ਏਕੜ), ਜਤਿੰਦਰ ਸਿੰਘ ਦੂਆ ਅਤੇ ਪੁਖਰਾਜ ਸਿੰਘ ਦੂਆ (40 ਏਕੜ), ਪ੍ਰਭਦੀਪ ਸਿੰਘ ਸੰਧੂ, ਗੋਬਿੰਦ ਸਿੰਘ ਸੰਧੂ ਅਤੇ ਨਾਨਕੀ ਕੌਰ (28 ਏਕੜ), ਰਿਪੁਦਮਨ ਸਿੰਘ (25 ਏਕੜ), ਨਵਦੀਪ ਕੌਰ (15 ਏਕੜ), ਦੀਪਕ ਬਾਂਸਲ (12 ਏਕੜ), ਕੇ.ਐਫ. ਫਾਰਮਜ਼ (11 ਏਕੜ), ਤੇਜਵੀਰ ਸਿੰਘ ਢਿੱਲੋਂ (8 ਏਕੜ), ਇੰਦਰਜੀਤ ਸਿੰਘ ਢਿੱਲੋਂ (8 ਏਕੜ), ਦੀਪਇੰਦਰ ਪਾਲ ਚਾਹਲ (8 ਏਕੜ), ਸੰਦੀਪ ਬਾਂਸਲ (6 ਏਕੜ),

ਬਾਕੀ ਸਫ਼ਾ 30 'ਤੇ

## 'ਕੋਰੋਨਾ' ਕਾਰਨ ਪੰਜਾਬ ਵਿਚ ਮੁੜ ਵਿਗੜਨ ਲੱਗੇ ਹਾਲਾਤ

### ਜੁਲਾਈ ਮਹੀਨੇ ਦੌਰਾਨ 9,524 ਨਵੇਂ ਕੋਰੋਨਾ ਪੀੜਤ ਸਾਹਮਣੇ ਆਏ

ਚੰਡੀਗੜ/ਏ.ਟੀ.ਨਿਊਜ਼ :- ਪੰਜਾਬ ਵਿਚ ਕੋਰੋਨਾ ਵਾਇਰਸ ਮੁੜ ਖ਼ਤਰਨਾਕ ਰੂਪ ਧਾਰਨ ਕਰਦਾ ਜਾ ਰਿਹਾ ਹੈ। ਪੰਜਾਬ ਵਿਚ ਜੁਲਾਈ ਮਹੀਨੇ ਦੌਰਾਨ 9,524 ਨਵੇਂ ਕੋਰੋਨਾ ਪੀੜਤ ਸਾਹਮਣੇ ਆਏ ਹਨ, ਜੋ ਕਿ ਜੂਨ ਮਹੀਨੇ ਦੇ 2631 ਕੋਰੋਨਾ ਮਰੀਜ਼ਾਂ ਨਾਲੋਂ 260 ਫ਼ੀਸਦੀ ਜ਼ਿਆਦਾ ਹਨ। ਸੂਬੇ ਵਿਚ ਜੁਲਾਈ ਮਹੀਨੇ ਦੌਰਾਨ ਕੋਰੋਨਾ ਨਾਲ ਹੋਈਆਂ 46 ਮੌਤਾਂ ਦਰਜ ਕੀਤੀਆਂ ਗਈਆਂ ਹਨ, ਜੋ ਕਿ ਜੂਨ ਮਹੀਨੇ ਹੋਈਆਂ 22 ਮੌਤਾਂ ਨਾਲੋਂ 100 ਫ਼ੀਸਦੀ ਵੱਧ ਹਨ। ਸੂਬੇ ਵਿਚ ਹੁਣ ਤੱਕ 774267 ਪਾਜ਼ੇਟਿਵ ਮਰੀਜ਼ ਸਾਹਮਣੇ ਆ ਚੁੱਕੇ ਹਨ, ਜਿਨ੍ਹਾਂ ਵਿਚੋਂ 20384 ਮਰੀਜ਼ਾਂ ਦੀ ਮੌਤ ਹੋ ਚੁੱਕੀ ਹੈ। ਜ਼ਿਕਰਯੋਗ ਹੈ ਕਿ ਪੰਜਾਬ 'ਚ 1 ਅਪ੍ਰੈਲ ਤੋਂ 30 ਜੂਨ ਦਰਮਿਆਨ ਕੋਵਿਡ ਦੇ 3910 ਨਵੇਂ ਮਰੀਜ਼ ਸਾਹਮਣੇ ਆਏ ਸਨ। ਇਸ ਸਮੇਂ ਦੌਰਾਨ ਕੋਵਿਡ ਨਾਲ ਸਬੰਧਿਤ 28 ਮੌਤਾਂ ਦਰਜ ਕੀਤੀਆਂ ਗਈਆਂ ਸਨ। ਇਸੇ ਤਰਾਂ ਜੁਲਾਈ ਵਿਚ ਮਰੀਜ਼ਾਂ ਅਤੇ ਮੌਤਾਂ ਦੀ ਗਿਣਤੀ 143 ਫ਼ੀਸਦੀ ਅਤੇ 64 ਫ਼ੀਸਦੀ ਵਧੀ ਹੈ। ਹਾਲ ਹੀ ਵਿਚ ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਅਨਮੋਲ ਗਗਨ ਮਾਨ ਦੀ ਰਿਪੋਰਟ ਵੀ ਪਾਜ਼ੇਟਿਵ ਪਾਈ ਗਈ ਸੀ, ਜਦੋਂ ਕਿ ਹਰਜੋਤ ਬੈਂਸ ਦੇ ਸਿੱਧਾ ਸੰਪਰਕ ਵਿਚ ਆਉਣ ਕਾਰਨ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਆਈਸੋਲੇਸ਼ਨ ਵਿਚ ਰੱਖਿਆ ਗਿਆ ਸੀ।

ਜਿਨਾਂ ਜ਼ਿਲਿਆਂ ਵਿਚ ਸਭ ਤੋਂ ਵੱਧ ਪਾਜ਼ੇਟਿਵ ਮਰੀਜ਼ ਸਾਹਮਣੇ ਆਏ ਹਨ, ਉਨਾਂ ਵਿਚ ਮੋਹਾਲੀ ਤੋਂ 65, ਜਲੰਧਰ ਤੋਂ 56, ਹੁਸ਼ਿਆਰਪੁਰ ਤੋਂ 37, ਲੁਧਿਆਣਾ ਤੋਂ 31, ਪਟਿਆਲਾ ਤੋਂ 21, ਅੰਮ੍ਰਿਤਸਰ ਤੋਂ 16, ਰੋਪੜ ਤੋਂ 13 ਤੇ ਬਠਿੰਡਾ ਤੋਂ 10 ਮਰੀਜ਼ ਹਨ। ਸੂਬੇ ਵਿਚ 6482 ਨਮੂਨੇ ਹੀ ਜਾਂਚ ਲਈ ਭੇਜੇ ਜਾ ਸਕੇ, ਜਿਨਾਂ ਵਿਚੋਂ ਉਕਤ ਪਾਜ਼ੇਟਿਵ ਮਰੀਜ਼ ਸਾਹਮਣੇ ਆਏ। ਸੂਬੇ ਵਿੱਚ 3021 ਐਕਟਿਵ ਮਰੀਜ਼ ਰਹਿ ਗਏ ਹਨ।

## ਮੁੱਛਾਂ ਵਾਲੀ ਬੀਬੀ ਹੋਈ ਵਾਇਰਲ

### ਵੱਟ ਦਿੰਦਿਆਂ ਕੈਪਸ਼ਨ ਵਿਚ ਲਿਖਿਆ 'ਆਈ ਲਵ ਮਾਈ ਮੁਸਟੈਕ'

ਕਨੂੰਰ/ਏ.ਟੀ.ਨਿਊਜ਼:- ਕੇਰਲ ਦੇ ਕਨੂੰਰ ਜ਼ਿਲੇ ਦੀ ਰਹਿਣ ਵਾਲੀ ਇਕ ਜਨਾਨੀ ਆਪਣੀਆਂ ਮੁੱਛਾਂ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਜਨਾਨੀਆਂ ਜਿੱਥੇ ਹਮੇਸ਼ਾ ਆਪਣੇ ਓਵਰ ਆਈਬ੍ਰੋ ਅਤੇ ਅੱਪਰ ਲਿਪਸ ਦੇ ਚਲਦੇ ਪ੍ਰੇਸ਼ਾਨ ਹੋ ਜਾਂਦੀਆਂ ਹਨ ਉੱਥੇ ਹੀ ਇਹ ਜਨਾਨੀ ਆਪਣੀਆਂ ਮੁੱਛਾਂ ਨੂੰ ਲੈ ਕੇ ਮਾਣ ਮਹਿਸੂਸ ਕਰਦੀ ਹੈ। ਉਸ ਮਹਿਲਾ ਦਾ ਕਹਿਣਾ ਹੈ ਕਿ ਉਹ ਆਪਣੇ ਚਿਹਰੇ ਦੇ ਵਾਲਾਂ ਦੇ ਆਲੇ ਦੁਆਲੇ ਘੁੰਮਦੀਆਂ ਸਾਰੀ ਚਰਚਾਵਾਂ ਤੋਂ ਬੇਪ੍ਰਵਾਹ ਹੈ। ਭਾਰਤ ਦੇ ਦੱਖਣੀ ਸੂਬੇ ਕੇਰਲ ਦੇ ਕਨੂੰਰ ਜ਼ਿਲੇ 'ਚ ਰਹਿਣ ਵਾਲੀ 35 ਸਾਲਾ ਸ਼ਿਆਜਾ ਨੇ ਆਪਣੇ ਵਟਸਐਪ ਸਟੇਟਸ 'ਤੇ ਮੁੱਛਾਂ ਨੂੰ ਵੱਟ ਦਿੰਦੇ ਹੋਏ ਆਪਣੀਆਂ ਕੁਝ ਤਸਵੀਰਾਂ ਸਾਂਝੀਆਂ ਕੀਤੀਆਂ ਜੋ ਸੋਸ਼ਲ ਮੀਡੀਆ 'ਤੇ ਖੂਬ ਵਾਇਰਲ ਹੋ ਰਹੀਆਂ ਹਨ। ਸ਼ਿਆਜਾ ਨੇ ਵੱਟਸਐਪ ਸਟੇਟਸ 'ਤੇ ਆਪਣੀ ਇਕ ਤਸਵੀਰ ਪਾ ਕੇ ਉਸ ਦੇ ਹੇਠਾਂ ਲਿਖਿਆ 'ਆਈ ਲਵ ਮਾਈ ਮੁਸਟੈਕ'। ਫੇਸਬੁੱਕ 'ਤੇ ਉਨਾਂ ਦੀ ਤਸਵੀਰ ਵੇਖਣ ਵਾਲੇ ਜਾਂ ਫਿਰ ਉਨਾਂ ਨੂੰ ਵਿਅਕਤੀਗਤ ਤੌਰ 'ਤੇ ਮਿਲਣ ਵਾਲੇ ਲੋਕ ਅਕਸਰ ਹੀ ਸ਼ਿਆਜਾ ਤੋਂ ਪੁੱਛਦੇ ਹਨ ਕਿ 'ਉਨੇ ਜੋ ਲੋਕ ਉਨਾਂ ਨੂੰ ਪਹਿਲੀ ਵਾਰ ਵੇਖਦੇ ਹਨ ਉਹ ਇਹ ਜ਼ਰੂਰ ਪੁੱਛਦੇ ਹਨ ਕਿ ਆਖਿਰ ਸ਼ਿਆਜਾ ਆਪਣੇ ਵਾਲਾਂ ਨੂੰ ਸਾਫ ਕਿਉਂ



ਨੇ ਮੁੱਛਾਂ ਕਿਉਂ ਰੱਖੀਆਂ ਹਨ'। ਅੱਗੋਂ ਸ਼ਿਆਜਾ ਜਵਾਬ ਦਿੰਦੇ ਹਨ ਕਿ 'ਮੈਂ ਸਿਰਫ ਇਹ ਕਹਿ ਸਕਦੀ ਹਾਂ ਕਿ ਮੈਨੂੰ ਇਹ ਬਹੁਤ ਪਸੰਦ ਹਨ'। ਨਹੀਂ ਕਰਦੀ। ਸ਼ਿਆਜਾ ਨੇ ਕਿਹਾ ਕਿ ਉਨਾਂ ਨੂੰ ਆਪਣੇ ਵਾਲ ਪਸੰਦ ਹਨ ਅਤੇ ਉਹ ਖੁਦ ਨੂੰ ਇਸੇ ਤਰਾਂ ਅਪਣਾ ਚੁੱਕੀ ਹੈ। ਪਹਿਲਾਂ ਉਹ ਆਪਣੇ ਫੇਸ਼ੀਅਲ ਹੇਅਰਜ਼ ਨੂੰ ਹਮੇਸ਼ਾ ਸਾਫ ਕਰਵਾਉਂਦੀ ਸੀ ਪਰ ਅਚਾਨਕ 5 ਸਾਲ ਪਹਿਲਾਂ ਉਨਾਂ ਨੂੰ ਲੱਗਾ ਕਿ ਹੁਣ ਉਨਾਂ ਨੂੰ ਵਾਲਾਂ ਨੂੰ ਸਾਫ ਕਰਨ ਦੀ ਲੋੜ ਨਹੀਂ ਹੈ। ਉਨਾਂ ਦੇ ਵਾਲ ਜ਼ਿਆਦਾ ਸੰਘਣੇ ਹੋਣ ਲੱਗੇ ਤਾਂ ਸ਼ਿਆਜਾ ਨੇ ਵਾਲਾਂ ਨੂੰ ਸਾਫ ਕਰਨਾ ਪੂਰੀ ਤਰਾਂ ਬੰਦ ਕਰ ਦਿੱਤਾ। ਪਰਿਵਾਰ ਨੇ ਦਿੱਤਾ ਸਾਥ ਮੱਥੇ ਦੇ ਸੰਦੂਰ, ਬਿੰਦੀ, ਔਖਾਂ 'ਚ ਕਜਲ ਅਤੇ ਕੰਨਾਂ 'ਚ ਝੁਮਕੇ ਪਹਿਨਣ ਵਾਲੀ ਸ਼ਾਇਜਾ ਦੇ ਚਿਹਰੇ 'ਤੇ ਮੁੱਛਾਂ ਵੀ ਵੱਡੀਆਂ ਹੋ ਚੁੱਕੀਆਂ ਹਨ, ਜਿਸ ਕਾਰਨ ਉਨਾਂ ਦਾ ਚਿਹਰਾ ਮਰਦਾਂ ਵਰਗਾ ਵਿਖਾਈ ਦੇਣ ਲੱਗਾ ਹੈ। ਲੋਕ ਚਾਹੇ ਇਨਾਂ ਨੂੰ ਕੁਝ ਵੀ ਕਹਿਣ ਪਰ ਪਰਿਵਾਰ ਅਤੇ ਧੀ ਇਨਾਂ ਨੂੰ ਪੂਰੀ ਸਪੋਰਟ ਕਰਦੇ ਹਨ। ਹੁਣ ਇਹ ਲੋਕਾਂ ਦੇ ਤਾਨੇ ਜਾਂ ਮਜ਼ਾਕ ਦੀ ਪ੍ਰਵਾਹ ਵੀ ਨਹੀਂ ਕਰਦੀ।

**ਬੀਬੀ ਹਰਨਾਮ ਕੌਰ ਵੀ ਮੁੱਛਾਂ ਰਖਦੀ ਏ**

ਸ਼ਾਜਿਆ ਪਹਿਲੀ ਅਜਿਹੀ ਜਨਾਨੀ ਨਹੀਂ ਹੈ ਜੋ ਆਪਣੇ ਚਿਹਰੇ 'ਤੇ ਵਾਲ ਪਸੰਦ ਕਰਦੀ ਹੈ। ਇੰਗਲੈਂਡ ਦੀ ਰਹਿਣ ਵਾਲੀ 31 ਸਾਲ ਦੀ ਹਰਨਾਮ ਕੌਰ ਵੀ ਇਸੇ ਕੇਸ ਵਿਚ ਹੈ ਅਤੇ ਹੁਣ ਤਾਂ ਉਹ ਇਕ ਸੋਸ਼ਲ ਮੀਡੀਆ ਸੈਂਸੇਸ਼ਨ ਬਣ ਗਈ ਹੈ। ਇੰਸਟਾਗ੍ਰਾਮ 'ਤੇ ਉਸ ਨੂੰ 1 ਲੱਖ ਤੋਂ ਜ਼ਿਆਦਾ ਲੋਕ ਫਾਲੋ ਕਰਦੇ ਹਨ। ਹਾਲ ਹੀ ਵਿਚ ਹਰਨਾਮ ਕੌਰ ਨੇ ਇਕ ਨਿਊਜ਼ ਵੈੱਬਸਾਈਟ ਨਾਲ ਗੱਲਬਾਤ ਕਰਦੇ ਹੋਏ ਆਪਣੀ ਜ਼ਿੰਦਗੀ ਬਾਰੇ ਖੁੱਲ ਕੇ ਗੱਲ ਕੀਤੀ ਅਤੇ ਦੱਸਿਆ ਕਿ ਕਿਵੇਂ ਉਸ ਨੂੰ ਦਾੜੀ ਕਾਰਨ ਸਮੱਸਿਆ ਹੁੰਦੀ ਹੈ। ਹਰਨਾਮ ਕੌਰ ਜਦੋਂ 1 ਸਾਲਾਂ ਦੀ ਸੀ ਉਦੋਂ ਉਨਾਂ ਦੇ ਗਲੇ ਅਤੇ ਠੋਡੀ 'ਤੇ ਵਾਲ ਆਉਣੇ ਸ਼ੁਰੂ ਹੋ ਗਏ ਸਨ। 12 ਸਾਲਾਂ ਦੀ ਉਮਰ ਵਿਚ ਉਸ ਦੀ ਮਾਂ ਉਸ ਨੂੰ ਡਾਕਟਰ ਕੋਲ ਲੈ ਕੇ ਗਈ ਤਾਂ ਪਤਾ ਲੱਗਾ ਕਿ ਉਸ ਨੂੰ ਪਾਲੀਸੀਸਟਿਕ ਓਵਰੀ ਸਿੰਡ੍ਰੋਮ ਹੈ। ਉਸ ਦੇ ਵਾਲਾਂ ਦੀ ਗ੍ਰੋਥ ਕਾਫੀ ਜ਼ਿਆਦਾ ਸੀ, ਜਿਸ ਕਾਰਨ ਉਸਨੇ ਆਪਣੇ ਵਾਲਾਂ ਨੂੰ ਕਦੇ ਨਾ ਕੱਟਣ ਦਾ ਫੈਸਲਾ ਲਿਆ।

# ‘ਮਾਨ ਸਰਕਾਰ’ ਹੁਣ ਤੱਕ ਫਸ ਚੁੱਕੀ ਹੈ ਵੱਡੇ ਵਿਵਾਦਾਂ ਵਿਚ

## ✪ ਸਿਹਤ ਮੰਤਰੀ ਜੌੜਾਮਾਜਰਾ ਤੇ ਵਾਈਸ ਚਾਂਸਲਰ ਵਿਚਾਲੇ ਹੋਇਆ ਵਿਵਾਦ ✪ ਭਗਵੰਤ ਮਾਨ ਸਿਹਤ ਮੰਤਰੀ ਦੇ ਵਤੀਰੇ ਤੋਂ ਖ਼ਫ਼ਾ ✪ ‘ਆਪ’ ਹਾਈ ਕਮਾਨ ਵੀ ਨਾਖ਼ੁਸ਼, ਜੌੜੇਮਾਜਰਾ ਦੇ ਮਹਿਕਮੇ ਵਿਚ ਤਬਦੀਲੀ ਦੇ ਚਰਚੇ

ਜੇ ‘ਆਪ’ ਸਰਕਾਰ ਦੇ ਹੁਣ ਤੱਕ ਦੇ ਕਾਰਜਕਾਲ ਦੀ ਗੱਲ ਕਰੀਏ ਤਾਂ ਇਸ ਨਾਲ ਵੱਡਾ ਵਿਵਾਦ ਇਸ ਦੇ ਕੈਬਨਿਟ ਮੰਤਰੀ ਡਾ. ਵਿਜੇ ਸਿੰਗਲਾ ਨਾਲ ਜੁੜਿਆ ਹੋਇਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਡਾ. ਵਿਜੇ ਸਿੰਗਲਾ ’ਤੇ ਠੇਕੇ ਦੇਣ ਬਦਲੇ ਕਮਿਸ਼ਨ ਲੈਣ ਦੇ ਮਾਮਲੇ ਵਿਚ ਕੇਸ ਦਰਜ ਕਰਵਾ ਬਰਖ਼ਾਸਤ ਕਰ ਦਿੱਤਾ ਸੀ। ਇਸ ਨਾਲ ਲੋਕਾਂ ਵਿਚ ਸੁਨੇਹਾ ਗਿਆ ਕਿ ਇਹ ਸਰਕਾਰ ਭ੍ਰਿਸ਼ਟਾਚਾਰ ਬਰਦਾਸ਼ਤ ਨਹੀਂ ਕਰਦੀ ਪਰ ਸਿੰਗਲਾ ਦੇ ਜ਼ਮਾਨਤ ਲੈ ਕੇ ਬਾਹਰ ਆਉਣ ’ਤੇ ਕਿਤੇ ਨਾ ਕਿਤੇ ਸਰਕਾਰ ਘਿਰਦੀ ਨਜ਼ਰ ਆ ਰਹੀ ਹੈ। ਵਿਰੋਧੀਆਂ ਦਾ ਆਖਣਾ ਹੈ ਕਿ ਸਰਕਾਰ ਨੇ ਖੁਦ ਹੀ ਸਿੰਗਲਾ ਦੇ ਮਾਮਲੇ ਵਿਚ ਢਿੱਲਾ ਰਵੱਈਆ ਅਪਣਾਇਆ, ਜਿਸ ਕਾਰਨ ਉਨਾਂ ਨੂੰ ਆਸਾਨੀ ਨਾਲ ਜਮਾਨਤ ਮਿਲ ਗਈ।

ਇਸੇ ਦਰਮਿਆਨ ਰਾਜ ਸਭਾ ਮੈਂਬਰਾਂ ਦੀ ਨਾਮਜ਼ਦਗੀ ਨੂੰ ਲੈ ਕੇ ਵੀ ‘ਆਪ’ ਸਰਕਾਰ ਵਿਰੋਧੀਆਂ ’ਤੇ ਨਿਸ਼ਾਨੇ ’ਤੇ ਰਹੀ। ਵਿਰੋਧੀਆਂ ਨੇ ‘ਆਪ’ ਸਰਕਾਰ ’ਤੇ ਪੰਜਾਬ ਤੋਂ ਬਾਹਰੀ ਲੋਕਾਂ ਨੂੰ ਰਾਜ ਸਭਾ ਮੈਂਬਰ ਬਣਾਉਣ ਨੂੰ ਲੈ ਕੇ ਸਵਾਲ ਚੁੱਕੇ। ‘ਆਪ’ ਸਰਕਾਰ ਨਾਲ ਇਕ ਵਿਵਾਦ ਉਦੋਂ ਜੁੜ ਗਿਆ, ਜਦੋਂ ਇਸ ਵੱਲੋਂ 424 ਲੋਕਾਂ ਦੀ ਸੁਰੱਖਿਆ ਵਿਚ ਕਟੌਤੀ ਕਰਨ ਦੀ ਖ਼ਬਰ ਸੋਸ਼ਲ ਮੀਡੀਆ ਰਾਹੀਂ ਜਨਤਕ ਕਰਨ ਤੋਂ ਅਗਲੇ ਦਿਨ ਹੀ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦਾ ਕਤਲ ਹੋ ਗਿਆ। ਮੂਸੇਵਾਲਾ ਦੇ ਕਤਲ ਨੂੰ ਲੈ ਕੇ ਵਿਰੋਧੀ ਪਾਰਟੀਆਂ ਵੱਲੋਂ ਸਰਕਾਰ ’ਤੇ ਸਵਾਲ ਚੁੱਕੇ ਗਏ ਕਿ ਸੁਰੱਖਿਆ ਵਾਪਸ ਲੈਣ ਤੋਂ ਅਗਲੇ ਹੀ ਦਿਨ ਉਨਾਂ ਦਾ ਕਤਲ ਹੋ ਗਿਆ। ਪੰਜਾਬ ਵਿਚ ਮੁੱਖ ਮੰਤਰੀ ਵੱਲੋਂ ਬਣਾਈ ਗਈ ਸਲਾਹਕਾਰ ਕਮੇਟੀ ਦਾ ਚੇਅਰਮੈਨ ਰਾਘਵ ਚੱਢਾ ਨੂੰ ਬਣਾਉਣ ’ਤੇ ਵਿਰੋਧੀ ਧਿਰ ਨੇ ‘ਆਪ’ ਸਰਕਾਰ ਦੀ ਕਾਫ਼ੀ ਆਲੋਚਨਾ ਕੀਤੀ।

ਹੁਣ ਇਕ ਹੋਰ ਵੱਡਾ ਵਿਵਾਦ ‘ਆਪ’ ਸਰਕਾਰ ਨਾਲ ਜੁੜ ਗਿਆ ਹੈ। ਇਹ ਵਿਵਾਦ ਸਿਹਤ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਤੇ ਬਾਬਾ ਫਰੀਦ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਰਾਜ ਬਹਾਦੁਰ ਵਿਚਾਲੇ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਦੇ ਗੱਦੇ ਦੇ ਮਾੜੇ ਹਾਲ ਨਾਲ ਜੁੜਿਆ ਹੈ। ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਵਿਚ ਮਾੜੇ ਪ੍ਰਬੰਧਾਂ ਦੀਆਂ ਸ਼ਿਕਾਇਤਾਂ ਮਿਲਣ ਤੋਂ ਬਾਅਦ ਸੂਬੇ ਦੇ ਸਿਹਤ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਬੀਤੇ ਸ਼ੁੱਕਰਵਾਰ ਨੂੰ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਦਾ ਅਚਾਨਕ ਦੌਰਾ ਕਰ ਕੇ ਇਥੋਂ ਦੇ ਬੇਹੱਦ ਮਾੜੇ ਪ੍ਰਬੰਧਾਂ ’ਤੇ ਗੁੱਸਾ ਜ਼ਾਹਿਰ ਕੀਤਾ। ਇਸ ਦੌਰਾਨ ਉਨਾਂ ਮੈਡੀਕਲ ਕਾਲਜ ਦੇ ਵਾਈਸ ਚਾਂਸਲਰ ਨੂੰ ਬੇਹੱਦ ਮਾੜੇ ਗੱਦਿਆਂ ’ਤੇ ਲਿਟਾ ਦਿੱਤਾ। ਗੰਦੇ ਅਤੇ ਫਟੇ ਗੱਦੇ ’ਤੇ ਲਿਟਾਉਣ ਤੋਂ ਨਾਰਾਜ਼ ਬੀਬਾ ਫਰੀਦਕੋਟ ਮੈਡੀਕਲ ਕਾਲਜ ਦੇ ਵਾਈਸ ਚਾਂਸਲਰ ਡਾ. ਰਾਜ ਬਹਾਦੁਰ ਨੇ ਅੱਧੀ ਰਾਤ ਨੂੰ ਅਸਤੀਫ਼ਾ ਦੇ ਦਿੱਤਾ। ਉਨਾਂ ਆਪਣਾ ਅਸਤੀਫ਼ਾ ਮੁੱਖ ਮੰਤਰੀ ਭਗਵੰਤ ਮਾਨ ਨੂੰ ਭੇਜ ਦਿੱਤਾ। ਇਸ ਤੋਂ ਬਾਅਦ ਪੰਜਾਬ ਦੀ ਸਿਆਸਤ ਵਿਚ ਵੀ ਖਲਬਲੀ ਮਚ ਗਈ ਅਤੇ ਵਿਰੋਧੀਆਂ ਵੱਲੋਂ ਸਿਹਤ ਮੰਤਰੀ ਦੇ ਅਸਤੀਫ਼ੇ ਦੀ ਮੰਗ ਕੀਤੀ ਜਾ ਰਹੀ ਹੈ।

ਸਿਹਤ ਮੰਤਰੀ ਵੱਲੋਂ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ ਦੇ ਵਾਈਸ ਚਾਂਸਲਰ ਡਾ.ਰਾਜ ਕੁਮਾਰ ਪ੍ਰਤੀ ਦਿਖਾਏ ਵਤੀਰੇ ਤੋਂ ‘ਆਪ’ ਦੀ ਹਾਈਕਮਾਨ ਵੀ ਨਾਖ਼ੁਸ਼ ਹੈ। ਸਿਹਤ ਮੰਤਰੀ ਚੇਤਨ ਸਿੰਘ ਜੌੜੇਮਾਜਰਾ ਬੀਤੇ ਦਿਨ ਮੁੱਖ ਮੰਤਰੀ ਰਿਹਾਇਸ਼ ’ਤੇ ਗਏ ਸਨ, ਪਰ ਮੁੱਖ ਮੰਤਰੀ ਉਨਾਂ ਨੂੰ ਨਹੀਂ ਮਿਲੇ।

ਪਤਾ ਲਗਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਮਾਮਲੇ ਨੂੰ ਲੈ ਕੇ ਸਿਹਤ ਮੰਤਰੀ ਦੀ ਫ਼ੋਨ ’ਤੇ ਕਲਾਸ ਵੀ ਲਾਈ ਹੈ। ਬੇਸ਼ੱਕ ਇਹ ਚਰਚੇ ਵੀ ਜ਼ੋਰ ਫੜ ਗਏ ਹਨ ਕਿ ਸਿਹਤ ਮੰਤਰੀ ਜੌੜੇਮਾਜਰਾ ਦੇ ਮਹਿਕਮੇ ਵਿਚ ਫੇਰਬਦਲ ਹੋ ਸਕਦਾ ਹੈ, ਪਰ ਅਧਿਕਾਰਤ ਤੌਰ ’ਤੇ ਇਸ ਦੀ ਪੁਸ਼ਟੀ ਨਹੀਂ ਹੋਈ ਹੈ। ਮੁੱਖ ਮੰਤਰੀ ਭਗਵੰਤ ਮਾਨ ਖ਼ੁਦ ਆਖ ਚੁੱਕੇ ਹਨ ਕਿ ਉਹ ਡਾ. ਰਾਜ ਬਹਾਦਰ ਨੂੰ ਪੁਰਾਣੇ ਸਮੇਂ ਤੋਂ ਜਾਣਦੇ ਹਨ ਅਤੇ ਉਹ ਬਹੁਤ ਮਾਹਿਰ ਤੇ ਕਾਬਲ ਡਾਕਟਰ ਹਨ। ਉਨਾਂ ਇਹ ਵੀ ਦੱਸਿਆ ਕਿ ਉਨਾਂ ਨੇ ਡਾ. ਰਾਜ ਬਹਾਦਰ ਨਾਲ ਖ਼ੁਦ ਗੱਲ ਕੀਤੀ ਹੈ। ‘ਆਪ’ ਸਰਕਾਰ ਨੂੰ ਆਸ ਹੈ ਕਿ ਡਾ. ਰਾਜ ਬਹਾਦਰ ਆਪਣਾ ਅਸਤੀਫ਼ਾ ਵਾਪਸ ਲੈ ਲੈਣਗੇ। ਫ਼ਰੀਦਕੋਟ ਖ਼ਿੱਤੇ ਵਿਚ ਡਾ.ਰਾਜ ਬਹਾਦਰ ਖ਼ਿਲਾਫ਼ ਲੋਕਾਂ ਦਾ ਰੋਸ ਵੀ ਹੈ ਅਤੇ ਲੋਕਾਂ ਦਾ ਇੱਕ ਹਿੱਸਾ ਡਾ. ਰਾਜ ਬਹਾਦਰ ਦੀ ਪ੍ਰਬੰਧਕੀ ਕਾਰਗੁਜ਼ਾਰੀ ਤੋਂ ਨਾਖ਼ੁਸ਼ ਹੈ।

ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੇ ਸਿਹਤ ਮੰਤਰੀ ਚੇਤਨ ਸਿੰਘ ਜੌੜੇਮਾਜਰਾ ਵੱਲੋਂ ਡਾ. ਰਾਜ ਬਹਾਦਰ ਨਾਲ ਕੀਤੇ ਦੁਰਵਿਹਾਰ ਦੀ ਨਿਖੇਧੀ ਕੀਤੀ। ਉਨਾਂ ਕਿਹਾ ਕਿ ਜੌੜੇਮਾਜਰਾ ਆਪਣੇ ਵਤੀਰੇ ਲਈ ਡਾ. ਰਾਜ ਬਹਾਦਰ ਤੋਂ ਮੁਆਫ਼ੀ ਮੰਗਣ। ਉਨਾਂ ਕਿਹਾ ਕਿ ਉਪ ਕੁਲਪਤੀ ਨੇ ਦੇਸ਼-ਵਿਦੇਸ਼ ਵਿੱਚ ਬਿਹਤਰੀਨ ਕੰਮ ਕੀਤਾ ਹੈ। ਉਨਾਂ ਕਿਹਾ ਕਿ ਕੋਵਿਡ ਦੌਰਾਨ ਇੱਕ ਦਿਨ ਵਿੱਚ ਪੰਜਾਹ ਹਜ਼ਾਰ ਤੱਕ ਸੈਂਪਲ ਲੈ ਕੇ ਟੈਸਟ ਕਰਾਉਣੇ ਵੀ ਡਾ. ਰਾਜ ਬਹਾਦਰ ਨੇ ਆਰੰਭ ਕੀਤੇ ਸਨ। ਉਨਾਂ ਕਿਹਾ ਕਿ ਪੰਜਾਬ ਪਹਿਲਾਂ ਹੀ ਡਾਕਟਰਾਂ ਦੀ ਘਾਟ ਨਾਲ ਜੂਝ ਰਿਹਾ ਹੈ ਤੇ ਡਾ. ਰਾਜ ਬਹਾਦਰ ਨਾਲ ਵਾਪਰੀ ਘਟਨਾ ਕਾਰਨ ਡਾਕਟਰਾਂ ਦਾ ਮਨੋਬਲ ਡਿੱਗੇਗਾ। ਉਨਾਂ ਕਿਹਾ ਕਿ ਡਾ. ਰਾਜ ਬਹਾਦਰ ਤੇ ਹੋਰਨਾਂ ਡਾਕਟਰਾਂ ਦੇ ਅਸਤੀਫ਼ੇ ਮੰਦਭਾਗੇ ਹਨ।

ਵਿਰੋਧੀ ਧਿਰਾਂ ਨੇ ਵੀ ‘ਆਪ’ ਸਰਕਾਰ ਨੂੰ ਘੇਰਦਿਆਂ ਸਿਹਤ ਮੰਤਰੀ ਦੀ ਬਰਖਾਸਤਗੀ ਮੰਗੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਜੌੜੇਮੇਜਰਾ ਦੇ ਵਿਹਾਰ ਦੀ ਨਿਖੇਧੀ ਕਰਦਿਆਂ ਸਰਕਾਰ ਤੋਂ ਕਾਰਵਾਈ ਦੀ ਮੰਗ ਕੀਤੀ ਹੈ। ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਅਜਾਇਬ ਸਿੰਘ ਭੱਟੀ ਨੇ ਕਿਹਾ ਕਿ ‘ਆਪ’ ਸਰਕਾਰ ਬੁਖਲਾ ਗਈ ਹੈ। ਉਨਾਂ ਕਿਹਾ ਕਿ ‘ਆਪ’ ਦੇ ਮੰਤਰੀ ਕੰਮ ਕਰਨ ਦੀ ਥਾਂ ਫੋਕੀ ਵਾਹ-ਵਾਹ ਖੱਟਣ ਲਈ ਡਰਾਮੇ ਕਰ ਰਹੇ ਹਨ। ਸਰਕਾਰ ਤੋਂ ਪੰਜਾਬ ਦਾ ਪ੍ਰਬੰਧ ਸੰਭਾਲਿਆ ਨਹੀਂ ਜਾ ਰਿਹਾ। ਪੰਜਾਬ ਵਿਚ ਬਦਅਮਨੀ ਫੈਲਦੀ ਜਾ ਰਹੀ ਹੈ। ਇਸ ਤਰਾਂ ਕਿਸੇ ਵੀ ਅਧਿਕਾਰੀ ਨੂੰ ਜਲੀਲ ਕਰਨਾ ਮੰਦਭਾਗਾ ਹੈ। ਭਾਜਪਾ ਆਗੂ ਸੁਨੀਲ ਜਾਖੜ ਨੇ ਕਿਹਾ ਕਿ ਹੁਣ ਗੇਂਦ ਭਗਵੰਤ ਮਾਨ ਦੇ ਪਾਲੇ ਵਿੱਚ ਹੈ ਅਤੇ ਉਨਾਂ ਨੂੰ ਮੁੱਖ ਮੰਤਰੀ ਵਾਂਗ ਵਿਹਾਰ ਕਰਨਾ ਚਾਹੀਦਾ ਹੈ। ਵਾਈਸ ਚਾਂਸਲਰ ਡਾ. ਰਾਜ ਬਹਾਦਰ ਅਤੇ ਇਸ ਸੰਸਥਾ ਦੇ ਵੱਕਾਰ ਦੀ ਬਹਾਲੀ ਲਈ ਜੋ ਵੀ ਕੀਤਾ ਜਾਣਾ ਲੋੜੀਂਦਾ ਹੈ, ਉਹ ਤੁਰੰਤ ਕੀਤਾ ਜਾਵੇ। ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਨੇ ਕਿਹਾ ਕਿ ‘ਆਪ’ ਸਰਕਾਰ ਦੇ ਇੱਕ ਮੰਤਰੀ ਦੇ ਘੁਮੰਡ ਨੂੰ ਸੰਤੁਸ਼ਟ ਕਰਨ ਲਈ ਕੌਮੀ ਪ੍ਰਸਿੱਧੀ ਵਾਲੇ ਡਾਕਟਰ ਨੂੰ ਅਪਮਾਨ ਦਾ ਸ਼ਿਕਾਰ ਹੋਣਾ ਪਿਆ। ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਸਪਾਈਨਲ ਸਰਜਨ ਡਾ. ਰਾਜ ਬਹਾਦਰ ਨਾਲ ਕੀਤੀ ਗਈ ਬਦਸਲੂਕੀ ਦੀ ਸਖ਼ਤ ਨਿੰਦਾ ਕੀਤੀ ਹੈ। ਉਨਾਂ ਕਿਹਾ ਕਿ ਇਸ ਮਾੜੇ ਵਤੀਰੇ ਲਈ ਸਿਹਤ ਮੰਤਰੀ ਨੂੰ ਤੁਰੰਤ ਡਾ. ਰਾਜ ਬਹਾਦਰ ਤੋਂ ਮੁਆਫ਼ੀ ਮੰਗਣੀ ਚਾਹੀਦੀ ਹੈ।

ਦੂਜੇ ਪਾਸੇ ਆਮ ਆਦਮੀ ਪਾਰਟੀ (ਆਪ) ਨੇ ਮੰਨਿਆ ਕਿ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ ਦੇ ਵਾਈਸ ਚਾਂਸਲਰ ਡਾ. ਰਾਜ ਬਹਾਦਰ ਨਾਲ ਵਾਪਰੀ ਘਟਨਾ ਬਹੁਤ ਮੰਦਭਾਗੀ ਹੈ, ਪਰ ਵਿਰੋਧੀ ਧਿਰਾਂ ਇਸ ਮੁੱਦੇ ’ਤੇ ਸੌੜੀ ਸਿਆਸਤ ਕਰ ਰਹੀਆਂ ਹਨ। ‘ਆਪ’ ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਇਹ ਘਟਨਾ ਮੰਦਭਾਗੀ ਹੈ, ਪਰ ਸਰਕਾਰ ਸੂਬੇ ਦੀ ਸਿਹਤ ਪ੍ਰਣਾਲੀ ਵਿੱਚ ਕਿਸੇ ਵੀ ਤਰਾਂ ਦੀ ਢਿੱਲ-ਮੱਠ ਬਰਦਾਸ਼ਤ ਨਹੀਂ ਕਰੇਗੀ। ਕੰਗ ਨੇ ਕਿਹਾ ਕਿ ਸਿਹਤ ਮੰਤਰੀ ਚੇਤਨ ਸਿੰਘ ਜੌੜੇਮਾਜਰਾ ਸੂਬੇ ਦੇ ਸਰਕਾਰੀ ਹਸਪਤਾਲਾਂ ਦੇ ਦੌਰੇ ’ਤੇ ਸਨ ਤੇ ਉਸੇ ਲੜੀ ਵਿੱਚ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ ਪਹੁੰਚੇ ਸਨ। ਉਹ ਕਿਸੇ ਦਾ ਅਪਮਾਨ ਨਹੀਂ ਕਰਨਾ ਚਾਹੁੰਦੇ ਸੀ। ਉਨਾਂ ਕਿਹਾ ਕਿ ਬਾਬਾ ਫ਼ਰੀਦ ਯੂਨੀਵਰਸਿਟੀ ਵਿੱਚ ਜ਼ਿਆਦਾਤਰ ਗਰੀਬ ਲੋਕ ਇਲਾਜ ਲਈ ਆਉਂਦੇ ਹਨ। ਇਥੇ ਬੈੱਡਾਂ ਦੀ ਮਾੜੀ ਹਾਲਤ ਤੇ ਸਫ਼ਾਈ ਦੀ ਘਾਟ ਦੇਖ ਕੇ ਸਿਹਤ ਮੰਤਰੀ ਬਹੁਤ ਦੁਖੀ ਹੋਏ। ‘ਆਪ’ ਆਗੂ ਨੇ ਕਿਹਾ ਕਿ ਸਰਕਾਰ ਡਾਕਟਰਾਂ ਦੇ ਹਿੱਤਾਂ ਦੀ ਰਾਖੀ ਤੇ ਸਰਕਾਰੀ ਹਸਪਤਾਲਾਂ ਵਿੱਚ ਸਹੂਲਤਾਂ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਵਚਨਬੱਧ ਹੈ

ਹੁਣੇ ਜਿਹੇ ਲੁਧਿਆਣਾ ਦੀ ਵਿਧਾਇਕਾ ਰਾਜਿੰਦਰਪਾਲ ਕੌਰ ਛੀਨਾ ਦੀ ਪੁਲਸ ਅਧਿਕਾਰੀ ਨਾਲ ਬਹਿਸਬਾਜ਼ੀ ਦੀ ਵੀਡੀਓ ਵੀ ਕਾਫੀ ਵਾਇਰਲ ਹੋਈ ਸੀ, ਜਿਸ ਕਾਰਨ ਉਨਾਂ ’ਤੇ ਸਵਾਲ ਚੁੱਕੇ ਗਏ ਸਨ। ਇਸੇ ਦਰਮਿਆਨ ਜਲੰਧਰ ਵੈਸਟ ਤੋਂ ਵਿਧਾਇਕ ਸ਼ੀਤਲ ਅੰਗੁਰਾਲ ਵੀ ਚਰਚਾ ’ਚ ਰਹੇ, ਜਦੋਂ ਉਨਾਂ ਨੇ ਡੀ. ਸੀ. ਦਫ਼ਤਰ ਦੇ ਦੌਰੇ ਦੌਰਾਨ ਡਿਪਟੀ ਕਮਿਸ਼ਨਰ ਸਾਹਮਣੇ ਬਿਨਾਂ ਕਿਸੇ ਸਬੂਤ ਦੇ ਕਰਮਚਾਰੀਆਂ ’ਤੇ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ ਸ਼ਾਮਲ ਹੋਣ ਦੇ ਦੋਸ਼ ਲਾਉਂਦਿਆਂ ਉਨਾਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ। ਇਸ ਤੋਂ ਬਾਅਦ ਡੀ. ਸੀ. ਆਫ਼ਿਸ ਇੰਪਲਾਈਜ਼ ਯੂਨੀਅਨ ਦੇ ਪ੍ਰਧਾਨ ਪਵਨ ਵਰਮਾ, ਜਨਰਲ ਸਕੱਤਰ ਜਗਦੀਸ਼ ਚੰਦਰ ਸਲੂਜਾ ਅਤੇ ਜੁਆਇੰਟ ਐਕਸ਼ਨ ਕਮੇਟੀ ਦੇ ਸੂਬਾ ਪ੍ਰਧਾਨ ਤੇਜਿੰਦਰ ਸਿੰਘ ਅਤੇ ਜਨਰਲ ਸਕੱਤਰ ਤੇਜਿੰਦਰ ਸਿੰਘ ਨੇ ਵਿਧਾਇਕ ਵੱਲੋਂ ਵਿਭਾਗਾਂ ਦੀ ਚੈਕਿੰਗ ਦੌਰਾਨ ਮੁਲਾਜ਼ਮਾਂ ਨਾਲ ਗਲਤ ਸਲੂਕ ਕਰਨ ਦੇ ਦੋਸ਼ ਲਾਉਂਦਿਆਂ ਅਣਮਿੱਥੇ ਸਮੇਂ ਦੀ ਹੜਤਾਲ ਕਰਨ ਅਤੇ ਵਿਧਾਇਕ ਦਾ ਪੁਤਲਾ ਫੂਕਣ ਦਾ ਐਲਾਨ ਕਰ ਦਿੱਤਾ ਸੀ। ਇਸ ’ਤੇ ਵਿਧਾਇਕ ਸ਼ੀਤਲ ਅੰਗੁਰਾਲ ਵੱਲੋਂ ਯੂ-ਟਰਨ ਲੈਂਦਿਆਂ ਕਿਹਾ ਗਿਆ ਕਿ ਜੇਕਰ ਕਿਸੇ ਅਧਿਕਾਰੀ ਤੇ ਕਰਮਚਾਰੀ ਨੂੰ ਮੇਰੇ ਵੱਲੋਂ ਕੋਈ ਠੇਸ ਪਹੁੰਚੀ ਹੈ ਤਾਂ ਉਹ ਮੁਆਫ਼ੀ ਮੰਗਦੇ ਹਨ। ਇਸ ਤੋਂ ਬਾਅਦ ਪੂਰਾ ਮਾਮਲਾ ਸ਼ਾਂਤ ਹੋਇਆ।ਵਾਲੇ ਅਗਨੀਵੀਰਾਂ ਦਾ ਕੀ ਹੋਵੇਗਾ, ਚੰਗੀ ਤਰਾਂ ਸਮਝਿਆ ਜਾ ਸਕਦਾ ਹੈ।

### ਭਾਜਪਾ ਦੇ ਚਹੇਤਿਆਂ ਨੂੰ ‘ਵਾਈ’ ਸ਼੍ਰੇਣੀ ਦੀ ਸੁਰੱਖਿਆ

ਭਾਰਤ ਵਿਚ ਪਹਿਲਾਂ ਕਦੇ ਕਦਾਈਂ ਹੀ ਸੁਣਨ ਨੂੰ ਮਿਲਦਾ ਸੀ ਕਿ ਕਿਸੇ ਨੇਤਾ ਨੂੰ ‘ਵਾਈ’ ਸ਼੍ਰੇਣੀ ਦੀ ਸੁਰੱਖਿਆ ਮਿਲੀ ਹੈ। ਆਮ ਤੌਰ ’ਤੇ ਵੱਡੇ ਅਤੇ ਪ੍ਰਸਿੱਧ ਨੇਤਾਵਾਂ ਨੂੰ ਇਹ ਸੁਰੱਖਿਆ ਮਿਲਦੀ ਸੀ। ਇਸ ਨਾਲ ਨੇਤਾ ਦੇ ਕੱਦ ਦਾ ਅੰਦਾਜ਼ਾ ਹੁੰਦਾ ਸੀ, ਪਰ ਹੁਣ ਅਜਿਹਾ ਲੱਗ ਰਿਹਾ ਹੈ ਕਿ ਹਰ ਉਸ ਨੇਤਾ ਨੂੰ ‘ਵਾਈ’ ਸ਼੍ਰੇਣੀ ਦੀ ਸੁਰੱਖਿਆ ਮਿਲ ਰਹੀ ਹੈ, ਜੋ ਕਿਸੇ ਵਿਰੋਧੀ ਪਾਰਟੀ ਤੋਂ ਦਲਬਦਲੀ ਕਰਕੇ ਭਾਜਪਾ ਵਿਚ ਆਇਆ ਹੈ ਜਾਂ ਆਉਣ ਵਾਲਾ ਹੈ। ਤਾਜ਼ਾ ਮਿਸਾਲ ਉੱਤਰ ਪ੍ਰਦੇਸ਼ ਦੇ ਨੇਤਾ ਓਮ ਪ੍ਰਕਾਸ਼ ਰਾਜਭਰ ਦੀ ਹੈ, ਜੋ ਅਜੇ ਭਾਜਪਾ ਵਿਚ ਸ਼ਾਮਿਲ ਵੀ ਨਹੀਂ ਹੋਏ ਹਨ। ਉਨਾਂ ਨੇ ਸਿਰਫ਼ ਸਮਾਜਵਾਦੀ ਪਾਰਟੀ ਦਾ ਵਿਰੋਧ ਕੀਤਾ ਹੈ ਅਤੇ ਰਾਸ਼ਟਰਪਤੀ ਚੋਣਾਂ ਵਿਚ ਭਾਜਪਾ ਦੀ ਉਮੀਦਵਾਰ ਦਰੋਪਦੀ ਮੁਰਮੂ ਨੂੰ ਵੋਟ ਪਾਈ ਹੈ। ਜਿਵੇਂ ਹੀ ਉਨਾਂ ਨੇ ਮੁਰਮੂ ਦਾ ਸਮਰਥਨ ਕੀਤਾ, ਉਨਾਂ ਨੂੰ ‘ਵਾਈ’ ਸ਼੍ਰੇਣੀ ਦੀ ਸੁਰੱਖਿਆ ਮਿਲ ਗਈ। ਇਸੇ ਤਰਾਂ ਮਹਾਰਾਸ਼ਟਰ ਵਿਚ ਭਾਜਪਾ ਨੇ ਸ਼ਿਵ ਸੈਨਾ ਦੇ ਬਾਗ਼ੀ ਨੇਤਾ ਏਕਨਾਥ ਸ਼ਿੰਦੇ ਨੂੰ ਸਿਰਫ਼ ਮੁੱਖ ਮੰਤਰੀ ਹੀ ਨਹੀਂ ਬਣਾਇਆ, ਸਗੋਂ ਉਨਾਂ ਦੇ ਨਾਲ ਸ਼ਿਵ ਸੈਨਾ ਤੋਂ ਬਗ਼ਾਵਤ ਕਰਨ ਵਾਲੇ ਵਿਧਾਇਕਾਂ ਨੂੰ ‘ਵਾਈ’ ਸ਼੍ਰੇਣੀ ਦੀ ਸੁਰੱਖਿਆ ਵੀ ਦੇ ਦਿੱਤੀ ਗਈ ਹੈ। ਪੱਛਮੀ ਬੰਗਾਲ ਵਿਚ ਤਾਂ ਕੇਂਦਰ ਸਰਕਾਰ ਨੇ ਕਮਾਲ ਹੀ ਕਰ ਦਿੱਤੀ। ਉੱਥੇ ਭਾਜਪਾ ਦੇ ਸਾਰੇ 70 ਵਿਧਾਇਕਾਂ ਨੂੰ ‘ਵਾਈ’ ਸ਼੍ਰੇਣੀ ਦੀ ਸੁਰੱਖਿਆ ਮਿਲੀ ਹੋਈ ਹੈ। ਹੈਰਾਨ ਕਰਨ ਵਾਲੀ ਗੱਲ ਹੈ ਕਿ ਇਕ ਪਾਸੇ ਵੀ.ਆਈ.ਪੀ. ਸੱਭਿਆਚਾਰ ਖ਼ਤਮ ਕਰਨ ਦਾ ਦਾਅਵਾ ਕੀਤਾ ਜਾ ਰਿਹਾ ਹੈ ਅਤੇ ਦੂਜੇ ਪਾਸੇ ‘ਵਾਈ’ ਸ਼੍ਰੇਣੀ ਦੀ ਸੁਰੱਖਿਆ ਰਿਓੜੀਆਂ ਵਾਂਗ ਵੰਡੀ ਜਾ ਰਹੀ ਹੈ। ਕੇਂਦਰੀ ਸੁਰੱਖਿਆ ਬਲਾਂ ‘ਚ ਜਵਾਨਾਂ ਦੀ ਕਮੀ ਦੇ ਬਾਵਜੂਦ ਨੇਤਾਵਾਂ ਨੂੰ ਉਨਾਂ ਦੀ ਸੁਰੱਖਿਆ ਦਿੱਤੀ ਜਾ ਰਹੀ ਹੈ। ਇਸ ਨਾਲ ਸੂਬਾ ਪੁਲਿਸ ਅਤੇ ਕੇਂਦਰੀ ਬਲਾਂ ਦਰਮਿਆਨ ਬੇਭਰੋਸਗੀ ਵਧ ਰਹੀ ਹੈ ਅਤੇ ਟਕਰਾਅ ਦੀ ਸੰਭਾਵਨਾ ਵੀ ਪੈਦਾ ਹੋ ਰਹੀ ਹੈ।

## ਦਰਬਾਰ ਸਾਹਿਬ ਦੇ ਪਵਿੱਤਰ ਸਰੋਵਰ ਵਿਚ ਜਲ ਕਿੱਥੋਂ ਆਉਂਦਾ ਹੈ

**ਦਰਬਾਰ ਸਾਹਿਬ ਵਿਚ ਪਵਿੱਤਰ ਜਲ ਕਿੱਥੋਂ ਆਉਂਦਾ ਹੈ, ਇਸ ਬਾਰੇ ਸੰਗਤ ਨੇ ਸੁਣਿਆ ਹੋਵੇਗਾ ਕਿ ਸਰੋਵਰ ਵਿਚ ਜਲ ਹੰਸਲੀ ਜ਼ਰੀਏ ਆਉਂਦਾ ਹੈ। ਇਸੇ ਨੂੰ ਲੈ ਕੇ ਹੰਸਲੀ ਦੀ ਸੇਵਾ ਕਰਨ ਵਾਲੇ ਬਾਬਾ ਅਮਰੀਕ ਸਿੰਘ ਨੇ ਦੱਸਿਆ ਕਿ ਇਸ ਜਲ ਦੀ ਸੇਵਾ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਨੇ ਸ਼ੁਰੂ ਕੀਤੀ ਤੇ ਉਸ ਸਮੇਂ ਬਰਸਾਤੀ ਪਾਣੀ ਜਮਾ ਹੁੰਦਾ ਸੀ, ਉਸ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਜੀ ਨੇ 32 ਖੂਹ ਲਗਵਾ ਕੇ ਸਰੋਵਰ ਲਈ ਜਲ ਦੀ ਸੇਵਾ ਸ਼ੁਰੂ ਕੀਤੀ। ਉਨਾਂ ਦੱਸਿਆ ਕਿ ਇਸ ਤੋਂ ਬਾਅਦ ਇਕ ਉਦਾਸੀ ਸਾਧੂ ਨੇ ਰਾਵੀ ਦਰਿਆ ਵਿਚੋਂ ਇਕ ਖਾਲਾ ਪੁੱਟਵਾ ਕੇ ਇਸ ਪਵਿੱਤਰ ਸਰੋਵਰ ਲਈ ਜਲ ਦੀ ਪੂਰਤੀ ਕੀਤੀ। ਇਸ ਦੌਰਾਨ ਉਨਾਂ ਦੱਸਿਆ ਕਿ 1917 ਤੋਂ ਬਾਬਾ ਗੁਰਮੁਖ ਸਿੰਘ ਵੱਲੋਂ ਉਸ ਸਮੇਂ ਦੇ ਰਾਜਿਆਂ ਮਹਾਰਾਜਾ ਜੀਂਦ, ਮਹਾਰਾਜਾ ਫਰੀਦਕੋਟ, ਮਹਾਰਾਜਾ ਪਟਿਆਲਾ ਅਤੇ ਜੋ ਇਸ ਇਲਾਕੇ ਦੇ ਪ੍ਰਬੰਧਕ ਸਨ, ਨੇ ਰਾਵੀ ਦਰਿਆ ਤੋਂ ਇਥੋਂ ਤਕ ਜਗਾ ਖਰੀਦ ਕਰਕੇ ਸ੍ਰੀ ਦਰਬਾਰ ਸਾਹਿਬ ਲਈ ਨਹਿਰ ਬਣਵਾਈ। ਇਸ ਤੋਂ ਬਾਅਦ ਬਾਬਾ ਗੁਰਮੁਖ ਸਿੰਘ ਵੱਲੋਂ ਸਾਢੇ 8 ਕਿਲੋਮੀਟਰ ਲੰਬਾ ਤੇ 50 ਫੁੱਟ ਚੌੜਾ ਰਸਤਾ ਖਰੀਦ ਕਰਕੇ ਦਰਬਾਰ ਸਾਹਿਬ ਵਾਸਤੇ ਹੰਸਲੀ ਬਣਾਈ ਗਈ। ਪਵਿੱਤਰ ਸਰੋਵਰ ਲਈ ਜਦੋਂ ਵੀ ਜਲ ਦੀ ਲੋੜ ਹੁੰਦੀ ਤਾਂ ਇਸ ਹੰਸਲੀ ਜ਼ਰੀਏ ਪਾਣੀ ਪਹੁੰਚਾਇਆ ਜਾਂਦਾ ਹੈ ਤੇ ਜਦੋਂ ਪੂਰਤੀ ਹੋ ਜਾਂਦੀ ਹੈ ਤਾਂ ਇਸ ਹੰਸਲੀ ਨੂੰ ਬੰਦ ਕਰ ਦਿੱਤਾ ਜਾਂਦਾ ਹੈ। ਇਸ ਹੰਸਲੀ ਵਿਚੋਂ ਪਹਿਲਾਂ ਜਲ ਇਕ ਹੌਦ ਵਿਚ ਜਾਂਦਾ ਹੈ, ਜਿਸ ਦੀ ਲੰਬਾਈ 180 ਫੁੱਟ ਤੇ ਚੌੜਾਈ 55 ਫੁੱਟ ਹੈ ਤੇ ਇਹ 15 ਫੁੱਟ ਡੂੰਘਾ ਹੈ, ਜਿਸ ਵਿਚ ਹਰ ਸਮੇਂ 15 ਫੁੱਟ ਡੂੰਘਾ ਪਾਣੀ ਰਹਿੰਦਾ ਹੈ।**

**ਇਸ ਹੰਸਲੀ ਵਿਚ ਦਰਿਆ ਵਿਚੋਂ ਜਲ ਜਾਂਦਾ ਹੈ ਤਾਂ ਜੋ ਜਲ ਵਿਚ ਮਿੱਟੀ ਵਗੈਰਾ ਹੋਵੇ, ਉਹ ਇਸ ਵਿਚ ਜਮਾਂ ਹੋ ਜਾਂਦੀ ਹੈ ਤੇ ਇਸ ਤੋਂ ਬਾਅਦ ਜਲ ਹੰਸਲੀ ਰਾਹੀਂ ਸ੍ਰੀ ਹਰਿਮੰਦਰ ਸਾਹਿਬ ਦੇ ਸਰੋਵਰ ਵਿਚ ਜਾਂਦਾ ਹੈ। ਇਸ ਤੋਂ ਬਾਅਦ ਇਹ ਜਲ ਸਾਢੇ ਤਿੰਨ ਫੁੱਟ ਲੰਬੀ ਤੇ ਸਾਢੇ ਤਿੰਨ ਫੁੱਟ ਲੰਬੀ ਹੰਸਲੀ ਵਿਚ ਜਾਂਦਾ ਹੈ, ਜਿਸ ਤੋਂ ਬਾਅਦ ਇਹ ਪੰਜ ਸਰੋਵਰਾਂ ਵਿਚ ਜਾਂਦਾ ਹੈ। ਇਹ ਜਲ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ, ਗੁਰਦੁਆਰਾ ਸ੍ਰੀ ਵਿਵੇਕਸਰ ਸਾਹਿਬ, ਗੁਰਦੁਆਰਾ ਸ੍ਰੀ ਸੰਤੋਖਸਰ ਸਾਹਿਬ, ਗੁਰਦੁਆਰਾ ਕੌਲਸਰ ਤੇ ਸ੍ਰੀ ਦਰਬਾਰ ਸਾਹਿਬ ਦੇ ਪਵਿੱਤਰ ਸਰੋਵਰਾਂ ਵਿਚ ਭੇਜਿਆ ਜਾਂਦਾ ਹੈ। ਇਥੋਂ ਇਸ ਜਲ ਦੀ ਸਿਸਟਮ ਮੁਤਾਬਕ ਵਰਤੋਂ ਕੀਤੀ ਜਾਂਦੀ ਹੈ। ਇਥੇ ਇਕ ਏਕੜ ਦੇ ਕਰੀਬ ਜਗਾ ’ਚ ਥਾਂ-ਥਾਂ ਹੌਦੀਆਂ ਬਣੀਆਂ ਹੋਈਆਂ ਹਨ। ਇਹ ਸਾਰੀ ਜਗਾ ਗੁਰੂ ਸਿੰਘ ਵੱਲੋਂ ਸ੍ਰੀ ਗੁਰੂ ਰਾਮਦਾਸ ਤੇ ਸ੍ਰੀ ਦਰਬਾਰ ਸਾਹਿਬ ਜੀ ਦੇ ਨਾਂ ’ਤੇ ਖਰੀਦੀ ਗਈ ਸੀ। ਇਸ ਜਗਾ ’ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਕਾਰ ਸੇਵਾ ਕਮੇਟੀ ਵੱਲੋਂ ਨਿਗਰਾਨੀ ਰੱਖੀ ਜਾਂਦੀ ਹੈ।**

# ਕਾਬੁਲ ਵਿਖੇ ਅਮਰੀਕੀ ਡਰੋਨ ਹਮਲੇ ਵਿੱਚ ਮਾਰਿਆ ਗਿਆ ਅਲਕਾਇਦਾ ਆਗੂ ਜ਼ਵਾਹਿਰੀ

## ✪ ਘਰ ਦੀ ਬਾਲਕਨੀ ਵਿਚ ਖੜੇ ਦਹਿਸ਼ਤੀ ਆਗੂ 'ਤੇ ਦੋ ਮਿਜ਼ਾਈਲਾਂ ਦਾਗ਼ੀਆਂ ✪ ਚੀਨ ਵਲੋਂ ਵਿਰੋਧ, ਕਿਹਾ ਕਿ ਹੋਰਨਾਂ ਮੁਲਕਾਂ ਦੀ 'ਪ੍ਰਭੁਸੱਤਾ ਦੀ ਕੀਮਤ' 'ਤੇ ਅਜਿਹੇ ਆਪਰੇਸ਼ਨਾਂ ਦਾ ਕਰਦੇ ਹਾਂ ਵਿਰੋਧ ✪ ਅਮਰੀਕੀ ਆਪਰੇਸ਼ਨ ਕੌਮਾਂਤਰੀ ਨਿਯਮਾਂ ਦੀ ਉਲੰਘਣਾ : ਤਾਲਿਬਾਨ ✪ ਭਾਰਤ ਵਲੋਂ ਸ਼ਲਾਘਾ, ਕਿਹਾ ਕਿ ਅਲਕਾਇਦਾ ਹਮਾਇਤੀਆਂ ਤੇ ਭਾਰਤ ਵਿਚਲੇ ਕੇਡਰ ਲਈ ਵੱਡਾ ਝਟਕਾ

**ਵਾਸ਼ਿੰਗਟਨ/ਏ.ਟੀ.ਨਿਊਜ਼ :-** ਅਮਰੀਕਾ ਵੱਲੋਂ ਅਫ਼ਗਾਨਿਸਤਾਨ ਦੀ ਰਾਜਧਾਨੀ ਕਾਬੁਲ ਵਿੱਚ ਕੀਤੇ ਡਰੋਨ ਹਮਲੇ ਵਿੱਚ ਅਲਕਾਇਦਾ ਆਗੂ ਆਇਮਨ ਅਲ-ਜ਼ਵਾਹਿਰੀ ਮਾਰਿਆ ਗਿਆ ਹੈ। ਸਾਲ 2011 ਵਿੱਚ ਅਲਕਾਇਦਾ ਦੇ ਬਾਨੀ ਓਸਾਮਾ ਬਿਨ ਲਾਦੇਨ ਦੀ ਪਾਕਿਸਤਾਨ ਦੇ ਐਬਟਾਬਾਦ ਵਿੱਚ ਹੱਤਿਆ ਮਗਰੋਂ ਜ਼ਵਾਹਿਰੀ ਦੀ ਮੌਤ ਆਲਮੀ ਦਹਿਸ਼ਤੀ ਨੈੱਟਵਰਕ ਲਈ ਵੱਡਾ ਝਟਕਾ ਹੈ। ਅਮਰੀਕਾ ਵਿੱਚ ਹੋਏ 9/11 ਹਮਲਿਆਂ ਤੇ ਮਗਰੋਂ ਭਾਰਤੀ ਉਪ-ਮਹਾਂਦੀਪ ਵਿੱਚ ਦਹਿਸ਼ਤੀ ਜਥੇਬੰਦੀ ਦੀ ਸਥਾਪਨਾ ਵਿੱਚ ਜ਼ਵਾਹਰੀ ਦੀ ਕੇਂਦਰੀ ਭੂਮਿਕਾ ਸੀ। ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਨੇ ਬੀਤੇ ਸੋਮਵਾਰ ਨੂੰ ਵਾਈਟ ਹਾਊਸ ਤੋਂ ਜ਼ਵਾਹਰੀ ਦੀ ਮੌਤ ਦਾ ਐਲਾਨ ਕਰਦਿਆਂ ਕਿਹਾ 'ਨਿਆਂ ਦੇ ਦਿੱਤਾ ਗਿਆ ਹੈ ਅਤੇ ਇਹ ਦਹਿਸ਼ਤਗਰਦ ਹੁਣ ਨਹੀਂ ਰਿਹਾ।'

ਜ਼ਵਾਹਿਰੀ, ਜਿਸ ਨੇ ਬਿਨ ਲਾਦੇਨ ਦੀ ਮੌਤ ਮਗਰੋਂ ਅਲਕਾਇਦਾ ਦੀ ਕਮਾਨ ਸੰਭਾਲੀ ਸੀ, ਸ਼ਨਿੱਚਰਵਾਰ ਸ਼ਾਮ ਨੂੰ ਸੀਆਈਏ ਵੱਲੋਂ ਕਾਬੁਲ ਦੇ ਇਕ ਘਰ 'ਤੇ ਕੀਤੇ ਡਰੋਨ ਹਮਲੇ ਵਿੱਚ ਮਾਰਿਆ ਗਿਆ ਸੀ। ਜ਼ਵਾਹਿਰੀ ਇਸ ਘਰ ਵਿੱਚ ਆਪਣੇ ਪਰਿਵਾਰ ਨਾਲ ਲੁਕਿਆ ਹੋਇਆ ਸੀ। ਜ਼ਵਾਹਿਰੀ ਮਿਸਰ ਮੂਲ ਦਾ ਸਰਜਨ ਸੀ, ਜਿਸ ਦੇ ਸਿਰ 'ਤੇ 25 ਕਰੋੜ ਅਮਰੀਕੀ ਡਾਲਰ ਦਾ ਇਨਾਮ ਸੀ। ਉਹ ਅਲਕਾਇਦਾ ਵਿੱਚ ਬਿਨ ਲਾਦੇਨ ਮਗਰੋਂ ਦੂਜੇ ਨੰਬਰ ਦਾ ਆਗੂ ਸੀ। ਉਸ ਨੂੰ ਦਹਿਸ਼ਤੀ ਸਮੂਹ ਦਾ ਕੌਮਾਂਤਰੀ ਪ੍ਰਤੀਕ ਮੰਨਿਆ ਜਾਂਦਾ ਸੀ। ਅਮਰੀਕੀ ਅਧਿਕਾਰੀਆਂ ਮੁਤਾਬਕ ਜ਼ਵਾਹਰੀ ਆਪਣੇ ਸੁਰੱਖਿਅਤ ਘਰ ਦੀ ਬਾਲਕਨੀ ਵਿੱਚ ਖੜਾ ਸੀ ਜਦੋਂ ਡਰੋਨ ਨੇ ਉਸ ਵੱਲ ਦੋ ਮਿਜ਼ਾਈਲਾਂ ਦਾਗੀਆਂ। ਇਸ ਮੌਕੇ ਘਰ ਵਿੱਚ ਜ਼ਵਾਹਿਰੀ ਦੇ ਹੋਰ ਪਰਿਵਾਰਕ ਮੈਂਬਰ ਵੀ ਮੌਜੂਦ ਸੀ, ਪਰ ਉਨਾਂ ਨੂੰ ਕੋਈ ਸੱਟ-ਫੇਟ ਨਹੀਂ ਲੱਗੀ ਤੇ ਸਿਰਫ਼ ਜ਼ਵਾਹਿਰੀ ਹੀ ਮਾਰਿਆ ਗਿਆ। ਬਾਈਡਨ ਨੇ ਕਿਹਾ, '9/11 ਹਮਲਿਆਂ ਦੀ ਯੋਜਨਾ ਘੜਨ ਵਿੱਚ ਉਸ ਦੀ ਵੱਡੀ ਭੂਮਿਕਾ ਸੀ, ਉਹ ਅਮਰੀਕੀ ਧਰਤੀ 'ਤੇ 2977 ਲੋਕਾਂ ਦੇ ਕਤਲ ਲਈ ਜ਼ਿੰਮੇਵਾਰ ਲੋਕਾਂ ਵਿਚੋਂ ਇਕ ਸੀ। ਦਹਾਕਿਆਂ ਤੱਕ ਉਹ ਅਮਰੀਕਾ ਖਿਲਾਫ਼ ਹਮਲਿਆਂ ਦਾ ਮੁੱਖ ਸਾਜ਼ਿਸ਼ਘਾੜਾ ਰਿਹਾ।' ਅਮਰੀਕਾ ਨੇ ਕਾਬੁਲ ਵਿੱਚ ਇਹ ਡਰੋਨ ਹਮਲਾ ਅਜਿਹੇ ਮੌਕੇ ਕੀਤਾ ਹੈ ਜਦੋਂ ਅਮਰੀਕੀ ਫੌਜਾਂ ਨੂੰ ਅਫ਼ਗਾਨਿਸਤਾਨ ਛੱਡਿਆਂ ਨੂੰ ਅਗਲੇ ਦਿਨਾਂ ਵਿੱਚ ਸਾਲ ਹੋਣ ਵਾਲਾ ਹੈ। ਸਾਬਕਾ ਅਮਰੀਕੀ ਸਦਰ ਬਰਾਕ ਓਬਾਮਾ ਨੇ ਕਿਹਾ ਕਿ ਅਲ-ਜ਼ਵਾਹਰੀ ਦੀ ਮੌਤ ਸਬੂਤ ਹੈ ਕਿ ਜੰਗ ਦੇ ਮੈਦਾਨ ਤੋਂ ਬਾਹਰ ਰਹਿੰਦਿਆਂ ਵੀ ਅਤਿਵਾਦ ਨੂੰ ਜੜੋਂ ਪੁੱਟਿਆ ਜਾ ਸਕਦਾ ਹੈ। ਉਧਰ ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਕਿਹਾ ਕਿ ਅਲਕਾਇਦਾ ਦੀ ਮੌਤ ਮਗਰੋਂ ਕੁੱਲ ਆਲਮ ਸੁਰੱਖਿਅਤ ਥਾਂ ਬਣ ਗਿਆ ਹੈ। 'ਨਿਊਯਾਰਕ ਟਾਈਮਜ਼' ਮੁਤਾਬਕ ਜ਼ਵਾਹਿਰੀ ਮਿਸਰ ਦੇ ਨਾਮਵਰ ਪਰਿਵਾਰ ਨਾਲ ਸਬੰਧਤ ਸੀ। ਉਸ ਦਾ ਦਾਦਾ ਰਾਬੀਆ ਅਲ-ਜ਼ਵਾਹਰੀ ਕਾਹਿਰਾ ਦੀ ਮਾਣਮੱਤੀ ਅਲ-ਅਜ਼ਹਰ ਯੂਨੀਵਰਸਿਟੀ ਵਿੱਚ ਇਮਾਮ ਸੀ। ਉਨਾਂ ਦੇ ਪਰਿਵਾਰ 'ਚੋਂ ਅਬਦੁਲ ਰਹਿਮਾਨ ਅੱਜ਼ਾਮ ਅਰਬ ਲੀਗ ਦਾ ਪਹਿਲਾ ਸਕੱਤਰ ਸੀ। 1981 ਵਿੱਚ ਮਿਸਰ ਦੇ ਰਾਸ਼ਟਰਪਤੀ ਅਨਵਰ ਸਾਦਤ ਦੀ ਹੱਤਿਆ ਅਤੇ 1998 ਵਿੱਚ ਕੀਨੀਆ ਤੇ ਤਨਜ਼ਾਨੀਆ ਵਿਚਲੇ ਅਮਰੀਕੀ ਸਫ਼ਾਰਤਖਾਨਿਆਂ 'ਤੇ ਹਮਲੇ ਵਿੱਚ ਉਸ ਦੀ ਕੇਂਦਰੀ ਭੂਮਿਕਾ ਸੀ। ਜ਼ਵਾਹਿਰੀ ਨੇ ਸਤੰਬਰ 2014 ਵਿੱਚ ਅਲਕਾਇਦਾ ਦੀ ਖੇਤਰੀ ਜਥਬੰਦੀ ਏਕਿਊਆਈਐੱਸ ਦੀ ਸਥਾਪਨਾ ਕੀਤੀ ਸੀ। ਅਮਰੀਕੀ ਮੀਡੀਆ ਦੀ ਰਿਪੋਰਟ ਮੁਤਾਬਕ ਅਲਕਾਇਦਾ ਆਗੂ ਅਲ-ਜ਼ਵਾਹਿਰੀ ਇਸ ਸਾਲ ਦੇ ਸ਼ੁਰੂ ਵਿੱਚ ਪਾਕਿਸਤਾਨ ਤੋਂ ਕਾਬੁਲ ਵਿਚਲੇ ਸੁਰੱਖਿਅਤ ਘਰ ਵਿੱਚ ਤਬਦੀਲ ਹੋ ਗਿਆ ਸੀ ਅਤੇ ਉਦੋਂ ਤੋਂ ਹੀ ਅਮਰੀਕੀ ਇੰਟੈਲੀਜੈਂਸ ਏਜੰਸੀ ਸੀਆਈਏ ਵੱਲੋਂ ਉਸ ਦੀ ਪੈੜ ਨੱਪੀ ਜਾ ਰਹੀ ਸੀ। ਏਜੰਸੀ ਦੇ ਅਧਿਕਾਰੀਆਂ ਮੁਤਾਬਕ ਜ਼ਵਾਹਿਰੀ ਦੇ ਇਸ ਨਵੇਂ ਘਰ ਵਿੱਚ ਆਉਣ ਤੋਂ ਪਹਿਲਾਂ ਹੀ ਉਸ ਦੀ ਪਤਨੀ ਤੇ ਬੱਚੇ ਇਥੇ ਪਹੁੰਚ ਗਏ ਸਨ। ਇੰਟੈਲੀਜੈਂਸ ਅਧਿਕਾਰੀਆਂ ਵੱਲੋਂ ਪਿਛਲੇ ਕਈ ਮਹੀਨਿਆਂ ਤੋਂ ਉਸ ਦੀਆਂ ਨਿੱਤ ਦੀਆਂ ਆਦਤਾਂ ਤੇ ਹੋਰ ਜਿਊਣ ਢੰਗ 'ਤੇ ਨਜ਼ਰ ਰੱਖੀ ਜਾ ਰਹੀ ਸੀ। ਅਮਰੀਕਾ ਨੇ ਡਰੋਨ ਹਮਲੇ ਨੂੰ ਪੂਰੇ ਯੋਜਨਾਬੰਦ ਢੰਗ ਨਾਲ ਅੰਜਾਮ ਦਿੱਤਾ ਤਾਂ ਕਿ ਨੇੜਲੇ ਘਰਾਂ ਵਿੱਚ ਰਹਿੰਦੀ ਆਮ ਵਸੋਂ ਨੂੰ ਘੱਟ ਤੋਂ ਘੱਟ ਨੁਕਸਾਨ ਪੁੱਜੇ

ਤਾਲਿਬਾਨ ਨੇ ਜ਼ਵਾਹਿਰੀ ਦੀ ਹੱਤਿਆ ਲਈ ਅਮਰੀਕੀ ਆਪਰੇਸ਼ਨ ਨੂੰ ਕੌਮਾਂਤਰੀ ਨਿਯਮਾਂ ਤੇ ਦੋਹਾ ਕਰਾਰ ਦੀ ਸਪਸ਼ਟ ਉਲੰਘਣਾ ਕਰਾਰ ਦਿੱਤਾ ਹੈ। ਤਾਲਿਬਾਨੀ ਤਰਜਮਾਨ ਨੇ ਕਿਹਾ, 'ਅਜਿਹੀਆਂ ਕਾਰਵਾਈਆਂ ਪਿਛਲੇ 20 ਸਾਲਾਂ ਦੇ ਨਾਕਾਮ ਤਜਰਬਿਆਂ ਦਾ ਦੁਹਰਾਅ ਅਤੇ ਅਮਰੀਕਾ, ਅਫ਼ਗਾਨਿਸਤਾਨ ਤੇ ਖਿੱਤੇ ਦੇ ਹਿੱਤਾਂ ਦੀ ਖਿਲਾਫ਼ਵਰਜ਼ੀ ਹੈ।' ਤਾਲਿਬਾਨ ਤਰਜ਼ਮਾਨ ਜ਼ਬੀਉੱਲਾ ਮੁਜਾਹਿਦ ਨੇ ਲੜੀਵਾਰ ਟਵੀਟ ਵਿੱਚ ਕਿਹਾ, 'ਕਾਬੁਲ ਸ਼ਹਿਰ ਦੇ ਸ਼ੇਰਪੁਰ ਇਲਾਕੇ ਦੇ ਰਿਹਾਇਸ਼ੀ ਇਲਾਕੇ ਵਿਚਲੇ ਘਰ 'ਤੇ 31 ਜੁਲਾਈ ਨੂੰ ਹਵਾਈ ਹਮਲਾ ਕੀਤਾ ਗਿਆ ਸੀ। ਪਹਿਲਾਂ ਤਾਂ ਹਮਲੇ ਬਾਰੇ ਕੋਈ ਸਮਝ ਨਹੀਂ ਲੱਗੀ, ਪਰ ਫਿਰ ਇਸਲਾਮਿਕ ਅਮੀਰਾਤ ਦੀ ਸੁਰੱਖਿਆ ਤੇ ਇੰਟੈਲੀਜੈਂਸ ਸੇਵਾਵਾਂ ਨੇ ਇਸ ਪੂਰੀ ਘਟਨਾ ਦੀ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਹਮਲਾ ਅਮਰੀਕੀ ਡਰੋਨ ਵੱਲੋਂ ਕੀਤਾ ਗਿਆ ਸੀ।'

ਚੀਨ ਨੇ ਅਲਕਾਇਦਾ ਆਗੂ ਆਇਮਨ ਅਲ-ਜ਼ਵਾਹਿਰੀ ਦੀ ਅਮਰੀਕੀ ਡਰੋਨ ਹਮਲੇ ਵਿੱਚ ਹੱਤਿਆ ਨੂੰ ਲੈ ਕੇ ਦਿੱਤੇ ਪ੍ਰਤੀਕਰਮ ਵਿੱਚ ਕਿਹਾ ਕਿ ਉਹ ਅਤਿਵਾਦ ਦੇ ਸਾਰੇ ਸਰੂਪਾਂ ਦੇ ਖਿਲਾਫ਼ ਹੈ, ਪਰ ਉਹ ਅਤਿਵਾਦ ਦੇ ਟਾਕਰੇ ਲਈ 'ਦੋਹਰੇ ਮਾਪਦੰਡਾਂ' ਅਪਣਾਉਣ, ਉਹ ਵੀ ਹੋਰਨਾਂ ਮੁਲਕਾਂ ਦੀ 'ਪ੍ਰਭੁਸੱਤਾ ਦੀ ਕੀਮਤ ਉੱਤੇ' ਦੇ ਵੀ ਖਿਲਾਫ਼ ਹੈ। ਭਾਰਤ ਨੇ ਕਿਹਾ ਕਿ ਅਲ-ਜ਼ਵਾਹਰੀ ਦੀ ਹੱਤਿਆ ਅਲਕਾਇਦਾ ਤੇ ਭਾਰਤ ਵਿਚਲੇ ਉਸ ਦੇ ਹਮਾਇਤੀਆਂ ਲਈ ਵੱਡਾ ਝਟਕਾ ਹੈ। ਭਾਰਤੀ ਅਧਿਕਾਰੀਆਂ ਨੇ ਕਿਹਾ ਕਿ ਜ਼ਵਾਹਿਰੀ ਦੀ ਹੱਤਿਆ ਨਾਲ ਅਲਕਾਇਦਾ ਹਮਾਇਤੀਆਂ ਤੇ ਭਾਰਤ ਵਿਚ ਉਨਾਂ ਦੇ ਕੇਡਰ ਦੇ ਮਨੋਬਲ ਨੂੰ ਸੱਟ ਵੱਜੇਗੀ।

## ਕੌਣ ਏ ਅਲ-ਜ਼ਵਾਹਿਰੀ



ਅਮਰੀਕਾ ਦੇ ਸਭ ਤੋਂ ਵੱਡੇ ਦੁਸ਼ਮਣ, ਅਲ-ਕਾਇਦਾ ਦੇ ਮੁਖੀ ਅਲ-ਜ਼ਵਾਹਿਰੀ ਨੂੰ ਕਾਬੁਲ ਦੇ ਰਿਹਾਇਸ਼ੀ ਘਰ ਦੀ ਬਾਲਕੋਨੀ ਵਿਚ ਡਰੋਨ ਰਾਹੀਂ ਢੇਰ ਕਰਨ ਦੀ ਖ਼ਬਰ ਦੇ ਨਸ਼ਰ ਹੁੰਦਿਆਂ ਸਾਰ ਵਿਸ਼ਵ ਪੱਧਰ 'ਤੇ ਤਹਿਲਕਾ ਮਚ ਗਿਆ। ਅਲ-ਜ਼ਵਾਹਿਰੀ ਦਰਅਸਲ 9/11 (ਗਿਆਰਾਂ ਸਤੰਬਰ, 2001) ਵਾਲੇ ਦਿਨ ਅਮਰੀਕਾ ਦੇ ਜੋੜੇ-ਮੀਨਾਰਾਂ ਨੂੰ ਨੇਸਤੋ-ਨਾਬੂਦ ਕਰਨ ਦਾ ਮੁੱਖ ਸਾਜ਼ਿਸ਼ਘਾੜਾ ਸੀ। ਸੰਨ 2011 ਵਿਚ ਵਿਸ਼ਵ ਪ੍ਰਸਿੱਧ ਅੱਤਵਾਦੀ ਓਸਾਮਾ-ਬਿਨ-ਲਾਦੇਨ ਦੀ ਮੌਤ ਤੋਂ ਬਾਅਦ ਅਲ-ਜ਼ਵਾਹਿਰੀ ਨੂੰ ਦੁਨੀਆ ਦੇ ਸਭ ਤੋਂ ਵੱਡੇ ਸੰਗਠਨ ਅਲਕਾਇਦਾ ਦਾ ਮੁਖੀ ਬਣਾਇਆ ਗਿਆ ਸੀ। ਇਹ ਉਹੀ ਅਲਕਾਇਦਾ ਸੰਗਠਨ ਹੈ ਜਿਸ ਨੇ ਈਰਾਨ, ਇਰਾਕ ਤੋਂ ਲੈ ਕੇ ਅਮਰੀਕਾ, ਚੀਨ ਤੇ ਭਾਰਤ ਤਕ ਆਪਣੇ ਅੱਡੇ ਬਣਾਏ। ਆਇਮਨ-ਅਲ-ਜ਼ਵਾਹਿਰੀ ਅਸਲ ਵਿਚ ਮਿਸਰ ਦਾ ਇਕ ਅੱਖਾਂ ਦਾ ਮਾਹਿਰ ਸਰਜਨ ਸੀ। ਜ਼ਵਾਹਿਰੀ ਦਾ ਜਨਮ 19 ਜੂਨ 1951 ਨੂੰ ਹੋਇਆ ਸੀ। ਉਸ ਦਾ ਪੂਰਾ ਪਰਿਵਾਰ ਪੜ੍ਹਿਆ-ਲਿਖਿਆ ਸੀ। ਪੇਸ਼ੇ ਵਜੋਂ ਇਕ ਸਰਜਨ ਡਾਕਟਰ ਅਸਲ ਵਿਚ ਛੋਟੀ ਉਮਰ ਵਿਚ ਹੀ ਮੁਸਲਿਮ ਬ੍ਰਦਰਹੁੱਡ ਦਾ ਮੈਂਬਰ ਬਣ ਗਿਆ ਸੀ। ਉਸ ਨੇ ਈਆਈਜੇ ਅਰਥਾਤ ਇਜਿਪਟਨ ਇਸਲਾਮਕ ਜਹਾਦ ਦਾ ਗਠਨ ਕੀਤਾ ਸੀ। ਇਸ ਸੰਗਠਨ ਨੇ ਹੀ 1970 ਵਿਚ ਮਿਸਰ ਵਿਚ ਸੱਤਾ ਦਾ ਵਿਰੋਧ ਸ਼ੁਰੂ ਕੀਤਾ ਸੀ।

ਉਸਨੇ 1978 ਵਿਚ ਕਾਹਿਰਾ ਯੂਨੀਵਰਸਿਟੀ ਦੀ ਦਰਸ਼ਨ-ਸ਼ਾਸਤਰ ਦੀ ਵਿਦਿਆਰਥਣ ਅਜਾ ਨੇਵਾਰੀ ਨਾਲ ਸ਼ਾਦੀ ਕੀਤੀ ਸੀ। ਸੰਨ 1981 ਵਿਚ ਮਿਸਰ ਦੇ ਪ੍ਰਧਾਨ ਅਨਵਰ ਸਾਦਾਤ ਦੀ ਹੱਤਿਆ ਤੋਂ ਬਾਅਦ ਉਸ ਨੂੰ ਤੰਗ ਕੀਤਾ ਗਿਆ ਸੀ। ਤਿੰਨ ਸਾਲ ਜੇਲ੍ਹ ਵਿਚ ਰਹਿ ਕੇ ਉਹ ਸਾਊਦੀ ਅਰਬ ਚਲਾ ਗਿਆ। ਸਾਊਦੀ ਅਰਬ ਵਿਚ ਉਸ ਨੇ ਮੈਡੀਕਲ ਪ੍ਰੈਕਟਿਸ ਸ਼ੁਰੂ ਕੀਤੀ। ਇਹ 1985 ਦੇ ਦਿਨ ਸਨ ਜਦੋਂ ਉਸ ਦੀਆਂ ਮੁਲਾਕਾਤਾਂ ਧਰਮ ਦੀ ਕੱਟੜਤਾ ਨੂੰ ਲੈ ਕੇ ਓਸਾਮਾ-ਬਿਨ-ਲਾਦੇਨ ਨਾਲ ਹੋਈਆਂ। ਸੰਨ 2001 ਵਿਚ ਈਆਈਜੇ ਦਾ ਉਸ ਨੇ ਅਲਕਾਇਦਾ ਵਿਚ ਰਲੇਵਾਂ ਕਰ ਦਿੱਤਾ ਅਤੇ ਫਿਰ ਜੋ ਉਨਾਂ ਨੇ ਕੀਤਾ, ਉਸ ਨਾਲ ਪੂਰੀ ਦੁਨੀਆ ਹਿੱਲ ਗਈ। ਸੰਨ 2011 ਵਿਚ ਉਹ ਖ਼ੁਦ ਅਲਕਾਇਦਾ ਦਾ ਮੁਖੀ ਬਣ ਗਿਆ। ਕਾਬੁਲ 'ਤੇ ਤਾਲਿਬਾਨੀ ਕਬਜ਼ੇ ਪਿੱਛੋਂ ਜ਼ਵਾਹਿਰੀ ਉੱਥੇ ਰਹਿ ਰਿਹਾ ਸੀ। ਅਮਰੀਕਾ ਨੂੰ ਇਹ ਸੂਚਨਾ ਮਿਲੀ ਸੀ ਤੇ ਕਈ ਦਿਨਾਂ ਤੋਂ ਉਹ ਉਸ 'ਤੇ ਨਜ਼ਰ ਰੱਖ ਰਿਹਾ ਸੀ। ਇਸ ਸਮੇਂ ਉਹ 71 ਸਾਲਾਂ ਦਾ ਸੀ। ਉਹ ਧਾਰਮਿਕ ਤੌਰ 'ਤੇ ਬੇਹੱਦ ਕੱਟੜ ਸੀ। ਅਲ-ਜ਼ਵਾਹਿਰੀ ਧਾਰਮਿਕ ਕੱਟੜਤਾ ਦੇ ਨਾਲ-ਨਾਲ ਧਾਰਮਿਕ ਗੁਰੂ ਦਾ ਰੁਤਬਾ ਵੀ ਰੱਖਦਾ ਸੀ। ਜ਼ਵਾਹਿਰੀ ਦੀ ਜ਼ਿੰਦਗੀ ਵੀ ਆਮ ਨਹੀਂ ਸੀ। ਉਸ ਦੀ ਮਾਂ ਉਮਆਮਾ ਆਜ਼ਮ ਰਾਜਨੀਤਕ ਤੌਰ 'ਤੇ ਪੜ੍ਹੇ-ਲਿਖੇ ਪਰਿਵਾਰ ਨਾਲ ਸਬੰਧਤ ਅਬਦੁਲ ਵਹਾਬ ਦੀ ਪੁੱਤਰੀ ਸੀ ਜੋ ਕਾਹਿਰਾ ਯੂਨੀਵਰਸਿਟੀ ਵਿਚ ਪ੍ਰੋਫੈਸਰ ਤੇ ਸਾਊਦੀ ਅਰਬ ਵਿਚ ਸਾਊਦ ਯੂਨੀਵਰਸਿਟੀ ਵਿਚ ਇਸਲਾਮੀ ਫਿਲਾਸਫ਼ਰ ਰਹੇ। ਉਹ ਪਾਕਿਸਤਾਨ ਵਿਚ ਰਾਜਦੂਤ ਵੀ ਰਹੇ। ਜ਼ਵਾਹਿਰੀ ਦਾ ਕਬੀਲਾ ਲਾਲ ਸਾਗਰ ਦੇ ਹਰਬੀ ਟਰਾਈਬ ਦਾ ਹਿੱਸਾ ਹੈ ਜੋ ਜਵਾਹਰ ਸਾਊਦੀ ਅਰਬ ਵਿਚ ਹੈ। ਜ਼ਵਾਹਿਰੀ ਨੇ ਇਕ ਇੰਟਰਵਿਊ ਵਿਚ ਕਿਹਾ ਸੀ ਕਿ ਉਹ ਆਪਣੀ ਮਾਂ ਨੂੰ ਬੇਹੱਦ ਪਿਆਰ ਕਰਦਾ ਸੀ। ਜ਼ਵਾਹਿਰੀ ਦਾ ਇਕ ਭਰਾ ਮੁਹੰਮਦ ਜ਼ਵਾਹਿਰੀ ਤੇ ਜੁੜਵਾਂ ਭੈਣ ਹੰਬਾ ਹੈ ਜੋ ਇਕ ਨਾਮੀਂ ਮੈਡੀਕਲ ਡਾਕਟਰ ਹੈ। ਉਸ ਮੁਤਾਬਕ ਉਸ ਦਾ ਭਰਾ ਬੇਹੱਦ ਸਾਊ ਤੇ ਸ਼ਰਮੀਲਾ ਹੈ। ਜਵਾਨੀ ਵਿਚ ਕਵਿਤਾ ਨੂੰ ਪਿਆਰ ਕਰਨ ਵਾਲਾ ਤੇ ਤਿੰਨ ਵਰੇ ਮਿਸਰ ਦੀ ਆਰਮੀ ਵਿਚ ਡਾਕਟਰ ਵਜੋਂ ਸੇਵਾਵਾਂ ਦੇਣ ਵਾਲਾ ਅਲ-ਜ਼ਵਾਹਿਰੀ ਕਦੋਂ ਅੱਤਵਾਦੀ ਸਰਗਨਾ ਬਣ ਗਿਆ, ਇਹ ਉਸ ਦੇ ਪਰਿਵਾਰ ਲਈ ਵੀ ਬੁਝਾਰਤ ਹੈ। ਉਹ ਅਰਬੀ, ਫਰੈਂਚ ਤੇ ਅੰਗਰੇਜ਼ੀ ਵਿਚ ਮੁਹਾਰਤ ਰੱਖਦਾ ਸੀ। ਸੰਨ 1978 ਵਿਚ ਜਦੋਂ ਉਸ ਨੇ ਅਜਾ ਨਾਲ ਸ਼ਾਦੀ ਕੀਤੀ ਸੀ ਤਾਂ ਕਾਮਯਾਬ ਸਰਜਨ ਸੀ ਜਿਸ ਦੀਆਂ ਚਾਰ ਬੇਟੀਆਂ ਹਨ। ਇਕ ਪੁੱਤਰ 1987 ਵਿਚ ਮੋਹਮੰਦ ਪੈਦਾ ਹੋਇਆ ਹਾਲਾਂਕਿ ਇਹ ਸਾਰੇ 2001 ਵਿਚ ਅਫ਼ਗਾਨਿਸਤਾਨ ਵਿਚ ਇਕ ਅਮਰੀਕੀ ਹਮਲੇ ਵਿਚ ਮਾਰੇ ਗਏ ਸਨ। ਬਾਅਦ ਵਿਚ ਜ਼ਵਾਹਿਰੀ ਨੇ ਤਿੰਨ ਹੋਰ ਸ਼ਾਦੀਆਂ ਕੀਤੀਆਂ। ਸੰਨ 2012 ਵਿਚ ਉਸ ਦੀ ਚੌਥੀ ਪਤਨੀ ਓਹਸਨ ਨੇ ਅਰਬ ਸਪਰਿੰਗ ਦੀ ਤਾਰੀਫ਼ ਵਿਚ ਇਕ ਅਖ਼ਬਾਰ ਵੀ ਕੱਢਿਆ ਸੀ। ਉਸ ਨੇ ਅਫ਼ਗਾਨਿਸਤਾਨ ਨੂੰ ਰੂਸੀਆਂ ਤੋਂ ਛੁਡਾਉਣ ਲਈ ਅਮਰੀਕਾ ਤੋਂ ਫੰਡ ਵੀ ਇਕੱਠਾ ਕੀਤਾ ਸੀ। ਪਾਕਿਸਤਾਨ, ਸੂਡਾਨ, ਅਫ਼ਗਾਨਿਸਤਾਨ ਤੇ ਅਮਰੀਕਾ ਵਿਚ ਉਸ ਨੇ ਲਗਾਤਾਰ ਆਪਣੀਆਂ ਗਤੀਵਿਧੀਆਂ ਜਾਰੀ ਰੱਖੀਆਂ ਤੇ ਅੰਤ ਵਿਚ ਅਮਰੀਕਾ ਦੇ ਡਰੋਨ ਦੀ ਲਪੇਟ ਵਿਚ ਆ ਕੇ ਅਫ਼ਗਾਨਿਸਤਾਨ ਵਿਚ ਮਾਰਿਆ ਗਿਆ। ਜ਼ਵਾਹਿਰੀ ਦੀ ਹੱਤਿਆ ਨੂੰ ਅਮਰੀਕਾ ਵੱਡੀ ਜਿੱਤ ਵਜੋਂ ਦੇਖ ਰਿਹਾ ਹੈ।

## ਅਲ-ਜ਼ਵਾਹਿਰੀ ਨੇ ਵੀਡੀਓ ਤੇ ਆਡੀਓ ਸੁਨੇਹਿਆਂ ਰਾਹੀਂ ਹਮਾਇਤੀਆਂ ਤੱਕ ਪਹੁੰਚ ਵਧਾਈ : ਯੂਐੱਨ ਰਿਪੋਰਟ

**ਸੰਯੁਕਤ ਰਾਸ਼ਟਰ :** ਸੰਯੁਕਤ ਰਾਸ਼ਟਰ ਨੇ ਆਪਣੀ ਇਕ ਹਾਲੀਆ ਰਿਪੋਰਟ ਵਿੱਚ ਦਾਅਵਾ ਕੀਤਾ ਸੀ ਕਿ ਆਇਮਨ ਅਲ-ਜ਼ਵਾਹਿਰੀ ਦੀ ਸਰਪ੍ਰਸਤੀ ਹੇਠ ਅਲਕਾਇਦਾ ਦੀ ਕੋਰ ਲੀਡਰਸ਼ਿਪ ਅਫ਼ਗਾਨਿਸਤਾਨ ਵਿੱਚ ਹੈ ਤੇ ਦਹਿਸ਼ਤੀ ਜਥੇਬੰਦੀ ਦੇ ਆਗੂ ਨੇ ਵੀਡੀਓ ਤੇ ਆਡੀਓ ਸੁਨੇਹਿਆਂ ਜ਼ਰੀਏ ਅਲਕਾਇਦਾ ਹਮਾਇਤੀਆਂ ਤੱਕ ਪਹੁੰਚ ਵਧਾਈ ਹੈ। ਪਿਛਲੇ ਮਹੀਨੇ ਜਾਰੀ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਅਲਕਾਇਦਾ ਦੀ ਲੀਡਰਸ਼ਿਪ ਅਫ਼ਗਾਨਿਸਤਾਨ ਵਿੱਚ ਸਲਾਹਕਾਰ ਦੀ ਭੂਮਿਕਾ ਵਿੱਚ ਹੈ ਤੇ ਦੋਵੇਂ ਜਥੇਬੰਦੀਆਂ 'ਚ ਡੂੰਘੀ ਸਾਂਝ ਹੈ। ਰਿਪੋਰਟ ਮੁਤਾਬਕ ਅਗਸਤ 2021 ਤੋਂ ਹੁਣ ਤੱਕ ਅਲ-ਜ਼ਵਾਹਿਰੀ ਅੱਠ ਵੀਡੀਓਜ਼ ਵਿੱਚ ਨਜ਼ਰ ਆਇਆ ਸੀ। 5 ਅਪ੍ਰੈਲ ਨੂੰ ਜਾਰੀ ਅਜਿਹੀ ਇਕ ਵੀਡੀਓ ਵਿੱਚ ਅਲਕਾਇਦਾ ਆਗੂ ਨੇ ਭਾਰਤ ਵਿੱਚ ਹਿਜਾਬ ਵਿਵਾਦ ਨੂੰ ਲੈ ਕੇ ਟਿੱਪਣੀਆਂ ਕੀਤੀਆਂ ਸਨ। ਹਾਲੀਆ ਸਾਲਾਂ ਵਿੱਚ ਇਹ ਵੀਡੀਓ ਅਲ-ਜ਼ਵਾਹਿਰੀ ਦੇ ਜਿਊਂਦਾ ਜਾਗਦਾ ਹੋਣ ਦਾ ਫੈਸਲਾਕੁਨ ਸਬੂਤ ਸੀ।

## ਸੋਨੀਆ ਗਾਂਧੀ ਤੇ ਰਾਹੁਲ ਗਾਂਧੀ ਕੋਲੋਂ ਪੁੱਛਗਿੱਛ ਤੋਂ ਬਾਅਦ ਨੈਸ਼ਨਲ ਹੈਰਾਲਡ ਦੇ ਦਫ਼ਤਰ 'ਤੇ ਛਾਪੇ

### ਸਰਕਾਰ ਚਾਹੁੰਦੀ ਹੈ ਬਗੈਰ ਸਵਾਲ ਕੀਤੇ ਤਾਨਾਸ਼ਾਹ ਦੀ ਹਰ ਗੱਲ ਸਵੀਕਾਰ ਕਰੋ : ਰਾਹੁਲ

**ਨਵੀਂ ਦਿੱਲੀ/ਏ.ਟੀ.ਨਿਊਜ਼ :-** ਨੈਸ਼ਨਲ ਹੈਰਾਲਡ ਮਾਮਲੇ ਵਿਚ ਸੋਨੀਆ ਗਾਂਧੀ ਤੇ ਰਾਹੁਲ ਗਾਂਧੀ ਕੋਲੋਂ ਪੁੱਛਗਿੱਛ ਤੋਂ ਬਾਅਦ ਇਨਫੋਰਸਮੈਂਟ ਡਾਇਰੈਕਟੋਰੇਟ (ਈ. ਡੀ.) ਨੇ ਦਿੱਲੀ ਦੇ ਆਈ.ਟੀ.ਓ. ਵਿਖੇ ਸਥਿਤ ਨੈਸ਼ਨਲ ਹੈਰਾਲਡ ਦੇ ਦਫ਼ਤਰ ਤੋਂ ਇਲਾਵਾ ਮੁੰਬਈ, ਕੋਲਕਾਤਾ ਸਮੇਤ ਕਰੀਬ 12 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਪੀ.ਐਮ.ਐਲ.ਏ. ਦੀਆਂ ਅਪਰਾਧਿਕ ਧਾਰਾਵਾਂ ਤਹਿਤ ਛਾਪੇ ਮਾਰੇ ਜਾ ਰਹੇ ਹਨ, ਤਾਂ ਜੋ ਇਹ ਪਤਾ ਲਗਾਉਣ ਲਈ ਹੋਰ ਸਬੂਤ ਇਕੱਠੇ ਕੀਤੇ ਜਾ ਸਕਣ ਕਿ ਪੈਸੇ ਦਾ ਲੈਣ ਦੇਣ ਕਿਸ ਦਰਮਿਆਨ ਹੋਇਆ ।ਉਨਾਂ ਕਿਹਾ ਕਿ ਇਸ ਮਾਮਲੇ ਵਿਚ ਵੱਖ-ਵੱਖ ਵਿਅਕਤੀਆਂ ਕੋਲੋਂ ਹਾਲੀਆਂ ਪੁੱਛਗਿੱਛ ਦੇ ਬਾਅਦ ਈ. ਡੀ. ਨੂੰ ਮਿਲੇ ਨਵੇਂ ਸਬੂਤਾਂ ਦੇ ਮੱਦੇਨਜ਼ਰ ਕਾਰਵਾਈ ਕੀਤੀ ਜਾ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਈ.ਡੀ. ਵਲੋਂ ਨੈਸ਼ਨਲ ਹੈਰਾਲਡ ਮਾਮਲੇ ਨਾਲ ਜੁੜੇ ਲੋੜੀਂਦੇ ਦਸਤਾਵੇਜ਼ਾਂ ਦੀ ਭਾਲ ਲਈ ਛਾਪੇਮਾਰੀ ਕੀਤੀ ਗਈ ਹੈ। ਜਾਣਕਾਰੀ ਮੁਤਾਬਿਕ ਈ.ਡੀ. ਨੇ ਅਕਾਊਂਟ ਸੈਕਸ਼ਨ ਦੇ 2 ਪੁਰਾਣੇ ਅਧਿਕਾਰੀਆਂ ਕੋਲੋਂ ਵੀ ਮੁੱਢਲੀ ਪੁੱਛਗਿੱਛ ਕੀਤੀ ਹੈ ਅਤੇ ਉਨਾਂ ਕੋਲੋਂ ਹੈਰਾਲਡ ਹਾਊਸ 'ਚ ਸਾਲ 2010 ਤੋਂ 2015 ਤੱਕ ਦੇ ਖਾਤਿਆਂ ਸੰਬੰਧੀ ਪੁੱਛਿਆ ਗਿਆ ਹੈ। ਈ.ਡੀ. ਵਲੋਂ ਕਾਂਗਰਸ ਦੀ ਕਰਜ਼ੇ ਵਾਲੀ ਫਾਈਲ ਦੀ ਭਾਲ ਵੀ ਕੀਤੀ ਜਾ ਰਹੀ ਹੈ । ਨੈਸ਼ਨਲ ਹੈਰਾਲਡ ਦਾ ਪ੍ਰਕਾਸ਼ਨ ਐਸੋਸੀਏਟਿਡ ਜਰਨਲਸ (ਏ.ਜੇ.ਐਲ) ਵਲੋਂ ਕੀਤਾ ਜਾਂਦਾ ਹੈ ਅਤੇ ਇਸ ਦੀ ਮੂਲ ਕੰਪਨੀ 'ਯੰਗ ਇੰਡੀਅਨ' ਹੈ।ਈ.ਡੀ. ਅਨੁਸਾਰ ਕਰੀਬ 800 ਕਰੋੜ ਰੁਪਏ ਦੀ ਸੰਪਤੀ ਏ.ਜੇ.ਐਲ. ਕੋਲ ਹੈ ਅਤੇ ਏਜੰਸੀ ਗਾਂਧੀ ਪਰਿਵਾਰ ਤੋਂ ਜਾਣਨਾ ਚਾਹੁੰਦੀ ਹੈ ਕਿ ਕਿਸ ਤਰਾਂ ਯੰਗ ਇੰਡੀਅਨ ਵਰਗੀ ਗੈਰ-ਲਾਭਕਾਰੀ ਕੰਪਨੀ ਆਪਣੀ ਜ਼ਮੀਨ ਅਤੇ ਇਮਾਰਤਾਂ ਨੂੰ ਕਿਰਾਏ 'ਤੇ ਦੇਣ ਦੀਆਂ ਵਪਾਰਕ ਗਤੀਵਿਧੀਆਂ ਕਰ ਰਹੀ ਸੀ।

ਨੈਸ਼ਨਲ ਹੈਰਾਲਡ ਹਾਊਸ ਤੇ ਹੋਰਨਾਂ ਟਿਕਾਣਿਆਂ 'ਤੇ ਛਾਪੇਮਾਰੀ ਦੇ ਦਰਮਿਆਨ ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਮੋਦੀ ਸਰਕਾਰ ਨੂੰ ਨਿਸ਼ਾਨਾ ਬਣਾਉਂਦੇ ਹੋਏ ਕਿਹਾ ਕਿ ਸਰਕਾਰ ਚਾਹੁੰਦੀ ਹੈ ਕਿ ਤੁਸੀਂ ਬਗੈਰ ਸਵਾਲ ਕੀਤੇ, ਤਾਨਾਸ਼ਾਹ ਦੀ ਹਰ ਗੱਲ ਸਵੀਕਾਰ ਕਰੋ ।ਉਨਾਂ ਕਿਹਾ ਕਿ ਤਾਨਾਸ਼ਾਹ ਦੇ ਹਰ ਫ਼ਰਮਾਨ ਤੋਂ ਜਨਤਾ ਦੀ ਆਵਾਜ਼ ਦਬਾਉਣ ਦੀ ਹਰ ਕੋਸ਼ਿਸ਼ ਖ਼ਿਲਾਫ਼ ਅਸੀਂ ਲੜਨਾ ਹੈ ।

# ਸ਼੍ਰੋਮਣੀ ਅਕਾਲੀ ਦਲ ਦੀ ਮਾਨਤਾ ਖਤਰੇ 'ਚ

**ਰਜਿੰਦਰ ਸਿੰਘ ਪੁਰੇਵਾਲ**

ਸ਼੍ਰੋਮਣੀ ਅਕਾਲੀ ਦਲ ਵੱਲੋਂ ਜਾਅਲੀ ਸੰਵਿਧਾਨ ਪੇਸ਼ ਕਰਕੇ ਹਾਸਲ ਕੀਤੀ ਮਾਨਤਾ ਨੂੰ ਰੱਦ ਕਰਨ ਤੋਂ ਕਮਿਸ਼ਨ ਵੱਲੋਂ ਇਨਕਾਰ ਕਰਨ ਦੇ ਮਾਮਲੇ ਵਿਚ ਮਾਲਟਾ ਬੋਟ ਕਮਿਸ਼ਨ ਦੇ ਚੇਅਰਮੈਨ ਬਲਵੰਤ ਸਿੰਘ ਖੇੜਾ ਅਤੇ ਓਮ ਸਿੰਘ ਸਟਿਆਣਾ ਵੱਲੋਂ ਦਿੱਲੀ ਹਾਈ ਕੋਰਟ ਵਿਚ ਦਾਇਰ ਕੀਤੀ ਗਈ ਪਟੀਸ਼ਨ ਦੀ ਬੀਤੇ ਦਿਨੀਂ ਹੋਈ ਸੁਣਵਾਈ ਦੌਰਾਨ ਚੋਣ ਕਮਿਸ਼ਨ ਨੇ ਰਿਕਾਰਡ ਘੋਖਣ ਲਈ ਸਮੇਂ ਦੀ ਮੰਗ ਕੀਤੀ ਹੈ। ਇਸ 'ਤੇ ਅਦਾਲਤ ਨੇ ਅਗਲੀ ਸੁਣਵਾਈ 12 ਸਤੰਬਰ ਨੂੰ ਨਿਰਧਾਰਤ ਕਰ ਦਿੱਤੀ ਹੈ।

ਪਟੀਸ਼ਨ ਦਾਇਰ ਕਰਨ ਵਾਲੇ ਬਲਵੰਤ ਸਿੰਘ ਖੇੜਾ ਤੇ ਓਮ ਸਿੰਘ ਸਟਿਆਣਾ ਦੀ ਵਕੀਲ ਇੰਦਰਾ ਓਨੀਆਰ ਨੇ ਦੱਸਿਆ ਕਿ ਚੀਫ ਜਸਟਿਸ ਸਤੀਸ਼ ਚੰਦਰ ਸ਼ਰਮਾ ਅਤੇ ਜਸਟਿਸ ਸੁਬਰਾਮਨੀਅਮ ਪ੍ਰਸਾਦ ਦੇ ਬੈਂਚ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਿਆਸੀ ਪਾਰਟੀ ਵਜੋਂ ਰਜਿਸਟ੍ਰੇਸ਼ਨ ਰੱਦ ਕਰਨ ਦੀ ਮੰਗ ਵਾਲੀ ਪਟੀਸ਼ਨ ਦੀ ਸੁਣਵਾਈ ਦੌਰਾਨ ਬੈਂਚ ਨੇ ਕਿਹਾ ਕਿ ਚੋਣ ਕਮਿਸ਼ਨ ਆਫ ਇੰਡੀਆ ਨੂੰ ਕਾਰਵਾਈ ਕਰਨ ਤੋਂ ਇਨਕਾਰ ਕਰਨ ਦਾ ਵਾਜਿਬ ਕਾਰਨ ਦੱਸਣਾ ਚਾਹੀਦਾ ਸੀ। ਇਸ ਦੋਸ਼ ਨੂੰ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਇਹ ਰਜਿਸਟ੍ਰੇਸ਼ਨ ਧੋਖਾਧੜੀ ਜ਼ਰੀਏ ਹਾਸਲ ਕੀਤੀ ਗਈ ਸੀ।ਹਾਈ ਕੋਰਟ ਦੇ ਮੁੱਖ ਬੈਂਚ ਸਾਹਮਣੇ ਚੋਣ ਕਮਿਸ਼ਨ ਵੱਲੋਂ ਪੇਸ਼ ਹੋਏ ਵਕੀਲ ਸਿਧਾਂਤ ਕੁਮਾਰ ਨੇ ਇਹ ਕਹਿੰਦਿਆਂ ਕਿ ਇਹ ਮਾਮਲਾ ਬਹੁਤ ਪੁਰਾਣਾ ਹੋਣ ਕਾਰਨ ਰਿਕਾਰਡ ਲੱਭਣ ਲਈ ਸਮਾਂ ਚਾਹੀਦਾ ਹੈ। ਅਦਾਲਤ ਤੋਂ ਇਕ ਹਫਤੇ ਦਾ ਸਮਾਂ ਮੰਗਿਆ ਜਿੱਥੇ ਮੁੱਖ ਬੈਂਚ ਨੇ ਸੁਣਵਾਈ 12 ਸਤੰਬਰ ਤਕ ਲਈ ਮੁਲਤਵੀ ਕਰ ਦਿੱਤੀ। ਪਟੀਸ਼ਨਕਰਤਾ ਦੇ ਵਕੀਲ ਇੰਦਰਾ ਉਨੀਆਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਜਾਅਲੀ ਪੇਸ਼ ਕੀਤੇ ਹੋਏ ਦਸਤਾਵੇਜ਼ਾਂ ਦੇ ਆਧਾਰ 'ਤੇ ਰਜਿਸਟ੍ਰੇਸ਼ਨ ਕੀਤੀ ਗਈ ਸੀ ਕਿਉਂਕਿ ਉਸ ਨੇ ਚੋਣ ਅਧਿਕਾਰੀਆਂ ਸਾਹਮਣੇ ਆਪਣਾ ਅਸਲੀ ਸੰਵਿਧਾਨ ਪੇਸ਼ ਨਹੀਂ ਕੀਤਾ ਸੀ। ਹਾਈ ਕੋਰਟ ਦੇ ਮੁੱਖ ਬੈਂਚ ਨੇ ਕਿਹਾ ਕਿ ਜੇ ਚੋਣ ਕਮਿਸ਼ਨ ਆਪਣੇ ਇਸ ਫ਼ੈਸਲੇ 'ਤੇ ਵਿਚਾਰ ਕਰਨ ਲਈ ਤਿਆਰ ਹੈ ਤਾਂ ਮਾਮਲਾ ਖ਼ਤਮ ਹੋ ਜਾਵੇਗਾ ਨਹੀਂ ਤਾਂ ਅਦਾਲਤ ਆਪਣਾ ਆਦੇਸ਼ ਜਾਰੀ ਕਰੇਗੀ। ਸੋ ਸਪੱਸ਼ਟ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੇ ਕਾਨੂੰਨੀ ਉਲੰਘਣਾ ਕੀਤੀ ਹੈ। ਚੋਣ ਕਮਿਸ਼ਨ ਜਾਂ ਅਦਾਲਤ ਉਸ ਉਪਰ ਸਖਤ ਕਾਰਵਾਈ ਕਰ ਸਕਦੀ ਹੈ।

ਹੁਣ ਅਪਰਾਧਿਕ ਪਿਛੋਕੜ ਵਾਲੇ ਉਮੀਦਵਾਰ ਨਹੀਂ ਲੜ ਸਕਣਗੇ ਸ਼੍ਰੋਮਣੀ ਕਮੇਟੀ ਦੀ ਚੋਣ

ਲੰਬੇ ਸਮੇਂ ਤੋਂ ਲਟਕ ਰਹੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਨੂੰ ਲੈ ਕੇ ਹਲਚਲ ਸ਼ੁਰੂ ਹੋ ਗਈ ਹੈ। ਗੁਰਦੁਆਰਾ ਚੋਣ ਕਮਿਸ਼ਨਰ ਸੁਰਿੰਦਰ ਸਿੰਘ ਸਾਰੋਂ ਨੇ ਆਪਣਾ ਕੰਮ ਸ਼ੁਰੂ ਕਰ ਦਿੱਤਾ ਹੈ। ਉਨਾਂ ਨੂੰ ਪੰਜਾਬ ਸਰਕਾਰ ਵੱਲੋਂ ਸੈਕਟਰ-17 ਵਿੱਚ ਦਫ਼ਤਰ ਅਲਾਟ ਕਰ ਦਿਤਾ ਗਿਆ ਹੈ।ਇਸ ਦੇ ਨਾਲ ਹੀ ਕੇਂਦਰ ਤੋਂ ਲੈ ਕੇ ਪੰਜਾਬ ਸਰਕਾਰ ਤਕ ਸ਼੍ਰੋਮਣੀ ਕਮੇਟੀ ਚੋਣਾਂ ਨੂੰ ਲੈ ਕੇ ਸਰਗਰਮ ਨਜ਼ਰ ਆ ਰਹੀ ਹੈ। ਸ਼੍ਰੋਮਣੀ ਕਮੇਟੀ ਚੋਣਾਂ ਵਿੱਚ ਇਸ ਵਾਰ ਦੋ ਵੱਡੇ ਬਦਲਾਅ ਦੇਖਣ ਨੂੰ ਮਿਲ ਸਕਦੇ ਹਨ। ਇਕ ਤਾਂ ਵੋਟਰ ਦੀ ਉਮਰ ਘਟਾ ਕੇ 18 ਸਾਲ ਕਰ ਦਿੱਤੀ ਜਾਵੇਗੀ ਅਤੇ ਦੂਜਾ, ਅਪਰਾਧਿਕ ਪਿਛੋਕੜ ਵਾਲੇ ਉਮੀਦਵਾਰ ਚੋਣ ਨਹੀਂ ਲੜ ਸਕਣਗੇ। ਹਾਲਾਂਕਿ ਇਨਾਂ ਦੋਵਾਂ ਤਬਦੀਲੀਆਂ ਨੂੰ ਕੇਂਦਰ ਸਰਕਾਰ ਵੱਲੋਂ ਮਨਜ਼ੂਰੀ ਮਿਲਣੀ ਬਾਕੀ ਹੈ।ਯਾਦ ਰਹੇ ਕਿ ਸ਼੍ਰੋਮਣੀ ਕਮੇਟੀ ਲਈ 170 ਮੈਂਬਰ ਚੁਣੇ ਜਾਂਦੇ ਹਨ, ਜੋ ਲੰਬੇ ਸਮੇਂ ਤੋਂ ਪੈਂਡਿੰਗ ਹਨ। ਇਨਾਂ ਵਿੱਚੋਂ 110 ਸੀਟਾਂ ਪੰਜਾਬ ਵਿੱਚ ਅਤੇ 8 ਸੀਟਾਂ ਹਰਿਆਣਾ ਵਿੱਚ ਹਨ, ਜਦੋਂ ਕਿ 1-1 ਸੀਟ ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ ਵਿੱਚ ਹੈ। ਹਾਲਾਂਕਿ ਇਸ ਵਿੱਚ ਇੱਕ ਪੇਚ ਇਹ ਵੀ ਹੈ ਕਿ ਹਰਿਆਣਾ ਨੇ ਆਪਣੀ ਵੱਖਰੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾ ਲਈ ਹੈ। ਹਾਲਾਂਕਿ ਇਹ ਮਾਮਲਾ ਹਾਈ ਕੋਰਟ ਵਿੱਚ ਵਿਚਾਰ ਅਧੀਨ ਹੈ। ਇਸ ਵਾਰ ਸ਼੍ਰੋਮਣੀ ਕਮੇਟੀ ਵਿਚ ਨਵੀਆਂ ਰਾਜਨੀਤਕ ਪੱਧਰ ਉਪਰ ਤਬਦੀਲੀਆਂ ਦੇਖਣ ਨੂੰ ਮਿਲਣਗੀਆਂ, ਕਿਉਂਕਿ ਸਿੱਖ ਪੰਥ ਵਿਚ ਬਾਦਲ ਪਰਿਵਾਰ ਆਪਣਾ ਵਾਜੂਦ ਗੁਆ ਰਿਹਾ ਹੈ। ਇਨਾਂ ਚੋਣਾਂ ਦੌਰਾਨ ਭਾਜਪਾ ਤੇ ਆਪ ਪਾਰਟੀ ਆਪਣੇ ਉਮੀਦਵਾਰ ਡੰਮੀ ਪੰਥਕ ਸੰਸਥਾਵਾਂ ਦੇ ਨਾਮ ਖੜੇ ਕਰ ਸਕਦੀ ਹੈ। ਇਸ ਬਾਰੇ ਸਮੂਹ ਪੰਥ ਨੂੰ ਸੁਚੇਤ ਹੋਣ ਦੀ ਲੋੜ ਹੈ।

## ਸੁਪਰੀਮ ਕੋਰਟ ਵਿੱਚ ਸਿੱਖ ਜੱਜ

ਸੰਗਰੂਰ ਤੋਂ ਲੋਕ ਸਭਾ ਲਈ ਚੁਣੇ ਗਏ ਸਿਮਰਨਜੀਤ ਸਿੰਘ ਮਾਨ ਨੇ ਪਿਛਲੇ ਦਿਨੀਂ ਲੋਕ ਸਭਾ ਵਿੱਚ ਇਹ ਮੁੱਦਾ ਉਠਾਇਆ ਕਿ ਭਾਰਤ ਦੀ ਸੁਪਰੀਮ ਕੋਰਟ ਵਿੱਚ ਕੋਈ ਸਿੱਖ ਜੱਜ ਕਿਉਂ ਨਹੀਂ ਹੈ ? ਇਸ ਤੇ ਭਾਰਤ ਦੇ ਕਨੂੰਨ ਮੰਤਰੀ ਨੇ ਬਹੁਤ ਹੀ ਦੋਗਲੀ ਪੱਧਰ ਦਾ ਜੁਆਬ ਦਿੱਤਾ ਕਿ ਭਾਰਤ ਵਿੱਚ ਕਿਸੇ ਧਰਮ ਲਈ ਅਜਿਹਾ ਰਾਖਵਾਂਕਰਨ ਨਹੀਂ ਹੈ ਜਿਸ ਅਧੀਨ ਸਿੱਖਾਂ ਨੂੰ ਸੁਪਰੀਮ ਕੋਰਟ ਵਿੱਚ ਜੱਜ ਨਿਯੁਕਤ ਕੀਤਾ ਜਾਵੇ। ਸਿਮਰਨਜੀਤ ਸਿੰਘ ਮਾਨ ਨੇ ਇਹ ਸੁਆਲ ਤਾਂ ਉਠਾਇਆ ਸੀ ਕਿਉਂਕਿ ਭਾਰਤ ਦੇ ਕਾਨੂੰਨ ਮੰਤਰੀ ਨੇ ਆਖਿਆ ਸੀ ਕਿ ਸੁਪਰੀਮ ਕੋਰਟ ਵਿੱਚ ਬਿਹਾਰ ਅਤੇ ਉੱਤਰ ਪ੍ਰਦੇਸ਼ ਤੋਂ ਬਹੁਤ ਘੱਟ ਜੱਜ ਆ ਰਹੇ ਹਨ। ਜਿਹੜਾ ਕਾਨੂੰਨ ਮੰਤਰੀ ਬਿਹਾਰ ਅਤੇ ਉੱਤਰ ਪ੍ਰਦੇਸ਼ ਤੋਂ ਜੱਜਾਂ ਦੀ ਗਿਣਤੀ ਘਟਣ ਬਾਰੇ ਫਿਕਰ ਕਰ ਰਿਹਾ ਹੈ ਉਹ ਸਿੱਖਾਂ ਦੀ ਗਿਣਤੀ ਘਟਣ ਬਾਰੇ ਬਿਲਕੁਲ ਹੀ ਰੁੱਖਾ ਜੁਆਬ ਦਿੰਦਾ ਹੈ। ਸੁਆਲ ਇਹ ਹੈ ਕਿ ਜੇ ਉਹ ਬਿਹਾਰ ਅਤੇ ਉੱਤਰ ਪ੍ਰਦੇਸ਼ ਦੇ ਜੱਜਾਂ ਦੀ ਗਿਣਤੀ ਘਟਣ ਦਾ ਫਿਕਰ ਕਰ ਰਿਹਾ ਹੈ ਤਾਂ ਸਿੱਖ ਜੱਜਾਂ ਦੀ ਗਿਣਤੀ ਘਟਣ ਦਾ ਫਿਕਰ ਕਿਉਂ ਨਹੀਂ ਹੈ ? ਇਹ ਨਸਲਵਾਦ ਤੇ ਫਿਰਕਾਪ੍ਰਸਤੀ ਹੈ।

ਭਾਰਤੀ ਸੁਪਰੀਮ ਕੋਰਟ ਵਿੱਚ ਜੱਜਾਂ ਦੀ ਨਿਯੁਕਤੀ ਕਈ ਢੰਗਾਂ ਨਾਲ ਹੁੰਦੀ ਹੈ। ਇਨਾਂ ਨਿਯੁਕਤੀਆਂ ਵਿੱਚ ਸੁਪਰੀਮ ਕੋਰਟ ਦੇ ਜੱਜਾਂ ਦਾ ਸਮੂਹ, ਜਿਸਨੂੰ ਕਿ ਕੋਲੀਜ਼ੀਅਮ ਕਿਹਾ ਜਾਂਦਾ ਹੈ ਉਹ ਅਤੇ ਸਰਕਾਰ ਮਿਲਕੇ ਅਜਿਹੀਆਂ ਨਿਯੁਕਤੀਆਂ ਕਰਦੀ ਹੈ। ਕਈ ਵਾਰ ਹੁੰਦਾ ਇਹ ਹੈ ਕਿ ਸੁਪਰੀਮ ਕੋਰਟ ਦੇ ਜੱਜਾਂ ਦਾ ਸਮੂਹ ਕਿਸੇ ਹਾਈਕੋਰਟ ਦੇ ਜੱਜ ਨੂੰ ਜਾਂ ਸੀਨੀਅਰ ਵਕੀਲ ਨੂੰ ਜੱਜ ਨਿਯੁਕਤ ਕਰਨਾ ਚਾਹੁੰਦਾ ਹੈ ਪਰ ਦੇਸ਼ ਦਾ ਗ੍ਰਹਿ ਮੰਤਰੀ ਉਹ ਨਿਯੁਕਤੀ ਰੋਕ ਦੇਂਦਾ ਹੈ। ਉਸਦੇ ਕਈ ਕਾਰਨ ਹੋ ਸਕਦੇ ਹਨ। ਪਿਛਲੇ ਸਮੇਂ ਦੌਰਾਨ ਅਮਿਤ ਸ਼ਾਹ ਨੇ ਇੱਕ ਅਜਿਹੇ ਮਾਮਲੇ ਵਿੱਚ ਦਖਲ ਦੇਕੇ ਇੱਕ ਸੀਨੀਅਰ ਵਕੀਲ ਨੂੰ ਜੱਜ ਨਿਯੁਕਤ ਹੋਣ ਤੋਂ ਰੋਕ ਦਿੱਤਾ ਸੀ। ਸੁਪਰੀਮ ਕੋਰਟ ਦੇ ਜੱਜ ਜਿਸ ਵਿਅਕਤੀ ਦੀ ਲਿਆਕਤ ਤੋਂ ਕਾਇਲ ਸਨ, ਅਮਿਤ ਸ਼ਾਹ ਨੇ ਉਸ ਸੀਨੀਅਰ ਵਕੀਲ ਨੂੰ ਇਸ ਲਈ ਸੁਪਰੀਮ ਕੋਰਟ ਦਾ ਜੱਜ ਨਹੀਂ ਸੀ ਲੱਗਣ ਦਿੱਤਾ ਕਿਉਂਕਿ ਇੱਕ ਕੇਸ ਵਿੱਚ ਉਹ ਸੀਨੀਅਰ ਵਕੀਲ ਅਮਿਤ ਸ਼ਾਹ ਦੇ ਖਿਲਾਫ ਭੁਗਤਿਆ ਸੀ। ਉਸ ਵਕੀਲ ਦਾ ਕਾਨੂੰਨੀ ਤੌਰ 'ਤੇ ਬਹੁਤ ਸਿਆਣਾ ਹੋਣਾਂ ਕੋਈ ਮਾਅਨੇ ਨਹੀਂ ਰੱਖਦਾ, ਸੱਤਾ ਦੀ ਸਿਫਾਰਸ਼ ਅਰਥ ਰੱਖਦੀ ਹੈ।

ਇਸ ਤੋਂ ਪ੍ਰਤੱਖ ਹੈ ਕਿ ਭਾਰਤੀ ਸੁਪਰੀਮ ਕੋਰਟ ਦੇ ਜੱਜਾਂ ਦੀ ਨਿਯੁਕਤੀ ਉਨਾਂ ਦੇ ਕਾਨੂੰਨੀ ਗਿਆਨ ਦੇ ਆਧਾਰ 'ਤੇ ਨਹੀਂ ਕੀਤੀ ਜਾਂਦੀ ਬਲਕਿ ਸਰਕਾਰੀ ਸਿਫਾਰਸ਼ ਅਧੀਨ ਕੀਤੀ ਜਾਂਦੀ ਹੈ ਤਾਂ ਜੋ ਨਿਆਂ ਸਰਕਾਰ ਅਧੀਨ ਰਹੇ। ਜੇ ਕਿਸੇ ਸੀਨੀਅਰ ਜੱਜ ਜਾਂ ਵਕੀਲ ਨੇ ਮਨੁੱਖੀ ਹੱਕਾਂ ਦੇ ਹੱਕ ਵਿੱਚ ਫੈਸਲੇ ਲਏ ਹੁੰਦੇ ਹਨ ਤਾਂ ਉਸਨੂੰ ਭਵਿੱਖ ਦਾ ਖਤਰਾ ਸਮਝਕੇ ਪਹਿਲਾਂ ਹੀ ਕਤਾਰ ਵਿੱਚੋਂ ਬਾਹਰ ਕੱਢ ਦਿੱਤਾ ਜਾਂਦਾ ਹੈ। ਸਿਰਫ ਉਸੇ ਨੂੰ ਚੁਣਿਆ ਜਾਂਦਾ ਹੈ ਜੋ ਸਰਕਾਰ ਪ੍ਰਸਤ ਹੋਵੇ।

ਹਾਲ ਵਿੱਚ ਸੁਪਰੀਮ ਕੋਰਟ ਦੇ ਜੱਜਾਂ ਨੇ ਭਾਰਤ ਸਰਕਾਰ ਖਿਲਾਫ ਜੋ ਸਖਤ ਟਿੱਪਣੀਆਂ ਕੀਤੀਆਂ ਹਨ ਉਹ ਇਸੇ ਕਰਕੇ ਹੀ ਹੈ ਕਿ ਪਿਛਲੇ ਸਮੇਂ ਦੌਰਾਨ ਕੁਝ ਨਿਰਪੱਖ ਤੇ ਨਿਆਂਕਾਰੀ ਜੱਜ ਸੁਪਰੀਮ ਕੋਰਟ ਵਿੱਚ ਦਾਖਲ ਹੋ ਗਏ ਸਨ। ਹੁਣ ਹੌਲੀ ਹੌਲੀ ਇਨਾਂ ਨੂੰ ਮੂਕ ਕੀਤਾ ਜਾ ਰਿਹਾ ਹੈ। ਅਗਲੇ ਪੰਜ ਸੱਤ ਸਾਲਾਂ ਤੱਕ ਸੁਪਰੀਮ ਕੋਰਟ ਵਿੱਚੋਂ ਸਰਕਾਰ ਦੀ ਨੁਕਤਾਚੀਨੀ ਕਰਨ ਵਾਲੀ ਅਵਾਜ਼ ਬੰਦ ਕਰ ਦਿੱਤੀ ਜਾਵੇਗੀ।

ਕਿਸੇ ਵੀ ਸਿੱਖ ਜੱਜ ਤੇ ਸੱਤਾ ਦਾ ਵਿਸ਼ਵਾਸ ਨਹੀਂ ਹੈ। ਜਸਟਿਸ ਕੁਲਦੀਪ ਸਿੰਘ ਨੇ ਸ਼ਹੀਦ ਜਸਵੰਤ ਸਿੰਘ ਖਾਲੜਾ ਵੱਲੋਂ ਜਾਰੀ ਕੀਤੀ ਸਿੱਖਾਂ ਦੇ ਕਤਲਾਂ ਦੀ ਸੂਚੀ ਤੇ ਜੋ ਨੋਟਿਸ ਲਿਆ ਅਤੇ ਵਧੀਆ ਭੂਮਿਕਾ ਨਿਭਾਈ ਉਹ ਭਾਰਤੀ ਤੰਤਰ ਲਈ ਸਹਿਣਯੋਗ ਨਹੀਂ ਸੀ। ਹੁਣ ਉਹ ਅਜਿਹਾ ਕੋਈ ਵੀ ਖਤਰਾ ਮੁੱਲ ਨਹੀਂ ਲਵੇਗੀ।



# ਬੇਲੋੜੀਆਂ ਤੇ ਮੁਫ਼ਤ ਦੀਆਂ ਸਰਕਾਰੀ ਸਹੂਲਤਾਂ ਵੋਟਾਂ ਲਈ ਸੌਦੇਬਾਜ਼ੀ ਦੀ ਸਿਆਸਤ

**ਮਹਿੰਦਰ ਸਿੰਘ ਦੁਸਾਂਝ**

ਜੇਕਰ ਪੰਜਾਬ ਦੀ ਗੱਲ ਕਰੀਏ ਤਾਂ ਬਹੁਤੇ ਸਮਕਾਲੀ ਰਾਜਾਂ ਨਾਲੋਂ ਪੰਜਾਬ ਵਿਚ ਭੁੱਖ ਨਾਲ ਮਰਨ ਵਾਲੇ ਲੋਕਾਂ ਦੀ ਗਿਣਤੀ ਨਾਮਾਤਰ ਹੀ ਹੋਵੇਗੀ, ਇਸ ਵਿਚ ਕੋਈ ਸ਼ੱਕ ਨਹੀਂ ਕਿ ਖਾਣ-ਪੀਣ ਤੋਂ ਇਲਾਵਾ ਇੱਥੋਂ ਦੇ ਲੋਕਾਂ ਨੂੰ ਹੋਰ ਸਹੂਲਤਾਂ ਤੇ ਲੋੜਾਂ ਵਾਸਤੇ ਵੀ ਪੈਸੇ ਦੀ ਲੋੜ ਹੁੰਦੀ ਹੈ, ਇਨਾਂ ਦੀ ਪੂਰਤੀ ਵਾਸਤੇ ਜ਼ਰੂਰੀ ਹੈ ਕਿ ਸਰਕਾਰਾਂ ਲੋਕਾਂ ਲਈ ਨਵੇਂ ਰੁਜ਼ਗਾਰ ਦੇਣ ਦੇ ਪ੍ਰਬੰਧ ਕਰਨ, ਹਾਲਾਂਕਿ ਕੇਵਲ ਖਾਣ-ਪੀਣ ਦੀਆਂ ਲੋੜਾਂ ਲਈ ਅਸਿੱਖਿਅਤ ਕਾਮਿਆਂ ਲਈ ਵੀ ਕੰਮ ਦੀ ਇਥੇ ਕੋਈ ਕਮੀਂ ਨਹੀਂ ਹੈ, ਦਿਹਾੜੀਦਾਰ ਮਿਲ ਨਹੀਂ ਰਹੇ, ਸਮਕਾਲੀ ਸੂਬਿਆਂ ਤੋਂ ਆਏ ਮਜ਼ਦੂਰ ਲਾ ਕੇ ਕੰਮ ਦਾ ਬੁੱਤਾ ਸਾਰਿਆ ਜਾ ਰਿਹਾ ਹੈ। ਸਰਕਾਰਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਨਵੀਂ ਭਰਤੀ ਲਈ ਤਰਸਦੇ ਵਿਭਾਗਾਂ ਵਿਚ ਕੰਮ ਦੇ ਕੇ ਲੋਕਾਂ ਨੂੰ ਕਮਾਊ ਤੇ ਰੁਜ਼ਗਾਰਮੁਖੀ ਬਣਾਉਣ ਤਾਂ ਕਿ ਲੋਕ ਖ਼ੁਦ ਕਮਾਏ ਪੈਸੇ ਨਾਲ ਲੋੜੀਂਦੀ ਸਮੱਗਰੀ ਖ਼ਰੀਦ ਸਕਣ ਤੇ ਸਮੱਗਰੀ ਤਿਆਰ ਕਰਨ ਵਾਲੇ ਪਲਾਂਟ ਅਤੇ ਪ੍ਰਾਜੈਕਟ ਪ੍ਰਫੁੱਲਿਤ ਹੋਣ ਅਤੇ ਲੋਕਾਂ ਨੂੰ ਇਨਾਂ ਪ੍ਰਾਜੈਕਟਾਂ ਵਿਚ ਰੁਜ਼ਗਾਰ ਮਿਲ ਸਕਣ। ਪੰਜਾਬ ਵਿਚ ਮੁਫ਼ਤ ਦੀਆਂ ਸਹੂਲਤਾਂ ਤੇ ਸਬਸਿਡੀਆਂ ਪ੍ਰਾਪਤ ਕਰਨ ਲਈ ਨਿਮਨ ਸਮਾਜ ਦੇ ਵੀ ਦੋ ਵਰਗ ਹਨ, ਇਕ ਲੋੜ ਯੁਕਤ ਤੇ ਦੂਜਾ ਲੋੜ ਮੁਕਤ। ਇਸ ਸਮਾਜ ਦੇ ਲੋੜ ਮੁਕਤ ਲੋਕਾਂ ਨੇ ਵੀ ਸਸਤੀ ਤੇ ਮੁਫ਼ਤ ਸਮੱਗਰੀ ਲੈਣ ਲਈ ਨੀਲੇ ਪੀਲੇ ਤੇ ਕਈ ਤਰਾਂ ਦੇ ਪਾਸ ਬਣਾਏ ਹੋਏ ਹਨ ਤੇ ਇਨਾਂ ਵਿਚੋਂ ਵੀ ਕਈ ਲੋਕਾਂ ਦੇ ਪਰਿਵਾਰਾਂ ਦੇ ਆਪਣੇ ਸਫਲ ਕਾਰੋਬਾਰ ਹਨ, ਕਈ ਅਸਿੱਧੇ ਢੰਗ ਨਾਲ ਨੌਕਰੀਆਂ ਕਰਦੇ ਤੇ ਕਾਰਾਂ ਤੇ ਮੋਟਰਾਂ ਸਾਈਕਲਾਂ 'ਤੇ ਸਬਸਿਡੀ ਵਾਲਾ ਅਨਾਜ ਲੈਣ ਲਈ ਅਕਸਰ ਆਉਂਦੇ ਵੇਖੇ ਜਾ ਸਕਦੇ ਹਨ ਅਤੇ ਕਈ ਲੋਕ ਸਰਕਾਰ ਤੋਂ ਨਾਮਾਤਰ ਕੀਮਤ 'ਤੇ ਅਨਾਜ ਲੈ ਕੇ ਵੇਚਦੇ ਵੀ ਵੇਖੇ ਗਏ ਹਨ। ਅਜਿਹੇ ਲੋਕਾਂ ਨੂੰ ਮੁਫ਼ਤ ਦੀਆਂ ਸਹੂਲਤਾਂ ਦੇ ਗੱਫੇ ਤੇ ਸਬਸਿਡੀਆਂ ਦੇਣ ਵਾਸਤੇ ਹੀ ਪਿਛਲੀਆਂ ਸਰਕਾਰਾਂ ਵਲੋਂ ਪੰਜਾਬ ਸਿਰ ਤਿੰਨ ਲੱਖ ਕਰੋੜ ਰੁਪਏ ਦਾ ਕਰਜ਼ਾ ਚਾੜ ਦਿੱਤਾ ਗਿਆ ਹੈ, ਜਿਸ 'ਤੇ 20 ਹਜ਼ਾਰ ਕਰੋੜ ਰੁਪਏ ਸਾਲ ਦਾ ਵਿਆਜ ਤਾਰਨਾ ਪੈਂਦਾ ਹੈ। ਅਜੋਕੀ ਪੰਜਾਬ ਸਰਕਾਰ ਨੇ ਵੀ ਆਪਣੀ ਸਥਾਪਨਾ ਦੀ ਪਹਿਲੀ ਤਿਮਾਹੀ ਅੰਦਰ ਹੀ 9 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਚੁੱਕ ਕੇ ਹਰ ਸਾਲ ਕਰੋੜਾਂ ਰੁਪਏ ਦਾ ਵਿਆਜ ਤਾਰਨ ਲਈ ਬੂਹੇ ਖੋਲ ਦਿੱਤੇ ਹਨ। ਪੰਜਾਬ ਅੰਦਰ ਵਿਸ਼ਾਲ ਭੀੜ ਨੂੰ ਮੁਫ਼ਤ ਦੀਆਂ ਤੇ ਸਸਤੀਆਂ ਨਿਆਮਤਾਂ ਵੰਡਣ ਲਈ ਸਰਕਾਰਾਂ ਦੀ ਖੁੱਲਦਿਲੀ ਕਰਕੇ ਹੀ ਸਰਕਾਰੀ ਖਜ਼ਾਨੇ ਦਾ ਦਮਖਮ ਖ਼ਤਮ ਹੁੰਦਾ ਜਾ ਰਿਹਾ ਹੈ ਤੇ ਰਾਜ ਦੇ ਬੁਨਿਆਦੀ ਢਾਂਚੇ ਨੂੰ ਉਸਾਰਨ ਦੇ ਕੰਮ ਨੂੰ ਸਖ਼ਤ ਸੱਟ ਵਜ ਰਹੀ ਹੈ ਅਤੇ ਪੰਜਾਬ ਦੇ ਵਿਕਾਸ ਨੂੰ ਨਵੀਂ ਗਤੀ ਤੇ ਦਿਸ਼ਾ ਪ੍ਰਦਾਨ ਕਰਨ ਦੇ ਯਤਨਾਂ ਨੂੰ ਬਰੇਕਾਂ ਲੱਗ ਰਹੀਆਂ ਹਨ।

ਸਸਤੀਆਂ ਤੇ ਮੁਫ਼ਤ ਦੀਆਂ ਸਹੂਲਤਾਂ ਲਈ ਸਮਾਜ ਸੇਵਕਾਂ ਦੇ ਇਮਾਨਦਾਰ ਪੈਨਲਾਂ ਰਾਹੀਂ ਜਿਨਾਂ ਲੋਕਾਂ ਦੀ ਪਛਾਣ ਤੇ ਚੋਣ ਕਰਨੀ ਚਾਹੀਦੀ ਹੈ, ਉਨਾਂ ਵਿਚ ਕੇਵਲ ਲਾਵਾਰਸ ਬੱਚੇ, ਬਿਰਧ, ਅਪਾਹਜ, ਉੱਚਤਮ ਪੜਾਈ ਲਈ ਪੈਸੇ ਦੀ ਘਾਟ ਵਾਲੇ ਵਿਦਿਆਰਥੀ ਅਤੇ ਇਲਾਜ ਲਈ ਕਮਾਈ ਤੋਂ ਵਾਂਝੇ ਮਰੀਜ਼ ਸ਼ਾਮਿਲ ਹੋਣੇ ਚਾਹੀਦੇ ਹਨ। ਕੋਈ ਵੀ ਮੁਫ਼ਤ ਦੀ ਸਹੂਲਤ ਤੇ ਸਬਸਿਡੀ ਲੋੜਵੰਦ ਲੋਕਾਂ ਵਲੋਂ ਮੰਗ ਕਰਨ 'ਤੇ ਅਤੇ ਨਿਰਖ-ਪਰਖ ਤੋਂ ਬਾਅਦ ਹੀ ਦੇਣੀ ਚਾਹੀਦੀ ਹੈ। ਪਰ ਅਫ਼ਸੋਸ ਇਸ ਕਰਕੇ ਹੈ ਕਿ ਕੇਵਲ ਕੁਝ ਦਹਾਕੇ ਪਹਿਲਾਂ ਪੰਜਾਬ ਦੇ ਗ਼ਰੀਬ ਲੋਕ ਵੀ ਮਿਹਨਤ, ਵਿਉਂਤਬੰਦੀ ਤੇ ਸੰਯਮ ਰਾਹੀਂ ਆਲੇ-ਦੁਆਲੇ ਕੁਦਰਤ ਤੇ ਹਾਲਾਤ ਦੇ ਝੰਬੇ ਲੋਕਾਂ ਦੀ ਦਾਣੇ-ਫੱਕੇ ਤੇ ਹੋਰ ਲੋੜੀਂਦੇ ਸਹਿਯੋਗ ਨਾਲ ਖੁਸ਼ ਹੋ ਕੇ ਮਦਦ ਕਰਦੇ ਸਨ ਪਰ ਅੱਜ ਸਭ ਕੁਝ ਹੁੰਦਿਆਂ-ਸੁੰਦਿਆਂ ਸਮਾਜ ਦੇ ਇਕ ਵੱਡੇ ਹਿੱਸੇ ਨੂੰ ਰਾਜਨੀਤਕ ਨੇਤਾਵਾਂ ਵਲੋਂ ਭਿਖਾਰੀਆਂ ਵਾਲੀ ਮਾਨਸਿਕਤਾ ਨਾਲ ਜੋੜ ਦਿੱਤਾ ਗਿਆ ਹੈ। ਰਾਜਸੱਤਾ 'ਤੇ ਕਾਬਜ਼ ਹੋਈਆਂ ਪਾਰਟੀਆਂ ਦੇ ਨੇਤਾਵਾਂ ਵਲੋਂ ਚੋਣਾਂ ਤੋਂ ਪਹਿਲਾਂ ਮੁਫ਼ਤ ਜਾਂ ਸਸਤੀ ਸਰਕਾਰੀ ਸਮੱਗਰੀ ਦੇਣ ਲਈ ਕੀਤੇ ਐਲਾਨਾਂ ਰਾਹੀ ਵੋਟਾਂ ਦੀ ਸੌਦੇਬਾਜ਼ੀ ਦਾ ਚੇਤਾ ਕਰਾਉਣ ਲਈ ਹੁਣ ਬਹੁਤੇ ਲੋਕ ਵੀ ਸ਼ਰਮ ਅਤੇ ਝਿਜਕ ਮੰਨਣ ਤੋਂ ਅਤੇ ਸਮਰੱਥਾਹੀਣ ਸਰਕਾਰੀ ਖਜ਼ਾਨੇ 'ਤੇ ਤਰਸ ਕਰਨ ਤੋਂ ਹਟ ਗਏ ਹਨ। ਹਾਲਾਂਕਿ ਬਾਕੀ ਵਰਗਾਂ ਦੇ ਨਾਲ-ਨਾਲ ਨਿਮਨ ਵਰਗ ਦੇ ਲੋਕਾਂ ਨੂੰ ਸਰਕਾਰੀ ਸਹੂਲਤਾਂ ਦੀਆਂ ਸਸਤੀਆਂ ਰਿਊੜੀਆਂ ਪ੍ਰਾਪਤ ਕਰਨ ਨਾਲੋਂ ਵਧੀਆ, ਸਸਤੀਆਂ ਤੇ ਲੋੜੀਂਦੀਆਂ ਸਿਹਤ ਸਹੂਲਤਾਂ, ਆਪਣੇ ਬੱਚਿਆਂ ਲਈ ਸਸਤੀ ਤੇ ਸਾਰਥਕ ਵਿੱਦਿਆ ਦੀ ਲੋੜ ਨੂੰ ਪਹਿਲ ਦੇਣੀ ਚਾਹੀਦੀ ਹੈ। ਰਾਜ ਅੰਦਰ ਬਿਜਲੀ ਦਾ ਕੁਸ਼ਲ ਪ੍ਰਬੰਧ, ਸਾਫ਼-ਸੁਥਰੀਆਂ ਗਲੀਆਂ ਤੇ ਸੜਕਾਂ ਅਤੇ ਸਾਫ਼-ਸੁਥਰੇ ਵਾਤਾਵਰਨ ਲਈ ਯਤਨ ਅਤੇ ਖ਼ਰਚੇ ਕਰਨ ਲਈ ਸਰਕਾਰਾਂ ਤੋਂ ਮੰਗ ਕਰਨੀ ਚਾਹੀਦੀ ਹੈ ਤੇ ਅਜਿਹੀ ਸੇਧ ਵਿਚ ਸਰਕਾਰਾਂ ਕੁਝ ਕਰਦੀਆਂ ਹਨ ਤਾਂ ਹਰ ਵਰਗ ਦੇ ਲੋਕਾਂ ਵਲੋਂ ਸਰਕਾਰਾਂ ਨੂੰ ਸਹਿਯੋਗ ਮਿਲਣਾ ਚਾਹੀਦਾ ਹੈ। ਥੋੜਾ ਸਮਾਂ ਪਹਿਲਾਂ 31 ਦਸੰਬਰ, 2021 ਤੋਂ ਲੈ ਕੇ 30 ਜੂਨ, 2022 ਤੱਕ 28 ਲੱਖ 10 ਹਜ਼ਾਰ ਬਿਜਲੀ ਦੇ ਉਂਨਾਂ ਖਪਤਕਾਰਾਂ ਦੇ ਬਿੱਲ ਬਿਨਾਂ ਕਾਰਨ ਤੋਂ ਮੁਆਫ਼ ਕੀਤੇ ਗਏ ਹਨ, ਜਿਨਾਂ ਨੇ ਲਗਭਗ 6 ਮਹੀਨੇ ਬਿੱਲ ਨਾ ਤਾਰ ਕੇ ਆਰਥਿਕ ਬੋਝ ਹੇਠ ਦੱਬੀ ਪਾਵਰਕਾਮ ਨੂੰ ਲਗਾਤਾਰ ਠੁੱਠ ਵਿਖਾਇਆ, ਜਦਕਿ ਅਜਿਹੀ ਕਾਰਵਾਈ ਨਾਲ ਆਪਣਾ ਨੈਤਿਕ ਫ਼ਰਜ਼ ਸਮਝ ਕੇ ਨਿਰੰਤਰ ਬਿੱਲ ਜਮਾਂ ਕਰਾਉਣ ਵਾਲੇ ਖਪਤਕਾਰ ਆਪਣੇ-ਆਪ ਨੂੰ ਠਗਿਆ ਮਹਿਸੂਸ ਕਰ ਰਹੇ ਹਨ, ਹਾਲਾਂਕਿ ਜਿਸ ਫੰਡ ਵਿਚੋਂ ਡਿਫਾਲਟਰ ਖਪਤਕਾਰਾਂ ਦੇ ਬਿੱਲ ਮੁਆਫ਼ ਕੀਤੇ ਗਏ ਹਨ, ਉਸ ਵਿਚ ਨਿਰੰਤਰ ਬਿੱਲ ਤਾਰ ਕੇ ਸਰਕਾਰ ਨੂੰ ਸਹਿਯੋਗ ਦੇਣ ਵਾਲੇ ਖਪਤਕਾਰਾਂ ਦਾ ਵੀ ਹਿੱਸਾ ਸੀ।

ਬਿਨਾਂ ਮੰਗਿਆਂ ਤੇ ਬਿਨਾਂ ਕੋਈ ਕੰਮ ਕੀਤਿਆਂ ਪ੍ਰਾਪਤ ਹੋਈਆਂ ਮੁਫ਼ਤ ਦੀਆਂ ਸਰਕਾਰੀ ਸਹੂਲਤਾਂ ਦਾ ਕਿੰਨਾ ਕੁ ਸਦਉਪਯੋਗ ਤੇ ਕਿੰਨਾ ਕੁ ਦੁਰਉਪਯੋਗ ਹੁੰਦਾ ਹੈ, ਇਸ ਦਾ ਮੁਲਾਂਕਣ ਕਰਨਾ ਬਣਦਾ ਹੈ। ਪਿੱਛੇ 'ਅਜੀਤ' ਦੇ 4 ਜੁਲਾਈ, 2022 ਦੇ ਅੰਕ ਵਿਚ ਛਪਿਆ ਮੇਰਾ ਲੇਖ ਪੜ ਕੇ ਬਰਨਾਲੇ ਦੇ ਨੇੜਿਓਂ ਮੇਰੇ ਇਕ ਪਾਠਕ ਦਾ ਫੋਨ ਅਇਆ ਤੇ ਉਸ ਨੇ ਦੱਸਿਆ ਕਿ 'ਸਖ਼ਤ ਵੱਤ ਦੇ ਦਿਨਾਂ ਵਿਚ ਵੀ ਮੈਨੂੰ ਕਿਸੇ ਜ਼ਰੂਰੀ ਕੰਮ ਲਈ ਅੰਮ੍ਰਿਤਸਰ ਜਾਣਾ ਪਿਆ ਤੇ ਮੈਂ ਬਰਨਾਲੇ ਤੋਂ ਬੱਸ ਵਿਚ ਬੈਠ ਗਿਆ, ਇਸ ਬਸ ਵਿਚ ਤਿੰਨ ਬੀਬੀਆਂ ਵੀ ਬੈਠੀਆਂ ਸਨ, ਅੰਮ੍ਰਿਤਸਰ ਪਹੁੰਚ ਕੇ ਬੱਸ ਨੇ ਦੋ ਢਾਈ ਘੰਟੇ ਬਾਅਦ ਮੁੜ ਬਰਨਾਲੇ ਲਈ ਚੱਲਣਾ ਸੀ। ਬੱਸ ਦੇ ਮੁੜ ਚੱਲਣ ਤੋਂ ਪਹਿਲਾਂ ਮੈਂ ਆ ਕੇ ਵੇਖਿਆ ਕਿ ਤਿੰਨੇ ਉਹ ਬੀਬੀਆਂ ਵੀ ਬੱਸ ਵਿਚ ਬੈਠੀਆਂ ਸਨ, ਜਦ ਮੈਂ ਪੁੱਛਿਆ ਕਿ 'ਤੁਸੀਂ ਗੁਰਦੁਆਰੇ ਮੱਥਾ ਟੇਕਣ ਗਈਆਂ ਸੀ?' ਤਾਂ ਇਕ ਬੀਬੀ ਨੇ ਦੱਸਿਆ, 'ਕਾਹਨੂੰ ਵੀਰਾ: ਅਸੀਂ ਤਾਂ ਕਿੱਲੋ ਕਿੱਲੋ ਡੇਢ ਡੇਢ ਕਿੱਲੋ ਅੰਮ੍ਰਿਤਸਰੀ ਬੜੀਆਂ ਲੈਣ ਆਈਆਂ ਸੀ। ਬੱਸ ਵਿਚ ਕਿਰਾਇਆ ਲੱਗਣਾ ਨਹੀਂ ਸੀ ਤੇ ਅਸੀਂ ਵੜੀਆਂ ਲੈਣ ਆ ਗਈਆਂ।' ਹੁਣ ਪਾਠਕ ਜ਼ਰਾ ਸੋਚਣ ਵੜੀਆਂ ਦੇ ਸੌਦੇ ਵਿਚੋਂ ਉਨਾਂ ਬੀਬੀਆਂ ਨੂੰ ਕਿੰਨਾ ਫਾਇਦਾ ਹੋਇਆ, ਤੇ ਬਰਨਾਲੇ ਤੋਂ ਅੰਮ੍ਰਿਤਸਰ ਤੱਕ ਬੇਟਿਕਟੀਆਂ ਸਵਾਰੀਆਂ ਲਿਜਾ ਕੇ ਟਰਾਂਸਪੋਰਟ ਵਿਭਾਗ ਨੂੰ ਕਿੰਨਾ ਘਾਟਾ ਸਹਿਣਾ ਪਿਆ? ਇਸ ਦਾ ਅੰਦਾਜ਼ਾ ਪਾਠਕ ਖ਼ੁਦ ਵੀ ਲਾ ਸਕਦੇ ਹਨ।

# ਘਟੀਆ ਪੁਲਿਸ ਪ੍ਰਬੰਧ ਦਾ ਨਤੀਜਾ ਗੈਂਗਸਟਰ

**ਸਮਾਜਿਕ ਮੁਦਾ**

**ਕ੍ਰਿਸ਼ਨ ਪ੍ਰਤਾਪ**

'ਗੈਂਗਸਟਰ' ਇਕ ਅਜਿਹਾ ਸ਼ਬਦ ਹੈ ਜਿਸ ਨੇ ਅੱਜ-ਕੱਲ ਪੰਜਾਬੀ ਕੀ, ਹਰ ਸੁਹਿਰਦ ਦੇਸ਼-ਵਾਸੀ ਨੂੰ ਚਿੰਤਤ ਕੀਤਾ ਹੋਇਆ ਹੈ। ਭਾਵੇਂ ਗੈਂਗਸਟਰਾਂ ਨੇ ਪਹਿਲਾਂ ਵੀ ਬਹੁਤ ਵਾਰਦਾਤਾਂ ਕਰ ਕੇ ਆਪਣਾ ਸਮਾਜ ਪ੍ਰਤੀ ਗੁੱਸਾ ਪ੍ਰਗਟਾਇਆ ਹੈ ਪਰ ਸਿੱਧੂ ਮੂਸੇਵਾਲਾ ਕਤਲ ਕਾਂਡ ਨੇ ਸਭ ਨੂੰ ਦਿਲੋਂ ਹਿਲਾ ਕੇ ਰੱਖ ਦਿੱਤਾ ਹੈ। ਇਹ ਗੱਲ ਤਾਂ ਪੱਕੀ ਹੈ ਕਿ ਕੋਈ ਵੀ ਬੱਚਾ ਮਾਂ ਦੇ ਪੇਟੋਂ ਗੈਂਗਸਟਰ ਬਣ ਕੇ ਨਹੀਂ ਜੰਮਦਾ ਹੈ। ਨਾ ਹੀ ਮਾਪੇ ਚਾਹੁੰਦੇ ਹਨ ਕਿ ਉਨਾਂ ਦਾ ਬੱਚਾ ਇਸ ਰਾਹ 'ਤੇ ਪੈ ਜਾਵੇ। ਇਹ ਤਾਂ ਸਾਡੇ ਸਮਾਜ ਅਤੇ ਭ੍ਰਿਸ਼ਟ ਨੇਤਾਵਾਂ ਦੇ ਬਣਾਏ ਹੋਏ ਹਾਲਾਤ ਹੀ ਸਾਡੇ ਬੱਚਿਆਂ ਨੂੰ ਇਸ ਰਾਹ 'ਤੇ ਤੁਰਨ ਲਈ ਮਜਬੂਰ ਕਰੀ ਜਾ ਰਹੇ ਹਨ।ਮੈਂ ਨਿੱਜੀ ਤੌਰ 'ਤੇ ਇਕ ਅਜਿਹੇ ਨੌਜਵਾਨ ਨੂੰ ਜਾਣਦਾ ਹਾਂ ਜਿਸ ਨੂੰ ਸਾਡੇ ਘਟੀਆ ਪੁਲਿਸ ਪ੍ਰਬੰਧ ਨੇ ਇਸ ਰਸਤੇ 'ਤੇ ਤੋਰ ਦਿੱਤਾ ਸੀ। ਮਾਮੂਲੀ ਜਿਹੇ ਝਗੜੇ ਵਿਚ ਉਸ ਦਾ ਨਾਂ ਜਾਣ-ਬੁੱਝ ਕੇ ਲਿਖਵਾਇਆ ਗਿਆ। ਸ਼ਰੀਕਾਂ ਨੂੰ ਪਤਾ ਸੀ ਕਿ ਉਸ ਪਰਿਵਾਰ ਨੇ ਅਮਰੀਕਾ ਵਿਚ ਜਾਣਾ ਹੈ। ਉਨਾਂ ਨੇ ਗਿਣੀ-ਮਿੱਥੀ ਸਾਜ਼ਿਸ਼ ਤਹਿਤ ਝਗੜਾ ਸਹੇੜਿਆ ਅਤੇ ਮਗਰੋਂ ਪੁਲਿਸ ਨਾਲ ਮਿਲ ਕੇ ਕਾਲਜ ਪੜਦੇ ਉਸ ਬੱਚੇ ਦਾ ਨਾਮ ਉਸ ਮਾਮਲੇ ਵਿਚ ਸ਼ਾਮਲ ਕਰਵਾ ਦਿੱਤਾ। ਸੋਨੇ ਦੇ ਆਂਡੇ ਖਾਣ ਦੇ ਚੱਕਰ ਵਿਚ ਪੁਲਿਸ ਉਸ ਦੇ ਪਰਿਵਾਰ ਨੂੰ ਤੰਗ-ਪ੍ਰੇਸ਼ਾਨ ਕਰਨ ਲੱਗ ਪਈ। ਜ਼ਿਆਦਾ ਲਾਲਚ ਆਉਣ ਕਾਰਨ ਪੁਲਿਸ ਵਾਲੇ ਉਸ ਨੂੰ ਤੱਤਾ ਹੀ ਲਪਕਣਾ ਚਾਹੁੰਦੇ ਸਨ। ਸੱਚਾ-ਸੁੱਚਾ ਹੁੰਦਾ ਹੋਣ ਕਾਰਨ ਉਹ ਨੌਜਵਾਨ ਇਹ ਧੱਕੇਸ਼ਾਹੀ ਜ਼ਿਆਦਾ ਦੇਰ ਤਕ ਬਰਦਾਸ਼ਤ ਨਾ ਕਰ ਸਕਿਆ। ਵਾਰ-ਵਾਰ ਲਾਲਚੀ ਮੂੰਹ ਭਰਨ ਦੀ ਥਾਂ ਉਸ ਨੇ ਇਹ ਬਥਾੜੇ ਭੰਨਣ ਦਾ ਨਿਰਣਾ ਕਰ ਲਿਆ।

ਔਖੇ ਵੇਲੇ ਸਾਡੇ ਘਰ ਵਿਚ ਪਨਾਹ ਲੈਣ ਵਾਲਾ ਮੇਰਾ ਇਹ ਆੜੀ, ਸੱਚ ਲਈ ਲੜਨ ਦੀ ਸਹੁੰ ਖਾ ਕੇ ਸਦਾ ਲਈ ਇਸ ਸਮਾਜ ਤੋਂ ਬਾਗੀ ਹੋ ਗਿਆ। ਆਪਣੇ 'ਤੇ ਹੋਏ ਜ਼ੁਲਮਾਂ ਦਾ ਬਦਲਾ ਲੈਂਦਾ-ਲੈਂਦਾ ਉਹ ਹੋਰ ਜ਼ਾਲਮਾਂ ਨੂੰ ਵੀ ਸੋਧਣ ਲੱਗ ਪਿਆ। ਫਿਰ ਤਾਂ ਉਸ ਦਾ ਨਾਂ ਹੋਰ ਵਾਰਦਾਤਾਂ ਵਿਚ ਬੋਲਣ ਲੱਗ ਪਿਆ। ਇਕ ਦਿਨ ਕਿਸੇ ਹੋਰ ਵਿਰੋਧੀ ਗੈਂਗ ਦੇ ਨਿਸ਼ਾਨੇ 'ਤੇ ਆਉਣ ਕਾਰਨ ਉਹ ਮਾਰਿਆ ਗਿਆ। ਉਸ ਦੇ ਕਤਲ ਦੀ ਖ਼ਬਰ ਸੁਣ ਕੇ ਮੈਂ ਤਾਂ ਸੁੰਨ ਹੋ ਕੇ ਰਹਿ ਗਿਆ ਸਾਂ। ਸਮਾਜ ਦੀਆਂ ਨਜ਼ਰਾਂ ਵਿਚ ਉਹ ਅਪਰਾਧੀ ਹੋਵੇਗਾ।

ਅਸਲ ਵਿਚ ਉਸ ਨੂੰ ਅਪਰਾਧੀ ਬਣਾਉਣ ਲਈ ਸਾਡਾ ਖ਼ਸਤਾ ਢਾਂਚਾ ਜ਼ਿੰਮੇਵਾਰ ਸੀ। ਅਮਰੀਕਾ ਵਰਗੇ ਮੁਲਕ ਵਿਚ ਆਪਣਾ ਜੀਵਨ ਸ਼ੁਰੂ ਕਰਨ ਦੇ ਸੁਪਨੇ ਲੈਣ ਵਾਲੇ ਗੱਭਰੂ ਨੂੰ ਸਾਡੇ ਕੁਸ਼ਾਸਨ ਨੇ ਅਪਰਾਧ ਦੀ ਦੁਨੀਆ ਵਿਚ ਧੱਕ ਦਿੱਤਾ ਸੀ। ਜਿਉਂਦੇ ਜੀਅ ਜਦ ਉਹ ਆਪਣੇ ਸੁਪਨਿਆਂ ਅਤੇ ਵਰਤਮਾਨ ਦੀ ਜ਼ਿੰਦਗੀ ਦੀ ਤੁਲਨਾ ਕਰਦਾ ਹੀ ਹੋਵੇਗਾ ਤਾਂ ਉਸ ਵਕਤ ਉਸ ਨੂੰ ਸਾਡੇ ਸਮਾਜ, ਪੁਲਿਸ ਅਤੇ ਸਰਕਾਰ 'ਤੇ ਕਿੰਨਾ ਗੁੱਸਾ ਆਉਂਦਾ ਹੋਵੇਗਾ? ਉਸ ਦੇ ਮਾਪਿਆਂ ਅਤੇ ਰਿਸ਼ਤੇਦਾਰਾਂ ਦੀ ਮਾਨਸਿਕ ਸਥਿਤੀ ਕਿੰਨੀ ਤਰਸਯੋਗ ਹੋਵੇਗੀ? ਅਸੀਂ ਇਸ ਗੱਲ ਦਾ ਅੰਦਾਜ਼ਾ ਲਾ ਹੀ ਨਹੀਂ ਸਕਦੇ ਹਾਂ। ਕਿਉਂਕਿ ਸਾਡੀਆਂ ਨਜ਼ਰਾਂ ਵਿਚ ਤਾਂ ਉਹ ਇਕ ਅਪਰਾਧੀ ਸੀ। ਅਸੀਂ ਉਸ ਦੇ ਇਸ ਰਸਤੇ 'ਤੇ ਪੈਣ ਦੇ ਕਾਰਨ ਨਹੀਂ ਜਾਣਦੇ ਹਾਂ।

ਮੈਂ ਦਾਅਵੇ ਨਾਲ ਆਖਦਾ ਹਾਂ ਕਿ ਲਗਭਗ ਇਹੋ ਜਿਹੀ ਹੀ ਕਹਾਣੀ ਉਸ ਹਰ ਭਟਕੇ ਹੋਏ ਨੌਜਵਾਨ ਦੀ ਹੋਵੇਗੀ ਜਿਸ ਨੂੰ ਅਸੀਂ ਗੈਂਗਸਟਰ ਸਮਝ ਕੇ ਨਫ਼ਰਤ ਕਰਦੇ ਹਾਂ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਨਾਂ ਨੌਜਵਾਨਾਂ ਨੂੰ ਇਸ ਦਲਦਲ ਵਿੱਚੋਂ ਬਾਹਰ ਕਿਵੇਂ ਕੱਢਿਆ ਜਾਵੇ? ਇਸ ਦੇ ਲਈ ਸਰਕਾਰ ਅਤੇ ਸਮਾਜ ਰਲ ਕੇ ਅਜਿਹੇ ਕਿਹੜੇ ਕਦਮ ਚੁੱਕਣ ਕਿ ਕੋਈ ਬੱਚਾ ਇਸ ਰਾਹ ਨੂੰ ਨਾ ਚੁਣੇ। ਗੈਂਗਸਟਰ ਦੀ ਫੀਤੀ ਲਵਾਉਣ ਵਾਲੇ ਇਹ ਆਪਣੇ ਹੀ ਸਮਾਜ ਦੇ ਭਟਕੇ ਹੋਏ ਬੱਚੇ ਹਨ। ਸਾਨੂੰ ਇਨਾਂ ਪ੍ਰਤੀ ਹਮਦਰਦੀ ਭਰਿਆ ਵਤੀਰਾ ਰੱਖਣਾ ਪਵੇਗਾ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਨਾਂ ਨੌਜਵਾਨਾਂ ਲਈ ਇਕ ਖ਼ਾਸ ਕਮਿਸ਼ਨ ਬਣਾਵੇ। ਇਹ ਕਮਿਸ਼ਨ ਇਨਾਂ ਸਾਰੇ ਨੌਜਵਾਨਾਂ ਬਾਰੇ ਜਾਣਕਾਰੀ ਹਾਸਲ ਕਰ ਕੇ ਉਨਾਂ ਨੂੰ ਸੁਧਾਰਨ ਅਤੇ ਸਿੱਖਿਅਤ ਕਰਨ ਦਾ ਪ੍ਰਬੰਧ ਕਰੇ। ਜੇਲ੍ਹਾਂ ਵਿਚ ਬੰਦ ਨੌਜਵਾਨਾਂ ਦੀ ਮਾਨਸਿਕਤਾ ਬਦਲਣ ਲਈ ਵਿਸ਼ੇਸ਼ ਕੈਂਪ ਲਗਾਏ ਜਾਣ ਤੇ ਸੈਮੀਨਾਰ ਕਰਵਾਏ ਜਾਣ ਜਿਨਾਂ 'ਚ ਇਨਾਂ ਨੂੰ ਇਹ ਜਾਨਲੇਵਾ ਰਾਹ ਛੱਡ ਕੇ ਨਵੀਂ ਜ਼ਿੰਦਗੀ ਸ਼ੁਰੂ ਕਰਨ ਲਈ ਪ੍ਰੇਰਿਤ ਕੀਤਾ ਜਾਵੇ। ਜਿਹੜੇ ਨੌਜਵਾਨਾਂ ਨੇ ਬਹੁਤ ਗੰਭੀਰ ਅਪਰਾਧ ਨਹੀਂ ਕੀਤੇ ਹਨ, ਉਨਾਂ ਦੇ ਕੇਸ ਜਲਦ ਤੋਂ ਜਲਦ ਹਮਦਰਦੀ ਪੂਰਵਕ ਨਿਬੇੜ ਕੇ ਉਨਾਂ ਨਾਲ ਛੇਤੀ ਨਿਆਂ ਕੀਤਾ ਜਾਵੇ। ਜੇ ਕੋਈ ਨੌਜਵਾਨ ਆਮ ਜ਼ਿੰਦਗੀ ਸ਼ੁਰੂ ਕਰਨ ਲਈ ਰਾਜ਼ੀ ਹੁੰਦਾ ਹੈ ਤਾਂ ਉਸ ਦੀ ਸਜ਼ਾ ਘੱਟ ਜਾਂ ਮਾਫ਼ ਕਰਨ ਦਾ ਕਾਨੂੰਨ ਵੀ ਬਣਾਇਆ ਜਾਵੇ। ਇਸ ਦੇ ਨਾਲ ਹੀ ਇਹ ਮਦ ਵੀ ਰੱਖੀ ਜਾਵੇ ਕਿ ਜੇ ਉਹ ਝੂਠ ਦਾ ਸਹਾਰਾ ਲੈ ਕੇ ਸਜ਼ਾ ਮਾਫ਼ੀ ਦਾ ਲਾਭ ਉਠਾਵੇਗਾ ਤਾਂ ਭਵਿੱਖ ਵਿਚ ਉਹ ਵੱਧ ਸਜ਼ਾ ਦਾ ਹੱਕਦਾਰ ਹੋਵੇਗਾ। ਵਿਸ਼ੇਸ਼ ਨਿਗਰਾਨੀ ਅਧੀਨ ਉਨਾਂ ਨੂੰ ਸੁਧਰਨ ਲਈ ਕੁਝ ਸਮਾਂ ਦਿੱਤਾ ਜਾਵੇ। ਜੇ ਕਿਸੇ ਇਲਾਕੇ ਵਿਚ ਕੋਈ ਘਟਨਾ ਵਾਪਰ ਜਾਵੇ ਤਾਂ ਬਿਨਾਂ ਪੁਖਤਾ ਸਬੂਤਾਂ ਦੇ ਰਿਹਾਅ ਹੋਏ ਨੌਜਵਾਨਾਂ ਨੂੰ ਥਾਣੇ ਨਾ ਸੱਦਿਆ ਜਾਵੇ। ਜੇ ਕੋਈ ਵਿਅਕਤੀ ਇਸ ਦਲਦਲ ਵਿਚੋਂ ਨਿਕਲ ਕੇ ਕਿਸੇ ਖ਼ਾਸ ਖੇਤਰ ਵਿਚ ਆਪਣੇ ਕਿਸੇ ਅਧੂਰੇ ਪਏ ਸੁਪਨੇ ਨੂੰ ਪੂਰਾ ਕਰਨਾ ਚਾਹੁੰਦਾ ਹੈ ਤਾਂ ਉਸ ਦੀ ਸਹਾਇਤਾ ਕੀਤੀ ਜਾਵੇ।

ਜਿਹੜੇ ਨੌਜਵਾਨ ਪੁਲਿਸ ਕੇਸਾਂ ਦੇ ਡਰ ਕਾਰਨ ਭਗੌੜੇ ਹੋਏ ਹਨ ਉਨਾਂ ਨੂੰ ਪੂਰਨ ਇਨਸਾਫ਼ ਦੇਣ ਦਾ ਵਾਅਦਾ ਕਰ ਕੇ ਉਨਾਂ ਨੂੰ ਘਰ ਵਾਪਸੀ ਦਾ ਇਕ ਖ਼ਾਸ ਮੌਕਾ ਦਿੱਤਾ ਜਾਵੇ। ਉਨਾਂ ਦੇ ਕੇਸਾਂ ਦੀ ਛੇਤੀ ਤੋਂ ਛੇਤੀ ਨਿਰਪੱਖ ਜਾਂਚ ਕਰਵਾ ਕੇ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਕੀਤਾ ਜਾਵੇ। ਕਿਸੇ ਵੀ ਵਿਅਕਤੀ ਨੂੰ ਨਾਜਾਇਜ਼ ਕੇਸ ਵਿਚ ਫਸਾਉਣ ਵਾਲੇ ਜਾਂਚ ਅਧਿਕਾਰੀ 'ਤੇ ਸਖ਼ਤ ਕਾਨੂੰਨੀ ਕਾਰਵਾਈ ਕਰਨ ਦਾ ਕਾਨੂੰਨ ਬਣਾਇਆ ਜਾਵੇ। ਸਰਕਾਰ ਵੱਲੋਂ ਪੁਲਿਸ ਨੂੰ ਦਿੱਤੀਆਂ ਗਈਆਂ ਅਸੀਮ ਸ਼ਕਤੀਆਂ ਘਟਾਉਣੀਆਂ ਪੈਣਗੀਆਂ। ਅਜਿਹਾ ਇਸ ਲਈ ਕਿਉਂਕਿ ਜ਼ਿਆਦਾਤਰ ਕੇਸਾਂ ਵਿਚ ਪੁਲਿਸ-ਪ੍ਰਬੰਧ ਇਸ ਸਭ ਲਈ ਜ਼ਿੰਮੇਵਾਰ ਬਣਦਾ ਹੈ। ਜੇ ਕਿਸੇ ਕੇਸ ਵਿਚ ਕਿਸੇ ਵਿਅਕਤੀ ਨੂੰ ਨਾਜਾਇਜ਼ ਫਸਾਇਆ ਪਾਇਆ ਜਾਂਦਾ ਹੈ ਤਾਂ ਸਬੰਧਤ ਪੁਲਿਸ ਅਧਿਕਾਰੀਆਂ ਨੂੰ ਸਜ਼ਾ ਦੇਣ ਦਾ ਸਖ਼ਤ ਕਾਨੂੰਨ ਹੋਣਾ ਅਤਿ-ਲਾਜ਼ਮੀ ਹੈ।

ਸਰਕਾਰ ਨੂੰ ਆਪਣੀ ਸੱਭਿਆਚਾਰਕ ਨੀਤੀ ਵਿਚ ਵੀ ਵੱਡੀ ਤਬਦੀਲੀ ਕਰਨ ਦੀ ਲੋੜ ਹੈ। ਹਥਿਆਰਾਂ ਅਤੇ ਗੁੰਡਾਗਰਦੀ ਨੂੰ ਹੱਲਾਸ਼ੇਰੀ ਦੇਣ ਵਾਲੇ ਗੀਤਾਂ ਅਤੇ ਫਿਲਮਾਂ 'ਤੇ ਪਾਬੰਦੀ ਲਾਈ ਜਾਵੇ। ਇਸ ਕੰਮ ਲਈ ਮਜ਼ਬੂਤ ਸੈਂਸਰ ਬੋਰਡ ਬਣਾਇਆ ਜਾਵੇ। ਕੋਈ ਵੀ ਗੀਤ ਜਾਂ ਫਿਲਮ ਉਸ ਦੀ ਮਨਜ਼ੂਰੀ ਤੋਂ ਬਿਨਾਂ ਚਲਾਉਣ ਦੀ ਆਗਿਆ ਨਾ ਹੋਵੇ। ਅਪਰਾਧ ਦੀ ਦੁਨੀਆ ਵਿਚ ਦਾਖ਼ਲ ਹੋਣ ਤੋਂ ਬਾਅਦ ਦੇ ਕਰੂਰ ਜੀਵਨ ਬਾਰੇ ਵਿਸ਼ੇਸ਼ ਨਾਟਕ ਅਤੇ ਫਿਲਮਾਂ ਦਾ ਨਿਰਮਾਣ ਕਰਵਾਇਆ ਜਾਵੇ। ਇਸ ਵਰਤਾਰੇ ਦੇ ਵਾਧੇ ਵਿਚ ਬੇਲਗਾਮ ਸੋਸ਼ਲ ਮੀਡੀਆ ਨੇ ਬਹੁਤ ਵੱਡਾ ਯੋਗਦਾਨ ਪਾਇਆ ਹੈ। ਸੋਸ਼ਲ ਮੀਡੀਆ ਦੇ ਹਰੇਕ ਅਕਾਊਂਟ ਨੂੰ ਆਧਾਰ ਕਾਰਡ ਨਾਲ ਜੋੜਿਆ ਜਾਵੇ ਤਾਂ ਜੋ ਗ਼ਲਤ ਅਨਸਰ ਇਸ ਦਾ ਦੁਰ-ਉਪਯੋਗ ਨਾ ਕਰ ਸਕਣ। ਭਾਵੇਂ ਦਹਾਕਿਆਂ ਵਿਚ ਪੈਦਾ ਹੋਈ ਇਹ ਸਮੱਸਿਆ ਇਕ ਦਿਨ ਵਿਚ ਹੀ ਹੱਲ ਨਹੀਂ ਹੋ ਸਕਦੀ ਪਰ ਜੇ ਇਸ ਨੂੰ ਹੱਲ ਕਰਨ ਲਈ ਸਾਰਥਕ ਅਤੇ ਇਮਾਨਦਾਰਨਾ ਕਦਮ ਚੁੱਕੇ ਜਾਣ ਤਾਂ ਇਸ ਦਾ ਸਥਾਈ ਹੱਲ ਕੀਤਾ ਜਾ ਸਕਦਾ ਹੈ। ਦੁਨੀਆ ਵਿਚ ਕੋਈ ਵੀ ਸਮੱਸਿਆ ਅਜਿਹੀ ਨਹੀਂ ਹੈ ਜਿਸ ਦਾ ਕੋਈ ਹੱਲ ਨਹੀਂ ਹੈ। ਜੇਕਰ ਸਰਕਾਰ ਵਾਕਿਆ ਹੀ ਲੋਕਾਂ ਨੂੰ ਵਧੀਆ ਤੇ ਸੁਰੱਖਿਅਤ ਮਾਹੌਲ ਦੇਣਾ ਚਾਹੁੰਦੀ ਹੈ ਤਾਂ ਉਸ ਨੂੰ ਇਹ ਜ਼ਿੰਮੇਵਾਰੀ ਚੁੱਕਣੀ ਹੀ ਪਵੇਗੀ। ਹੋ ਸਕਦਾ ਹੈ ਕਿ ਸ਼ੁਰੂਆਤ ਵਿਚ ਕੁਝ ਤਕਲੀਫ਼ਾਂ ਅਤੇ ਮੁਸ਼ਕਲਾਂ ਆਉਣ ਪਰ ਜੇ ਦ੍ਰਿੜਤਾ ਨਾਲ ਇਸ ਰਾਹ ਉੱਤੇ ਚੱਲਿਆ ਜਾਵੇ ਤਾਂ ਸਫਲਤਾ ਮਿਲਣੀ ਯਕੀਨੀ ਹੈ।

# ਮਹਿੰਗਾਈ ਦੇ ਮੁੱਦੇ 'ਤੇ ਵਿਰੋਧੀ ਧਿਰ ਨੇ ਘੇਰੀ ਮੋਦੀ ਸਰਕਾਰ

## ✪ ਆਮ ਲੋਕਾਂ 'ਤੇ ਵਧੀਆਂ ਕੀਮਤਾਂ ਦੇ ਪੈ ਰਹੇ ਅਸਰ ਬਾਰੇ ਕੀਤੀ ਚਿੰਤਾ ✪ ਕਿਸਾਨਾਂ ਦੀ ਖੇਤੀ ਲਾਗਤ ਤੇ ਦਿਹਾਤੀ ਖੇਤਰ ਵਿਚ ਮਹਿੰਗਾਈ ਵਧਣ ਦਾ ਕੀਤਾ ਦਾਅਵਾ ✪ ਭਾਜਪਾ ਨੇ ਮਹਿੰਗਾਈ ਦਾ ਕਾਰਨ ਰੂਸ-ਯੂਕਰੇਨ ਜੰਗ ਤੇ ਆਲਮੀ ਸਮੱਸਿਆਵਾਂ ਨੂੰ ਦੱਸਿਆ

**ਸਰਕਾਰ ਮਹਿੰਗਾਈ ਦਾ ਜਵਾਬ ਦੇਣ ਦੇ ਬਜਾਇ ਜ਼ਿਆਦਾ ਜ਼ੋਰ ਦੇਸ਼ ਦੇ ਅਰਥਚਾਰੇ ਦੇ ਮਜ਼ਬੂਤ ਹੋਣ ਦੀ ਦਾਅਵੇਦਾਰੀ ਉੱਤੇ ਲਗਾਉਂਦੀ ਨਜ਼ਰ ਆਈ। ਪੈਟਰੋਲ, ਡੀਜ਼ਲ, ਰਸੋਈ ਗੈਸ ਆਦਿ ਦੀਆਂ ਵਧੀਆਂ ਕੀਮਤਾਂ ਅਤੇ ਸਰਕਾਰ ਵੱਲੋਂ ਆਟਾ, ਦਾਲਾਂ, ਦੁੱਧ, ਲੱਸੀ, ਮੱਖਣ ਸਮੇਤ ਪੈਕਟਾਂ ਵਾਲੀਆਂ ਵਸਤਾਂ ਉੱਤੇ ਜੀਐੱਸਟੀ ਲਗਾਉਣ ਨਾਲ ਪਹਿਲਾਂ ਹੀ ਦਬਾਅ ਹੇਠ ਆਏ ਮੱਧ ਵਰਗੀ ਅਤੇ ਗ਼ਰੀਬ ਪਰਿਵਾਰਾਂ ਦੇ ਘਰਾਂ ਦੇ ਬਜਟ ਡਗਮਗਾ ਰਹੇ ਹਨ। ਰਾਜ ਸਭਾ ਵਿਚ 22 ਜੁਲਾਈ ਨੂੰ ਦਿੱਤੇ ਜਵਾਬ ਅਨੁਸਾਰ ਪੈਟਰੋਲ ਅਤੇ ਡੀਜ਼ਲ ਉੱਤੇ ਆਬਕਾਰੀ ਡਿਊਟੀ ਤੋਂ ਪਿਛਲੇ ਛੇ ਸਾਲਾਂ ਦੌਰਾਨ ਕੇਂਦਰ ਸਰਕਾਰ ਨੇ 16 ਲੱਖ ਕਰੋੜ ਰੁਪਏ ਦਾ ਮਾਲੀਆ ਇਕੱਠਾ ਕੀਤਾ ਹੈ।**

**ਆਰਥਿਕ ਮਾਹਿਰਾਂ ਦਾ ਮੰਨਣਾ ਹੈ ਕਿ ਖ਼ੁਰਾਕੀ ਵਸਤਾਂ ਮਹਿੰਗੀਆਂ ਹੋਣ ਨਾਲ ਕੁਪੋਸ਼ਣ ਹੋਰ ਵਧਣ ਦਾ ਖ਼ਦਸ਼ਾ ਹੈ। ਪਹਿਲਾਂ ਕੋਵਿਡ ਕਾਰਨ 12.5 ਕਰੋੜ ਨੌਕਰੀਆਂ ਚਲੀਆਂ ਗਈਆਂ ਸਨ ਅਤੇ 84% ਲੋਕਾਂ ਦੀ ਆਮਦਨ ਵਿਚ ਕਮੀ ਆਈ ਸੀ। ਕੇਂਦਰ ਸਰਕਾਰ ਨੇ 2014-15 ਤੋਂ 2021 ਦੌਰਾਨ ਸਿਰਫ਼ 7.22 ਲੱਖ ਨੌਕਰੀਆਂ ਦਿੱਤੀਆਂ, ਇਨ੍ਹਾਂ ਨੌਕਰੀਆਂ ਵਾਸਤੇ 22 ਕਰੋੜ ਤੋਂ ਵੱਧ ਨੌਜਵਾਨਾਂ ਨੇ ਅਰਜ਼ੀਆਂ ਦਿੱਤੀਆਂ ਸਨ। ਇਸ ਤਰ੍ਹਾਂ ਨੌਕਰੀ ਦੀ ਇੱਛਾ ਰੱਖਣ ਵਾਲੇ ਨੌਜਵਾਨਾਂ ਵਿਚੋਂ 0.33 ਫ਼ੀਸਦੀ ਨੂੰ ਹੀ ਸਫ਼ਲਤਾ ਮਿਲੀ। ਵਿਰੋਧੀ ਧਿਰ ਨੇ ਮਹਿੰਗਾਈ ਬਾਰੇ ਸਰਕਾਰ ਦੀ ਖ਼ਾਮੋਸ਼ੀ ਉੱਤੇ ਇਤਰਾਜ਼ ਉਠਾਇਆ ਅਤੇ ਜੀਐੱਸਟੀ ਦੀਆਂ ਦਰਾਂ ਤੇ ਪੈਟਰੋਲ-ਡੀਜ਼ਲ ਤੋਂ ਡਿਊਟੀ ਘਟਾ ਕੇ ਲੋਕਾਂ ਨੂੰ ਰਾਹਤ ਦੇਣ ਦੀ ਮੰਗ ਕੀਤੀ ਗਈ। ਅਸਲ ਵਿਚ ਵਿਰੋਧੀ ਧਿਰ ਵੀ ਇਹੀ ਦੋਸ਼ ਲਗਾ ਰਹੀ ਹੈ ਕਿ ਸਰਕਾਰ ਨੇ ਆਮ ਲੋਕਾਂ ਉੱਤੇ ਟੈਕਸਾਂ ਦਾ ਬੋਝ ਪਾ ਕੇ ਆਪਣਾ ਖ਼ਜ਼ਾਨਾ ਤਾਂ ਭਰ ਲਿਆ ਪਰ ਲੋਕਾਂ ਨੂੰ ਕੋਈ ਰਾਹਤ ਨਹੀਂ ਦਿੱਤੀ।**

**ਨਵੀਂ ਦਿੱਲੀ/ਏ.ਟੀ.ਨਿਊਜ਼ :-** ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਮੈਂਬਰਾਂ ਨੇ ਦੇਸ਼ ਅੰਦਰ ਵਧਦੀ ਮਹਿੰਗਾਈ ਤੇ ਇਸ ਦੇ ਆਮ ਲੋਕਾਂ 'ਤੇ ਪੈ ਰਹੇ ਅਸਰ ਪ੍ਰਤੀ ਚਿੰਤਾ ਜ਼ਾਹਿਰ ਕਰਦਿਆਂ ਸਰਕਾਰ ਤੋਂ ਮੰਗ ਕੀਤੀ ਕਿ ਟੈਕਸ ਘਟਾ ਕੇ ਗਰੀਬ ਲੋਕਾਂ ਨੂੰ ਰਾਹਤ ਦਿੱਤੀ ਜਾਵੇ। ਹਾਲਾਂਕਿ ਭਾਜਪਾ ਮੈਂਬਰਾਂ ਨੇ ਕਿਹਾ ਕਿ ਦੇਸ਼ ਵਿਚ ਮਹਿੰਗਾਈ ਦਰ ਸਿਰਫ਼ 7 ਫੀਸਦ ਹੈ ਅਤੇ ਇਹ ਵੀ ਮੁੱਖ ਤੌਰ 'ਤੇ ਰੂਸ-ਯੂਕਰੇਨ ਜੰਗ ਅਤੇ ਆਲਮੀ ਸਮੱਸਿਆਵਾਂ ਕਾਰਨ ਹੋਈ ਹੈ। ਉਨ੍ਹਾਂ ਨਾਲ ਹੀ ਔਖੇ ਸਮਿਆਂ ਵਿਚ ਦੇਸ਼ ਦੀ ਆਰਥਿਕਤਾ ਨੂੰ ਸਹੀ ਦਿਸ਼ਾ ਦੇਣ ਲਈ ਸਰਕਾਰ ਦੀ ਸ਼ਲਾਘਾ ਕੀਤੀ।

ਜ਼ਰੂਰੀ ਵਸਤਾਂ ਦੀਆਂ ਵਧਦੀਆਂ ਕੀਮਤਾਂ ਬਾਰੇ ਰਾਜ ਸਭਾ ਵਿਚ ਹੋਈ ਬਹਿਸ ਵਿਚ ਹਿੱਸਾ ਲੈਂਦਿਆਂ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਰਾਘਵ ਚੱਢਾ ਨੇ ਕਿਹਾ ਕਿ ਇਸ ਸਮੇਂ ਮਹਿੰਗਾਈ ਕਾਰਨ ਭਾਰਤ ਦਾ ਦਿਹਾਤੀ ਖੇਤਰ ਵੀ ਪ੍ਰੇਸ਼ਾਨ ਹੈ। ਉਨ੍ਹਾਂ ਕਿਹਾ, 'ਪਿਛਲੇ ਸਾਲਾਂ ਦੌਰਾਨ ਕਿਸਾਨਾਂ ਦੀ ਖੇਤੀ ਲਾਗਤ 21 ਫੀਸਦ ਦੇ ਕਰੀਬ ਵੱਧ ਗਈ ਹੈ ਪਰ ਆਮਦਨ ਦੁੱਗਣੀ ਹੋਣ ਦੇ ਭਰੋਸੇ ਦੇ ਬਾਵਜੂਦ ਇਸ ਵਿਚ ਕੋਈ ਵਾਧਾ ਨਹੀਂ ਹੋਇਆ।' ਉਨ੍ਹਾਂ ਕਿਹਾ ਕਿ ਇਸ ਸਮੇਂ ਦੇਸ਼ ਦੇ ਦਿਹਾਤੀ ਖੇਤਰ 'ਚ ਸ਼ਹਿਰੀ ਖੇਤਰ ਮੁਕਾਬਲੇ ਮਹਿੰਗਾਈ ਦਰ ਵੱਧ ਹੈ ਜੋ ਦੇਸ਼ ਵਿਚ ਪਹਿਲੀ ਵਾਰ ਹੋਇਆ ਹੈ। ਉਨ੍ਹਾਂ ਕਿਹਾ ਕਿ ਵਧਦੀ ਮਹਿੰਗਾਈ ਲਈ ਊਰਜਾ ਟੈਕਸ, ਜੀਐੱਸਟੀ, ਰੁਪਏ ਦੀ ਘਟਦੀ ਕੀਮਤ ਸਮੇਤ ਕਈ ਕਾਰਨ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਪੈਟਰੋਲ 'ਤੇ ਡੀਜ਼ਲ 'ਤੇ ਲਾਏ ਗਏ ਟੈਕਸ ਤੇ ਲਗਾਤਾਰ ਵਧਾਏ ਜਾ ਰਹੇ ਜੀਐੱਸਟੀ ਕਾਰਨ ਆਮ ਲੋਕਾਂ 'ਤੇ ਮਹਿੰਗਾਈ ਦਾ ਬੋਝ ਵਧਿਆ ਹੈ। ਝਾਰਖੰਡ ਮੁਕਤੀ ਮੋਰਚਾ ਦੇ ਮਹੂਆ ਮਾਜੀ ਨੇ ਕਬਾਇਲੀ ਲੋਕਾਂ ਦਾ ਮੁੱਦਾ ਚੁੱਕਿਆ ਤੇ ਕਿਹਾ ਕਿ ਗਰੀਬੀ ਤੇ ਮਹਿੰਗਾਈ ਨੇ ਕਬਾਇਲੀ ਖੇਤਰ 'ਚ ਤਬਾਹੀ ਲਿਆਂਦੀ ਹੈ। ਕਾਂਗਰਸ ਆਗੂ ਰਜਨੀ ਅਸ਼ੋਕ ਰਾਓ ਪਾਟਿਲ ਨੇ ਕਿਹਾ ਕਿ ਵਧਦੀ ਮਹਿੰਗਾਈ ਕਾਰਨ ਔਰਤਾਂ ਜ਼ਿਆਦਾ ਪ੍ਰਭਾਵਿਤ ਹੋ ਰਹੀਆਂ ਹਨ ।ਡੀਐੱਮਕੇ ਆਗੂ ਤਿਰੁਚੀ ਸ਼ਿਵਾ ਨੇ ਕਿਹਾ ਕਿ ਸਰਕਾਰ ਨੂੰ ਰੁਪਏ ਦੀ ਕੀਮਤ ਸੁਧਾਰਨ ਲਈ ਕਦਮ ਚੁੱਕਣੇ ਚਾਹੀਦੇ ਹਨ। ਉਨ੍ਹਾਂ ਕਿਹਾ, 'ਤੁਸੀਂ ਕਾਰਪੋਰੇਟਾਂ ਨੂੰ ਲਾਹਾ ਪਹੁੰਚਾ ਰਹੇ ਹੋ ਤੇ ਗਰੀਬਾਂ ਨੂੰ ਮਾਰ ਰਹੇ ਹੋ।' ਵਾਈਐੱਸਆਰਸੀਪੀ ਦੇ ਵੀ ਵਿਜੈਸਾਈ ਰੈੱਡੀ ਨੇ ਕਿਹਾ ਕਿ ਮੌਜੂਦਾ ਕੇਂਦਰ ਸਰਕਾਰ ਮਹਿੰਗਾਈ ਨਾਲ ਨਜਿੱਠਣ ਵਿਚ ਨਾਕਾਮ ਰਹੀ ਹੈ। ਆਰਜੇਡੀ ਆਗੂ ਮਨੋਜ ਝਾਅ ਨੇ ਸਿਹਤ ਸੰਭਾਲ ਖੇਤਰ ਵਿਚ ਵਧਦੀ ਮਹਿੰਗਾਈ ਦੇ ਮੁੱਦੇ 'ਤੇ ਬਹਿਸ ਕਰਵਾਉਣ ਦੀ ਮੰਗ ਕੀਤੀ। ਕਾਂਗਰਸ ਆਗੂ ਰੰਜੀਤ ਰੰਜਨ ਨੇ ਕਿਹਾ ਕਿ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਧਣ ਕਾਰਨ ਸਭ ਤੋਂ ਵੱਧ ਪ੍ਰਭਾਵਿਤ ਗਰੀਬ ਤੇ ਮੱਧ ਵਰਗ ਹੋਇਆ ਹੈ। ਐੱਨਸੀਪੀ ਦੇ ਫੌਜ਼ੀਆ ਖਾਨ ਨੇ ਦੁੱਖ ਵਰਗੀਆਂ ਜ਼ਰੂਰੀ ਵਸਤਾਂ 'ਤੇ ਜੀਐੱਸਟੀ ਲਾਉਣ ਲਈ ਸਰਕਾਰ ਦੀ ਆਲੋਚਨਾ ਕੀਤੀ। ਆਰਐੱਲਡੀ ਦੇ ਜੈਅੰਤ ਚੌਧਰੀ ਨੇ ਕਿਸਾਨਾਂ ਦੀ ਖੇਤੀ ਲਾਗਤ ਵਧਣ ਦਾ ਮੁੱਦਾ ਚੁੱਕਿਆ। ਇਸ ਤੋਂ ਪਹਿਲਾਂ ਮਹਿੰਗਾਈ ਦੇ ਮੁੱਦੇ 'ਤੇ ਬਹਿਸ ਸ਼ੁਰੂ ਕਰਦਿਆਂ ਸੀਪੀਆਈ (ਐੱਮ) ਦੇ ਐਲਾਮਾਰਾਮ ਕਰੀਮ ਨੇ ਕਿਹਾ ਕਿ ਮੋਦੀ ਸਰਕਾਰ ਦੇ ਪਿਛਲੇ ਅੱਠ ਸਾਲਾਂ ਦੇ ਕਾਰਜਕਾਲ ਦੌਰਾਨ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਿਚ ਲਗਾਤਾਰ ਵਾਧਾ ਹੋਇਆ ਹੈ। ਟੀਐੱਮਸੀ ਆਗੂ ਡੈਰੇਕ ਓ ਬ੍ਰਾਇਨ ਨੇ ਕਿਹਾ, 'ਇੱਕ ਚੰਗੇ ਵਿਰੋਧੀ ਦੀ ਤਰਾਂ ਅਸੀਂ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਪਹਿਲਾਂ ਉਹ ਸਮੱਸਿਆ ਨੂੰ ਸਵੀਕਾਰ ਕਰਨ। ਜੇਕਰ ਤੁਸੀਂ ਸਮੱਸਿਆ ਨੂੰ ਸਵੀਕਾਰ ਨਹੀਂ ਕਰੋਗੇ ਤਾਂ ਇਸ ਨੂੰ ਹੱਲ ਕਿਵੇਂ ਕਰੋਗੇ।' ਕਾਂਗਰਸ ਆਗੂ ਸ਼ਕਤੀ ਸਿੰਘ ਗੋਹਿਲ ਨੇ ਕਿਹਾ ਕਿ ਲੋਕਤੰਤਰ ਵਿਚ ਸਰਕਾਰ ਨੂੰ ਵਿਰੋਧੀ ਧਿਰ ਦੀ ਸੁਣਨੀ ਚਾਹੀਦੀ ਹੈ ਪਰ ਅੱਜ ਅਜਿਹਾ ਨਹੀਂ ਹੈ। ਵਿਰੋਧੀ ਧਿਰ ਦੇ ਦੋਸ਼ਾਂ ਦਾ ਜਵਾਬ ਦਿੰਦਿਆਂ ਭਾਜਪਾ ਆਗੂ ਸੁਧਾਂਸ਼ੂ ਤ੍ਰਿਵੇਦੀ ਨੇ ਕਿਹਾ ਕਿ ਭਾਰਤ ਦੀ ਮਹਿੰਗਾਈ ਦਰ ਇਸ ਸਮੇਂ 7 ਫੀਸਦ ਹੈ ਜੋ ਦੁਨੀਆ ਵਿਚ ਸਭ ਤੋਂ ਘੱਟ ਮਹਿੰਗਾਈ ਦਰਾਂ ਵਿਚੋਂ ਇੱਕ ਹੈ। ਉਨ੍ਹਾਂ ਕਿਹਾ ਕਿ 63 ਮੁਲਕ ਹਨ ਜਿਨ੍ਹਾਂ ਦੀ ਮਹਿੰਗਾਈ ਦਰ 10 ਫੀਸਦ ਤੋਂ ਵੱਧ ਹੈ।



ਡਾਲਰ ਮੁਕਾਬਲੇ ਭਾਰਤੀ ਰੁਪਏ ਦੇ ਡਿੱਗਦੇ ਪੱਧਰ ਬਾਰੇ ਉਨ੍ਹਾਂ ਕਿਹਾ ਕਿ ਇਹ ਅਮਰੀਕੀ ਫੈਡਰਲ ਵੱਲੋਂ ਵਿਆਜ ਦਰ ਵਧਾਉਣ ਕਾਰਨ ਹੋਇਆ ਹੈ। ਉਨ੍ਹਾਂ ਕਿਹਾ ਕਿ ਭਾਰਤੀ ਰੁਪਈਆ ਫਿਰ ਵੀ ਯੇਨ, ਯੂਰੋ, ਪੌਂਡ ਤੇ ਕਈ ਹੋਰ ਮੁਲਕਾਂ ਦੀ ਕਰੰਸੀ ਨਾਲੋਂ ਮਜ਼ਬੂਤ ਹੈ। ਪ੍ਰਕਾਸ਼ ਜਾਵੜੇਕਰ ਨੇ ਕਿਹਾ ਕਿ ਕੇਂਦਰ ਸਰਕਾਰ ਲਗਾਤਾਰ ਵਧਦੀ ਮਹਿੰਗਾਈ ਨਾਲ ਨਜਿੱਠਣ ਲਈ ਕੰਮ ਕਰ ਰਹੀ ਹੈ।

ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਕਿਹਾ ਕਿ ਸਰਕਾਰ ਪ੍ਰਚੂਨ ਮਹਿੰਗਾਈ ਦਰ ਜੋ ਇਸ ਸਮੇਂ 7 ਫੀਸਦ ਦੇ ਕਰੀਬ ਹੈ, ਨਾਲ ਨਜਿੱਠਣ ਲਈ ਟੀਚਾ ਆਧਾਰਿਤ ਪਹੁੰਚ ਅਪਣਾ ਰਹੀ ਹੈ ਤੇ ਇਸ ਲਈ ਜ਼ਮੀਨੀ ਹਕੀਕਤਾਂ ਨੂੰ ਆਧਾਰ ਬਣਾਇਆ ਜਾ ਰਿਹਾ ਹੈ। ਉਨ੍ਹਾਂ ਰਾਜ ਸਭਾ ਵਿਚ ਮਹਿੰਗਾਈ ਦੇ ਮੁੱਦੇ 'ਤੇ ਬਹਿਸ ਦਾ ਜਵਾਬ ਦਿੰਦਿਆਂ ਕਿਹਾ ਕਿ ਕੁਝ ਮੁਲਕਾਂ ਵਿਚ ਬਣੇ ਹਾਲਾਤ ਤੇ ਇੱਥੋਂ ਤੱਕ ਕਿ ਕਈ ਵਿਕਸਿਤ ਦੇਸ਼ਾਂ ਮੁਕਾਬਲੇ ਭਾਰਤੀ ਅਰਥਚਾਰਾ ਬਿਹਤਰ ਸਥਿਤੀ ਵਿੱਚ ਹੈ। ਵਿੱਤ ਮੰਤਰੀ ਨੇ ਹਾਲਾਂਕਿ ਇਹ ਗੱਲ ਮੰਨੀ ਕਿ ਆਲਮੀ ਕਾਰਨਾਂ ਕਰਕੇ ਆਰਥਿਕਤਾ ਪ੍ਰਭਾਵਿਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਤੇ ਆਰਬੀਆਈ ਵੱਲੋਂ ਮਹਿੰਗਾਈ ਦਰ ਨੂੰ 7 ਫੀਸਦ ਤੋਂ ਘਟਾ ਕੇ 6 ਫੀਸਦ ਤੱਕ ਲਿਆਉਣ ਲਈ ਕਦਮ ਚੁੱਕੇ ਜਾ ਰਹੇ ਹਨ। ਵਿਰੋਧੀ ਧਿਰ ਵੱਲੋਂ ਗਰੀਬਾਂ ਦੀ ਥਾਂ ਅੰਬਾਨੀਆਂ ਤੇ ਅਡਾਨੀਆਂ ਲਈ ਕੰਮ ਕਰਨ ਦੇ ਲਾਏ ਜਾ ਰਹੇ ਦੋਸ਼ਾਂ ਬਾਰੇ ਉਨ੍ਹਾਂ ਕਿਹਾ ਕਿ ਅਜਿਹੇ ਬਿਆਨ ਮਹਿੰਗਾਈ ਵਰਗੇ ਅਹਿਮ ਮੁੱਦੇ 'ਤੇ ਬਹਿਸ ਦਾ ਸਿਆਸੀਕਰਨ ਕਰਦੇ ਹਨ।

## ਡਿੱਗਦਾ ਰੁਪਿਆ ਬਣਿਆ ਵੱਡਾ ਮਸਲਾ

ਲਗਾਤਾਰ ਕਮਜ਼ੋਰ ਹੋ ਰਿਹਾ ਰੁਪਿਆ ਇਨੀਂ ਦਿਨੀਂ ਚਰਚਾ ਵਿਚ ਹੈ। ਚਾਲੂ ਵਿੱਤੀ ਸਾਲ ਵਿਚ ਡਾਲਰ ਦੇ ਮੁਕਾਬਲੇ ਰੁਪਿਆ ਪੰਜ ਪ੍ਰਤੀਸ਼ਤ ਤੋਂ ਜ਼ਿਆਦਾ ਤਕ ਟੁੱਟ ਚੁੱਕਾ ਹੈ। ਇਹ ਯਕੀਨੀ ਤੌਰ 'ਤੇ ਚਿੰਤਾ ਦਾ ਸਬੱਬ ਹੈ। ਰੁਪਿਆ ਡਾਲਰ ਦੇ ਮੁਕਾਬਲੇ 80 ਦੇ ਦਾਇਰੇ ਵਿਚ ਝੂਲ ਰਿਹਾ ਹੈ ਅਤੇ ਆਉਣ ਵਾਲੇ ਸਮੇਂ ਵਿਚ ਇਹ ਹੋਰ ਤਿਲਕਣ ਦਾ ਸ਼ਿਕਾਰ ਹੋ ਸਕਦਾ ਹੈ। ਹਾਲਾਂਕਿ ਉਹ ਇਸ ਗਿਰਾਵਟ ਦੀ ਰਫ਼ਤਾਰ ਨੂੰ ਕੁਝ ਮੱਠੀ ਜ਼ਰੂਰ ਕਰ ਸਕਦਾ ਹੈ। ਕਿਸੇ ਵੀ ਦੇਸ਼ ਦੀ ਕਰੰਸੀ ਵਿਚ ਗਿਰਾਵਟ ਦੇ ਪਿੱਛੇ ਮੁੱਖ ਤੌਰ 'ਤੇ ਦੋ ਕਾਰਕ ਪ੍ਰਭਾਵੀ ਹੁੰਦੇ ਹਨ। ਪਹਿਲਾ ਇਹ ਕਿ ਦੇਸ਼ ਦੇ ਅਰਥਚਾਰੇ ਦੀ ਹਾਲਤ ਕਿੰਨੀ ਨਾਜ਼ੁਕ ਹੈ। ਇਸ ਤੋਂ ਇਹ ਤੈਅ ਹੁੰਦਾ ਹੈ ਕਿ ਬਾਹਰਲੇ ਝਟਕਿਆਂ ਨਾਲ ਨਜਿੱਠਣ ਵਿਚ ਉਹ ਕਿੰਨਾ ਸਮਰੱਥਾ ਹੁੰਦਾ ਹੈ। ਦੂਜਾ ਪਹਿਲੂ ਇਹ ਹੈ ਕਿ ਬਾਹਰਲੇ ਝਟਕੇ ਕਿੰਨੇ ਜ਼ੋਰਦਾਰ ਹਨ ? ਜ਼ੋਰਦਾਰ ਝਟਕਿਆਂ ਨੇ ਹੀ ਰੁਪਏ ਦੀ ਹਾਲਤ ਪਸਤ ਕੀਤੀ ਹੋਈ ਹੈ। ਵੈਸੇ ਰੁਪਿਆ ਪਹਿਲਾਂ ਵੀ ਅਜਿਹੇ ਹਾਲਾਤ ਨਾਲ ਦੋ-ਚਾਰ ਹੁੰਦਾ ਆਇਆ ਹੈ। ਸੰਨ 2008 ਦੇ ਆਲਮੀ ਵਿੱਤੀ ਸੰਕਟ ਵਿਚ ਵੀ ਇਹੀ ਹੋਇਆ ਸੀ ਜਦ ਰੁਪਏ 'ਤੇ ਭਾਰੀ ਗਿਰਾਵਟ ਦੀ ਮਾਰ ਪਈ ਸੀ। ਫਿਰ 2013 ਵਿਚ ਜਦ ਭਾਰਤ ਨੂੰ 'ਫ੍ਰੇਜਾਈਲ ਫਾਈਵ' ਅਰਥਾਤ ਦੁਨੀਆ ਦੇ ਪੰਜ ਨਾਜ਼ੁਕ ਅਰਥਚਾਰਿਆਂ ਵਿਚ ਗਿਣਿਆ ਜਾਣ ਲੱਗਾ ਤਾਂ ਉਸ ਸਮੇਂ ਵੀ ਰੁਪਏ ਵਿਚ ਗਿਰਾਵਟ ਦਾ ਰੁਖ਼ ਦੇਖਿਆ ਗਿਆ ਸੀ। ਲਗਭਗ ਇਸੇ ਤਰਾਂ ਦੇ ਕੌਮਾਂਤਰੀ ਕਾਰਕ ਇਸ ਸਮੇਂ ਪ੍ਰਭਾਵੀ ਬਣੇ ਹੋਏ ਹਨ। ਇਸ ਵਿਚ ਸਭ ਤੋਂ ਵੱਡੀ ਭੂਮਿਕਾ ਯੂਕਰੇਨ 'ਤੇ ਰੂਸ ਦੇ ਹਮਲੇ ਦੀ ਹੈ। ਇਹ ਜੰਗ ਛੇ ਮਹੀਨੇ ਤੋਂ ਜ਼ਿਆਦਾ ਲੰਬੀ ਖਿੱਚ ਗਈ ਅਤੇ ਅਜੇ ਵੀ ਕੁਝ ਨਹੀਂ ਕਿਹਾ ਜਾ ਸਕਦਾ ਕਿ ਇਹ ਕਦ ਤਕ ਚੱਲੇਗੀ ? ਇਸ ਕਾਰਨ ਦੁਨੀਆ ਭਰ ਵਿਚ ਊਰਜਾ ਅਤੇ ਖ਼ੁਰਾਕੀ ਉਤਪਾਦਾਂ ਵਰਗੀਆਂ ਤਮਾਮ ਜ਼ਰੂਰੀ ਵਸਤਾਂ ਦੇ ਭਾਅ ਅਸਮਾਨੀਂ ਚੜ੍ਹ ਗਏ ਹਨ। ਇਸ ਨੇ ਨਾ ਸਿਰਫ਼ ਕੌਮਾਂਤਰੀ ਪੱਧਰ 'ਤੇ ਮਹਿੰਗਾਈ ਨੂੰ ਭੜਕਾ ਦਿੱਤਾ ਹੈ ਬਲਕਿ ਕਈ ਦੇਸ਼ਾਂ ਦੇ ਵਪਾਰ ਸੰਤੁਲਨ ਨੂੰ ਵੀ ਅਸੰਤੁਲਿਤ ਕਰ ਦਿੱਤਾ ਹੈ। ਭਾਰਤ ਇਸ ਦਾ ਭੁਗਤ-ਭੋਗੀ ਹੈ। ਆਲਮੀ ਪੱਧਰ 'ਤੇ ਬੇਯਕੀਨੀ ਨੇ ਮੁਲਕ ਦੀ ਵਿਦੇਸ਼ੀ ਤਜਾਰਤ ਦੇ ਗਣਿਤ ਨੂੰ ਵਿਗਾੜ ਦਿੱਤਾ ਹੈ।

ਤਮਾਮ ਦੇਸ਼ਾਂ ਦੀ ਆਰਥਿਕਤਾ ਡਾਵਾਂਡੋਲ ਹੋਣ ਕਾਰਨ ਕੌਮਾਂਤਰੀ ਬਾਜ਼ਾਰ ਵਿਚ ਮੰਗ ਸੁਸਤ ਹੈ ਅਤੇ ਦੂਜਾ ਇਹ ਕਿ ਭਾਰਤ ਦੇ ਕਈ ਮੁਕਾਬਲੇਬਾਜ਼ ਬਰਾਮਦਕਾਰ ਮੁਲਕਾਂ ਦੀ ਕਰੰਸੀ ਵਿਚ ਰੁਪਏ ਦੀ ਤੁਲਨਾ ਵਿਚ ਜ਼ਿਆਦਾ ਗਿਰਾਵਟ ਆਈ ਹੈ ਤਾਂ ਉਨ੍ਹਾਂ ਦੀਆਂ ਬਰਾਮਦਾਂ ਵਿਸ਼ਵ ਬਾਜ਼ਾਰ ਵਿਚ ਕਿਤੇ ਜ਼ਿਆਦਾ ਆਕਰਸ਼ਕ ਹੋ ਗਈਆਂ ਹਨ।

ਅੰਮ੍ਰਿਤਸਰ ਟਾਈਮਜ਼ AMRITSAR TIMES

03 ਅਗਸਤ 2022 ਤੋਂ 09 ਅਗਸਤ 2022

## ਬਹਿਬਲ ਇਨਸਾਫ ਮੋਰਚਾ ਅਤੇ ਸਰਕਾਰ

2015 'ਚ ਵਾਪਰੇ ਬਰਗਾੜੀ ਬੇਅਦਬੀ ਅਤੇ ਬਹਿਬਲ ਗੋਲੀ ਕਾਂਡ ਸਬੰਧੀ ਨਿਆਂ ਦੇਣ ਵਿੱਚ ਹੋਈ ਦੇਰੀ ਲਈ ਪਿਛਲੇ ਸਮੇਂ ਤੋਂ ਮੁੜ ਤੋਂ ਮੋਰਚਾ ਚੱਲ ਰਿਹਾ ਹੈ। ਲੰਘੇ ਦਿਨੀਂ ਇਸ ਮੋਰਚੇ ਵਿੱਚ ਵੱਖ-ਵੱਖ ਪੰਥਕ ਜਥੇਬੰਦੀਆਂ ਦੇ ਆਗੂ ਅਤੇ ਸਰਕਾਰ ਦੇ ਨੁਮਾਇੰਦਿਆਂ ਨੇ ਹਾਜਰੀ ਭਰੀ ਹੈ। ਸਰਕਾਰ ਵੱਲੋਂ ਇੱਕ ਵਾਰ ਫਿਰ ਹੋਰ ਸਮਾਂ ਮੰਗਿਆ ਗਿਆ। ਮੋਰਚੇ ਦੇ ਆਗੂਆਂ ਨੇ 2015 'ਚ ਵਾਪਰੇ ਬਰਗਾੜੀ ਬੇਅਦਬੀ ਅਤੇ ਬਹਿਬਲ ਗੋਲੀ ਕਾਂਡ ਸਬੰਧੀ ਨਿਆਂ ਦੇਣ ਵਿੱਚ ਹੋਈ ਦੇਰੀ ਲਈ ਸਰਕਾਰ ਨੂੰ ਕੋਸਿਆ ਹੈ। ਉਨਾਂ ਦੋਸ਼ ਲਾਇਆ ਕਿ ਹਕੂਮਤ ਇਨਸਾਫ਼ ਦੇਣ ਪ੍ਰਤੀ ਸੰਜੀਦਾ ਨਹੀਂ ਹੈ। ਇਸ ਮੌਕੇ ਪਹੁੰਚੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਮੋਰਚੇ ਦੇ ਪ੍ਰਤੀਨਿਧਾਂ ਤੋਂ ਕੁਝ ਕਾਨੂੰਨੀ ਅੜਚਣਾਂ ਦੂਰ ਕਰਨ ਲਈ ਸਮਾਂ ਮੰਗਿਆ, ਜਿਸ ਮਗਰੋਂ ਪ੍ਰਤੀਨਿਧਾਂ ਨੇ ਸਰਕਾਰ ਨੂੰ 15 ਦਿਨਾਂ ਦਾ ਸਮਾਂ ਦਿੰਦਿਆਂ 16 ਅਗਸਤ ਤੋਂ ਸੰਘਰਸ਼ ਦੀ ਨਵੀਂ ਦਿਸ਼ਾ ਵਿਉਂਤਣ ਦਾ ਐਲਾਨ ਕੀਤਾ ਹੈ। ਇਸ ਦੌਰਾਨ ਸਿੱਖ ਸੰਗਤ ਨੂੰ 15 ਅਗਸਤ ਨੂੰ ਆਜ਼ਾਦੀ ਦਿਹਾੜੇ ਵਾਲੇ ਦਿਨ ਆਪੋ-ਆਪਣੇ ਘਰਾਂ 'ਤੇ ਕੇਸਰੀ ਨਿਸ਼ਾਨ ਸਾਹਿਬ ਝੁਲਾਉਣ ਦਾ ਸੱਦਾ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਭਾਰਤ ਸਰਕਾਰ ਨੇ ਆਜ਼ਾਦੀ ਦਿਹਾੜੇ ਮੌਕੇ 'ਹਰ ਘਰ ਤਿਰੰਗਾ' ਲਹਿਰਾਉਣ ਦਾ ਸੱਦਾ ਦਿੱਤਾ ਹੈ। ਮੋਰਚੇ 'ਚ ਹਾਜਰ ਵੱਖ-ਵੱਖ ਆਗੂਆਂ ਨੇ ਕਿਹਾ ਕਿ ਉਹ ਲੰਮੇ ਸਮੇਂ ਤੋਂ ਇਨਸਾਫ ਦੀ ਉਡੀਕ ਕਰ ਰਹੇ ਹਨ ਪਰ ਸਰਕਾਰਾਂ ਇਸ ਵਿਸ਼ੇ ਪ੍ਰਤੀ ਸੰਵੇਦਨਸ਼ੀਲ ਨਹੀਂ ਹਨ। ਉਨਾਂ ਕਿਹਾ ਕਿ ਪੰਜਾਬ ਦੀ ਨਵੀਂ ਸਰਕਾਰ ਨੇ ਵੀ ਹੋਂਦ 'ਚ ਆਉਣ ਤੋਂ ਪਹਿਲਾਂ ਨਿਆਂ ਦੇਣ ਦੀ ਗੱਲ ਆਖੀ ਸੀ ਪਰ ਹਾਲੇ ਤੱਕ ਮੁਲਜ਼ਮ ਗ੍ਰਿਫ਼ਤਾਰ ਨਹੀਂ ਕੀਤੇ ਜਾ ਸਕੇ। ਇਸ ਸਾਰੇ ਵਿੱਚ ਜਿੱਥੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦਾ ਬਿਆਨ ਵੇਖਣਾ ਬਣਦਾ ਹੈ ਉੱਥੇ ਹੀ ਸਰਕਾਰ ਨੂੰ ਗੁਰੂ ਖਾਲਸਾ ਪੰਥ ਦੇ ਇਨਸਾਫ ਕਰਨ ਦੀ ਤਵਾਰੀਖ ਨੂੰ ਜਰੂਰ ਵਾਚਣਾ ਚਾਹੀਦਾ ਹੈ ਅਤੇ ਨਾਲ ਹੀ ਪੰਥਕ ਜਥੇਬੰਦੀਆਂ ਨੂੰ ਵੀ ਆਪਣੇ ਅਮਲ ਇਤਿਹਾਸ ਅਤੇ ਸਿਧਾਂਤ ਦੀ ਰੋਸ਼ਨੀ ਵਿੱਚ ਵਿਚਾਰਨੇ ਚਾਹੀਦੇ ਹਨ।

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਬੋਲਦਿਆਂ ਜੋ ਵਿਚਾਰ ਸੰਗਤ ਨਾਲ ਸਾਂਝੇ ਕੀਤੇ ਹਨ ਉਨਾਂ ਵਿੱਚੋਂ ਕੁਝ ਅੰਸ਼ ਇਸ ਤਰਾਂ ਹਨ-'ਜੇ ਪੰਥ ਖੁਸ਼ ਹੈ ਤਾਂ ਹਿੰਦੋਸਤਾਨ ਖੁਸ਼ ਹੈ। ਇਹ ਅਹੁਦਾ ਇਹ ਸਾਰਾ ਕੁਝ ਪੰਥ ਦਾ ਬਖਸ਼ਿਆ ਹੋਇਆ ਜਿਨਾਂ ਜਿਨਾਂ ਦਾ ਇਥੇ ਨਾਮ ਲਿਆ ਗਿਆ ਹੈ ਮੈਂ ਉਨਾਂ ਨੂੰ ਦੱਸ ਆਇਆਂ, ਮੈਂ ਜਤਾ ਆਇਆ ਹਾਂ ਕਿ ਤਿੰਨ ਮੁੱਖ ਮੰਤਰੀ ਪਹਿਲਾਂ ਇਸੇ ਪਾਪ ਦੇ ਕੂਏ 'ਚ ਡਿੱਗੇ ਆ, ਇਨਸਾਫ ਹੋਵੇਗਾ, ਬਿਲਕੁਲ ਨਾ ਸਮਝੋ ਕਿ ਸਰਕਾਰ ਇਨਸਾਫ ਨਹੀਂ ਕਰਨਾ ਚਾਹੁੰਦੀ। ਸਰਕਾਰ ਤੁਹਾਡੀ ਆਪਣੀ ਹੈ, ਮੈਂ ਸੰਗਤ ਦੇ ਚਰਨਾਂ ਦੀ ਧੂੜ ਹਾਂ, ਸੰਗਤ ਗੁਰੂ ਨਾਲੋਂ ਵੀ ਵੱਡੀ ਹੈ। ਮੈਂ ਪੰਥ ਨੂੰ ਇਹ ਵਿਸ਼ਵਾਸ਼ ਦਵਾਉਣਾ ਕਿ ਜਿਨੇ ਧੋਖੇ ਹੋਣੇ ਸੀ, ਹੋ ਗਏ। ਹੁਣ ਇਨਸਾਫ ਹੋਵੇਗਾ। ਸਮਾਂ ਦੇ ਦਿਉ, ਕਿੰਨਾ ਦੇਣਾ ਇਹ ਸੰਗਤ ਨੇ ਵੇਖਣਾ ਹੈ ਪਰ ਸਮਾਂ ਦੇ ਦਵੋ। ਕੁਲਤਾਰ ਸਿੰਘ ਦੀ ਬਾਂਹ ਫੜਨ ਵਾਲਾ ਪੰਥ ਤੋਂ ਬਿਨਾਂ ਕੋਈ ਨਹੀਂ। ਮੈਂ ਤਾਂ ਤੁਹਾਡਾ ਹਾਂ ਅਤੇ ਤੁਹਾਡਾ ਹੀ ਰਹਿਣਾ ਹੈ।'

ਕੁਲਤਾਰ ਸਿੰਘ ਵੱਲੋਂ ਇਹ ਕਹਿਣਾ ਕਿ ਜੇ ਪੰਥ ਖੁਸ਼ ਹੈ ਤਾਂ ਹਿੰਦੋਸਤਾਨ ਖੁਸ਼ ਹੈ, ਜਿੰਨੀ ਵੱਡੀ ਗੱਲ ਹੈ, ਕੀ ਉਨਾਂ ਨੇ ਇਹ ਉਨੀ ਹੀ ਗੰਭੀਰਤਾ ਨਾਲ ਬੋਲੀ ਹੈ ਜਾਂ ਮਹਿਜ ਉੱਥੇ ਮੌਜੂਦ ਬੰਦਿਆਂ ਦੀਆਂ ਭਾਵਨਾਵਾਂ ਨੂੰ ਵੇਖਦਿਆਂ ਹਮਦਰਦੀ ਲੈਣ ਲਈ ਹੀ ਕਹੀ ਹੈ? ਜੇਕਰ ਵਾਕਿਆ ਹੀ ਗੰਭੀਰਤਾ ਨਾਲ ਕਹੀ ਹੈ ਤਾਂ ਫਿਰ ਹਿੰਦੋਸਤਾਨ ਤੋਂ ਪਹਿਲਾਂ ਤਾਂ ਇਹ ਗੱਲ ਪੰਜਾਬ ਸਰਕਾਰ ਨੂੰ ਹੀ ਬਿਨਾਂ ਦੇਰੀ ਕੀਤਿਆਂ ਸਮਝਣੀ ਚਾਹੀਦੀ ਹੈ। ਦੂਸਰੀ ਗੱਲ ਕਿ ਜੇਕਰ ਉਹ ਪੂਰੇ ਯਕੀਨ ਨਾਲ ਸੰਗਤ ਨੂੰ ਵਿਸ਼ਵਾਸ਼ ਦਵਾ ਰਹੇ ਹਨ ਕਿ ਇਹ ਸਰਕਾਰ ਤੁਹਾਡੀ ਆਪਣੀ ਹੈ ਅਤੇ ਇਨਸਾਫ ਜਰੂਰ ਹੋਵੇਗਾ ਤਾਂ ਉਨਾਂ ਨੂੰ ਆਪਣੀ ਹੀ ਸਰਕਾਰ ਦੇ ਉੱਚ-ਅਹੁਦੇਦਾਰਾਂ ਨੂੰ ਇਹ ਗੱਲ ਕਿਉਂ ਜਤਾਉਣੀ ਪੈ ਰਹੀ ਹੈ ਕਿ ਪਿਛਲੇ ਮੁੱਖ ਮੰਤਰੀ ਵੀ ਇਸੇ ਕਾਰਨ ਕੂਏ 'ਚ ਡਿੱਗੇ ਹਨ? ਜੇਕਰ ਇਹ ਸਭ ਹਮਦਰਦੀ ਲਈ ਜਾ ਸਮਾਂ ਟਪਾਉਣ ਲਈ ਕੀਤਾ ਜਾ ਰਿਹਾ ਹੈ ਤਾਂ ਇਸ ਬਾਬਤ ਇਤਿਹਾਸ ਵਿੱਚ ਜਰੂਰ ਝਾਤ ਮਾਰ ਲੈਣੀ ਚਾਹੀਦੀ ਹੈ।

ਔਰੰਗਜ਼ੇਬ ਦੀ ਮੌਤ ਤੋਂ ਬਾਅਦ ਬਹਾਦਰ ਸ਼ਾਹ (ਮੁਅਜ਼ਮ) ਬਾਦਸ਼ਾਹ ਬਣਨ ਲਈ ਗੁਰੂ ਪਾਤਿਸ਼ਾਹ ਤੋਂ ਮਦਦ ਮੰਗਦਾ ਹੈ ਅਤੇ ਬਾਦਸ਼ਾਹ ਬਣ ਜਾਣ ਦੀ ਸੂਰਤ ਵਿੱਚ ਇਨਸਾਫ ਕਰਨ ਦੀ ਗੱਲ ਉੱਤੇ ਸਹਿਮਤੀ ਕਰਦਾ ਹੈ ਪਰ ਜਦੋਂ ਦਸਵੇਂ ਪਾਤਿਸ਼ਾਹ ਦੀ ਮਿਹਰ ਸਦਕਾ ਉਹ ਬਾਦਸ਼ਾਹ ਬਣ ਗਿਆ ਤਾਂ ਆਪਣੇ ਰਾਜ ਭਾਗ ਦੀ ਫਿਕਰ ਵਿੱਚ ਬੇਵੱਸ ਹੋ ਕੇ ਸਮਾਂ ਅੱਗੇ ਪਾਉਣ ਲੱਗਾ, ਤੈਅ ਹੋਈਆਂ ਗੱਲਾਂ ਨੂੰ ਲਮਕਾਉਣ ਲੱਗਾ ਤਾਂ ਤਵਾਰੀਖ ਗਵਾਹ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਸੱਚੇ ਪਾਤਿਸ਼ਾਹ ਦੇ ਥਾਪੜੇ ਨਾਲ ਇਨਸਾਫ ਦੇ ਰਾਹ 'ਤੇ ਤੁਰ ਪੈਂਦੇ ਹਨ ਅਤੇ ਆਪਣੀ ਰਵਾਇਤ ਅਨੁਸਾਰ ਇਨਸਾਫ ਕਰਦੇ ਹਨ।

ਜਿੱਥੇ ਸਾਲ 2015 ਤੋਂ ਲਗਾਤਾਰ ਸਿੱਖਾਂ ਦਾ ਇਕ ਹਿੱਸਾ ਜਾਂ ਵੱਖ-ਵੱਖ ਅਫਸਰ ਇਨਾਂ ਢਾਂਚਿਆਂ ਰਾਹੀਂ ਇਨਸਾਫ ਕਰਨ ਦੇ ਅਮਲ ਜਾਂ ਦਾਅਵੇ ਵਿੱਚ ਹਨ, ਓਥੇ ਇਸੇ ਹੀ ਮਾਮਲੇ ਵਿੱਚ ਜੂਨ 2019 ਵਿੱਚ ਗੁਰਸੇਵਕ ਸਿੰਘ ਅਤੇ ਮਨਿੰਦਰ ਸਿੰਘ ਨੇ ਡੇਰਾ ਪ੍ਰੇਮੀ ਮਹਿੰਦਰਪਾਲ ਬਿੱਟੂ (ਉਮਰ 49 ਸਾਲ) ਜੋ ਨਾਭਾ ਜੇਲ੍ਹ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮਾਮਲੇ ਵਿੱਚ ਕੈਦ ਕੱਟ ਰਿਹਾ ਸੀ, ਨੂੰ ਆਪਣੀ ਰਵਾਇਤ ਅਨੁਸਾਰ ਸਜਾ ਦੇ ਕੇ ਇਨਸਾਫ ਕਰ ਦਿੱਤਾ ਸੀ।

ਇਹ ਗੱਲ ਠੀਕ ਹੈ ਕਿ ਸਾਰੇ ਰਾਹ ਵੇਖਣੇ ਚਾਹੀਦੇ ਹਨ, ਪਰਖਣੇ ਚਾਹੀਦੇ ਹਨ ਪਰ ਕਿਸੇ ਮਨੁੱਖ ਉੱਤੇ ਜਾਂ ਉਸ ਵੱਲੋਂ ਬਣਾਏ ਢਾਂਚਿਆਂ ਉੱਤੇ ਹੀ ਟੇਕ ਰੱਖ ਕੇ ਬੈਠ ਜਾਣਾ ਅਤੇ ਬੇਵੱਸ ਹੋ ਕੇ ਲਗਾਤਾਰ ਇਨਸਾਫ ਦੀ ਫਰਿਆਦ ਕਰੀ ਜਾਣਾ, ਇਹ ਪੰਥ ਦੀ ਰਵਾਇਤ ਨਹੀਂ ਹੈ। ਜਗਤ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ, ਜੋ ਕਿ ਕੁੱਲ ਆਲਮ ਨੂੰ ਨਿਆਂ ਕਰਨ ਦੇ ਸਮਰੱਥ ਹਨ, ਉਨਾਂ ਬਾਬਤ ਨਿਆਂ ਦੀ ਟੇਕ ਦੁਨਿਆਵੀ ਇਕਾਈਆਂ 'ਤੇ ਰੱਖਣੀ ਬਹੁਤ ਛੋਟੀ ਗੱਲ ਹੈ। ਜਦੋਂ ਦੁਨਿਆਵੀ ਢਾਂਚੇ ਇਨਸਾਫ ਕਰਨ ਦੇ ਸਮਰੱਥ ਨਾ ਰਹਿਣ ਤਾਂ ਸਿੱਖ ਦਾ ਫਰਜ ਆਪਣੇ ਸੱਚੇ ਪਾਤਿਸ਼ਾਹ ਦੇ ਦੱਸੇ ਢੰਗ ਤਰੀਕਿਆਂ ਅਨੁਸਾਰ ਚੱਲ ਕੇ ਖੁਦ ਇਨਸਾਫ ਕਰਨ ਦਾ ਹੈ। ਇਹੀ ਸਾਡੀ ਰਵਾਇਤ ਹੈ, ਇਹੀ ਗੁਰੂ ਦੇ ਅਦਬ ਵਿੱਚ ਸਿੱਖ ਦਾ ਕਰਮ ਹੈ। ਗੁਰੂ ਦੇ ਅਦਬ ਅਤੇ ਸਿੱਖ ਦੇ ਕਰਮ ਸਬੰਧੀ ਇਹ ਗੱਲ ਸਰਕਾਰ ਅਤੇ ਜਥੇਬੰਦੀਆਂ ਦੋਵਾਂ ਨੂੰ ਹੀ ਵਿਚਾਰਨੀ, ਸਮਝਣੀ ਅਤੇ ਮਹਿਸੂਸ ਕਰਨੀ ਚਾਹੀਦੀ ਹੈ।

# ਵੱਧ ਰਿਹਾ ਹੈ ਨਜਾਇਜ਼ ਖਣਨ ਦਾ ਕਾਰੋਬਾਰ



ਗੁਰਮੀਤ ਸਿੰਘ ਪਲਾਹੀ
9815802070

ਦੇਸ਼ ਦੇ ਜ਼ਿਆਦਤਰ ਸੂਬਿਆਂ 'ਚ ਨਜਾਇਜ਼ ਖਣਨ ਦਾ ਧੰਦਾ ਜ਼ੋਰਾਂ ਉਤੇ ਹੈ ਅਤੇ ਸੂਬਾ ਸਰਕਾਰਾਂ ਦਾ ਖਣਨ ਮਾਫੀਆ ਉਤੇ ਕੋਈ ਕੰਟਰੋਲ ਨਹੀਂ ਹੈ। ਇਵੇਂ ਜਾਪਦਾ ਹੈ ਜਿਵੇਂ ਮਾਫੀਏ ਦਾ ਆਪਣੀ ਸਮਰਾਜ ਹੋਵੇ ਅਤੇ ਸੂਬਾ ਸਰਕਾਰਾਂ ਦਾ ਉਸ ਵਿੱਚ ਕੋਈ ਦਖ਼ਲ ਹੀ ਨਾ ਹੋਵੇ। ਕੀ ਇਹ ਕਾਨੂੰਨ ਦੇ ਸ਼ਾਸ਼ਨ ਨੂੰ ਚਣੌਤੀ ਨਹੀਂ ਹੈ?

ਯਾਦ ਕਰੋ ਕਿ ਦਸ ਸਾਲ ਪਹਿਲਾਂ ਮੱਧ ਪ੍ਰਦੇਸ਼ ਦੇ ਮੁਰੈਨਾ ਵਿਖੇ ਇੱਕ ਆਈ.ਪੀ. ਐਸ. ਅਧਿਕਾਰੀ ਦੀ ਟ੍ਰੈਕਟਰ ਨਾਲ ਕੁਚਲ ਕੇ ਹੱਤਿਆ ਕਰ ਦਿੱਤੀ ਗਈ। ਹਰਿਆਣਾ ਦੇ ਨੂਹ ਵਿਖੇ ਇੱਕ ਡੀ.ਐਸ. ਪੀ ਨੂੰ ਡੰਪਰ ਨਾਲ ਕੁਚਲਕੇ ਮਾਰ ਦਿੱਤਾ ਗਿਆ। ਇਹ ਸਰਕਾਰੀ ਅਧਿਕਾਰੀ ਨਜਾਇਜ਼ ਖਣਨ ਨੂੰ ਰੋਕਣ ਲਈ ਆਪਣੀ ਡਿਊਟੀ ਨਿਭਾਅ ਰਹੇ ਸਨ। ਨਜਾਇਜ਼ ਖਣਨ ਦਾ ਧੰਦਾ ਦੇਸ਼ 'ਚ ਇਸ ਕਦਰ ਵੱਧ ਚੁੱਕਾ ਹੈ ਕਿ ਸੁਪਰੀਮ ਕੋਰਟ ਵਲੋਂ ਖਣਨ ਵਿਰੁੱਧ ਲਗਾਈਆਂ ਬੰਦਿਸ਼ਾਂ ਦੇ ਬਾਵਜੂਦ ਵੀ ਪਿਛਲੇ ਅੱਠ ਸਾਲ ਦੇ ਸਮੇਂ 'ਚ ਚਾਰ ਸੌ ਮੀਟਰ ਬਿਆਸ ਅਤੇ ਸਾਢੇ ਤਿੰਨ ਸੌ ਮੀਟਰ ਉਚੇ 31 ਪਹਾੜਾਂ ਨੂੰ ਜ਼ਮੀਨਦੋਜ਼ ਕਰ ਦਿੱਤਾ ਹੈ। ਰਾਜਸਥਾਨ ਦੇ ਭਰਤਪੁਰ ਵਿੱਚ ਸਾਧੂ ਸੰਤਾਂ ਦਾ ਇੱਕ ਸਮੂਹ ਪਿਛਲੇ ਡੇਢ ਸਾਲ ਤੋਂ ਅੰਦੋਲਨ ਕਰ ਰਿਹਾ ਹੈ ਪਰ ਕਿਧਰੇ ਵੀ ਕੋਈ ਸੁਣਵਾਈ ਨਹੀਂ ਹੋਈ। ਹੁਣੇ ਜਿਹੇ ਇੱਕ ਸੰਤ ਨੇ ਖਣਨ ਵਿਰੁੱਧ ਆਤਮਦਾਹ ਕਰ ਲਿਆ।

ਖਣਨ ਮਾਫੀਏ ਦਾ ਦੇਸ਼ ਵਿੱਚ ਦਬਦਬਾਅ ਇੰਨਾ ਹੈ ਕਿ ਕੋਈ ਵੀ ਸਰਕਾਰ ਕੋਈ ਜੁਰੱਅਤ ਵਾਲਾ ਫ਼ੈਸਲਾ ਕਰਨ ਲਈ ਤਿਆਰ ਨਹੀਂ ਉਲਟਾ ਸੁਪਰੀਮ ਕੋਰਟ ਵਲੋਂ ਜਾਰੀ ਹੁਕਮਾਂ ਨੂੰ ਲਾਗੂ ਕਰਨ 'ਚ ਬੇਵਸੀ ਵਿਖਾਉਂਦੀ ਹੈ। ਇਹੋ ਕਾਰਨ ਹੈ ਕਿ ਕੋਈ ਵੀ ਸਾਲ ਜਾਂ ਸਮਾਂ ਇਹੋ ਜਿਹਾ ਨਹੀਂ ਬੀਤਦਾ ਜਦੋਂ ਮਾਫੀਆ ਆਪਣਾ ਰੰਗ ਨਹੀਂ ਵਿਖਾਉਂਦਾ। ਉਸਦੀ ਤਾਕਤ ਕਾਰਨ ਪੁਲਿਸ ਪ੍ਰਸ਼ਾਸ਼ਨ ਉਤੇ ਹਮਲੇ ਵਧ ਰਹੇ ਹਨ। ਕਿਉਂਕਿ ਮਾਫੀਆ ਕੁਝ ਸਿਆਸਤਦਾਨਾਂ, ਕੁਝ ਅਫ਼ਸਰਾਂ ਦੀ ਤਿਕੜੀ ਗਠਜੋੜ ਕਾਰਨ ਵੱਡੀ ਤਾਕਤ ਫੜ ਚੁੱਕਾ ਹੈ। ਕਰੋੜਾਂ ਨਹੀਂ ਅਰਬਾਂ-ਖਰਬਾਂ ਦਾ ਉਹਨਾ ਦਾ ਕਾਰੋਬਾਰ ਹੈ। ਨਸ਼ੇ ਦੇ ਅੰਤਰਰਾਸ਼ਟਰੀ ਗ੍ਰੋਹਾਂ ਵਾਂਗਰ ਪੂਰੇ ਦੇਸ਼ 'ਚ ਉਨਾਂ ਦਾ ਜਾਲ ਵਿਛਿਆ ਹੋਇਆ ਹੈ, ਜੋ ਸਿਆਸਤ ਨੂੰ ਵੀ ਪ੍ਰਭਾਵਤ ਕਰਦਾ ਹੈ ਅਤੇ ਪ੍ਰਸ਼ਾਸ਼ਨ ਨੂੰ ਵੀ ਬੁਰੀ ਤਰਾਂ ਝੰਜੋੜਦਾ ਹੈ।

ਐਨ.ਜੀ.ਟੀ (ਨੈਸ਼ਨਲ ਗਰੀਨ ਟ੍ਰਿਬਿਊਨਲ) ਨੇ ਇੱਕ ਰਿਪੋਰਟ ਛਾਪੀ ਹੈ, ਜਿਸ ਅਨੁਸਾਰ ਗੁਰੂ ਗ੍ਰਾਮ, ਫਰੀਦਾਬਾਦ ਅਤੇ ਮੇਵਾੜ ਖੇਤਰ ਵਿੱਚ ਹੋਏ ਵੱਡੇ ਖਣਨ ਕਾਰਨ ਹਰਿਆਣਾ, ਦਿੱਲੀ ਅਤੇ ਉਤਰ ਪ੍ਰਦੇਸ਼ ਦੀ ਉਪਜਾਊ ਜ਼ਮੀਨ ਨੂੰ ਰੇਗਿਸਤਾਨ ਬਨਣ 'ਚ ਹੁਣ ਬਹੁਤ ਦੇਰ ਨਹੀਂ ਲੱਗੇਗੀ।

ਵੱਡੇ ਨਜਾਇਜ਼ ਖਣਨ ਦੀਆਂ ਕੁਝ ਉਦਾਹਰਨਾਂ ਹੇਠ ਲਿਖਤ ਹਨ :-

1. ਗੁਰੂ ਗ੍ਰਾਮ ਨੂੰ ਆਧੁਨਿਕ ਸ਼ਹਿਰ ਬਨਾਉਣ ਲਈ ਦਸ ਹਜ਼ਾਰ ਏਕੜ ਕੁਦਰਤੀ ਸੁਰੱਖਿਆ ਖੇਤਰ ਨੂੰ ਬਿਲਕੁਲ ਤਬਾਹ ਕਰ ਦਿੱਤਾ ਗਿਆ। ਇਥੋਂ ਕੱਢੇ ਗਏ ਪੱਥਰ ਦੀ ਖਪਤ ਹਰਿਆਣਾ, ਰਾਜਸਥਾਨ ਅਤੇ ਦਿੱਲੀ ਦੇ ਭਵਨ ਅਤੇ ਸੜਕ ਨਿਰਮਾਣ ਵਿੱਚ ਹੁੰਦੀ ਹੈ।

2. ਨਜਾਇਜ਼ ਖਣਨ ਅਰਾਵਲੀ ਦੀਆਂ ਪਹਾੜੀਆਂ ਤੇ ਚੱਲ ਰਿਹਾ ਹੈ। ਇਹ ਖੇਤਰ ਹਰਿਆਣਾ ਰਾਜ ਦੇ ਨਾਲ-ਨਾਲ ਰਾਸ਼ਟਰੀ ਰਾਜਧਾਨੀ ਦਿੱਲੀ ਨੂੰ ਵੀ ਪ੍ਰਭਾਵਤ ਕਰਦਾ ਹੈ।

3. ਐਨ.ਜੀ.ਟੀ. ਅਨੁਸਾਰ ਗੁਰੂ ਗ੍ਰਾਮ, ਫ਼ਰੀਦਾਬਾਦ, ਮੇਵਾੜ ਖੇਤਰ ਵਿੱਚ ਵੱਡਾ ਨਜਾਇਜ਼/ਜਾਇਜ਼ ਖਣਨ ਕੀਤਾ ਗਿਆ ਹੈ।

4. ਮੱਧ ਪ੍ਰਦੇਸ਼ ਦੀਆ ਸਤਪੁੜਾ ਅਤੇ ਬਿੰਦਿਆਚਲ ਪਰਬਤ ਸ਼੍ਰੇਣੀਆਂ ਅਤੇ ਕਈ ਨਦੀਆਂ ਦਾ ਵਜੂਦ ਸੰਕਟ ਵਿੱਚ ਹੈ।

5. ਗੁਜਰਾਤ ਦੀ ਸਾਬਰਮਤੀ ਨਦੀ ਵਿਚੋਂ ਇੰਨਾ ਨਜਾਇਜ਼ ਖਣਨ ਹੋਇਆ ਕਿ ਇਸਦੀ ਨਿਗਰਾਨੀ ਡਰੋਨ ਦੀ ਸਹਾਇਤਾ ਨਾਲ ਕੀਤੀ ਗਈ।

6. ਦੇਸ਼ ਵਿੱਚ ਹਰ ਸਾਲ 5000 ਕਰੋੜ ਟਨ ਰੇਤ ਕੱਢੀ ਜਾ ਰਹੀ ਹੈ ਅਤੇ ਭਾਰਤ ਸਮੇਤ 70 ਦੇਸ਼ਾਂ 'ਚ ਨਜਾਇਜ਼ ਖਣਨ ਹੁੰਦਾ ਹੈ।

ਪੰਜਾਬ ਵੀ ਨਜਾਇਜ਼ ਖਣਨ ਦੇ ਮਾਮਲੇ 'ਤੇ ਅਛੂਤਾ ਨਹੀਂ ਹੈ। ਪਿਛਲੇ ਦਹਾਕੇ ਦੀਆਂ ਚੋਣਾਂ 'ਚ ਰੇਤਾ ਮਾਫੀਆ ਵੱਡੀ ਚਰਚਾ ਦਾ ਵਿਸ਼ਾ ਰਿਹਾ ਹੈ। ਸਿਆਸੀ ਪਾਰਟੀਆਂ ਵਲੋਂ ਇਕ-ਦੂਜੇ ਉਤੇ ਦੂਸ਼ਨਬਾਜੀ ਕੀਤੀ ਗਈ ਹੈ। ਪੰਜਾਬ ਵਿੱਚ ਦਰਿਆਵਾਂ ਦੇ ਕਿਨਾਰਿਆਂ ਤੇ 200 ਤੋਂ 500 ਮੀਟਰ ਤੱਕ 3 ਮੀਟਰ ਡੂੰਘਾ ਰੇਤਾ ਪੁੱਟਿਆ ਜਾ ਰਿਹਾ ਹੈ ਅਤੇ ਸਰਕਾਰ ਵਲੋਂ ਰੇਤਾ ਖਾਣਾਂ ਨੀਅਤ ਹਨ ਪਰ ਤਾਕਤਵਰ ਰੇਤਾ ਮਾਫੀਆ ਲਗਾਤਾਰ ਇਸਦੀ ਉਲੰਘਣਾ ਕਰ ਰਿਹਾ ਹੈ। ਨਦੀਆਂ ਵਿੱਚ ਖਣਨ ਦਾ ਇਤਿਹਾਸ ਰਿਹਾ ਹੈ ਕਿ ਜਿੰਨੇ ਖਣਨ ਦੀ ਮਨਜ਼ੂਰੀ ਲਈ ਜਾਂਦੀ ਹੈ, ਉਸ ਤੋਂ ਵੱਧ ਖਣਨ ਮਿਲੀ ਭੁਗਤ ਨਾਲ ਹੁੰਦਾ ਹੈ। ਇਸ ਖਣਨ ਨਾਲ ਨਦੀਆਂ ਕਿਨਾਰੇ ਕਟਾਅ ਹੁੰਦਾ ਹੈ, ਧਰਤੀ ਅੰਦਰ ਧੱਸਦੀ ਹੈ। ਤੇ ਵਾਤਾਵਰਨ ਲਈ ਨਵਾਂ ਚੈਲੰਜ ਖੜਾ ਕਰਦਾ ਹੈ।

ਇੱਕ ਅੰਦਾਜ਼ੇ ਅਨੁਸਾਰ ਇਕੱਲੇ ਪੰਜਾਬ ਵਿੱਚ ਰੇਤ ਮਾਫੀਆ 20,000 ਕਰੋੜ ਸਲਾਨਾ ਦਾ ਨਜਾਇਜ਼ ਖਣਨ ਕਾਰੋਬਾਰ ਕਰਦਾ ਹੈ। ਉਂਜ ਕੁਲ ਮਿਲਾਕੇ 400 ਲੱਖ ਮੀਟਰਿਕ ਟਨ ਰੇਤਾ ਅਤੇ ਗਟਕਾ ਆਦਿ ਤਿੰਨ ਸਾਲਾਂ ਦੇ ਸਮੇਂ 'ਚ ਖਣਨ ਕਰਨ ਦੀ ਪੰਜਾਬ ਸਰਕਾਰ ਵਲੋਂ ਆਗਿਆ ਹੈ ਅਤੇ ਸਰਕਾਰ ਸਰਕਾਰੀ ਮਾਨਤਾ ਪ੍ਰਾਪਤ ਠੇਕੇਦਾਰਾਂ ਤੋਂ ਉਗਰਾਹੀ ਵੀ ਕਰਦੀ ਹੈ ਅਤੇ ਕੁਝ ਪੰਚਾਇਤਾਂ ਵੀ ਟੈਕਸ ਉਗਰਾਹੁਦੀਆਂ ਹਨ, ਪਰ ਨਜਾਇਜ਼ ਖਣਨ ਇਸ ਉਤੇ ਕਿਧਰੇ ਵੱਧ ਹੁੰਦਾ ਹੈ। ਚਾਂਦਪੁਰ ਰੁੜਕੀ, ਸ਼ਹੀਦ ਭਗਤ ਸਿੰਘ ਨਗਰ ਇਕ ਇਹੋ ਜਿਹਾ ਪਿੰਡ ਹੈ, ਜਿਥੇ ਨਜਾਇਜ਼ ਤੌਰ 'ਤੇ ਰੇਤ, ਬਜ਼ਰੀ, ਗਟਕਾ ਆਦਿ ਦਾ ਖਣਨ ਹੁੰਦਾ ਹੈ। ਪੰਜਾਬ 'ਚ ਖਣਨ ਮਾਫੀਆ ਗੁੰਡਾ ਟੈਕਸ ਵੀ ਉਗਰਾਹੁੰਦਾ ਹੈ। ਇਸੇ ਕਰਕੇ ਰੇਤ ਦੇ ਭਾਅ ਸੱਤ ਅਸਮਾਨੀਂ ਚੜ੍ਹੇ ਹੋਏ ਹਨ।

ਕਰਨਾਟਕ, ਗੋਆ, ਹਰਿਆਣਾ, ਰਾਜਸਥਾਨ ਅਤੇ ਉੜੀਸ਼ਾ ਵਿੱਚ 1990 ਤੋਂ ਕੋਲਾ, ਲੋਹਾ, ਬਾਕਸਾਈਟ ਮੈਗਨੀਜ ਖਾਣਣ ਦਾ ਕਾਰੋਬਾਰ ਪ੍ਰਾਈਵੇਟ ਕੰਪਨੀਆਂ ਨੂੰ ਦਿੱਤਾ ਹੈ। ਉਦੋਂ ਤੋਂ ਹੀ ਨਜਾਇਜ਼ ਖਣਨ ਦੇ ਕਾਰੋਬਾਰ ਨੇ ਜ਼ੋਰ ਫੜਿਆ ਹੈ। ਭਾਰਤ ਵਿੱਚ ਇਹ ਸਕੈਮ 2 ਘੁਟਾਲੇ ਅਤੇ ਕਾਮਨਵੈਲਥ ਗੇਮਾਂ 'ਚ ਹੋਏ ਘੁਟਾਲੇ ਤੋਂ ਕਿਤੇ ਵੱਡਾ ਹੈ। ਪਰ ਇਸ ਦਾ ਅੰਦਾਜ਼ਾ ਲਗਾਉਣਾ ਔਖਾ ਹੈ ਕਿ ਸਰਕਾਰਾਂ ਨੂੰ ਕਿੰਨੇ ਅਰਬਾਂ, ਖਰਬਾਂ ਦਾ ਚੂਨਾ ਇਹ ਮਾਫੀਆ ਲੋਕ ਲਗਾ ਰਹੇ ਹਨ। ਮਹਾਂਰਾਸ਼ਟਰ, ਇੱਕ ਇਹੋ ਜਿਹਾ ਸੂਬਾ ਹੈ ਜਿੱਥੇ ਸਭ ਤੋਂ ਵੱਧ ਖਣਨ ਦੇ ਕੇਸ ਹਨ ਜਦਕਿ ਉੜੀਸਾ ਆਂਧਰਾ ਪ੍ਰਦੇਸ਼ ਨੇ ਖਣਨ ਦੇ ਮਾਮਲੇ ਵਿਚ ਮਾਫੀਆ ਨੂੰ ਨੱਥ ਪਾਈ ਹੈ ਅਤੇ ਇੱਥੇ ਸਾਲ ਦਰ ਸਾਲ ਨਜਾਇਜ਼ ਖਣਨ ਦੇ ਮਾਮਲੇ ਘਟੇ ਹਨ। ਉਂਜ ਕੋਲਾ ਸਕੈਮ ਦੇਸ਼ ਭਰ ਵਿੱਚ ਵੱਡਾ ਚਰਚਾ ਦਾ ਵਿਸ਼ਾ ਬਣਿਆ ਜਦੋਂ ਸਰਕਾਰੀ ਖਜ਼ਾਨੇ ਨੂੰ 1.86 ਟ੍ਰਿਲੀਅਨ ਰੁਪਿਆ ਦਾ ਚੂਨਾ ਲੱਗਿਆ। ਪਿਛਲੇ ਸਾਲ 226 ਕਰੋੜ ਦਾ ਧੰਦਾ ਖ਼ਾਸ ਤੌਰ 'ਤੇ ਖਣਿਜ ਪਦਾਰਥਾਂ ਦੇ ਖਣਨ ਕਾਰਨ ਹੋਇਆ। ਇਸ ਸਬੰਧੀ 766 ਕੇਸ ਦਰਜ ਹੋਏ 514 ਕੇਸਾਂ 'ਤੇ ਕਾਰਵਾਈ ਕੀਤੀ ਜਾ ਰਹੀ ਹੈ। ਸਾਲ 2010-11 ਵਿੱਚ ਗੈਰ ਕਾਨੂੰਨੀ ਖਣਿਜ ਖਣਨ ਦੇ 14204 ਕੇਸ ਦਰਜ ਹੋਏ ਸਨ ਅਤੇ 43 ਲੱਖ ਟਨ ਦੀ ਮੁੱਖ ਖਣਿਜਾਂ ਦੀ ਗੈਰ ਕਾਨੂੰਨੀ ਮਾਈਨਿੰਗ ਕੀਤੀ ਗਈ।

ਖਣਨ ਨਾਲ ਪ੍ਰਦੂਸ਼ਨ ਵਧ ਰਿਹਾ ਹੈ ਅਤੇ ਸਾਡੀ ਸਿਹਤ ਬੁਰੀ ਤਰਾਂ ਪ੍ਰਭਾਵਿਤ ਹੋ ਰਹੀ ਹੈ, ਇਹੀ ਨਹੀਂ ਇਸ ਨਾਲ ਸਮਾਜਿਕ ਨਾ-ਬਰਾਬਰੀ ਵਿਚ ਵਾਧਾ ਹੋ ਰਿਹਾ ਹੈ। ਪਿਛਲੇ ਦਿਨਾਂ ਵਿਚ ਜਿਵੇਂ ਇਸਦੀ ਮੰਗ ਅਤੇ ਕੀਮਤ 'ਚ ਵਾਧਾ ਹੋਇਆ ਹੈ, ਉਸ ਕਾਰਨ ਨਦੀਆਂ ਅਤੇ ਸਮੁੰਦਰੀ ਤੱਟਾਂ ਦੀ ਸਥਿਤੀ ਉੱਤੇ ਬੁਰਾ ਪ੍ਰਭਾਵ ਪਿਆ ਹੈ। ਗੈਰ ਜ਼ਿੰਮੇਵਾਰਾਨਾ ਤਰੀਕੇ ਨਾਲ ਕੀਤੇ ਜਾ ਰਹੇ ਖਣਨ ਦੇ ਚਲਦਿਆਂ ਨਦੀਆਂ ਅਤੇ ਸਮੁੰਦਰ ਕੰਢੇ ਵਸੇ ਲੋਕਾਂ, ਉਹਨਾ ਦੇ ਘਰਾਂ ਅਤੇ ਬੁਨਿਆਦੀ ਢਾਂਚੇ ਅਤੇ ਨਾਲ-ਨਾਲ ਉਹਨਾਂ ਦੀ ਅਰਥ ਵਿਵਸਥਾ ਦਾ ਵੀ ਨੁਕਸਾਨ ਹੋ ਰਿਹਾ ਹੈ। ਅੰਦਾਜ਼ੇ ਮੁਤਾਬਕ 300 ਕਰੋੜ ਲੋਕਾਂ ਦੇ ਜੀਵਨ ਨੂੰ ਇਸਨੇ ਦੁਨੀਆ ਭਰ 'ਚ ਪ੍ਰਭਾਵਿਤ ਕੀਤਾ ਹੈ। ਪਿਛਲੇ ਕੁਝ ਸਾਲਾਂ ਵਿੱਚ ਰੇਤ ਨੂੰ ਲੈ ਕੇ ਹੋਏ ਸੰਘਰਸ਼ਾਂ ਵਿੱਚ ਸੈਂਕੜੇ ਸਥਾਨਕ ਨਾਗਰਿਕ ਪੁਲਿਸ ਅਤੇ ਸਰਕਾਰੀ ਅਧਿਕਾਰੀ ਮਾਰੇ ਜਾ ਚੁੱਕੇ ਹਨ।

ਦੇਸ਼ ਵਿੱਚ ਵਿਕਾਸ ਦਾ ਇਹੋ ਜਿਹਾ ਸੰਤੁਲਿਤ ਅਤੇ ਆਦਰਸ਼ ਮਾਡਲ ਬਨਾਉਣ 'ਚ ਅਸੀਂ ਨਾਕਾਮ ਰਹੇ ਹਨ, ਸਿੱਟੇ ਵਜੋਂ ਖਣਨ ਬੇਇੰਤਹਾ ਹੋ ਰਿਹਾ ਹੈ। ਚਾਹੀਦਾ ਤਾਂ ਇਹ ਸੀ ਕਿ ਵਿਕਾਸ ਦੀ ਗਤੀਸ਼ੀਲਤਾ ਵੀ ਬਣੀ ਰਹਿੰਦੀ ਅਤੇ ਵਾਤਾਵਰਨ ਵੀ ਸੁਰੱਖਿਅਤ ਰੱਖਿਆ ਜਾਂਦਾ। ਆਧੁਨਿਕ ਵਿਕਾਸ ਦਾ ਅਧਾਰ ਕੁਦਰਤੀ ਰੱਖਿਆ ਹੈ, ਇਸ ਲਈ ਕੇਂਦਰ ਅਤੇ ਰਾਜ ਸਰਕਾਰਾਂ ਇਹੋ ਜਿਹੇ ਨੀਤੀਗਤ ਫ਼ੈਸਲੇ ਕਰਦੀਆਂ ਹਨ, ਜਿਨਾਂ ਨਾਲ ਹਰ ਪ੍ਰਕਾਰ ਦੇ ਨਿਰਮਾਣ ਕੰਮਾਂ ਵਿਚ ਕੋਈ ਅੜਿੱਕਾ ਨਾ ਪਵੇ ਖ਼ਾਸ ਤੌਰ 'ਤੇ ਭਵਨ ਅਤੇ ਸੜਕਾਂ ਦੇ ਨਿਰਮਾਣ ਵਿੱਚ। ਪਰ ਜਦ ਤੱਕ ਨਿਰਮਾਣ ਉਤੇ ਕੁਝ ਬੰਦਿਸ਼ ਲਗਾਉਂਦਿਆਂ, ਹੋਰ ਬਦਲਵੇਂ ਸਾਧਨ ਪੈਦਾ ਨਹੀਂ ਕੀਤੇ ਜਾਂਦੇ, ਉਦੋਂ ਤੱਕ ਜਾਇਜ਼/ਨਜਾਇਜ਼ ਖਣਨ ਉਤੇ ਬੰਦਿਸ਼ ਲਗਾਉਣਾ ਔਖਾ ਹੈ।

ਅੱਜ ਸੀਮਿੰਟ, ਕੰਕਰੀਟ ਅਤੇ ਲੋਹੇ ਦੀ ਵਰਤੋਂ ਨਾਲ ਆਧੁਨਿਕ ਵਿਕਾਸ ਜੋੜਿਆ ਜਾ ਚੁੱਕਾ ਹੈ। ਇਸੇ ਦੇ ਨਾਲ ਹੀ ਉਦਯੋਗਿਕ ਵਿਕਾਸ ਵਧਦਾ ਫੁਲਦਾ ਹੈ। ਇਸ ਵਿਕਾਸ ਦੀ ਬੁਨਿਆਦ ਜਲ, ਜ਼ਮੀਨ ਅਤੇ ਜੰਗਲ ਤੇ ਟਿੱਕੀ ਹੈ ਜਦਕਿ ਖਣਿਜ, ਤੇਲ ਆਦਿ ਵੀ ਵਿਕਾਸ ਦੇ ਪਹਿਲੂ ਬਣ ਚੁੱਕੇ ਹਨ। ਇਸੇ ਕਰਕੇ ਇਹ ਖਾਣਾਂ ਦੇ ਭੰਡਾਰ ਤੇਜ਼ੀ ਨਾਲ ਘੱਟ ਰਹੇ ਹਨ। ਇਸ ਨਾਲ ਕੁਦਰਤੀ ਸੰਤੁਲਨ ਵਿਗੜਦਾ ਜਾ ਰਿਹਾ ਹੈ। ਸਿੱਟੇ ਵਜੋਂ ਇਸ ਸੰਕਟ ਦੇ ਹੋਰ ਡੂੰਘਾ ਹੋਣ ਨਾਲ ਆਬਾਦੀ ਦੇ ਜਿਊਣ ਦਾ ਅਧਿਕਾਰ ਖਤਰੇ 'ਚ ਪੈਂਦਾ ਜਾ ਰਿਹਾ ਹੈ। ਕਿਉਂਕਿ ਕੁਦਰਤੀ ਖਜ਼ਾਨੇ ਜੇਕਰ ਲੁੱਟ ਲਏ ਜਾਣਗੇ ਤਾਂ ਸੰਵਿਧਾਨ ਦੀ ਧਾਰਾ ਇੱਕੀ ਵਿੱਚ ਦਿੱਤੇ ਜਿਊਣ ਦੇ ਅਧਿਕਾਰ ਦਾ ਆਖ਼ਿਰ ਕੀ ਅਰਥ ਰਹਿ ਜਾਏਗਾ?

# ਵਿਸ਼ਵ ਦੀ ਰਾਜਨੀਤੀ ਸੰਕਟ ਵਿਚ ਘਿਰੀ

**ਹਰਸ਼ ਵੀ ਪੰਤ**

ਪਿਛਲਾ ਇਕ ਮਹੀਨਾ ਦੁਨੀਆ ਭਰ ਵਿਚ ਨੇਤਾਵਾਂ ਲਈ ਸਿਆਸੀ ਜੀਵਨ ਦੀਆਂ ਕਮਜ਼ੋਰੀਆਂ ਉਜਾਗਰ ਕਰਨ ਵਾਲਾ ਰਿਹਾ। ਸ੍ਰੀਲੰਕਾ ਵਿਚ ਰਾਜਪਕਸ਼ੇ ਪਰਿਵਾਰ ਦੇ ਸਾਮਰਾਜ ਦਾ ਅਜਿਹਾ ਪਤਨ ਹੋਇਆ ਕਿ ਰਾਸ਼ਟਰਪਤੀ ਗੋਟਾਬਾਯਾ ਰਾਜਪਕਸ਼ੇ ਨੂੰ ਦੇਸ਼ ਛੱਡ ਕੇ ਭੱਜਣਾ ਪਿਆ। ਸ੍ਰੀਲੰਕਾ ਦੀ ਜਨਤਾ ਦੇ ਗੁੱਸੇ ਦਾ ਪੱਧਰ ਏਨਾ ਬੁਲੰਦ ਹੋਇਆ ਕਿ ਉਸ ਨੇ ਇਕ ਤਾਕਤਵਰ ਸਿਆਸੀ ਵੰਸ਼ ਨੂੰ ਤਕਰੀਬਨ ਗੁਮਨਾਮੀ ਦੇ ਦੌਰ ਵਿਚ ਧੱਕ ਦਿੱਤਾ। ਕਿਸੇ ਸਮੇਂ ਖ਼ੁਸ਼ਹਾਲ ਰਹੇ ਇਸ ਦੇਸ਼ ਨੂੰ ਬਰਬਾਦੀ ਤੋਂ ਉੱਭਰਨ ਵਿਚ ਕਈ ਸਾਲ ਲੱਗ ਜਾਣਗੇ। ਇਹ ਸਥਿਤੀ ਉਨ੍ਹਾਂ ਨੇਤਾਵਾਂ ਕਾਰਨ ਬਣੀ, ਜੋ ਅਤੀਤ ਦੀਆਂ ਪ੍ਰਾਪਤੀਆਂ 'ਤੇ ਇਤਰਾਉਂਦੇ ਰਹੇ ਅਤੇ ਜਿਨ੍ਹਾਂ ਨੇ ਆਪਣੀਆਂ ਕਮੀਆਂ ਨੂੰ ਦੂਰ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਇੱਥੋਂ ਤਕ ਕਿ ਬੜੇ ਸਲੀਕੇ ਨਾਲ ਬਣਾਈ ਗਈ ਰਾਸ਼ਟਰਵਾਦੀ ਸਾਖ ਵੀ ਰਾਜਪਕਸ਼ੇ ਪਰਿਵਾਰ ਨੂੰ ਬਚਾ ਨਹੀਂ ਸਕੀ।

ਬ੍ਰਿਟੇਨ ਵਿਚ ਇਕ ਵੱਖਰੀ ਕਿਸਮ ਦਾ ਸਿਆਸੀ ਤਣਾਅ ਦੇਖਣ ਨੂੰ ਮਿਲਿਆ। ਕਈ ਹਫ਼ਤਿਆਂ ਤਕ ਅੜੇ ਰਹਿਣ ਤੋਂ ਬਾਅਦ ਬੋਰਿਸ ਜੌਹਨਸਨ ਨੇ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਉਨ੍ਹਾਂ ਲਈ ਖ਼ਤਰੇ ਦੀ ਘੰਟੀ ਲੰਬੇ ਸਮੇਂ ਤੋਂ ਵੱਜ ਰਹੀ ਸੀ ਪਰ ਉਹ ਏਨੇ ਹੰਕਾਰ ਵਿਚ ਸਨ ਕਿ ਉਨ੍ਹਾਂ ਦੀਆਂ ਚਟਪਟੀਆਂ ਪ੍ਰਤੀਕਿਰਿਆਵਾਂ ਜਨਤਾ ਨੂੰ ਸੰਤੁਸ਼ਟ ਕਰਨ ਲਈ ਕਾਫ਼ੀ ਹੋਣਗੀਆਂ। ਉਨ੍ਹਾਂ ਦਾ ਇਹ ਦਾਅ ਨਹੀਂ ਚੱਲਿਆ। ਉਨ੍ਹਾਂ ਦਾ ਜਨਤਾ ਵਿਚ ਬਣਿਆ ਅਕਸ ਤਾਰ-ਤਾਰ ਹੋ ਰਿਹਾ ਸੀ। ਤਮਾਮ ਉਲਟ ਹਾਲਾਤ ਦਰਮਿਆਨ ਉਨ੍ਹਾਂ ਨੇ 2019 'ਚ ਜੋ ਨਿਰਣਾਇਕ ਲੋਕ ਫ਼ਤਵਾ ਹਾਸਲ ਕੀਤਾ, ਉਹ ਵਿਅਰਥ ਜਾਂਦਾ ਦਿਸਣ ਲੱਗਿਆ।

ਤੀਜਾ ਘਟਨਾਕ੍ਰਮ ਜਾਪਾਨ ਨਾਲ ਜੁੜਿਆ ਹੈ। ਉੱਥੇ ਸਾਬਕਾ ਪ੍ਰਧਾਨ ਮੰਤਰੀ ਸਿੰਜ਼ੋ ਅਬੇ ਦੀ ਹੱਤਿਆ ਹੋਈ, ਜਿਸ ਨੇ ਪੂਰੀ ਦੁਨੀਆ ਨੂੰ ਹੈਰਤ ਵਿਚ ਪਾ ਦਿੱਤਾ। ਇਹ ਸਮਝਣਾ ਮੁਸ਼ਕਲ ਹੈ ਕਿ ਜਾਪਾਨ ਵਿਚ ਵੀ ਅਜਿਹਾ ਕੁਝ ਹੋ ਸਕਦਾ ਹੈ ਪਰ ਕੰਜ਼ਰਵੇਟਿਵ ਆਗੂ ਰਹੇ ਅਬੇ ਏਨੀ ਖ਼ੁਸ਼ਹਾਲ ਵਿਰਾਸਤ ਛੱਡ ਗਏ ਕਿ ਉਸ ਦੇ ਦੂਰਗਾਮੀ ਅਸਰ ਦਹਾਕਿਆਂ ਤਕ ਦਿਸਣਗੇ। ਘਰੇਲੂ, ਖੇਤਰੀ ਅਤੇ ਆਲਮੀ ਪੱਧਰ 'ਤੇ ਸਮਕਾਲੀ ਦੌਰ ਦੇ ਕੁਝ ਹੀ ਨੇਤਾਵਾਂ ਨੇ ਰਣਨੀਤਕ ਮੋਰਚੇ 'ਤੇ ਅਬੇ ਜਿਹੀ ਛਾਪ ਛੱਡੀ ਹੈ। ਇਸੇ ਕਾਰਨ ਆਪਣੀ ਮੌਤ ਨਾਲ ਉਹ ਆਪਣੀ ਪਾਰਟੀ ਨੂੰ ਚੋਣਾਂ 'ਚ ਨਿਰਣਾਇਕ ਜਿੱਤ ਦਿਵਾ ਗਏ।

ਰਾਜਪਕਸ਼ੇ, ਜੌਹਨਸਨ ਤੇ ਅਬੇ ਇਨ੍ਹਾਂ ਤਿੰਨੋਂ ਆਗੂਆਂ ਦਾ ਸਬੰਧ ਦੁਨੀਆ ਦੇ ਵੱਖ-ਵੱਖ ਕੋਨਿਆਂ ਨਾਲ ਹੈ। ਆਪਣੀ ਪ੍ਰਤਿਭਾ ਦੇ ਦਮ 'ਤੇ ਉਹ ਸਿਆਸੀ ਸਫਲਤਾ ਦੇ ਸਿਖਰ 'ਤੇ ਪਹੁੰਚੇ। ਸਿਆਸੀ ਵਿਚਾਰਧਾਰਾ ਦੇ ਨਜ਼ਰੀਏ ਤੋਂ ਉਨ੍ਹਾਂ ਨੂੰ 'ਕੰਜ਼ਰਵੇਟਿਵ' ਯਾਨੀ ਪਰੰਪਰਾਵਾਦੀ ਮੰਨਿਆ ਜਾ ਸਕਦਾ ਹੈ। ਇਸ ਸਮਾਨਤਾ ਦੇ ਬਾਵਜੂਦ ਰਾਜਪਕਸ਼ੇ ਅਤੇ ਜੌਹਨਸਨ ਦਾ ਪਤਨ ਅਤੇ ਅਬੇ ਦਾ ਨਿਰੰਤਰ ਪ੍ਰਸੰਗਿਕ ਬਣੇ ਰਹਿਣਾ ਇਹੋ ਦਰਸਾਉਂਦਾ ਹੈ ਕਿ ਰਾਜਨੀਤੀ 'ਚ ਨਿੱਜੀ ਇੱਛਾਵਾਂ ਨੂੰ ਤ੍ਰਿਪਤ ਕਰਨ ਤੋਂ ਜ਼ਿਆਦਾ ਕਿਹੜਾ ਪਹਿਲੂ ਮਹਾਨਤਾ ਦਾ ਸਬੱਬ ਬਣਦਾ ਹੈ।

ਹੁਣ ਗੋਟਾਬਾਯਾ ਰਾਜਪਕਸ਼ੇ ਇਕ ਤੋਂ ਦੂਜੇ ਦੇਸ਼ 'ਚ ਆਸਰਾ ਲੈਣ ਲਈ ਯਤਨਸ਼ੀਲ ਹਨ। ਉਨ੍ਹਾਂ ਦੇ ਪਰਿਵਾਰ ਦਾ ਪਤਨ ਇਹੋ ਦੱਸਦਾ ਹੈ ਕਿ ਜਨਤਕ ਜੀਵਨ ਕਿੰਨਾ ਅਸਥਿਰ ਹੈ। ਆਰਥਿਕ ਸੰਕਟ ਨਾਲ ਨਜਿੱਠਣ ਵਿਚ ਉਨ੍ਹਾਂ ਦੇ ਕੁਪ੍ਰਬੰਧ ਅਤੇ ਅਸਤੀਫ਼ਾ ਨਾ ਦੇਣ ਦੇ ਅੜੀਅਲ ਰੁਖ਼ ਨੇ ਉਨ੍ਹਾਂ ਦੀ ਦੁਰਗਤੀ ਕਰਵਾ ਦਿੱਤੀ। ਸ੍ਰੀਲੰਕਾ 'ਚ ਭੋਜਨ, ਤੇਲ ਅਤੇ ਦਵਾਈਆਂ ਆਦਿ ਵਸਤੂਆਂ ਦੀ ਕਿੱਲਤ ਕਾਰਨ ਇਸ ਪਰਿਵਾਰ ਪ੍ਰਤੀ ਜਨਤਾ ਵਿਚ ਕਈ ਮਹੀਨਿਆਂ ਤੋਂ ਗੁੱਸਾ ਪੈਦਾ ਹੋ ਰਿਹਾ ਸੀ। ਇਸੇ ਕਾਰਨ ਕਿਸੇ ਸਮੇਂ ਨਾਇਕ ਸਮਝਿਆ ਜਾਣ ਵਾਲਾ ਰਾਜਪਕਸ਼ੇ ਪਰਿਵਾਰ ਖਲਨਾਇਕ ਬਣ ਗਿਆ। ਇਸ ਪਰਿਵਾਰ ਨੇ ਖ਼ਤਰਨਾਕ ਲਿੱਟੇ ਨੂੰ ਖ਼ਤਮ ਕਰ ਕੇ ਰਾਸ਼ਟਰਵਾਦੀ ਦੇ ਰੂਪ 'ਚ ਆਪਣੀ ਸਿਆਸੀ ਪਛਾਣ ਬਣਾਈ ਸੀ। ਹਾਲਾਂਕਿ ਭ੍ਰਿਸ਼ਟਾਚਾਰ ਅਤੇ ਭਾਈ-ਭਤੀਜਾਵਾਦ ਦੇ ਨਾਲ ਹੀ ਗ਼ਲਤ ਨੀਤੀਆਂ ਦੇ ਉਨ੍ਹਾਂ ਦੇ ਖ਼ਤਰਨਾਕ ਕਾਕਟੇਲ ਨੇ ਸ੍ਰੀਲੰਕਾ ਨੂੰ ਇਕ ਭਿਆਨਕ ਸਿਆਸੀ ਅਤੇ ਆਰਥਿਕ ਸੰਕਟ ਵਿਚ ਧੱਕ ਦਿੱਤਾ। ਇਸੇ ਨੇ ਜਨਤਾ ਵਿਚ ਗੁੱਸਾ ਪੈਦਾ ਕਰ ਦਿੱਤਾ। ਹੁਣ ਗੋਟਾਬਾਯਾ ਭਗੌੜੇ ਦੇ ਰੂਪ 'ਚ ਯਾਦ ਕੀਤੇ ਜਾ ਰਹੇ ਹਨ।

ਜੌਹਨਸਨ ਵੀ ਭਾਰੀ ਬਹੁਮਤ ਨਾਲ 2019 'ਚ ਸੱਤਾ 'ਚ ਆਏ। ਉਨ੍ਹਾਂ ਦੀ ਅਗਵਾਈ 'ਚ ਕੰਜ਼ਰਵੇਟਿਵ ਪਾਰਟੀ ਨੂੰ 1987 ਤੋਂ ਬਾਅਦ ਦੀ ਸਭ ਤੋਂ ਵੱਡੀ ਜਿੱਤ ਹਾਸਲ ਹੋਈ। ਉਨ੍ਹਾਂ ਨੂੰ ਮਿਲੇ ਲੋਕ ਫ਼ਤਵੇ ਨੇ ਬ੍ਰੈਕਜ਼ਿਟ ਸਮਰਥਕ ਦੇ ਰੂਪ 'ਚ ਉਨ੍ਹਾਂ ਦੀ ਸਾਖ 'ਤੇ ਮੋਹਰ ਲਾਈ। ਹਾਸੇ-ਮਜ਼ਾਕ ਨਾਲ ਜੁੜਿਆ ਕਰਿਸ਼ਮਾ, ਤੜਕ-ਭੜਕ ਵਾਲੀ ਸਿਆਸੀ ਸ਼ਖ਼ਸੀਅਤ ਅਤੇ ਚੁਟਕੀਲੀਆਂ ਪ੍ਰਤੀਕਿਰਿਆਵਾਂ ਜ਼ਰੀਏ ਉਨ੍ਹਾਂ ਨੇ ਬ੍ਰੈਕਜ਼ਿਟ ਦੀ ਮੁਹਿੰਮ ਨੂੰ ਸਿਰੇ ਚੜ੍ਹਾਇਆ। ਬ੍ਰੈਕਜ਼ਿਟ ਨੂੰ ਲੈ ਕੇ ਅੰਤਹੀਣ ਬਹਿਸਾਂ ਨਾਲ ਬ੍ਰਿਟਿਸ਼ ਉਕਤਾ ਗਏ ਸਨ। ਜੌਹਨਸਨ ਨੇ ਉਨ੍ਹਾਂ ਨੂੰ ਉਸ ਤੋਂ ਮੁਕਤੀ ਦਿਵਾਈ ਪਰ ਬ੍ਰੈਕਜ਼ਿਟ ਤੋਂ ਪਰੇ ਜੌਹਨਸਨ ਬੜੀ ਮੁਸ਼ਕਲ ਨਾਲ ਹੀ ਕੋਈ ਪ੍ਰਭਾਵ ਛੱਡ ਸਕੇ। ਪਾਰਟੀਗੇਟ ਕਾਂਡ ਉਨ੍ਹਾਂ ਦੇ ਅਕਸ ਲਈ ਤਾਬੂਤ 'ਚ ਆਖ਼ਰੀ ਕਿੱਲ ਸਾਬਤ ਹੋਇਆ। ਦਸੰਬਰ ਵਿਚ ਜਦੋਂ ਇਹ ਮਾਮਲਾ ਸਾਹਮਣੇ ਆਇਆ ਤਾਂ ਜੌਹਨਸਨ ਨੂੰ ਆਪਣੀ ਭੁੱਲ ਸਵੀਕਾਰ ਕਰਨ ਵਿਚ ਕਈ ਹਫ਼ਤੇ ਲੱਗ ਗਏ ਕਿ ਉਨ੍ਹਾਂ ਨੇ ਕੋਵਿਡ ਦੇ ਉਸ ਦੌਰ 'ਚ ਉਨ੍ਹਾਂ ਨਿਯਮਾਂ ਨੂੰ ਤੋੜਿਆ, ਜਿਨ੍ਹਾਂ ਨੂੰ ਉਨ੍ਹਾਂ ਦੀ ਸਰਕਾਰ ਨੇ ਹੀ ਲਾਗੂ ਕੀਤਾ ਸੀ। ਇਕ ਤੋਂ ਬਾਅਦ ਇਕ ਸਕੈਂਡਲ ਨੇ ਉਨ੍ਹਾਂ ਦੀ ਭਰੋਸੇਯੋਗਤਾ ਨੂੰ ਸੱਟ ਮਾਰੀ। ਉਹ ਆਪਣੀ ਲਾਪ੍ਰਵਾਹ ਦੁਨੀਆ ਵਿਚ ਸਿਮਟਦੇ ਗਏ।

ਬ੍ਰੈਕਜ਼ਿਟ ਤੇ ਕੋਵਿਡ ਦੋਵਾਂ ਨੇ ਆਮ ਬ੍ਰਿਟਿਸ਼ ਨਾਗਰਿਕਾਂ ਨੂੰ ਪ੍ਰਭਾਵਿਤ ਕੀਤਾ। ਉਨ੍ਹਾਂ ਲਈ ਪਿਆਰ ਗੁੱਸੇ ਵਿਚ ਬਦਲਣ ਲੱਗਿਆ, ਜਿਸ ਦਾ ਅਸਰ ਮਈ ਵਿਚ ਹੋਈਆਂ ਮੱਧਕਾਲੀ ਚੋਣਾਂ ਵਿਚ ਦਿਸਿਆ, ਜਿੱਥੇ ਕੰਜ਼ਰਵੇਟਿਵ ਪਾਰਟੀ ਨੇ ਆਪਣੇ ਕਈ ਮਜ਼ਬੂਤ ਗੜ੍ਹ ਵੀ ਗੁਆ ਦਿੱਤੇ। ਇਹ ਜੌਹਨਸਨ ਦੇ ਅੰਤ ਦੀ ਸ਼ੁਰੂਆਤ ਸੀ ਪਰ ਉਹ ਉਸ ਨਾਲ ਵੀ ਨਹੀਂ ਸੰਭਲੇ। ਸਰੀਰਕ ਸ਼ੋਸ਼ਣ ਦੇ ਮਾਮਲੇ ਵਿਚ ਆਪਣੇ ਇਕ ਸੰਸਦ ਮੈਂਬਰ ਨੂੰ ਲੈ ਕੇ ਉਨ੍ਹਾਂ ਨੇ ਜੋ ਲਾਪਰਵਾਹੀ ਦਿਖਾਈ, ਉਸ ਨੇ ਵੀ ਉਨ੍ਹਾਂ ਦੀ ਸਾਖ 'ਤੇ ਧੱਬਾ ਲਾਇਆ। ਉਨ੍ਹਾਂ ਦੀ ਪਾਰਟੀ ਦੇ ਨੇਤਾਵਾਂ ਨੂੰ ਕੰਧ 'ਤੇ ਲਿਖੀ ਇਬਾਰਤ ਸਾਫ਼ ਦਿਸਣ ਲੱਗੀ ਅਤੇ ਉਹ ਉਨ੍ਹਾਂ ਵਿਰੁੱਧ ਲਾਮਬੰਦ ਹੋਏ। ਉਨ੍ਹਾਂ ਦਾ ਪਤਨ ਇਹੋ ਦਰਸਾਉਂਦਾ ਹੈ ਕਿ ਅਨੁਸ਼ਾਸਨ ਦੀ ਕਮੀ ਵਿਚ ਬੌਧਿਕਤਾ ਬੇਮਾਅਨੀ ਹੋ ਜਾਂਦੀ ਹੈ।

ਸਿੰਜ਼ੋ ਅਬੇ ਦੀ ਇਤਿਹਾਸਕ ਵਿਰਾਸਤ ਇਸ ਮਾਮਲੇ ਵਿਚ ਬਿਲਕੁਲ ਉਲਟ ਹੈ। ਉਹ ਵੀ ਇਕ ਕੰਜ਼ਰਵੇਟਿਵ ਨੇਤਾ ਸਨ ਪਰ ਉਨ੍ਹਾਂ ਦੀ ਰਾਜਨੀਤੀ ਸੱਤਾ ਦੀ ਚਾਹ ਤੋਂ ਜ਼ਿਆਦਾ ਉੱਚ ਆਦਰਸ਼ਾਂ ਨਾਲ ਓਤਪ੍ਰੋਤ ਰਹੀ। ਉਹ ਘਰੇਲੂ ਅਤੇ ਬਾਹਰੀ ਦੋਵੇਂ ਪੱਧਰਾਂ 'ਤੇ ਜਾਪਾਨ ਦੇ ਗੌਰਵ ਦੀ ਮੁੜ ਸਥਾਪਨਾ ਪ੍ਰਤੀ ਵਚਨਬੱਧ ਸਨ ਤੇ ਉਸ ਟੀਚੇ ਦੀ ਪ੍ਰਾਪਤੀ ਲਈ ਸਖ਼ਤ ਮਿਹਨਤ ਕਰਦੇ ਰਹੇ। ਇਸ ਦੇ ਨਤੀਜੇ ਵੀ ਖ਼ਾਸੇ ਨਾਟਕੀ ਰਹੇ। ਅੱਜ ਜਾਪਾਨ ਉਸ ਸਥਿਤੀ ਤੋਂ ਬਹੁਤ ਅਲੱਗ ਦੇਸ਼ ਹੈ, ਜਿਹੋ ਜਿਹਾ ਸਿੰਜ਼ੋ ਅਬੇ ਦੇ ਸੱਤਾ ਸੰਭਾਲਣ ਤੋਂ ਪਹਿਲਾਂ ਸੀ। ਦਿਲਚਸਪ ਗੱਲ ਇਹ ਰਹੀ ਕਿ ਕੰਜ਼ਰਵੇਟਿਵ ਨੇਤਾ ਹੁੰਦੇ ਹੋਏ ਵੀ ਉਨ੍ਹਾਂ ਨੇ ਜਾਪਾਨ ਦੀ ਘਰੇਲੂ ਅਤੇ ਵਿਦੇਸ਼ ਨੀਤੀ 'ਚ ਸਥਿਤੀ ਨੂੰ ਚੁਣੌਤੀ ਦਿੱਤੀ। ਉਨ੍ਹਾਂ ਦੇ ਰਾਸ਼ਟਰਵਾਦੀ ਆਦਰਸ਼ਾਂ ਨੇ ਉਨ੍ਹਾਂ ਦੀ ਮੁਹਿੰਮ ਨੂੰ ਰਫ਼ਤਾਰ ਪ੍ਰਦਾਨ ਕੀਤੀ ਪਰ ਇਹ ਉਨ੍ਹਾਂ ਦੀ ਇਮਾਨਦਾਰੀ ਅਤੇ ਅਨੁਸ਼ਾਸਨ ਹੀ ਸੀ, ਜਿਨ੍ਹਾਂ ਦੇ ਦਮ 'ਤੇ ਉਹ ਨਾ ਕੇਵਲ ਜਾਪਾਨ ਦੇ ਸਮਕਾਲੀ ਨੇਤਾਵਾਂ ਸਗੋਂ ਸਮਕਾਲੀ ਦੌਰ ਦੇ ਦਿੱਗਜ ਆਲਮੀ ਨੇਤਾ ਦੇ ਰੂਪ 'ਚ ਵੀ ਸਥਾਪਿਤ ਹੋ ਸਕੇ। ਸਿੰਜ਼ੋ ਅਬੇ ਦੇ ਉਲਟ ਰਾਜਪਕਸ਼ੇ ਤੇ ਜੌਹਨਸਨ ਦੀ ਕਹਾਣੀ ਇਹੋ ਯਾਦ ਕਰਵਾਉਂਦੀ ਹੈ ਕਿ ਸ਼ਾਸਨ ਨਾਲ ਸਬੰਧਿਤ ਗੰਭੀਰ ਏਜੰਡੇ ਅਤੇ ਨਿੱਜੀ ਇਮਾਨਦਾਰੀ ਦੀ ਅਣਹੋਂਦ ਵਿਚ ਸਿਆਸੀ ਸੱਤਾ ਦੀ ਚਾਹ ਕਿਵੇਂ ਨੇਤਾਵਾਂ ਨੂੰ ਰੋੜ੍ਹ ਕੇ ਲੈ ਜਾਂਦੀ ਹੈ ਤੇ ਵਕਤ ਦੀ ਰੇਤ 'ਤੇ ਵੀ ਉਨ੍ਹਾਂ ਦੇ ਨਿਸ਼ਾਨ ਕਿਤੇ ਨਹੀਂ ਰਹਿ ਜਾਂਦੇ। ਇਨ੍ਹਾਂ ਦੋਵਾਂ ਦੇ ਹਸ਼ਰ ਤੋਂ ਦੁਨੀਆ ਭਰ ਦੇ ਨੇਤਾਵਾਂ ਨੂੰ ਸਬਕ ਸਿੱਖਣੇ ਚਾਹੀਦੇ ਹਨ।

# ਸਰਕਾਰ ਸਿਰ ਚੜ੍ਹਿਆ ਕਰਜ਼ਾ ਸ੍ਰੀਲੰਕਾ ਦੇ ਸੰਕਟ ਦਾ ਕਾਰਨ

**ਐਸ ਐਸ ਛੀਨਾ**

ਸ੍ਰੀਲੰਕਾ ਵਿਚ ਜੋ ਕੁਝ ਪਿਛਲੇ ਦਿਨਾਂ ਵਿਚ ਵਾਪਰਿਆ, ਇਸ ਦੀ ਮਿਸਾਲ ਆਧੁਨਿਕ ਇਤਿਹਾਸ ਵਿਚ ਕਿਤੇ ਵੀ ਨਹੀਂ ਮਿਲਦੀ। ਸ੍ਰੀਲੰਕਾ ਦੇ ਲੋਕਾਂ ਨੇ ਇਕੱਠੇ ਹੋ ਕੇ ਰਾਸ਼ਟਰਪਤੀ ਦੇ ਮਹੱਲ ਨੂੰ ਘੇਰ ਲਿਆ ਅਤੇ ਫਿਰ ਘਰ ਦੇ ਅੰਦਰ ਦਾਖ਼ਲ ਹੋ ਕੇ ਉਨ੍ਹਾਂ ਨੇ ਵੱਡੀ ਪੱਧਰ 'ਤੇ ਭੰਨ-ਤੋੜ ਵੀ ਕੀਤੀ। ਪਰ ਉਸ ਤੋਂ ਪਹਿਲਾਂ ਹੀ ਰਾਸ਼ਟਰਪਤੀ ਸ੍ਰੀ ਰਾਜਪਕਸ਼ੇ ਮਹੱਲ ਛੱਡ ਕੇ ਦੌੜ ਗਿਆ ਸੀ, ਕਿਉਂ ਜੋ ਜੇ ਉਹ ਉਥੇ ਰਹਿੰਦਾ ਤਾਂ ਉਸ ਦੀ ਜਾਨ ਨੂੰ ਵੀ ਖ਼ਤਰਾ ਸੀ। ਇਹ ਸਭ ਕੁਝ ਇਕਦਮ ਨਹੀਂ ਹੋਇਆ, ਸਗੋਂ ਇਸ ਲਈ ਕਈ ਮਹੀਨੇ ਲੱਗੇ ਅਤੇ ਇਸ ਦੇ ਵੱਡੇ ਕਾਰਨ ਉਥੋਂ ਦੀਆਂ ਆਰਥਿਕ ਮੁਸ਼ਕਿਲਾਂ ਹਨ।

ਸ੍ਰੀਲੰਕਾ ਭਾਰਤ ਦਾ ਗੁਆਂਢੀ ਦੇਸ਼ ਹੈ, ਜਿਹੜਾ ਹਰ ਪਾਸਿਉਂ ਸਮੁੰਦਰਾਂ ਨਾਲ ਘਿਰਿਆ ਹੋਇਆ ਟਾਪੂ ਹੈ। ਭਾਰਤ ਦੀ ਸੀਮਾ ਤੋਂ ਇਹ ਸਿਰਫ 60 ਕਿਲੋਮੀਟਰ ਦੀ ਦੂਰੀ 'ਤੇ ਹੈ। ਇਹ ਬਹੁਤ ਛੋਟਾ ਖੇਤਰ ਹੈ, ਜਿਸ ਦਾ ਕੁੱਲ ਖੇਤਰਫਲ ਸਿਰਫ 65610 ਵਰਗ ਕਿਲੋਮੀਟਰ ਹੈ, ਜਿਸ ਵਿਚ 82 ਫ਼ੀਸਦੀ ਤਾਂ ਮੁੱਖ ਖੇਤਰ ਹੈ ਜਦੋਂ ਕਿ ਬਾਕੀ 18 ਫ਼ੀਸਦੀ ਖੇਤਰ ਵਿਚ ਛੋਟੇ-ਛੋਟੇ ਟਾਪੂ ਹਨ। ਪਰ ਦੂਸਰੇ ਪਾਸੇ ਇਸ ਵਿਚ ਵੱਡੀ ਵਸੋਂ ਦਾ ਭਾਰ ਹੈ, ਜਿਹੜੀ 2 ਕਰੋੜ 14 ਲੱਖ 97 ਹਜ਼ਾਰ 310 ਹੈ ਅਤੇ ਇਥੋਂ ਦੀ ਵਸੋਂ ਘਣਤਾ 341 ਪ੍ਰਤੀ ਕਿਲੋਮੀਟਰ ਹੈ। ਗਰੀਬੀ ਨਾਲ ਜੂਝ ਰਹੇ ਇਸ ਦੇਸ਼ ਦੀ ਪ੍ਰਤੀ ਵਿਅਕਤੀ ਆਮਦਨ ਸਿਰਫ 3852 ਡਾਲਰ ਪ੍ਰਤੀ ਸਾਲ ਹੈ। 2019 ਤੋਂ ਪਹਿਲਾਂ ਇਸ ਦੇਸ਼ ਵਿਚ ਭਾਵੇਂ ਵੱਡੀ ਪੱਧਰ 'ਤੇ ਬੇਰੁਜ਼ਗਾਰੀ ਤਾਂ ਸੀ ਪਰ ਆਮ ਬੇਚੈਨੀ ਨਹੀਂ ਸੀ। 2020 ਵਿਚ ਕੋਰੋਨਾ ਦੀ ਮਹਾਂਮਾਰੀ ਨੇ ਇਸ ਦੇਸ਼ ਦੀ ਆਰਥਿਕਤਾ 'ਤੇ ਬਹੁਤ ਬੁਰੇ ਪ੍ਰਭਾਵ ਪਾਏ। ਇਸ ਦੇਸ਼ ਨੂੰ ਟੂਰਿਜ਼ਮ ਤੋਂ ਵੱਡੀ ਆਮਦਨ ਮਿਲਦੀ ਹੈ। ਦੁਨੀਆ ਭਰ ਦੇ ਯਾਤਰੂ ਇਸ ਵਿਲੱਖਣ ਦੇਸ਼ ਦੀ ਯਾਤਰਾ ਲਈ ਜਾਂਦੇ ਹਨ, ਜਿਸ ਕਰਕੇ ਉਥੋਂ ਦੇ ਹੋਟਲ, ਸਨਅਤ, ਆਵਾਜਾਈ ਅਤੇ ਢਾਬੇ ਵਾਲਿਆਂ ਨੂੰ ਵੱਡੀ ਆਮਦਨ ਮਿਲਦੀ ਹੈ। ਪਰ ਇਥੇ ਜਾਣ ਵਾਲੇ ਯਾਤਰੂਆਂ ਵਿਚ ਸਭ ਤੋਂ ਵੱਡੀ ਗਿਣਤੀ ਚੀਨੀ ਯਾਤਰੂਆਂ ਦੀ ਹੁੰਦੀ ਹੈ। 2019 ਦੇ ਇਕ ਸਾਲ ਵਿਚ ਹੀ ਕੋਈ ਇਕ ਲੱਖ 75 ਹਜ਼ਾਰ ਚੀਨੀ ਯਾਤਰੂ ਇਸ ਟਾਪੂ 'ਤੇ ਗਏ ਸਨ ਅਤੇ ਇਸ ਤਰ੍ਹਾਂ ਹੀ ਹੋਰ ਦੇਸ਼ਾਂ ਤੋਂ ਜਾਣ ਵਾਲੇ ਯਾਤਰੂਆਂ ਦੀ ਵੀ ਕਾਫ਼ੀ ਗਿਣਤੀ ਸੀ ਪਰ 2020 ਅਤੇ 20 21 ਵਿਚ ਕੋਰੋਨਾ ਕਾਰਨ ਵਿਦੇਸ਼ੀ ਯਾਤਰੂਆਂ ਨੇ ਬਿਲਕੁਲ ਹੀ ਜਾਣਾ ਬੰਦ ਕਰ ਦਿੱਤਾ।

2019 ਵਿਚ ਜਦੋਂ ਸ੍ਰੀਲੰਕਾ ਵਿਚ ਚੋਣਾਂ ਹੋਈਆਂ ਤਾਂ ਪਹਿਲਾਂ ਤੋਂ ਰਾਜ ਕਰ ਰਹੀ ਪਾਰਟੀ ਵਲੋਂ ਵੱਡੇ ਮੁਫ਼ਤ ਤੋਹਫ਼ੇ ਦਿੱਤੇ ਗਏ ਅਤੇ ਵੱਡੀਆਂ ਟੈਕਸ ਰਿਆਇਤਾਂ ਦਾ ਐਲਾਨ ਕੀਤਾ ਗਿਆ। ਵੈਟ ਨੂੰ ਘਟਾ ਕੇ 8 ਫ਼ੀਸਦੀ ਅਤੇ ਕਾਰਪੋਰੇਟ ਟੈਕਸ ਨੂੰ 28 ਫ਼ੀਸਦੀ ਤੋਂ ਘਟਾ ਕੇ 24 ਫ਼ੀਸਦੀ ਕਰ ਦਿੱਤਾ। ਇਸ ਤਰ੍ਹਾਂ ਹੀ ਹੋਰ ਟੈਕਸ ਘਟਾ ਦਿੱਤੇ ਗਏ, ਮੁਫ਼ਤ ਤੋਹਫ਼ਿਆਂ ਨਾਲ ਸਰਕਾਰ ਦੇ ਖ਼ਰਚ ਵਿਚ ਵੱਡਾ ਵਾਧਾ ਹੋ ਗਿਆ, ਸਰਕਾਰ ਵਲੋਂ ਨਵੀਆਂ ਨੌਕਰੀਆਂ ਤਾਂ ਕੱਢੀਆਂ ਨਾ ਗਈਆਂ ਸਗੋਂ ਪਿਛਲੇ ਕਰਮਚਾਰੀਆਂ ਨੂੰ ਤਨਖਾਹਾਂ ਦੇਣੀਆਂ ਵੀ ਮੁਸ਼ਕਿਲ ਹੋ ਗਈਆਂ, ਸਿੱਟੇ ਵਜੋਂ ਜਨਤਾ ਵਿਚ ਬੇਚੈਨੀ ਲਗਾਤਾਰ ਵਧਦੀ ਗਈ।

ਪਰ ਇਸ ਸਮੇਂ ਵਿਚ ਹੀ ਖੇਤੀਬਾੜੀ ਦੀ ਉਪਜ ਘਟਦੀ ਗਈ, ਜਿਸ ਦਾ ਵੱਡਾ ਕਾਰਨ ਇਹ ਦੱਸਿਆ ਜਾ ਰਿਹਾ ਹੈ ਕਿ ਸਰਕਾਰ ਵਲੋਂ ਰਸਾਇਣਿਕ ਖਾਦਾਂ ਪਾਉਣ ਦੀ ਮਨਾਹੀ ਕਰ ਦਿੱਤੀ ਗਈ, ਕਿਉਂ ਜੋ ਸਰਕਾਰ ਕੋਲ ਰਸਾਇਣਿਕ ਖਾਦਾਂ ਮੰਗਵਾਉਣ ਦੀ ਸਮਰੱਥਾ ਹੀ ਨਹੀਂ ਸੀ। ਸ੍ਰੀਲੰਕਾ ਤੋਂ ਬਰਾਮਦ ਕਰਨ ਵਾਲੀਆਂ ਵਸਤੂਆਂ ਬਹੁਤ ਘੱਟ ਸਨ, ਜਦੋਂ ਕਿ ਬਰਾਮਦ ਤੋਂ ਕਿਤੇ ਜ਼ਿਆਦਾ ਦਰਾਮਦ ਕਰਨੀ ਪੈਂਦੀ ਸੀ, ਜਿਸ ਵਿਚ ਤੇਲ, ਖ਼ੁਰਾਕ, ਦਵਾਈਆਂ, ਵਾਹਨ ਆਦਿ ਵਸਤੂਆਂ ਸ਼ਾਮਿਲ ਸਨ। ਸਰਕਾਰ ਪਹਿਲਾਂ ਹੀ ਬਹੁਤ ਕਰਜ਼ਾਈ ਸੀ ਪਰ ਫਿਰ ਵੀ ਕਰਜ਼ਾ ਉਠਾਉਣ ਲਈ ਮਜਬੂਰ ਸੀ। 2010 ਤੋਂ 2020 ਤੱਕ ਦੇ 10 ਸਾਲਾਂ ਵਿਚ ਹੀ ਸ੍ਰੀਲੰਕਾ ਦਾ ਕਰਜ਼ਾ ਦੁੱਗਣਾ ਹੋ ਗਿਆ। 2019 ਵਿਚ ਦੇਸ਼ ਵਿਚ ਹੋਣ ਵਾਲੇ ਕੁੱਲ ਘਰੇਲੂ ਉਤਪਾਦਨ ਦਾ 42 ਫ਼ੀਸਦੀ ਕਰਜ਼ਾ ਸੀ ਪਰ ਤਿੰਨ ਸਾਲਾਂ ਵਿਚ ਜਾਂ 2022 ਤੱਕ ਇਹ ਕਰਜ਼ਾ ਵਧ ਕੇ 119 ਫ਼ੀਸਦੀ ਹੋ ਗਿਆ, ਜਿਸ ਦਾ ਅਰਥ ਹੈ ਕਿ ਜਿੰਨਾ ਦੇਸ਼ ਵਿਚ ਇਕ ਸਾਲ ਵਿਚ ਕੁੱਲ ਉਤਪਾਦਨ ਹੋਣਾ ਸੀ, ਕਰਜ਼ਾ ਉਸ ਤੋਂ ਵੀ ਕਿਤੇ ਜ਼ਿਆਦਾ ਸੀ ਅਤੇ ਇਸ 'ਚ ਆਉਣ ਵਾਲੇ ਸਮੇਂ ਵਿਚ ਕੋਈ ਰਾਹਤ ਮਿਲਣ ਵਾਲੀ ਨਹੀਂ ਸੀ।

**ਕੌਮਾਂਤਰੀ ਮੱਸਲਾ**

ਪਰ ਸਭ ਤੋਂ ਵੱਧ ਬੇਚੈਨੀ ਖ਼ੁਰਾਕ ਦੀ ਘਾਟ ਕਰਕੇ ਅਤੇ ਉਸ ਦੀਆਂ ਉੱਚੀਆਂ ਕੀਮਤਾਂ ਕਰਕੇ ਹੋਈ ਭਾਵੇਂ ਕਿ ਹਰ ਵਸਤੂ ਦੀਆਂ ਕੀਮਤਾਂ ਬਹੁਤ ਵਧੀਆਂ ਸਨ ਪਰ ਸਭ ਤੋਂ ਵੱਧ ਖ਼ੁਰਾਕੀ ਵਸਤੂਆਂ ਦੀਆਂ ਕੀਮਤਾਂ ਵਧੀਆਂ। ਇਕ ਸਾਲ ਵਿਚ ਹੀ ਖ਼ੁਰਾਕ ਦੀਆਂ ਕੀਮਤਾਂ 24.7 ਫ਼ੀਸਦੀ ਵਧੀਆਂ। ਸਰਕਾਰ ਦੀ ਕਮਜ਼ੋਰ ਸਥਿਤੀ ਹੋਣ ਕਰਕੇ ਵਿਦੇਸ਼ਾਂ ਤੋਂ ਖ਼ੁਰਾਕ ਮੰਗਵਾਈ ਨਾ ਗਈ ਅਤੇ ਦੇਸ਼ ਵਿਚ ਖਾਦਾਂ ਦੀ ਵਰਤੋਂ ਦੀ ਮਨਾਹੀ ਕਰਕੇ ਸਿਰਫ਼ ਜੈਵਿਕ ਖੇਤੀ ਦੀ ਇਜਾਜ਼ਤ ਸੀ। ਪਰ ਜੇ ਜੈਵਿਕ ਖੇਤੀ ਨੂੰ ਠੀਕ ਢੰਗਾਂ ਨਾਲ ਨਾ ਕੀਤਾ ਜਾਵੇ ਅਤੇ ਜੈਵਿਕ ਖਾਦਾਂ ਦੀ ਵਰਤੋਂ ਨਾ ਕੀਤੀ ਜਾਵੇ ਤਾਂ ਉੱਪਜ ਇਕਦਮ ਬਹੁਤ ਘੱਟ ਜਾਂਦੀ ਹੈ, ਜਿਸ ਦੇ ਸਿੱਟੇ ਵਜੋਂ ਜਿਥੇ ਵਸਤੂਆਂ ਦੀ ਉਪਜ ਘਟੀ, ਉਥੇ ਉਨ੍ਹਾਂ ਦੀਆਂ ਕੀਮਤਾਂ ਵਧਦੀਆਂ ਗਈਆਂ। ਬਾਜ਼ਾਰਾਂ ਵਿਚ ਆਮ ਵਸਤੂਆਂ ਦੀ ਖ਼ਰੀਦ ਵਾਸਤੇ ਵੀ ਲੰਮੀਆਂ-ਲੰਮੀਆਂ ਲਾਈਨਾਂ ਵੇਖਣ ਨੂੰ ਮਿਲੀਆਂ, ਜਿਨ੍ਹਾਂ ਨਾਲ ਬੇਚੈਨੀ ਵਿਚ ਹੋਰ ਵਾਧਾ ਹੋ ਗਿਆ।

ਸ੍ਰੀਲੰਕਾ ਨੂੰ ਆਪਣਾ ਜ਼ਿਆਦਾਤਰ ਤੇਲ ਦਰਾਮਦ ਕਰਨਾ ਕਰਨਾ ਪੈਂਦਾ ਹੈ, ਜਿਸ ਲਈ ਕੀਮਤ ਡਾਲਰਾਂ ਵਿਚ ਅਦਾ ਕਰਨੀ ਪੈਂਦੀ ਹੈ। ਜੇ ਡਾਲਰਾਂ ਦੀ ਕੀਮਤ ਵੱਧ ਜਾਵੇ ਤਾਂ ਲੋਕਲ ਕਰੰਸੀ ਵਿਚ ਜ਼ਿਆਦਾ ਭੁਗਤਾਨ ਕਰਨਾ ਪੈਂਦਾ ਹੈ। ਸ੍ਰੀਲੰਕਾ ਕੋਲ ਵਿਦੇਸ਼ੀ ਮੁਦਰਾ ਦੀ ਘਾਟ ਕਰਕੇ ਇਕ ਤਾਂ ਤੇਲ ਖ਼ਰੀਦਿਆ ਹੀ ਘੱਟ ਗਿਆ, ਫਿਰ ਡਾਲਰਾਂ ਦੀ ਕੀਮਤ ਵਿਚ ਵਾਧਾ, ਰੂਸ-ਯੂਕਰੇਨ ਜੰਗ ਕਰਕੇ ਵੀ ਤੇਲ ਦੀ ਦਰਾਮਦ ਘਟੀ ਅਤੇ ਇਸ ਦੇ ਸਿੱਟੇ ਵਜੋਂ ਤੇਲ ਦੀਆਂ ਕੀਮਤਾਂ ਵਿਚ ਵਾਧਾ ਕੀਤਾ ਗਿਆ, ਜਿਸ ਨੇ ਦੇਸ਼ ਵਿਚ ਪੈਦਾ ਹੋਣ ਵਾਲੀਆਂ ਸਾਰੀਆਂ ਵਸਤਾਂ ਦੀਆਂ ਕੀਮਤਾਂ ਵਿਚ ਵਾਧਾ ਕਰਕੇ ਬੇਚੈਨੀ ਵਧਾ ਦਿੱਤੀ। ਤੇਲ ਦੀ ਘਾਟ ਕਰਕੇ ਊਰਜਾ ਪੈਦਾ ਕਰਨ ਵਾਲੇ ਕਈ ਪਲਾਂਟ ਬੰਦ ਕਰ ਦਿੱਤੇ ਗਏ, ਬਿਜਲੀ ਘੱਟ ਪੈਦਾ ਹੋਈ, ਉਦਯੋਗਿਕ ਇਕਾਈਆਂ ਘੱਟ ਸਮੇਂ ਲਈ ਚੱਲੀਆਂ, ਉਤਪਾਦਨ ਘਟਿਆ, ਬਿਜਲੀ ਦੀ ਘਰੇਲੂ ਵਰਤੋਂ ਘਟੀ, ਲੰਮੇ-ਲੰਮੇ ਕੱਟ ਲੱਗਣ ਲੱਗੇ, ਜਿਸ ਕਰਕੇ ਦੇਸ਼ ਭਰ ਵਿਚ ਰੋਸ ਪੈਦਾ ਹੋਇਆ। ਭਾਵੇਂ ਕਿ ਸ੍ਰੀਲੰਕਾ ਨੇ ਆਪਣੇ ਵਿਦੇਸ਼ੀ ਵਪਾਰ ਵਿਚ ਸੁਧਾਰ ਕਰਨ ਲਈ ਐਸ਼ੋ-ਇਸ਼ਰਤ ਦੀਆਂ ਵਸਤਾਂ ਦੀ ਤਾਂ ਮਨਾਹੀ ਕਰ ਦਿੱਤੀ, ਜਿਨ੍ਹਾਂ ਵਿਚ ਵਾਹਨ ਮੁੱਖ ਸਨ ਪਰ ਉਨ੍ਹਾਂ ਨਾਲ ਆਮ ਆਦਮੀ ਨੂੰ ਕੋਈ ਰਾਹਤ ਨਾ ਮਿਲੀ। ਦੇਸ਼ ਵਿਚ ਖ਼ੁਰਾਕ ਦਾ ਘੱਟ ਉਤਪਾਦਨ ਅਤੇ ਉਦਯੋਗਿਕ ਵਸਤੂਆਂ ਦੀ ਕਮੀ ਇਸ ਬੇਚੈਨੀ ਦੇ ਵੱਡੇ ਕਾਰਨ ਹਨ। ਸ੍ਰੀਲੰਕਾ ਦੀ ਆਰਥਿਕਤਾ ਵਿਚ ਵੱਡੀਆਂ ਮੁਸ਼ਕਿਲਾਂ ਦਾ ਇਕ ਹੋਰ ਗੰਭੀਰ ਕਾਰਨ ਉਸ ਦੇਸ਼ ਵਿਚ ਆਰਥਿਕ ਅਸਮਾਨਤਾ ਵੀ ਹੈ। ਅਮੀਰ ਬਹੁਤ ਅਮੀਰ ਹਨ, ਗ਼ਰੀਬ ਬਹੁਤ ਗ਼ਰੀਬ ਅਤੇ ਵੱਡੀ ਗਿਣਤੀ ਵਿਚ ਹਨ। ਦੇਸ਼ ਵਿਚ ਬਣਨ ਵਾਲੀਆਂ ਸਾਰੀਆਂ ਵਸਤੂਆਂ ਵਿਕਦੀਆਂ ਨਹੀਂ, ਜਿਸ ਕਰਕੇ ਹੋਰ ਬਣਦੀਆਂ ਨਹੀਂ, ਉਦਯੋਗਿਕ ਇਕਾਈਆਂ ਘੱਟ ਸਮਾਂ ਕੰਮ ਕਰਦੀਆਂ ਹਨ। ਕਿਰਤੀਆਂ ਦੀ ਲੋੜ ਨਹੀਂ ਪੈਂਦੀ, ਜਿਸ ਕਰਕੇ ਬੇਰੁਜ਼ਗਾਰੀ ਹੋਰ ਵਧਦੀ ਹੈ।

ਸ੍ਰੀਲੰਕਾ ਦੀਆਂ ਮੁਸ਼ਕਿਲਾਂ ਦੂਰ ਕਰਨ ਲਈ ਗੁਆਂਢੀ ਦੇਸ਼ਾਂ ਨੇ ਵੱਡੀ ਮਦਦ ਕੀਤੀ ਹੈ। ਬੰਗਲਾਦੇਸ਼ ਨੇ 200 ਮਿਲੀਅਨ ਡਾਲਰ ਦੇਣ ਦਾ ਵਾਅਦਾ ਕੀਤਾ। ਚੀਨ ਨੇ 150 ਕਰੋੜ ਡਾਲਰ, ਭਾਰਤ ਨੇ 240 ਕਰੋੜ ਡਾਲਰ, ਪਾਕਿਸਤਾਨ ਅਤੇ ਕਤਰ ਨੇ ਵੀ ਮਦਦ ਕਰਨ ਦਾ ਵਾਅਦਾ ਕੀਤਾ। ਸ੍ਰੀਲੰਕਾ ਅੰਤਰਰਾਸ਼ਟਰੀ ਮੁਦਰਾ ਫੰਡ ਤੋਂ ਕੋਈ ਮਦਦ ਨਹੀਂ ਲੈਣਾ ਚਾਹੁੰਦਾ, ਕਿਉਂ ਜੋ ਉਸ ਸੰਸਥਾ ਦੀ ਮਦਦ ਨਾਲ ਕੁਝ ਵਿੱਤੀ ਸ਼ਰਤਾਂ ਜੁੜੀਆਂ ਹੁੰਦੀਆਂ ਹਨ ਅਤੇ ਸ੍ਰੀਲੰਕਾ ਦੀ ਲੀਡਰਸ਼ਿਪ ਮਹਿਸੂਸ ਕਰਦੀ ਹੈ ਕਿ ਇਹ ਸ਼ਰਤਾਂ ਉਸ ਲਈ ਪੂਰੀਆਂ ਕਰਨੀਆਂ ਮੁਸ਼ਕਿਲ ਹਨ।

ਕੁੱਲ ਮਿਲਾ ਕੇ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਸ੍ਰੀਲੰਕਾ ਦੀਆਂ ਮੁਸ਼ਕਿਲਾਂ ਉਥੇ ਦੀਆਂ ਗ਼ਲਤ ਨੀਤੀਆਂ ਦਾ ਸਿੱਟਾ ਹਨ, ਜਿਸ ਵਿਚ ਮੁਫ਼ਤ ਤੋਹਫ਼ੇ, ਖੇਤੀ ਲਈ ਯੋਗ ਨੀਤੀ ਨਾ ਅਪਣਾਉਣਾ, ਉਦਯੋਗਿਕ ਵਿਕਾਸ ਵਿਚ ਰੁਕਾਵਟਾਂ, ਦੇਸ਼ ਦੀ ਸਰਕਾਰ ਸਿਰ ਚੜ੍ਹਿਆ ਕਰਜ਼ਾ ਅਤੇ ਵਿਦੇਸ਼ੀ ਸੈਲਾਨੀਆਂ ਅਤੇ ਵਪਾਰ ਵਿਚ ਆਈ ਕਮੀ ਅਤੇ ਦਰਾਮਦ 'ਤੇ ਨਿਰਭਰ ਹੋਣਾ।

# ਚੀਨ ਵਲੋਂ ਭਾਰਤ ਖਿਲਾਫ ਕਾਰਵਾਈਆਂ ਜਾਰੀ

## ✪ ਤਿੰਨ-ਚਾਰ ਹ਼ਫ਼ਤਿਆਂ ਤੋਂ ਅਸਲ ਕੰਟਰੋਲ ਰੇਖਾ ਦੇ ਕਾਫ਼ੀ ਨੇੜੇ ਉਡਾਣ ਭਰ ਰਹੇ ਨੇ ਚੀਨੀ ਜਹਾਜ਼ ✪ ਯੂਕੇ ਤੇ ਭਾਰਤ ਲਈ ਚੀਨ "ਸਭ ਤੋਂ ਵੱਡਾ ਖ਼ਤਰਾ" : ਰਿਸ਼ੀ ਸੁਨਕ

**ਅੰਮ੍ਰਿਤਸਰ ਟਾਈਮਜ਼**

ਨਵੀਂ ਦਿੱਲੀ: ਭਾਰਤ ਤੇ ਚੀਨ ਦਰਮਿਆਨ ਫ਼ੌਜੀ ਕਮਾਂਡਰ ਪੱਧਰ ਦੀ ਵਾਰਤਾ ਦੇ ਬਾਵਜੂਦ ਚੀਨ ਦੇ ਲੜਾਕੂ ਜਹਾਜ਼ ਪੂਰਬੀ ਲੱਦਾਖ ਵਿਚ ਤਾਇਨਾਤ ਭਾਰਤੀ ਸੁਰੱਖਿਆ ਬਲਾਂ ਨੂੰ ਭੜਕਾਉਣ ਦਾ ਲਗਾਤਾਰ ਯਤਨ ਕਰ ਰਹੇ ਹਨ। ਚੀਨ ਦੇ ਜਹਾਜ਼ ਪਿਛਲੇ ਤਿੰਨ-ਚਾਰ ਹ਼ਫ਼ਤਿਆਂ ਦੌਰਾਨ ਕਈ ਮੌਕਿਆਂ 'ਤੇ ਅਸਲ ਕੰਟਰੋਲ ਰੇਖਾ ਦੇ ਬਿਲਕੁਲ ਨੇੜੇ ਉੱਡਦੇ ਦੇਖੇ ਗਏ ਹਨ। ਇਸ ਨੂੰ ਚੀਨ ਵੱਲੋਂ ਖੇਤਰ ਵਿਚ ਭਾਰਤੀ ਰੱਖਿਆ ਢਾਂਚੇ ਨੂੰ ਜਾਂਚਣ ਦੇ ਯਤਨ ਵਜੋਂ ਦੇਖਿਆ ਜਾ ਰਿਹਾ ਹੈ। ਸਰਕਾਰੀ ਸੂਤਰ ਨੇ ਦੱਸਿਆ ਕਿ ਭਾਰਤੀ ਹਵਾਈ ਸੈਨਾ ਹਰੇਕ ਸਥਿਤੀ ਦਾ ਜ਼ਿੰਮੇਵਾਰੀ ਨਾਲ ਜਵਾਬ ਦੇਣ ਲਈ ਪੂਰੀ ਤਰਾਂ ਤਿਆਰ ਹੈ ਤੇ ਖ਼ਤਰੇ ਨਾਲ ਨਜਿੱਠਣ ਵਿਚ ਕੋਈ ਕਸਰ ਬਾਕੀ ਨਹੀਂ ਛੱਡ ਰਹੀ। ਇਸ ਤੋਂ ਇਲਾਵਾ ਇਹ ਕੋਸ਼ਿਸ਼ ਵੀ ਕੀਤੀ ਜਾ ਰਹੀ ਹੈ ਕਿ ਮਾਮਲਾ ਕਾਬੂ ਤੋਂ ਬਾਹਰ ਨਾ ਹੋ ਜਾਵੇ। ਚੀਨ ਦੇ ਲੜਾਕੂ ਜਹਾਜ਼ ਜੇ-11 ਸਣੇ ਹੋਰ ਜਹਾਜ਼ਾਂ ਨੇ ਕੰਟਰੋਲ ਰੇਖਾ ਨੇੜੇ ਉਡਾਣ ਭਰੀ ਹੈ। ਭਰੋਸਾ ਬਣਾਏ ਰੱਖਣ ਲਈ ਜਿਹੜੀ ਦਸ ਕਿਲੋਮੀਟਰ ਲੰਮੀ ਲਾਈਨ (ਸੀਬੀਐਮ) ਤੈਅ ਕੀਤੀ ਗਈ ਹੈ, ਉਸ ਦੀ ਉਲੰਘਣਾ ਦੇ ਕਈ ਮਾਮਲੇ ਹਾਲ ਹੀ ਵਿਚ ਸਾਹਮਣੇ ਆਏ ਹਨ। ਉਨਾਂ ਦੱਸਿਆ ਕਿ ਭਾਰਤੀ ਹਵਾਈ ਸੈਨਾ ਨੇ ਵੀ ਆਪਣੇ ਸਭ ਤੋਂ ਅਸਰਦਾਰ ਲੜਾਕੂ ਜਹਾਜ਼ਾਂ ਮਿੱਗ-29 ਤੇ ਮਿਰਾਜ 2000 ਨੂੰ ਐਲਏਸੀ ਨੇੜੇ ਤਾਇਨਾਤ ਕਰ ਦਿੱਤਾ ਹੈ ਜੋ ਕਿਸੇ ਵੀ ਚੀਨੀ ਕਾਰਵਾਈ ਦਾ ਇਹ ਮਿੰਟਾਂ ਵਿਚ ਜਵਾਬ ਦੇ ਸਕਦੇ ਹਨ। ਸੂਤਰਾਂ ਮੁਤਾਬਕ ਚੀਨ ਦੀ ਫ਼ੌਜ ਪੀਐਲਏ ਭਾਰਤ ਵੱਲੋਂ ਲੱਦਾਖ ਵਿਚ ਸਰਹੱਦ ਨੇੜੇ ਅਪਗ੍ਰੇਡ ਕੀਤੇ ਜਾ ਰਹੇ ਢਾਂਚੇ ਤੋਂ ਤਣਾਅ ਵਿਚ ਹੈ। ਨਵੇਂ ਉਸਾਰੇ ਜਾ ਰਹੇ ਢਾਂਚੇ ਨਾਲ ਭਾਰਤ ਚੀਨ ਦੇ ਕਬਜ਼ੇ ਵਾਲੇ ਖੇਤਰ ਵਿਚ ਕਾਫ਼ੀ ਅੰਦਰ ਤੱਕ ਨਿਗਰਾਨੀ ਰੱਖਣ ਦੇ ਸਮਰੱਥ ਹੋ ਜਾਵੇਗਾ। ਭਾਰਤੀ ਹਵਾਈ ਸੈਨਾ ਚੀਨੀ ਜਹਾਜ਼ਾਂ ਦੇ ਉਡਣ ਦੇ ਢੰਗਾਂ ਨੂੰ ਵੀ ਬਾਰੀਕੀ ਨਾਲ ਦੇਖ ਰਹੀ ਹੈ। ਇਹ ਕਈ ਵਾਰ ਜ਼ਮੀਨ ਨੇੜੇ ਤੇ ਕਈ ਵਾਰ ਉਚਾਈ ਉਤੇ ਉਡਾਣ ਭਰਦੇ ਦੇਖੇ ਗਏ ਹਨ। ਸੂਤਰਾਂ ਮੁਤਾਬਕ ਚੀਨੀ ਜਹਾਜ਼ਾਂ ਦੀ ਇਹ ਕਾਰਵਾਈ 24-25 ਜੂਨ ਨੂੰ ਸ਼ੁਰੂ ਹੋਈ ਸੀ ਜਦ ਉਨਾਂ ਦਾ ਇਕ ਜਹਾਜ਼ ਪੂਰਬੀ ਲੱਦਾਖ ਵਿਚ ਟਕਰਾਅ ਵਾਲੀ ਥਾਂ ਦੇ ਕਾਫ਼ੀ ਨੇੜੇ ਉਡਿਆ ਸੀ। ਭਾਰਤੀ ਸੈਨਾ ਦੇ ਜਹਾਜ਼ ਵੀ ਪੂਰਬੀ ਲੱਦਾਖ ਵਿਚ ਲਗਾਤਾਰ ਉਡਾਣਾਂ ਭਰ ਰਹੇ ਹਨ। ਸੂਤਰਾਂ ਮੁਤਾਬਕ ਕੋਰ ਕਮਾਂਡਰ ਪੱਧਰ ਦੀ 17 ਜੁਲਾਈ ਨੂੰ ਹੋਈ ਵਾਰਤਾ ਵਿਚ ਵੀ ਇਹ ਮੁੱਦਾ ਚੀਨ ਨਾਲ ਉਠਾਇਆ ਗਿਆ ਸੀ।

ਬ੍ਰਿਟੇਨ ਦੇ ਪ੍ਰਧਾਨ ਮੰਤਰੀ ਅਹੁਦੇ ਦੇ ਦੌੜ ਵਿਚ ਸ਼ਾਮਲ ਰਿਸ਼ੀ ਸੁਨਕ ਨੇ ਕਿਹਾ ਕਿ ਚੀਨ ਇਸ ਸਦੀ ਵਿਚ ਬ੍ਰਿਟੇਨ ਅਤੇ ਦੁਨੀਆ ਦੀ ਸੁਰੱਖਿਆ ਅਤੇ ਖੁਸ਼ਹਾਲੀ ਲਈ 'ਸਭ ਤੋਂ ਵੱਡਾ ਖ਼ਤਰਾ' ਹੈ ਅਤੇ ਇਸ ਗੱਲ ਦੇ ਸਬੂਤ ਹਨ ਕਿ ਉਸ ਨੇ ਅਮਰੀਕਾ, ਭਾਰਤ ਸਮੇਤ ਕਈ ਦੇਸ਼ਾਂ ਨੂੰ ਨਿਸ਼ਾਨਾ ਬਣਾਇਆ ਹੈ। ਸਾਬਕਾ ਵਿੱਤ ਮੰਤਰੀ ਸੁਨਕ (42) ਨੇ ਪ੍ਰਧਾਨ ਮੰਤਰੀ ਚੁਣੇ ਜਾਣ 'ਤੇ ਤਕਨੀਕੀ ਖੇਤਰ ਵਿਚ ਚੀਨ ਦੇ ਦਬਦਬੇ ਤੋਂ ਬਚਾਅ ਲਈ ਉੱਤਰ ਅਟਲਾਂਟਿਕ ਸੰਧੀ ਸੰਗਠਨ (ਨਾਟੋ) ਦੀ ਤਰਾਂ 'ਸੁਤੰਤਰ ਰਾਸ਼ਟਰਾਂ' ਦੇ ਇਕ ਨਵੇਂ ਫੌਜੀ ਗਠਜੋੜ ਦੇ ਗਠਨ ਸਮੇਤ ਕਈ ਯੋਜਨਾਵਾਂ ਸ਼ੁਰੂ ਕਰਨ ਦੀ ਗੱਲ ਕਹੀ।

ਕੰਜ਼ਰਵੇਟਿਵ ਪਾਰਟੀ ਦੇ ਲੀਡਰਸ਼ਿਪ ਦੇ ਅਹੁਦੇ ਲਈ ਚੋਣ ਲੜ ਰਹੇ ਸੁਨਕ ਨੇ ਕਿਹਾ ਕਿ ਮੈਂ ਯੂਕੇ ਵਿੱਚ ਚੀਨ ਦੀਆਂ ਸਾਰੀਆਂ 30 ਕਨਫਿਊਸ਼ੀਅਨ ਸੰਸਥਾਵਾਂ ਨੂੰ ਬੰਦ ਕਰ ਦਿਆਂਗਾ, ਜੋ ਕਿ ਵਿਸ਼ਵ ਵਿੱਚ ਸਭ ਤੋਂ ਵੱਡੀ ਗਿਣਤੀ ਹਨ। ਕਨਫਿਊਸ਼ੀਅਸ ਇੰਸਟੀਚਿਊਟ ਚੀਨੀ ਸਰਕਾਰ ਦੁਆਰਾ ਫੰਡ ਕੀਤੇ ਜਾਂਦੇ ਹਨ ਅਤੇ ਸੱਭਿਆਚਾਰ ਅਤੇ ਭਾਸ਼ਾ ਦੇ ਕੇਂਦਰਾਂ ਵਜੋਂ ਸੇਵਾ ਕਰਦੇ ਹਨ ਪਰ ਪੱਛਮ ਅਤੇ ਚੀਨ ਵਿਚਕਾਰ ਤਣਾਅਪੂਰਨ ਸਬੰਧਾਂ ਦੇ ਵਿਚਕਾਰ ਆਲੋਚਕ ਦਾਅਵਾ ਕਰਦੇ ਹਨ ਕਿ ਇਹ ਸੰਸਥਾਵਾਂ ਪ੍ਰਚਾਰ ਦੇ ਸਾਧਨ ਹਨ। ਭਾਰਤੀ ਮੂਲ ਦੇ ਸੰਸਦ ਮੈਂਬਰ ਸੁਨਕ ਨੇ ਕਿਹਾ ਕਿ ਚੀਨ ਅਤੇ ਚੀਨ ਦੀ ਕਮਿਊਨਿਸਟ ਪਾਰਟੀ ਇਸ ਸਦੀ ਵਿੱਚ ਬ੍ਰਿਟੇਨ ਅਤੇ ਦੁਨੀਆ ਦੀ ਸੁਰੱਖਿਆ ਅਤੇ ਖੁਸ਼ਹਾਲੀ ਲਈ ਸਭ ਤੋਂ ਵੱਡੇ ਖਤਰੇ ਹਨ। ਚੀਨ ਵੱਲੋਂ ਪੈਦਾ ਸਾਈਬਰ ਖਤਰਿਆਂ ਨਾਲ ਨਜਿੱਠਣ ਲਈ ਮੈਂ ਸੁਤੰਤਰ ਰਾਸ਼ਟਰਾਂ ਦਾ ਇੱਕ ਨਵਾਂ ਅੰਤਰਰਾਸ਼ਟਰੀ ਗਠਜੋੜ ਬਣਾਵਾਂਗਾ ਅਤੇ ਤਕਨਾਲੋਜੀ ਸੁਰੱਖਿਆ ਵਿੱਚ ਵਧੀਆ ਅਭਿਆਸਾਂ ਨੂੰ ਸਾਂਝਾ ਕਰਾਂਗਾ। ਦਾ ਰੈਡੀ ਫੌਰ ਸਟੇਜ" ਮੁਹਿੰਮ ਨੇ ਕਿਹਾ ਕਿ ਇਸ ਨਵੇਂ ਸੁਰੱਖਿਆ ਗਠਜੋੜ ਦੇ ਤਹਿਤ ਬ੍ਰਿਟੇਨ ਸਾਈਬਰ ਸੁਰੱਖਿਆ, ਦੂਰਸੰਚਾਰ ਸੁਰੱਖਿਆ ਅਤੇ ਬੌਧਿਕ ਜਾਇਦਾਦ ਦੀ ਚੋਰੀ ਨੂੰ ਰੋਕਣ ਲਈ ਅੰਤਰਰਾਸ਼ਟਰੀ ਮਿਆਰਾਂ ਅਤੇ ਮਾਪਦੰਡਾਂ ਨੂੰ ਪ੍ਰਭਾਵਿਤ ਕਰਨ ਦੀਆਂ ਕੋਸ਼ਿਸ਼ਾਂ ਬਾਰੇ ਜਾਣਕਾਰੀ ਇਕੱਠੀ ਕਰੇਗਾ। ਉੱਤਰੀ ਯੌਰਕਸ਼ਾਇਰ ਵਿੱਚ ਰਿਚਮੰਡ ਤੋਂ ਸੰਸਦ ਮੈਂਬਰ ਸੁਨਕ ਨੇ ਚੀਨ 'ਤੇ ਬ੍ਰਿਟੇਨ ਦੀ ਤਕਨਾਲੋਜੀ ਚੋਰੀ ਕਰਨ ਅਤੇ ਯੂਨੀਵਰਸਿਟੀਆਂ ਵਿੱਚ ਘੁਸਪੈਠ ਕਰਨ ਦਾ ਦੋਸ਼ ਲਗਾਉਂਦੇ ਹੋਏ ਕਿਹਾ ਕਿ ਚੀਨ ਯੂਕ੍ਰੇਨ ਵਿੱਚ ਹਮਲਿਆਂ ਵਿੱਚ ਸ਼ਾਮਲ ਸੀ, ਉਹ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦਾ ਸਮਰਥਨ ਕਰਦਾ ਹੈ, ਸ਼ਿਨਜਿਆਂਗ ਅਤੇ ਹਾਂਗਕਾਂਗ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਦਾ ਹੈ ਅਤੇ ਵਿਸ਼ਵ ਅਰਥਚਾਰੇ ਨੂੰ ਆਪਣੇ ਹਿੱਤ ਵਿੱਚ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਬੋਰਿਸ ਜਾਨਸਨ ਦੀ ਥਾਂ ਲੈਣ ਲਈ ਸੁਨਕ ਨੂੰ ਵਿਦੇਸ਼ ਮੰਤਰੀ ਲਿਜ਼ ਟਰਸ ਨਾਲ ਸਖ਼ਤ ਟੱਕਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਬੀਤੇ ਸੋਮਵਾਰ ਦੀ ਟੈਲੀਵਿਜ਼ਨ ਬਹਿਸ ਤੋਂ ਪਹਿਲਾਂ ਸੁਨਕ ਨੇ ਆਪਣੇ ਸੰਦੇਸ਼ ਵਿੱਚ ਚੀਨ ਦੀਆਂ ਹਮਲਾਵਰ ਨੀਤੀਆਂ 'ਤੇ ਧਿਆਨ ਕੇਂਦਰਿਤ ਕੀਤਾ। ਸੁਨਕ ਨੇ ਕਿਹਾ ਕਿ ਮੈਂ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਅਤੇ ਹੋਰ ਵਿਸ਼ਵ ਨੇਤਾਵਾਂ ਨਾਲ ਕੰਮ ਕਰਾਂਗਾ ਤਾਂ ਕਿ ਸਾਰੇ ਪੱਛਮੀ ਦੇਸ਼ ਚੀਨ ਦੇ ਖਤਰੇ ਦਾ ਸਾਹਮਣਾ ਕਰਨ ਲਈ ਇਕਜੁੱਟ ਹੋ ਸਕਣ। ਵਿਰੋਧੀ ਧਿਰ ਨੇ ਸੁਨਕ 'ਤੇ ਵਿੱਤ ਮੰਤਰੀ ਦੇ ਅਹੁਦੇ 'ਤੇ ਰਹਿੰਦੇ ਹੋਏ ਚੀਨ ਪ੍ਰਤੀ 'ਨਰਮ' ਰੁਖ ਰੱਖਣ ਦਾ ਦੋਸ਼ ਲਗਾਇਆ। ਟਰਸ ਦੇ ਬੁਲਾਰੇ ਨੇ ਕਿਹਾ ਕਿ ਟਰਸ ਨੇ ਵਿਦੇਸ਼ ਮੰਤਰੀ ਬਣਨ ਤੋਂ ਬਾਅਦ "ਚੀਨ ਦੇ ਸਾਹਮਣੇ ਬ੍ਰਿਟੇਨ ਦੀ ਸਥਿਤੀ ਨੂੰ ਮਜ਼ਬੂਤਕੀਤਾ" ਅਤੇ "ਚੀਨੀ ਹਮਲੇ ਪ੍ਰਤੀ ਅੰਤਰਰਾਸ਼ਟਰੀ ਪ੍ਰਤੀਕਿਰਿਆ ਦੀ ਅਗਵਾਈ ਕਰਨ ਵਿੱਚ ਮਦਦ ਕੀਤੀ"।



### ਜੰਗ ਹੋਣ 'ਤੇ ਭਾਰਤ ਹੀ ਜਿੱਤੇਗਾ: ਰਾਜਨਾਥ

ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਹੈ ਕਿ ਜੇਕਰ ਕਿਸੇ ਨੇ ਵੀ ਮੁਲਕ 'ਤੇ ਮਾੜੀ ਨਜ਼ਰ ਰੱਖਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਮੂੰਹ ਤੋੜ ਜਵਾਬ ਦੇਣ ਲਈ ਭਾਰਤ ਪੂਰੀ ਤਰਾਂ ਨਾਲ ਤਿਆਰ ਹੈ। ਉਨਾਂ ਭਰੋਸਾ ਜਤਾਇਆ ਕਿ ਜੇਕਰ ਕੋਈ ਜੰਗ ਹੋਈ ਤਾਂ ਭਾਰਤ ਹੀ ਜਿੱਤੇਗਾ। ਮਕਬੂਜ਼ਾ ਕਸ਼ਮੀਰ ਨੂੰ ਮੁੜ ਹਾਸਲ ਕਰਨ ਦੀ ਵਕਾਲਤ ਕਰਦਿਆਂ ਉਨਾਂ ਕਿਹਾ ਕਿ ਇਹ ਭਾਰਤ ਦਾ ਹਿੱਸਾ ਹੈ। 'ਕਾਰਗਿਲ ਵਿਜੈ ਦਿਵਸ' ਦੇ ਸਬੰਧ 'ਚ ਕਰਵਾਏ ਗਏ ਇਕ ਪ੍ਰੋਗਰਾਮ ਦੌਰਾਨ ਉਨਾਂ ਕਿਹਾ,"ਮੈਂ ਤੁਹਾਨੂੰ ਭਰੋਸਾ ਦਿਵਾਉਣਾ ਚਾਹੁੰਦਾ ਹਾਂ ਕਿ ਜੇਕਰ ਕਿਸੇ ਵਿਦੇਸ਼ੀ ਤਾਕਤ ਨੇ ਸਾਡੇ 'ਤੇ ਬੁਰੀ ਨਜ਼ਰ ਰੱਖੀ ਅਤੇ ਜੰਗ ਹੋਈ ਤਾਂ ਅਸੀਂ ਜਿੱਤਾਂਗੇ।" ਉਨਾਂ ਕਿਹਾ ਕਿ ਭਾਰਤ ਨੇ 1947 ਤੋਂ ਬਾਅਦ ਸਾਰੀਆਂ ਜੰਗਾਂ ਵਿਚ ਪਾਕਿਸਤਾਨ ਨੂੰ ਹਰਾਇਆ ਹੈ ਅਤੇ ਇਨਾਂ ਹਾਰਾਂ ਤੋਂ ਬਾਅਦ ਹੀ ਉਸ ਨੇ ਲੁਕਵੀਆਂ ਜੰਗਾਂ ਦਾ ਰਾਹ ਅਪਣਾਇਆ ਹੈ। ਰੱਖਿਆ ਮੰਤਰੀ ਨੇ ਕਿਹਾ ਕਿ ਫ਼ੌਜ ਭਵਿੱਖ ਦੀਆਂ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਹੈ। ਉਨਾਂ ਕਿਹਾ ਕਿ ਪਾਕਿਸਤਾਨ ਅਤੇ ਚੀਨ ਨਾਲ ਜੰਗ ਦੌਰਾਨ ਜੰਮੂ ਕਸ਼ਮੀਰ ਦੇ ਲੋਕ ਆਪਣੀ ਫ਼ੌਜ ਨਾਲ ਖੜੇ ਰਹੇ ਸਨ।

# ਕੀ ਵਿਦਿਆਰਥੀਆਂ ਨੂੰ ਸ਼ਹੀਦ ਫ਼ੂਲਨ ਦੇਵੀ ਦੀ ਬਰਸੀ ਮਨਾਉਣ ਦਾ ਵੀ ਹੱਕ ਨਹੀਂ ?

## ਤਾਨਾਸ਼ਾਹੀ ਮੋਦੀ ਹਕੂਮਤ ਦਾ ਦੋਗਲਾ ਕਿਰਦਾਰ

**ਬਲਜਿੰਦਰ ਸਿੰਘ ਕੋਟਭਾਰਾ, ਪੱਤਰਕਾਰ।**

ਤਾਨਾਸ਼ਾਹੀ ਮੋਦੀ ਹਕੂਮਤ ਦਾ ਦੋਗਲਾ ਕਿਰਦਾਰ, ਦੂਜੇ ਪਾਸੇ ਏ.ਬੀ.ਵੀ.ਪੀ. ਦੇ ਸਮਾਗਮ ਨੂੰ ਪੁਲਿਸ ਤੇ ਯੂਨੀਵਰਸਿਟੀ ਵੱਲੋਂ ਪੂਰਨ ਹਿਮਾਇਤ ਤੇ ਸੇਵਾ। ਕਿੱਥੇ ਗਿਆ ਵਿਚਾਰਾਂ ਦਾ ਯੁੱਗ? ਕੀ ਵਿਚਾਰ ਪ੍ਰਗਟ ਕਰਨ ਦਾ ਹੱਕ ਬਹੁ-ਗਿਣਤੀ ਨਾਲ ਸਬੰਧਤ ਜਾਂ ਫ਼ਿਰਕੂ ਤਾਨਾਸ਼ਾਹੀ ਮੋਦੀ ਹਕੂਮਤ ਨਾਲ ਰਾਬਤਾ ਰੱਖਣ ਵਾਲੇ ਲੋਕਾਂ ਨੂੰ ਹੀ ਹੈ ?

ਅੱਜ ਦਿੱਲੀ ਯੂਨੀਵਰਸਿਟੀ ਵਿਚ 'ਆਰਟਸ ਫੈਕਲਟੀ ਡੀ.ਯੂ.' ਤੇ ਸਾਂਝੇ ਤੌਰ 'ਤੇ ਹੋਰ ਵਿਦਿਆਰਥੀਆਂ ਵੱਲੋਂ ਮਨੂੰਵਾਦ ਦੇ ਜ਼ੁਲਮਾਂ ਦੀ ਪੀੜਤ ਤੇ 'ਬ੍ਰਾਹਮਣਵਾਦ' ਦੇ ਬਲਾਤਕਾਰੀਆਂ ਨੂੰ ਮਾਰ ਕੇ ਆਪਣੀ ਲੁੱਟੀ ਹੋਈ ਪੱਤ ਦਾ ਬਦਲਾ ਲੈਣ ਵਾਲੀ ਮਹਾਨ ਔਰਤ ਸ਼ਹੀਦ ਫੂਲਨ ਰਾਣੀ ਦੀ ਬਰਸੀ ਮਨਾਈ ਜਾਣ ਦਾ ਪ੍ਰੋਗਰਾਮ ਸੀ, ਦਿੱਲੀ ਪੁਲਿਸ ਨੇ ਪ੍ਰੋਗਰਾਮ ਸ਼ੁਰੂ ਹੁੰਦਿਆਂ ਹੀ ਜੇ.ਐਨ.ਯੂ. ਰਿਸਚਰਚ ਸਿਕਾਲਰ ਕੰਚਨਾ ਯਾਦਵ, ਸਹਾਇਕ ਪ੍ਰੋ. ਸੰਤੋਸ ਯਾਦਵ, ਡਾ. ਕਪਿਲਾ ਤੇ ਹੋਰਾਂ ਨੂੰ ਗੈਰ ਕਾਨੂੰਨੀ ਹਿਰਾਸਤ ਵਿਚ ਲੈ ਲਿਆ।



ਪੰਜਾਬ ਤੋਂ ਜਾ ਕੇ ਇਸ ਯੂਨੀਵਰਸਿਟੀ 'ਵਿਚ ਪੀ.ਐਚ.ਡੀ. ਕਰ ਰਹੀ ਵਿਦਿਆਰਥਣ ਰਾਜਵੀਰ ਕੌਰ ਨੇ ਦੱਸਿਆ ਕਿ ਹੁਣ ਉਹਨਾਂ ਨੂੰ ਮੁਕੱਦਮਾ ਦਰਜ਼ ਕਰਨ ਦੀਆਂ ਧਮਕਦੀਆਂ ਦਿੱਤੀਆਂ ਜਾ ਰਹੀਆਂ ਹਨ। ਵਿਦਿਆਰਥੀਆਂ ਨੇ ਇਹ ਵੀ ਦੱਸਿਆ ਕਿ ਦੂਜੇ ਪਾਸੇ ਆਰ.ਐਸ.ਐਸ. ਦਾ ਵਿਦਿਆਰਥੀ ਵਿੰਗ 'ਆਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ' ਦਾ ਵੀ ਯੂਨੀਵਰਸਿਟੀ ਵਿਚ ਸਵੇਰ ਤੋਂ ਪ੍ਰੋਗਰਾਮ ਹੋ ਰਿਹਾ ਹੈ, ਜਿਸ ਵਿਚ ਫ਼ਿਰਕੂ ਭਾਸਣ ਹੋ ਰਹੇ ਨੇ ਪਰ ਪੁਲਿਸ ਪ੍ਰਸ਼ਾਸਨ ਤੇ ਯੂਨੀਵਰਸਿਟੀ ਪ੍ਰਸਾਸਨ ਉਹਨਾਂ ਦੀ ਸੇਵਾ ਕਰ ਰਿਹਾ ਹੈ।ਸਾਥੀਓ ਇਹੀ ਤਾਂ ਮਨੂੰਵਾਦੀਆਂ, ਬ੍ਰਾਹਮਣਵਾਦੀਆਂ, ਫ਼ਿਰਕੂ ਤਾਨਾਸਾਹੀ ਹਾਕਮਾਂ ਦੀ ਸਾਡੇ ਸੂਦਰਾਂ ਨਾਲ, ਘੱਟ ਗਿਣਤੀਆਂ ਨਾਲ ਟੱਕਰ ਹੈ।ਕੀ ਸ਼ਹੀਦ ਫ਼ੂਲਨ ਦੇਵੀ ਦੇ ਸਮਰੱਥਕਾਂ ਨੂੰ ਉਹਨਾਂ ਦੀ ਬਰਸੀ ਮਨਾਉਣ ਦਾ ਵੀ ਹੱਕ ਨਹੀਂ। ਇਸ ਦੀ ਸਖ਼ਤ ਨਿੰਦਿਆ ਕਰੋ

ਇੱਥੇ ਇਸ਼ਤਿਹਾਰ ਲਗਾਉਣ ਲਈ ਕਾਲ ਕਰੋ:
510-240-5949
Email:asrtimes@gmail.com

# ਰਿਪੁਦਮਨ ਸਿੰਘ ਮਲਿਕ ਦੀ ਹੱਤਿਆ ਦੇ ਮਾਮਲੇ 'ਚ ਦਰਬਾਰੀ ਮੀਡੀਆ ਦੀ ਨਾਕਾਰਾਤਮਕ ਭੂਮਿਕਾ

**ਡਾ. ਗੁਰਵਿੰਦਰ ਸਿੰਘ**





ਏਜੰਡੇ ਤਹਿਤ ਚਲਦੇ 'ਮੀਡੀਆ ਟਰਾਇਲਾਂ' ਬਾਰੇ ਭਾਰਤ ਦੇ ਸੁਪਰੀਮ ਕੋਰਟ ਦੇ ਮੁੱਖ ਜੱਜ ਨੇ ਹਾਲ ਹੀ ਵਿਚ ਵਿਸ਼ੇਸ਼ ਜ਼ਿਕਰ ਕਰਦਿਆਂ ਕਿਹਾ ਹੈ ਕਿ ਅਜੇ ਕਿਸੇ ਮਾਮਲੇ ਵਿੱਚ ਕਾਨੂੰਨ ਨੇ ਤਾਂ ਕੋਈ ਫ਼ੈਸਲਾ ਲੈਣਾ ਹੁੰਦਾ ਹੈ, ਪਰ ਮੀਡੀਆ ਬਹਿਸਾਂ 'ਚ ਪਹਿਲਾਂ ਹੀ ਫ਼ੈਸਲਾ ਸੁਣਾ ਕੇ, ਖ਼ਾਸ ਏਜੰਡੇ ਤਹਿਤ ਬਿਰਤਾਂਤ ਸਿਰਜ ਦਿੱਤਾ ਜਾਂਦਾ ਹੈ। ਦਰਅਸਲ ਸੱਤਾ ਦੀ ਬੋਲੀ ਬੋਲਣ ਵਾਲੇ ਗੋਦੀ ਮੀਡੀਆ ਵੱਲੋਂ ਸਰਕਾਰ ਵਿਰੋਧੀਆਂ ਖਿਲਾਫ਼ ਝੂਠੇ ਇਲਜ਼ਾਮ ਲਾ ਕੇ, ਸਰਕਾਰੀ ਪ੍ਰਾਪੇਗੰਡਾ ਕੀਤਾ ਜਾਂਦਾ ਹੈ। ਖਾਸ ਗੱਲ ਇਹ ਵੀ ਹੈ ਕਿ ਪੱਤਰਕਾਰਾਂ ਨੂੰ ਦਿੱਤੀਆਂ ਹਦਾਇਤਾਂ ਅਧੀਨ ਕਿਸੇ ਨੂੰ ਦੋਸ਼ੀ ਗਰਦਾਨ ਕੇ, ਮਗਰੋਂ ਸਰਕਾਰੀ ਏਜੰਸੀਆਂ ਕਾਰਵਾਈ ਕਰਦੀਆਂ ਹਨ। ਇਹ ਮੇਲ ਜੋਲ 'ਚੋਰ ਤੇ ਕੁੱਤੀ' ਦੇ ਰਲੇ ਹੋਣ ਵਜੋਂ ਅੱਜ ਜੱਗ ਜ਼ਾਹਰ ਹੋ ਰਿਹਾ ਹੈ। ਇਸ ਦੀ ਪ੍ਰਤੱਖ ਮਿਸਾਲ ਕੈਨੇਡਾ ਵਿਚ ਬੀਤੇ ਦਿਨੀਂ ਕਤਲ ਕੀਤੇ ਗਏ ਰਿਪੁਦਮਨ ਸਿੰਘ ਮਲਿਕ ਦੇ ਮਾਮਲੇ ਵਿੱਚ ਚੱਲ ਰਹੇ 'ਮੀਡੀਆ ਟਰਾਇਲ' ਤੋਂ ਮਿਲਦੀ ਹੈ। ਕੈਨੇਡਾ ਦੀ ਬਹੁ-ਚਰਚਿਤ ਸਿੱਖ ਆਗੂ ਮਲਿਕ ਦੀ ਸਰੀ 'ਚ ਦਿਨ ਦਿਹਾੜੇ 14 ਜੁਲਾਈ ਨੂੰ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਪੰਜਾਬ ਵਿੱਚ ਫਿਰੋਜ਼ਪੁਰ ਵਿਖੇ ਸੰਨ 1947 ਵਿਚ ਜਨਮੇ ਮਲਿਕ ਸੰਨ 1972 ਵਿੱਚ ਕੈਨੇਡਾ ਆਏ। ਉਨਾਂ ਕੈਨੇਡਾ ਦੇ ਹੋਰਨਾਂ ਦਾਨੀ ਸਿੱਖਾਂ ਦੇ ਸਹਿਯੋਗ ਸਦਕਾ, ਸੰਨ 1986 ਵਿੱਚ ਖਾਲਸਾ ਕ੍ਰੈਡਿਟ ਯੂਨੀਅਨ ਅਤੇ ਉਸ ਤੋਂ ਮਗਰੋਂ ਖਾਲਸਾ ਸਕੂਲ ਖੋਲੇ ਅਤੇ ਵਿੱਦਿਅਕ ਸੰਸਥਾ 'ਸਤਿਨਾਮ ਐਜੂਕੇਸ਼ਨ ਟਰੱਸਟ' ਦੀ ਸਥਾਪਨਾ ਕੀਤੀ।

ਕੈਨੇਡਾ 'ਚ ਸੰਨ 1985 ਵਿੱਚ ਹੋਏ ਏਅਰ ਇੰਡੀਆ ਬੰਬ ਧਮਾਕੇ ਦੇ ਮਾਮਲੇ ਵਿਚ ਰਿਪੁਦਮਨ ਸਿੰਘ ਮਲਿਕ ਅਤੇ ਅਜੈਬ ਸਿੰਘ ਬਾਗੜੀ ਨੂੰ ਸੰਨ 2000 ਵਿਚ ਗ੍ਰਿਫ਼ਤਾਰ ਕੀਤਾ ਗਿਆ, ਪਰ ਸਾਢੇ ਚਾਰ ਸਾਲ ਜੇਲ੍ਹ 'ਚ ਰੱਖਣ ਮਗਰੋਂ ਸੁਪਰੀਮ ਕੋਰਟ ਆਫ ਬ੍ਰਿਟਿਸ਼ ਕੋਲੰਬੀਆ ਨੇ ਉਨਾਂ ਨੂੰ ਸੰਨ 2005 ਵਿਚ ਬਰੀ ਕਰ ਦਿੱਤਾ। ਏਅਰ ਇੰਡੀਆ ਬੰਬ ਧਮਾਕੇ ਕਾਰਨ ਭਾਰਤ ਸਰਕਾਰ ਦੀ 'ਬਲੈਕ ਲਿਸਟ' ਵਿਚ ਰਿਪੁਦਮਨ ਸਿੰਘ ਮਲਿਕ ਦਾ ਨਾਂ ਵੀ ਜੁੜਿਆ ਰਿਹਾ। ਸੰਨ 2019 ਵਿਚ ਮਲਿਕ ਨੂੰ ਮੋਦੀ ਸਰਕਾਰ ਵੱਲੋਂ ਵੀਜ਼ਾ ਮਿਲਣ 'ਤੇ, ਉਹ ਦਰਬਾਰ ਸਾਹਿਬ ਗਏ। ਇਸ ਦੌਰਾਨ ਵੀਜ਼ਾ ਮਿਲਣ ਲਈ ਭਾਰਤੀ ਖ਼ੁਫ਼ੀਆ ਏਜੰਸੀ ਰਾਅ ਦੇ ਆਗੂਆਂ ਦਾ ਮੀਡੀਆ ਵਿੱਚ ਖੁੱਲੇ ਰੂਪ ਵਿੱਚ ਮਲਿਕ ਦੇ ਭਰਾ ਵੱਲੋਂ ਧੰਨਵਾਦ ਕੀਤਾ ਗਿਆ। ਮੋਦੀ ਸਰਕਾਰ ਦੀ ਮਿਹਰਬਾਨੀ ਲਈ ਸ਼ੁਕਰਾਨਾ ਕਰਦਿਆਂ ਸੰਨ 2022 ਵਿਚ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹਮਾਇਤ ਵਿਚ ਮਲਿਕ ਵੱਲੋਂ ਲਿਖਿਆ ਖ਼ਤ ਵਿਵਾਦਪੂਰਨ ਰਿਹਾ। ਮੋਦੀ ਸਰਕਾਰ ਦੇ ਸੋਹਲੇ ਗਾਉਣ ਵਾਲੇ ਇਸ ਖਤ ਰਾਹੀਂ ਉਨਾਂ ਕੈਨੇਡੀਅਨ ਸਿੱਖਾਂ ਨੂੰ, ਭਾਰਤ ਦੇ ਪ੍ਰਧਾਨ ਮੰਤਰੀ ਲਈ ਹਮਾਇਤ ਜੁਟਾਉਣ ਦਾ ਖੁੱਲਾ ਸੱਦਾ ਦਿੱਤਾ। ਭਾਰਤ ਦੀ ਭਾਜਪਾ ਸਰਕਾਰ ਦੀ ਖੁੱਲਮ-ਖੁੱਲੀ ਹਮਾਇਤ ਕਰਨ 'ਤੇ ਮਲਿਕ ਨੂੰ ਕੈਨੇਡਾ ਦੇ ਪੰਥਕ ਹਲਕਿਆਂ ਵਿਚ ਤਿੱਖੀ ਆਲੋਚਨਾ ਦਾ ਸਾਹਮਣਾ ਕਰਨਾ ਪਿਆ। ਅਸਲ ਵਿਚ ਇਹ ਵਿਰੋਧ ਮਲਿਕ ਦਾ ਨਿੱਜੀ ਵਿਰੋਧ ਨਾ ਹੋ ਕੇ, ਉਨਾਂ ਦੀ ਮੋਦੀ ਸਰਕਾਰ ਪ੍ਰਤੀ ਹਮਾਇਤ ਦਾ ਵਿਰੋਧ ਸੀ, ਜਿਸ ਵਿੱਚ ਸੁਹਿਰਦ ਸਿੱਖਾਂ ਤੋਂ ਇਲਾਵਾ ਅਗਾਂਹਵਧੂ ਸੋਚ ਵਾਲੇ ਲੋਕ ਵੀ ਸ਼ਾਮਲ ਸਨ। ਦੂਜੇ ਪਾਸੇ ਏਅਰ ਇੰਡੀਆ ਬੰਬ ਧਮਾਕੇ ਵਿੱਚ ਬਰੀ ਹੋਣ ਦੇ ਬਾਵਜੂਦ ਕਈ ਦਹਾਕਿਆਂ ਤਕ ਮਲਿਕ ਦਾ ਵਿਰੋਧ ਕਰਨ ਵਾਲੇ ਭਾਰਤ ਸਰਕਾਰ ਪੱਖੀ ਕੈਨੇਡੀਅਨ ਗਰੁੱਪ ਮਲਿਕ ਦੀ ਮੋਦੀ ਨੂੰ ਲਿਖੀ ਚਿੱਠੀ ਦੀ ਹਮਾਇਤ ਵਿਚ ਡਟ ਗਏ ਸਨ। ਅਜਿਹੀ ਧੜੇਬੰਦੀ ਬਕਾਇਦਾ ਏਜੰਸੀਆਂ ਦੀ ਘਾੜਤ ਸੀ, ਜਿਸ ਵਿੱਚ ਮੋਦੀ ਸਰਕਾਰ ਪੱਖੀ ਭਾਰਤੀ ਮੀਡੀਆ ਅਤੇ ਉਸ ਦੇ ਹਮਾਇਤੀ ਕੈਨੇਡਾ ਦੇ ਖਾਸ ਵਰਗ ਨੇ ਪੁਰਜ਼ੋਰ ਸਰਗਰਮੀ ਭੂਮਿਕਾ ਨਿਭਾਈ ਸੀ।

ਇਸ ਦੀ ਪ੍ਰਤੱਖ ਮਿਸਾਲ ਉਸ ਵੇਲੇ ਸਾਹਮਣੇ ਆਉਂਦੀ ਹੈ ਜਦੋਂ ਰਿਪੁਦਮਨ ਸਿੰਘ ਮਲਿਕ ਦੀ ਹੱਤਿਆ ਤੋਂ ਕੁਝ ਘੰਟੇ ਬਾਅਦ ਹੀ, ਕੁਝ ਇੰਡੋ ਕਨੇਡੀਅਨ ਨਿਊਜ਼ ਅਦਾਰੇ ਸਰਕਾਰ ਪੱਖੀ ਖਾਸ ਬਿਰਤਾਂਤ ਘੜਨਾ ਸ਼ੁਰੂ ਕਰ ਦਿੰਦੇ ਹਨ ਕਿ ਮਲਿਕ ਦਾ ਕਤਲ ਉਸ ਵੱਲੋਂ ਮੋਦੀ ਦੀ ਹਮਾਇਤ ਵਿਚ ਲਿਖੇ ਪੱਤਰ ਕਾਰਨ ਹੋਇਆ ਹੈ। ਇੱਥੇ ਹੀ ਬਸ ਨਹੀਂ ਭਾਰਤ ਦੀਆਂ ਗੋਦੀ ਨਿਊਜ਼ ਏਜੰਸੀਆਂ ਸਰਕਾਰੀ ਏਜੰਸੀਆਂ ਦੇ ਦਿਸ਼ਾ ਨਿਰਦੇਸ਼ 'ਤੇ ਕੁਝ ਸਿੱਖਾਂ, ਵਿਸ਼ੇਸ਼ ਸਿੱਖ ਸੰਸਥਾਵਾਂ ਅਤੇ ਕੁਝ ਮੀਡੀਆ ਅਦਾਰਿਆਂ ਦਾ ਨਾਮ ਲਿਖ ਕੇ ਇਹ ਪ੍ਰਚਾਰਨਾ ਸ਼ੁਰੂ ਕਰ ਦਿੰਦੀਆਂ ਹਨ ਕਿ ਉਨਾਂ ਵੱਲੋਂ ਮਲਿਕ ਦੀ ਮੋਦੀ ਨੂੰ ਲਿਖੀ ਚਿੱਠੀ ਦੇ ਤਿੱਖੇ ਵਿਰੋਧ ਕਾਰਨ ਹੀ ਕਤਲ ਦਾ ਮਾਹੌਲ ਸਿਰਜਿਆ ਗਿਆ।

ਚਾਹੇ ਬ੍ਰਿਟਿਸ਼ ਕੋਲੰਬੀਆ ਦੀ ਕਤਲਾਂ ਦੀ ਜਾਂਚ ਕਰਨ ਵਾਲੀ ਪੁਲਿਸ ਏਜੰਸੀ ਵੱਲੋਂ ਮਲਿਕ ਦੀ ਹੱਤਿਆ ਦੇ ਮਾਮਲੇ 'ਚ ਸਾਰਿਆਂ ਨੂੰ, ਕਿਸੇ ਵੀ ਤਰਾਂ ਦੇ ਅੰਦਾਜ਼ੇ ਲਾਉਣ ਅਤੇ ਅਫਵਾਹ ਫੈਲਾਉਣ ਤੋਂ ਵਰਜਿਆ ਗਿਆ ਹੈ, ਪਰ ਇਸ ਦੇ ਬਾਵਜੂਦ ਭਾਰਤੀ ਮੀਡੀਆ ਦੇ ਵੱਡੇ ਹਿੱਸੇ ਅਤੇ ਏਜੰਸੀਆਂ ਵੱਲੋਂ ਮਲਿਕ ਦੀ ਮੋਦੀ ਦੀ ਹਮਾਇਤ ਵਿੱਚ ਚਿੱਠੀ ਲਿਖਣ ਨੂੰ ਲੈ ਕੇ, ਹੋਏ ਵਿਰੋਧ ਨੂੰ ਮਲਿਕ ਦੀ ਹੱਤਿਆ ਦੀ ਵਜਾ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕੁਝ ਮੀਡੀਆ ਅਦਾਰਿਆਂ ਅਤੇ ਏਜੰਸੀਆਂ ਵਲੋਂ, 'ਮੀਡੀਆ ਟਰਾਇਲ' ਚਲਾ ਕੇ, ਮਲਿਕ ਵਿਰੋਧੀਆਂ 'ਤੇ ਕਤਲ ਲਈ ਉਂਗਲੀ ਉਠਾਉਂਦਿਆਂ, ਕੈਨੇਡਾ ਦੇ ਸਿੱਖਾਂ ਵਿੱਚ ਖਾਨਾਜੰਗੀ ਦਾ ਮਾਹੌਲ ਸਿਰਜਣ ਦੀਆਂ ਸਾਜ਼ਿਸ਼ਾਂ ਜ਼ੋਰਾਂ 'ਤੇ ਹਨ। ਗੁੰਮਰਾਹਕੁਨ ਪ੍ਰਚਾਰ ਅਤੇ ਫੈਲਾਈਆਂ ਜਾ ਰਹੀਆਂ ਅਫਵਾਹਾਂ ਦੇ ਮੱਦੇਨਜ਼ਰ, ਬ੍ਰਿਟਿਸ਼ ਕੋਲੰਬੀਆ ਦੀ ਗੁਰਦੁਆਰਾ ਸੰਸਥਾ 'ਬੀ ਸੀ ਸਿੱਖ ਕੌਂਸਲ' ਵੱਲੋਂ ਕੈਨੇਡਾ ਦੀ ਜਨਤਕ ਸੁਰੱਖਿਆ ਮਹਿਕਮੇ ਦੇ ਮੰਤਰੀ ਨੂੰ ਪੱਤਰ ਵਿੱਚ ਲਿਖਿਆ ਗਿਆ ਕਿ ਰਿਪੁਦਮਨ ਸਿੰਘ ਮਲਿਕ ਦੀ ਹਾਲ ਹੀ ਵਿੱਚ ਹੋਈ ਹੱਤਿਆ ਦੀ ਜਾਂਚ ਕੀਤੀ ਜਾਵੇ। ਬੀਸੀ ਸਿੱਖ ਕੌਂਸਲ ਵਲੋਂ ਲਿਖੇ ਪੱਤਰ ਅਨੁਸਾਰ 40 ਸਾਲਾਂ ਤੋਂ ਵੱਧ ਸਮੇਂ ਤੋਂ ਸਿੱਖ ਭਾਈਚਾਰੇ ਦੇ ਇੱਕ ਉੱਚ-ਪੱਧਰ ਦੇ ਮੈਂਬਰ ਵਜੋਂ, ਮਲਿਕ ਨੂੰ ਖਾਲਸਾ ਸਕੂਲ (3000 ਤੋਂ ਵੱਧ ਵਿਦਿਆਰਥੀਆਂ ਵਾਲੇ ਬ੍ਰਿਟਿਸ਼ ਕੋਲੰਬੀਆ ਵਿੱਚ ਸਭ ਤੋਂ ਵੱਡਾ ਪ੍ਰਾਈਵੇਟ ਸਕੂਲ) ਅਤੇ ਖਾਲਸਾ ਕ੍ਰੈਡਿਟ ਯੂਨੀਅਨ ਅਤੇ ਇਸ ਦੀਆਂ ਬਹੁਤ ਸਾਰੀਆਂ ਸ਼ਾਖਾਵਾਂ ਨੂੰ, ਇੱਕ ਭਾਈਚਾਰਕ ਕੇਂਦਰਿਤ ਬੈਂਕ ਵਜੋਂ ਸਥਾਪਤ ਕਰਨ ਵਿੱਚ, ਮਦਦ ਕਰਨ ਦਾ ਸਿਹਰਾ ਜਾਂਦਾ ਹੈ। ਸਿੱਖ ਭਾਈਚਾਰੇ ਦੇ ਅੰਦਰ ਅਤੇ ਇਸ ਤੋਂ ਬਾਹਰ ਦੇ ਇਹਨਾਂ ਯਤਨਾਂ ਨੇ, ਮਲਿਕ ਨੂੰ ਕਈ ਸਰਕਲਾਂ ਵਿੱਚ, ਇੱਕ ਜਾਣੇ-ਪਛਾਣੇ ਅਤੇ ਸਤਿਕਾਰਤ ਮੈਂਬਰ ਵਜੋਂ ਸਥਾਪਤ ਕੀਤਾ ਸੀ।

ਮੰਗ ਪੱਤਰ ਵਿਚ ਜ਼ਿਕਰ ਕੀਤਾ ਗਿਆ ਕਿ ਮਲਿਕ ਬਾਰੇ ਅਜਿਹੀ ਜਾਣਕਾਰੀ ਦਾ ਮਕਸਦ ਇਹ ਯਕੀਨੀ ਬਣਾਉਣ ਲਈ ਬੇਨਤੀ ਕਰਨਾ ਹੈ ਕਿ ਰਿਪੁਦਮਨ ਸਿੰਘ ਮਲਿਕ ਦੀ ਹੱਤਿਆ ਦੀ ਜਾਂਚ ਪੂਰੀ ਤਰਾਂ ਅਤੇ ਪਾਰਦਰਸ਼ੀ ਢੰਗ ਨਾਲ ਕੀਤੀ ਜਾਵੇ। ਇਸ ਵਿੱਚ ਭਾਰਤੀ ਖੁਫੀਆ ਏਜੰਸੀਆਂ ਦੀ ਸੰਭਾਵੀ ਸ਼ਮੂਲੀਅਤ ਦੀ ਜਾਂਚ ਵੀ ਸ਼ਾਮਲ ਹੋਵੇ।

ਫੌਰੀ ਅਪਰਾਧਿਕ ਜਾਂਚ ਤੋਂ ਇਲਾਵਾ, ਕੈਨੇਡੀਅਨ ਖੁਫੀਆ ਅਤੇ ਸੁਰੱਖਿਆ ਏਜੰਸੀਆਂ ਨੂੰ ਇਹ ਵੀ ਮੁਲਾਂਕਣ ਕਰਨਾ ਚਾਹੀਦਾ ਹੈ ਕਿ ਕੀ ਭਾਰਤੀ ਖੁਫੀਆ ਅਧਿਕਾਰੀਆਂ ਨੂੰ, ਅਪਰਾਧ ਬਾਰੇ ਕੋਈ ਪਹਿਲਾਂ ਤੋਂ ਜਾਣਕਾਰੀ ਸੀ ਅਤੇ ਕੀ ਅਜਿਹੀਆਂ ਏਜੰਸੀਆਂ ਜਾਂ ਵਿਦੇਸ਼ੀ ਕਰਿੰਦੇ, ਗੋਲੀਬਾਰੀ ਦੇ ਮੀਡੀਆ ਚਿੱਤਰਣ ਜਾਂ ਬਾਅਦ ਦੇ ਰਾਜਨੀਤਿਕ ਪ੍ਰਚਾਰ ਨੂੰ ਪ੍ਰਭਾਵਿਤ ਕਰਨ ਵਿੱਚ ਸ਼ਾਮਲ ਹਨ, ਜੋ ਕਿ ਦੇਸ਼ ਭਰ ਵਿੱਚ ਉਭਰ ਰਿਹਾ ਹੈ। ਜਨਤਕ ਖੇਤਰ ਦੇ ਸਰੋਤਾਂ ਦਾ ਵਿਸ਼ਲੇਸ਼ਣ ਕਰਦੇ ਹੋਏ, ਰਿਕਾਰਡ ਤੇ ਮਹੱਤਵਪੂਰਨ ਸਬੂਤ ਮੌਜੂਦ ਹਨ, ਜੋ ਇਹ ਸਥਾਪਿਤ ਕਰਦੇ ਹਨ ਕਿ ਭਾਰਤੀ ਅਧਿਕਾਰੀਆਂ ਅਤੇ ਖੁਫੀਆ ਕਾਰਜਕਰਤਾਵਾਂ ਨੇ, ਕਈ ਦਹਾਕਿਆਂ ਤੋਂ ਖਬਰਾਂ ਦੀ ਕਵਰੇਜ ਤਿਆਰ ਕਰਾਉਂਦਿਆਂ, ਮੀਡੀਆ ਆਊਟਲੇਟਾਂ ਨੂੰ ਆਪਣੀ ਰਿਪੋਰਟਿੰਗ ਨੂੰ ਪ੍ਰਭਾਵਿਤ ਕਰਨ ਲਈ ਰਿਸ਼ਵਤ ਦੀ ਪੇਸ਼ਕਸ਼ ਕੀਤੀ ਹੈ ਅਤੇ ਕਈ ਦਹਾਕਿਆਂ ਤੋਂ ਨਿਸ਼ਾਨਾ ਸਾਧਦਿਆਂ, ਇਸ ਨੂੰ ਹੋਰ ਵਧਾਇਆ ਹੈ। ਇਹ ਭਾਰਤੀ ਹਿੱਤਾਂ ਨੂੰ ਅੱਗੇ ਵਧਾਉਣ ਲਈ ਕੀਤਾ ਗਿਆ ਹੈ ਅਤੇ ਕੈਨੇਡਾ ਵਿੱਚ ਸਿੱਖ ਭਾਈਚਾਰੇ ਨੂੰ ਬਦਨਾਮ ਕਰਨ ਦੀ ਕੀਮਤ 'ਤੇ ਹੋਇਆ ਹੈ। 1988 ਦੀ ਗਲੋਬ ਐਂਡ ਮੇਲ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਭਾਰਤੀ ਖੁਫੀਆ ਏਜੰਟਾਂ ਨੇ 1980 ਦੇ ਦਹਾਕੇ ਤੋਂ ਹੀ ਇਸ ਮਕਸਦ ਨੂੰ ਅੱਗੇ ਵਧਾਉਣ ਲਈ, ਕੈਨੇਡਾ ਦੇ ਸਿੱਖ ਭਾਈਚਾਰੇ ਵਿੱਚ ਘੁਸਪੈਠ ਕਰਨ ਲਈ ਭੁਗਤਾਨ ਕੀਤੇ ਸਨ ਅਤੇ ਮੁਖਬਰਾਂ ਅਤੇ ਭੜਕਾਊ ਲੋਕਾਂ ਦਾ ਇੱਕ ਨੈਟਵਰਕ ਸਥਾਪਤ ਕੀਤਾ ਸੀ।

ਹਾਲ ਹੀ ਵਿੱਚ, ਕੈਨੇਡੀਅਨ ਸੰਸਦ ਦੀ ਰਾਸ਼ਟਰੀ ਸੁਰੱਖਿਆ ਅਤੇ ਖੁਫੀਆ ਕਮੇਟੀ (**NSICOP**) ਨੇ, ਵਿਦੇਸ਼ੀ ਦਖਲ ਨਾਲ ਸਬੰਧਤ ਕਈ ਰਿਪੋਰਟਾਂ ਪ੍ਰਕਾਸ਼ਿਤ ਕੀਤੀਆਂ ਹਨ। ਭਾਰਤ ਦੁਆਰਾ ਵਿਦੇਸ਼ੀ ਦਖਲਅੰਦਾਜ਼ੀ ਦੀਆਂ ਖੋਜਾਂ ਦੇ ਸਬੰਧ ਵਿੱਚ ਭਾਰੀ ਸੋਧ ਕੀਤੇ ਜਾਣ ਦੇ ਬਾਵਜੂਦ, ਇੱਕ 2018 ਦੀ ਰਿਪੋਰਟ ਵਿੱਚ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਭਾਰਤੀ ਸੰਚਾਲਕਾਂ ਨੇ ਇੱਕ ਖਾਸ ਬਿਰਤਾਂਤ ਨੂੰ ਵਧਾਉਣ ਲਈ ਚੱਲ ਰਹੀ ਮੁਹਿੰਮ ਦਾ ਆਯੋਜਨ ਕੀਤਾ, ਜਿਸ ਵਿੱਚ ਕੈਨੇਡਾ ਦੇ ਸਿੱਖ ਭਾਈਚਾਰੇ ਨੂੰ ਕੱਟੜਪੰਥੀ ਗਰਦਾਨਦੇ ਹੋਏ ਭਾਰਤੀ ਰਾਸ਼ਟਰੀ ਸੁਰੱਖਿਆ 'ਤੇ ਜ਼ੋਰ ਦਿੱਤਾ ਗਿਆ ਸੀ। ਰਾਸ਼ਟਰੀ ਸੁਰੱਖਿਆ ਅਤੇ ਖੁਫੀਆ ਸਲਾਹਕਾਰ, ਡੇਵਿਡ ਜੀਨ, ਨੇ ਵੀ ਰਿਕਾਰਡ ਵਿਚ ਸਪੱਸ਼ਟ ਤੌਰ 'ਤੇ ਦੱਸਿਆ ਕਿ ਭਾਰਤੀ ਖੁਫੀਆ ਆਪਰੇਟਿਵ, ਕੈਨੇਡੀਅਨ ਮੀਡੀਆ ਆਊਟਲੇਟਾਂ ਰਾਹੀਂ ਸਰਗਰਮੀ ਨਾਲ, ਝੂਠੇ ਬਿਰਤਾਂਤ ਘੜ ਰਹੇ ਸਨ ਅਤੇ ਪ੍ਰਚਾਰ ਰਹੇ ਸਨ।

ਏ ਬੀ ਬਨਾਮ ਕੈਨੇਡਾ (ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ), 2020 ਐਫ ਸੀ 461 ਵਿੱਚ ਫੈਡਰਲ ਕੋਰਟ ਆਫ਼ ਕਨੇਡਾ ਦੀਆਂ ਖੋਜਾਂ ਦੁਆਰਾ, ਇਸ ਦੀ ਹੋਰ ਪੁਸ਼ਟੀ ਕੀਤੀ ਗਈ ਹੈ, ਜਿਸ ਵਿੱਚ ਇਹ ਸਥਾਪਿਤ ਕੀਤਾ ਗਿਆ ਹੈ ਕਿ ਭਾਰਤੀ ਖੁਫੀਆ ਤੰਤਰ ਸਿੱਧੇ ਤੌਰ 'ਤੇ ਕਿਸੇ ਵਿਅਕਤੀ ਨੂੰ ਕੰਮ ਸੌਂਪ ਕੇ, ਕੈਨੇਡੀਅਨ ਚੋਣ ਪ੍ਰਕਿਰਿਆਵਾਂ, ਸਰਕਾਰੀ ਨੀਤੀ ਅਤੇ ਮੀਡੀਆ ਦੀ ਆਜ਼ਾਦੀ ਵਿੱਚ ਦਖਲਅੰਦਾਜ਼ੀ ਕਰਦਾ ਹੈ। ਭਾਰਤ ਸਰਕਾਰ ਦੀ ਤਰਫੋਂ ਕੈਨੇਡੀਅਨ ਸਰਕਾਰ ਦੇ ਨੁਮਾਇੰਦਿਆਂ ਅਤੇ ਏਜੰਸੀਆਂ ਨੂੰ ਗੁਪਤ ਰੂਪ ਵਿੱਚ ਪ੍ਰਭਾਵਿਤ ਕਰਨਾ ਇਸ ਬਿਰਤਾਂਤ ਦਾ ਉਦੇਸ਼ ਹੈ। ਇਹ ਨਾਪਾਕ ਗਤੀਵਿਧੀਆਂ, ਨਾ ਸਿਰਫ਼ ਕੈਨੇਡੀਅਨ ਸੰਸਥਾਵਾਂ ਨੂੰ ਕਮਜ਼ੋਰ ਕਰਦੀਆਂ ਹਨ ਅਤੇ ਸਰਕਾਰਾਂ ਨੂੰ ਦਬਾਏ ਜਾ ਰਹੇ ਭਾਈਚਾਰਿਆਂ ਨੂੰ ਹੋਰ ਦਬਾਉਣ ਲਈ ਰਾਜ਼ੀ ਕਰਕੇ, ਸਿੱਖਾਂ ਨੂੰ ਨਸਲੀ ਸਮੂਹ ਵਜੋਂ ਪਰਿਭਾਸ਼ਤ ਕਰਦੀਆਂ ਹਨ। ਇਸ ਤੋਂ ਵੀ ਅੱਗੇ ਜਨਤਕ ਮਾਨਤਾ ਦੀ ਘਾਟ, ਭਾਰਤੀ ਅਧਿਕਾਰੀਆਂ ਨੂੰ ਪੰਜਾਬ ਅਤੇ ਵਿਦੇਸ਼ਾਂ ਵਿੱਚ, ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨੂੰ ਜਾਰੀ ਰੱਖਣ ਲਈ ਵੀ ਉਤਸ਼ਾਹਿਤ ਕਰਦੀਆਂ ਹਨ। ਗਲੋਬਲ ਭਾਈਚਾਰਕ ਸਰਗਰਮੀ ਵਜੋਂ ਵਿਦੇਸ਼ਾਂ ਵਿੱਚ ਸਿੱਖ ਕਾਰਕੁਨਾਂ ਵਿਰੁੱਧ ਚੱਲ ਰਿਹਾ ਅਪਰਾਧੀਕਰਨ, ਭਾਰਤ ਦੇ ਘਰੇਲੂ ਤੌਰ 'ਤੇ ਅਸਹਿਮਤੀ ਵਾਲੇ ਅਪਰਾਧੀਕਰਨ ਦਾ ਅਤੇ ਇਸਦੀ ਵਿਦੇਸ਼ੀ ਦਖਲਅੰਦਾਜ਼ੀ ਅਤੇ ਜਾਸੂਸੀ ਦਾ, ਵਿਸਤਾਰ ਹੈ। ਮੰਗ ਪੱਤਰ ਵਿਚ ਕਿਹਾ ਗਿਆ ਕਿ ਪਬਲਿਕ ਸੇਫਟੀ ਮੰਤਰੀ ਹੋਣ ਦੇ ਨਾਤੇ, ਇਹ ਜ਼ਰੂਰੀ ਹੈ ਕਿ ਰਿਪੁਦਮਨ ਸਿੰਘ ਮਲਿਕ ਦੇ ਕਤਲ ਅਤੇ ਇਸ ਤੋਂ ਅੱਗੇ ਦੇ ਸਬੰਧ ਵਿੱਚ, ਇਨਾਂ ਗਤੀਵਿਧੀਆਂ ਦੀ ਪੂਰੀ ਪਾਰਦਰਸ਼ੀ ਢੰਗ ਨਾਲ ਜਾਂਚ ਕਰੋ। ਅਜਿਹੀ ਜਾਂਚ ਦੇ ਨਤੀਜਿਆਂ ਨੂੰ ਅੱਗੇ ਜਨਤਕ ਕੀਤਾ ਜਾਣਾ ਚਾਹੀਦਾ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕੈਨੇਡਾ ਦੇ ਸਾਰੇ ਭਾਈਚਾਰਿਆਂ ਨੂੰ, ਕੈਨੇਡਾ ਦੀਆਂ ਸਿਆਸੀ ਸੰਸਥਾਵਾਂ ਅਤੇ ਪੱਤਰਕਾਰੀ ਦੀ ਆਜ਼ਾਦੀ ਨੂੰ, ਕਮਜ਼ੋਰ ਕਰਨ ਦੀਆਂ ਇਨਾਂ ਗੈਰ-ਕਾਨੂੰਨੀ ਕੋਸ਼ਿਸ਼ਾਂ ਤੋਂ ਸੁਰੱਖਿਅਤ ਰੱਖਿਆ ਗਿਆ ਹੈ।

ਹੈਰਾਨੀ ਇਸ ਗੱਲ ਦੀ ਹੈ ਕਿ ਕਤਲ ਕੈਨੇਡਾ ਵਿਚ ਹੋਇਆ ਤੇ ਮੀਡੀਆ ਟਰਾਇਲ ਭਾਰਤ ਵਿੱਚ ਚੱਲਿਆ, ਉਹ ਵੀ ਮੀਡੀਆ ਦੇ ਇਕ ਖਾਸ ਹਿੱਸੇ ਵੱਲੋਂ, ਜਿਹੜੇ ਸਰਕਾਰ ਦੀ ਹਰ ਨੀਤੀ ਦੇ ਗੁੱਡੇ ਬਣਦੇ ਹੋਣ। ਦੂਜੇ ਪਾਸੇ ਗੋਦੀ ਮੀਡੀਆ ਤੇ ਉਸ ਦੇ ਹਮਾਇਤੀ ਕੈਨੇਡੀਅਨ ਅਦਾਰਿਆਂ ਵੱਲੋਂ ਜਿਨਾਂ ਲੋਕਾਂ 'ਤੇ ਉਂਗਲ ਉਠਾਈ ਜਾ ਰਹੀ ਹੈ, ਉਹ ਉਹੀ ਵਿਅਕਤੀ ਹਨ, ਜਿਹੜੇ ਪਿਛਲੇ ਲੰਮੇ ਸਮੇਂ ਤੋਂ ਭਾਰਤੀ ਜੇਲ੍ਹਾਂ 'ਚ ਬੰਦ ਚਿੰਤਕਾਂ ਪ੍ਰੋਫੈਸਰ ਜੀ ਐਨ ਸਾਈ ਬਾਬਾ, ਪ੍ਰੋਫ਼ੈਸਰ ਵਾਰਵਰਾ ਰਾਓ, ਗੌਤਮ ਨਵਲੱਖਾ, ਆਨੰਦ ਤੇਲਤੁੰਬੜੇ ਅਤੇ ਮਨੁੱਖੀ ਅਧਿਕਾਰਾਂ ਦੀ ਕਾਰਕੁਨ ਤੀਸਤਾ ਸੀਤਲਵਾੜ ਆਦਿ ਦੀ ਰਿਹਾਈ ਦੀ ਲਗਾਤਾਰ ਮੰਗ ਕਰਨ ਲਈ ਰੋਸ ਪ੍ਰਗਟਾਵੇ ਕਰਦੇ ਹਨ। ਇਹ ਉਹੀ ਅਦਾਰੇ ਹਨ, ਜਿਨਾਂ ਗੌਰੀ ਲੰਕੇਸ਼ ਵਰਗੇ ਪੱਤਰਕਾਰ ਦੇ ਕਤਲ ਤੋਂ ਬਾਅਦ, ਕੈਨੇਡਾ ਦੀ ਧਰਤੀ ਤੋਂ ਉਸ ਦੇ ਹੱਕ ਵਿਚ ਐਲਾਨਨਾਮਾ ਜਾਰੀ ਕਰਵਾ ਕੇ, ਭਾਰਤ ਵਿਚ ਚੱਲ ਰਹੇ ਹਿੰਦੂਤਵੀ ਏਜੰਡੇ ਅਤੇ ਨਫ਼ਰਤੀ ਮਾਹੌਲ ਦਾ ਵਿਰੋਧ ਕਰ ਰਹੇ ਹਨ। ਇਹ ਉਹੀ ਸੰਸਥਾਵਾਂ ਹਨ, ਜਿਹੜੀਆਂ ਜੇਲ੍ਹਾਂ 'ਚ ਉਮਰ ਕੈਦ ਦੀਆਂ ਸਜ਼ਾਵਾਂ ਭੋਗ ਚੁੱਕੇ ਸਿੰਘਾਂ ਦੀ ਰਿਹਾਈ ਲਈ ਲਗਾਤਾਰ ਜੱਦੋ-ਜਹਿਦ ਕਰ ਰਹੀਆਂ ਹਨ। ਇਹ ਉਹੀ ਲੋਕ ਹਨ, ਜਿਨਾਂ ਵਿੱਚ ਭਾਰਤ ਦੇ ਪ੍ਰਧਾਨਮੰਤਰੀ ਮੋਦੀ ਦੀ 2015 ਵਿਚ ਕੈਨੇਡਾ ਫੇਰੀ ਸਮੇਂ ਸ਼ਾਂਤਮਈ ਵਿਰੋਧ ਕਰਦਿਆਂ, ਮਨੁੱਖੀ ਅਧਿਕਾਰਾਂ ਦੇ ਹੋ ਰਹੇ ਘਾਣ ਨੂੰ ਰੋਕਣ ਦੀ ਮੰਗ ਕੀਤੀ ਸੀ। ਦੂਜੇ ਪਾਸੇ ਜਿਹੜੇ ਉਸ ਵੇਲੇ ਨਰਿੰਦਰ ਮੋਦੀ ਦਾ ਸਵਾਗਤ ਕਰ ਰਹੇ ਸਨ ਅਤੇ ਉਸ ਨੂੰ ਸ਼ਾਂਤੀ ਦਾ ਮਸੀਹਾ ਕਰਾਰ ਦੇ ਰਹੇ ਸਨ, ਅੱਜ ਉਹੀ ਮਲਿਕ ਹੱਤਿਆ ਮਾਮਲੇ ਵਿੱਚ ਮਗਰਮੱਛ ਦੇ ਹੰਝੂ ਸੁੱਟ ਰਹੇ ਹਨ।




# ਚਾਕਲੇਟ ਖਾਣ ਨਾਲ ਸਿਹਤ ਦਾ ਹੁੰਦਾ ਏ ਨੁਕਸਾਨ

ਚਾਕਲੇਟ ਇਕ ਅਜਿਹੀ ਚੀਜ਼ ਹੈ, ਜੋ ਆਮ ਤੌਰ 'ਤੇ ਪੂਰੀ ਦੁਨੀਆ ਵਿਚ ਪਸੰਦ ਕੀਤੀ ਜਾਂਦੀ ਹੈ। ਲੋਕ ਇਸ ਨੂੰ ਆਪਣੇ ਪਿਆਰ ਦਾ ਇਜ਼ਹਾਰ ਕਰਨ ਲਈ ਤੋਹਫ਼ੇ ਵਜੋਂ ਵੀ ਦਿੰਦੇ ਹਨ। ਕਈ ਲੋਕ ਮੂਡ ਖਰਾਬ ਹੋਣ 'ਤੇ ਵੀ ਚਾਕਲੇਟ ਖਾਣਾ ਪਸੰਦ ਕਰਦੇ ਹਨ, ਇਸ ਨਾਲ ਉਨਾਂ ਨੂੰ ਰਾਹਤ ਮਿਲਦੀ ਹੈ। ਡਾਰਕ ਚਾਕਲੇਟ ਵਿਚ ਮੌਜੂਦ ਐਂਟੀਆਕਸੀਡੈਂਟ ਸਰੀਰ ਵਿਚ ਫਰੀ ਰੈਡੀਕਲਸ ਨਾਲ ਲੜਨ ਵਿਚ ਮਦਦ ਕਰਦੇ ਹਨ। ਪਰ ਇਸ ਦੇ ਬਾਵਜੂਦ ਇਸ ਦਾ ਜ਼ਿਆਦਾ ਸੇਵਨ ਕਈ ਤਰੀਕਿਆਂ ਨਾਲ ਤੁਹਾਡੀ



ਸਿਹਤ ਨੂੰ ਨੁਕਸਾਨ ਪਹੁੰਚਾ ਸਕਦਾ ਹੈ।

ਚਾਕਲੇਟ ਵਿਚ ਮੱਖਣ, ਚੀਨੀ ਅਤੇ ਕਰੀਮ ਜ਼ਿਆਦਾ ਮਾਤਰਾ ਵਿਚ ਹੁੰਦੀ ਹੈ, ਜੋ ਕਿਸੇ ਦੀ ਸਿਹਤ ਨੂੰ ਫਾਇਦਾ ਨਹੀਂ ਪਹੁੰਚਾਉਂਦੀ। ਕਦੇ-ਕਦਾਈਂ ਚਾਕਲੇਟ ਦਾ ਛੋਟਾ ਜਿਹਾ ਟੁਕੜਾ ਖਾਣਾ ਠੀਕ ਹੈ, ਪਰ ਜ਼ਿਆਦਾ ਖਾਣ ਨਾਲ ਪੇਟ ਦਰਦ ਜਾਂ ਦਿਲ ਦੇ ਰੋਗ ਨਾਲ ਜੁੜੀਆਂ ਸਮੱਸਿਆਵਾਂ ਹੋ ਸਕਦੀਆਂ ਹਨ।

ਇੱਕ 44 ਗ੍ਰਾਮ ਚਾਕਲੇਟ ਬਾਰ ਵਿੱਚ 234 ਕੈਲੋਰੀ, 13 ਗ੍ਰਾਮ ਚਰਬੀ ਅਤੇ 221 ਗ੍ਰਾਮ ਚੀਨੀ ਹੁੰਦੀ ਹੈ। ਚਾਕਲੇਟ ਦਾ ਜ਼ਿਆਦਾ ਸੇਵਨ ਭਾਰ ਵਧਾਉਣ ਦਾ ਕੰਮ ਕਰਦਾ ਹੈ। ਇਸ ਵਿਚ ਮੌਜੂਦ ਸ਼ੂਗਰ ਦਾ ਕੋਈ ਪੋਸ਼ਣ ਮੁੱਲ ਨਹੀਂ ਹੁੰਦਾ ਅਤੇ ਇਹ ਵਿਅਕਤੀ ਦੇ ਬਲੱਡ ਸ਼ੂਗਰ ਦੇ ਪੱਧਰ ਨੂੰ ਵੀ ਵਧਾਉਂਦਾ ਹੈ, ਜਿਸ ਨਾਲ ਸ਼ੂਗਰ ਦਾ ਖ਼ਤਰਾ ਵੀ ਵੱਧ ਜਾਂਦਾ ਹੈ। ਜੇਕਰ ਤੁਸੀਂ ਭਾਰ ਘਟਾਉਣ ਦੀ ਕੋਸ਼ਿਸ਼ ਕਰ ਰਹੇ ਹੋ, ਤਾਂ ਤੁਹਾਨੂੰ ਚਾਕਲੇਟ ਦੇ ਸੇਵਨ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਚੀਨੀ ਦੀ ਜ਼ਿਆਦਾ ਮਾਤਰਾ ਨਾ ਸਿਰਫ ਭਾਰ ਵਧਾਉਂਦੀ ਹੈ ਸਗੋਂ ਦੰਦਾਂ ਨੂੰ ਸੜਨ ਦਾ ਕੰਮ ਵੀ ਕਰਦੀ ਹੈ। ਇੱਕ ਚਾਕਲੇਟ ਬਾਰ ਵਿੱਚ 13 ਗ੍ਰਾਮ ਚਰਬੀ ਵਿੱਚੋਂ, 8 ਗ੍ਰਾਮ ਸੰਤ੍ਰਿਪਤ ਚਰਬੀ ਤੋਂ ਆਉਂਦੀ ਹੈ ਜੋ ਖੂਨ ਦੇ ਕੋਲੇਸਟ੍ਰੋਲ ਨੂੰ ਵਧਾਉਣ ਲਈ ਜਾਣੀ ਜਾਂਦੀ ਹੈ। ਕੋਲੈਸਟ੍ਰੋਲ ਦੀ ਵੱਧ ਰਹੀ ਮਾਤਰਾ ਦਿਲ ਦੇ ਰੋਗ ਅਤੇ ਸਟ੍ਰੋਕ ਦਾ ਕਾਰਨ ਬਣਦੀ ਹੈ।

ਚਾਕਲੇਟ ਤੁਹਾਡੇ ਪੇਟ ਵਿੱਚ ਤੇਜ਼ਾਬ ਵਧਾਉਂਦਾ ਹੈ। ਚਾਕਲੇਟ ਖਾਣ ਨਾਲ ਦਿਲ ਵਿੱਚ ਜਲਨ ਦੀ ਸਮੱਸਿਆ ਵੀ ਸ਼ੁਰੂ ਹੋ ਜਾਂਦੀ ਹੈ। ਜੇਕਰ ਕੋਈ ਵਿਅਕਤੀ ਪਹਿਲਾਂ ਤੋਂ ਹੀ ਗੈਸ ਸੰਬੰਧੀ ਸਮੱਸਿਆ ਤੋਂ ਪੀੜਤ ਹੈ ਤਾਂ ਉਸ ਨੂੰ ਚਾਕਲੇਟ ਨਾ ਖਾਣ ਦੀ ਸਲਾਹ ਦਿੱਤੀ ਜਾਂਦੀ ਹੈ।

ਚਾਕਲੇਟ ਵਿੱਚ ਮੌਜੂਦ ਕੈਫੀਨ ਇੱਕ ਅਜਿਹਾ ਤੱਤ ਹੈ ਜੋ ਕੇਂਦਰੀ ਨਸ ਪ੍ਰਣਾਲੀ ਨੂੰ ਉਤੇਜਿਤ ਕਰਦਾ ਹੈ, ਊਰਜਾ ਨੂੰ ਵਧਾਉਂਦਾ ਹੈ ਅਤੇ ਇੱਕ ਵਿਅਕਤੀ ਦੇ ਮੂਡ ਨੂੰ ਸੁਧਾਰ ਸਕਦਾ ਹੈ, ਪਰ ਇਸਦਾ ਕੋਈ ਪੋਸ਼ਣ ਮੁੱਲ ਨਹੀਂ ਹੈ। ਬਹੁਤ ਜ਼ਿਆਦਾ ਕੈਫੀਨ ਵਾਲੇ ਭੋਜਨ ਖਾਣ ਨਾਲ, ਜਿਵੇਂ ਕਿ ਚਾਕਲੇਟ, ਦਿਲ ਦੇ ਰੋਗੀਆਂ ਵਿੱਚ ਅਨਿਯਮਿਤ ਦਿਲ ਦੀ ਧੜਕਣ ਦਾ ਕਾਰਨ ਬਣ ਸਕਦੀ ਹੈ ਜਾਂ ਚਿੰਤਾ, ਉਦਾਸੀ, ਬੇਚੈਨੀ ਅਤੇ ਸੌਣ ਵਿੱਚ ਪਰੇਸ਼ਾਨੀ ਦਾ ਕਾਰਨ ਬਣ ਸਕਦੀ ਹੈ।

ਖੋਜ ਦੱਸਦੀ ਹੈ ਕਿ ਚਾਕਲੇਟ ਵਿੱਚ ਜ਼ਹਿਰੀਲੀ ਧਾਤੂ ਕੈਡਮੀਅਮ ਦੀ ਮਾਤਰਾ ਜ਼ਿਆਦਾ ਹੁੰਦੀ ਹੈ। ਕੈਡਮੀਅਮ ਦੀ ਮਾਤਰਾ ਵਰਲਡ ਹੈਲਥ ਆਰਗੇਨਾਈਜ਼ੇਸ਼ਨ ਦੁਆਰਾ ਸਿਫ਼ਾਰਸ਼ ਕੀਤੀ ਗਈ ਮਾਤਰਾ ਨਾਲੋਂ ਕਿਤੇ ਵੱਧ ਪਾਈ ਗਈ। ਮਨੁੱਖੀ ਗੁਰਦਿਆਂ, ਖਾਸ ਤੌਰ 'ਤੇ ਬਿਮਾਰ ਵਿਅਕਤੀ ਨੂੰ ਚਾਕਲੇਟ ਦੇ ਜ਼ਿਆਦਾ ਸੇਵਨ ਤੋਂ ਬਾਅਦ ਇਸ ਜ਼ਹਿਰੀਲੇ ਧਾਤ ਨੂੰ ਬਾਹਰ ਕੱਢਣ ਵਿੱਚ ਮੁਸ਼ਕਲ ਹੋ ਸਕਦੀ ਹੈ, ਜੋ ਕਿ ਗੁਰਦਿਆਂ ਨੂੰ ਗੰਭੀਰ ਰੂਪ ਵਿੱਚ ਪ੍ਰਭਾਵਿਤ ਕਰ ਸਕਦੀ ਹੈ।

ਜੋ ਲੋਕ ਲੈਕਟੋਜ਼ ਅਸਹਿਣਸ਼ੀਲ ਹਨ, ਦੁੱਧ ਤੋਂ ਬਣੀ ਚਾਕਲੇਟ ਖਾਣ ਤੋਂ ਬਾਅਦ ਪੇਟ ਵਿੱਚ ਦਰਦ ਮਹਿਸੂਸ ਕਰ ਸਕਦੇ ਹਨ, ਕਿਉਂਕਿ ਡੇਅਰੀ ਉਤਪਾਦਾਂ ਵਿੱਚ ਲੈਕਟੋਜ਼ ਸ਼ੂਗਰ ਹੁੰਦੀ ਹੈ। ਜੇਕਰ ਤੁਹਾਨੂੰ ਵੀ ਦੁੱਧ ਤੋਂ ਐਲਰਜੀ ਹੈ, ਤਾਂ ਤੁਹਾਨੂੰ ਸਿਰਫ ਡੇਅਰੀ-ਫ੍ਰੀ ਡਾਰਕ ਚਾਕਲੇਟ ਦਾ ਸੇਵਨ ਕਰਨਾ ਚਾਹੀਦਾ ਹੈ।

ਕਈ ਖੋਜਾਂ ਦੇ ਅਨੁਸਾਰ, ਚਾਕਲੇਟ ਹੱਡੀਆਂ ਨੂੰ ਕਮਜ਼ੋਰ ਬਣਾ ਸਕਦੀ ਹੈ ਅਤੇ ਓਸਟੀਓਪੋਰੋਸਿਸ ਦਾ ਕਾਰਨ ਬਣ ਸਕਦੀ ਹੈ। ਕੁਝ ਅਧਿਐਨਾਂ ਤੋਂ ਪਤਾ ਲੱਗਾ ਹੈ ਕਿ ਜੋ



ਔਰਤਾਂ ਰੋਜ਼ਾਨਾ ਚਾਕਲੇਟ ਖਾਂਦੇ ਹਨ, ਉਨਾਂ ਦੀ ਹੱਡੀਆਂ ਦੀ ਘਣਤਾ ਅਤੇ ਮਜ਼ਬੂਤੀ ਘੱਟ ਹੁੰਦੀ ਹੈ। ਚਾਕਲੇਟ ਖਾਣ ਦੇ ਨੁਕਸਾਨ ਹੁੰਦੇ ਹਨ ਪਰ ਜੇਕਰ ਤੁਸੀਂ ਜ਼ਰੂਰਤ ਤੋਂ ਜ਼ਿਆਦਾ ਨਾ ਖਾਓ ਤਾਂ ਇਸ ਨਾਲ ਕੋਈ ਨੁਕਸਾਨ ਨਹੀਂ ਹੁੰਦਾ।

## ਵਧਦੀ ਉਮਰ ਵਿਚ ਵੀ ਹੱਡੀਆਂ ਨੂੰ ਫਿੱਟ ਰੱਖਣ ਲਈ ਡਾਈਟ 'ਚ ਸ਼ਾਮਲ ਕਰੋ ਇਹ 5 ਭੋਜਨ

ਨਵੀਂ ਦਿੱਲੀ : ਜੇਕਰ ਤੁਸੀਂ ਬੁਢਾਪੇ ਵਿਚ ਵੀ ਆਪਣੀਆਂ ਹੱਡੀਆਂ ਨੂੰ ਮਜ਼ਬੂਤ ਰੱਖਣਾ ਚਾਹੁੰਦੇ ਹੋ ਤਾਂ ਸਰੀਰ ਵਿਚ ਕੈਲਸ਼ੀਅਮ ਦੀ ਕਮੀ ਨਾ ਹੋਣ ਦਿਓ। ਮਾਹਰਾਂ ਅਨੁਸਾਰ ਸਰੀਰ ਦਾ 99% ਕੈਲਸ਼ੀਅਮ ਹੱਡੀਆਂ ਅਤੇ ਦੰਦਾਂ ਵਿੱਚ ਮੌਜੂਦ ਹੁੰਦਾ ਹੈ। ਇਸ ਲਈ ਇਸ ਦੇ ਨਾਲ ਹੀ 1 ਫੀਸਦੀ ਕੈਲਸ਼ੀਅਮ ਸਰੀਰ ਦੇ ਬਾਕੀ ਕੰਮਾਂ ਵਿਚ ਮਦਦ ਕਰਦਾ ਹੈ। ਇਸ ਲਈ ਸਮੇਂ-ਸਮੇਂ 'ਤੇ ਜਾਂਚ ਕਰਵਾਉਂਦੇ ਰਹਿਣਾ ਜ਼ਰੂਰੀ ਹੈ ਤਾਂ ਕਿ ਨਾ ਸਿਰਫ ਕੈਲਸ਼ੀਅਮ ਬਲਕਿ ਸਰੀਰ ਵਿਚ ਹੋ ਰਹੀ ਹੋਰ ਪੋਸ਼ਣ ਦੀ ਕਮੀ ਦਾ ਵੀ ਪਤਾ ਲਗਾਇਆ ਜਾ ਸਕੇ।

**ਸਰੀਰ ਵਿੱਚ ਕੈਲਸ਼ੀਅਮ ਦੀ ਕਮੀ ਦੇ ਲੱਛਣ**

1. ਹੱਡੀਆਂ ਦਾ ਦਰਦ ਅਤੇ ਕਮਜ਼ੋਰੀ
2. ਮਾਸਪੇਸ਼ੀਆਂ ਦੇ ਕੜਵੱਲ
3. ਯਾਦਦਾਸ਼ਤ ਘਟਣਾ
4. ਹੱਥਾਂ ਅਤੇ ਪੈਰਾਂ ਵਿੱਚ ਝਰਨਾਹਟ ਅਤੇ ਸੁੰਨ ਹੋਣਾ
5. ਪੀਰੀਅਡ ਵਿਗਾੜ
6. ਦੰਦਾਂ ਵਿੱਚ ਕਮਜ਼ੋਰੀ
7. ਖੂਨ ਦੇ ਜੰਮਣ ਦੀ ਸਮੱਸਿਆ

**ਕੈਲਸ਼ੀਅਮ ਨਾਲ ਭਰਪੂਰ ਭੋਜਨ ਪਦਾਰਥ**

### ਹਰੀਆਂ ਸਬਜ਼ੀਆਂ

ਹਰੀਆਂ ਸਬਜ਼ੀਆਂ ਵਿੱਚ ਕੈਲਸ਼ੀਅਮ ਵੀ ਪਾਇਆ ਜਾਂਦਾ ਹੈ, ਇਸ ਲਈ ਕੈਲਸ਼ੀਅਮ ਦੀ ਕਮੀ ਨੂੰ ਪੂਰਾ ਕਰਨ ਲਈ ਤੁਹਾਨੂੰ ਹਰੀਆਂ ਸਬਜ਼ੀਆਂ ਦਾ ਸੇਵਨ ਕਰਨਾ ਚਾਹੀਦਾ ਹੈ। ਹਰੀਆਂ ਸਬਜ਼ੀਆਂ ਦਾ ਸੇਵਨ ਹੱਡੀਆਂ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਉਨਾਂ ਦਾ ਵਿਕਾਸ ਵੀ ਕਰਦਾ ਹੈ।

### ਦਹੀਂ

ਦਹੀਂ ਪ੍ਰੋਟੀਨ ਦਾ ਖਜ਼ਾਨਾ ਹੈ, ਇਸ ਵਿੱਚ ਚੰਗੇ ਬੈਕਟੀਰੀਆ ਪਾਏ ਜਾਂਦੇ ਹਨ, ਜੋ ਅੰਤੜੀਆਂ ਨੂੰ ਸਿਹਤਮੰਦ ਰੱਖਦੇ ਹਨ। 227 ਗ੍ਰਾਮ ਦਹੀਂ ਵਿੱਚ 400 ਮਿਲੀਗ੍ਰਾਮ ਕੈਲਸ਼ੀਅਮ ਹੁੰਦਾ ਹੈ। ਤੁਸੀਂ ਸਨੈਕ ਦੇ ਤੌਰ 'ਤੇ ਦਹੀਂ ਵੀ ਖਾ ਸਕਦੇ ਹੋ।

### ਦੇਸੀ ਪਨੀਰ

ਪਨੀਰ ਨਾਲ ਸਰੀਰ ਵਿਚੋਂ ਕੈਲਸ਼ੀਅਮ ਦੀ ਕਮੀ ਨੂੰ ਵੀ ਦੂਰ ਕੀਤਾ ਜਾ ਸਕਦਾ ਹੈ। ਪਨੀਰ ਕੈਲਸ਼ੀਅਮ ਨਾਲ ਵੀ ਭਰਪੂਰ ਹੁੰਦਾ ਹੈ। ਹਰ ਰੋਜ਼ 1 ਕੱਪ ਕਾਟੇਜ ਪਨੀਰ ਲਗਭਗ 130 ਮਿਲੀਗ੍ਰਾਮ ਕੈਲਸ਼ੀਅਮ ਦੀ ਸਪਲਾਈ ਕਰ ਸਕਦਾ ਹੈ।

### ਓਟਸ

ਸਰੀਰ ਵਿੱਚ ਕੈਲਸ਼ੀਅਮ ਦੀ ਮਾਤਰਾ ਨੂੰ ਪੂਰਾ ਕਰਨ ਲਈ ਓਟਸ ਦਾ ਸੇਵਨ ਬਹੁਤ ਜ਼ਰੂਰੀ ਹੈ। ਇਸ ਨੂੰ ਖਾਣ ਨਾਲ ਕੈਲਸ਼ੀਅਮ ਵੀ ਭਰਪੂਰ ਮਾਤਰਾ ਵਿਚ ਮਿਲਦਾ ਹੈ। ਇੱਕ ਕਟੋਰੀ ਓਟਸ ਖਾਣ ਨਾਲ ਸਰੀਰ ਵਿੱਚ 100 ਤੋਂ 150 ਮਿਲੀਗ੍ਰਾਮ ਕੈਲਸ਼ੀਅਮ ਪਹੁੰਚਦਾ ਹੈ।

### ਅੰਜੀਰ

ਅੰਜੀਰ ਦੇ ਨਿਯਮਤ ਸੇਵਨ ਨਾਲ ਹੱਡੀਆਂ ਮਜ਼ਬੂਤ ਹੁੰਦੀਆਂ ਹਨ, ਉੱਥੇ ਹੀ ਇਸ ਨਾਲ ਜੁੜੀਆਂ ਬਿਮਾਰੀਆਂ ਵੀ ਦੂਰ ਹੁੰਦੀਆਂ ਹਨ। ਅੰਜੀਰ ਵਿੱਚ ਫਾਸਫੋਰਸ ਵੀ ਹੁੰਦਾ ਹੈ ਜੋ ਹੱਡੀਆਂ ਦੇ ਵਿਕਾਸ ਵਿੱਚ ਸਹਾਇਤਾ ਕਰਦਾ ਹੈ।

# ਰੋਜ਼ਾਨਾ ਖਾਓਗੇ ਐਵੋਕਾਡੋ ਫਲ ਤਾਂ ਤੁਸੀਂ ਵੀ ਬਚੇ ਰਹੋਗੇ ਖ਼ਰਾਬ ਕੋਲੈਸਟ੍ਰੋਲ ਤੋਂ

ਐਵੋਕਾਡੋ ਭਾਵੇਂ ਭਾਰਤ ਵਿੱਚ ਹਰ ਥਾਂ ਉਪਲਬਧ ਨਾ ਹੋਵੇ, ਪਰ ਇਹ ਇੱਕ ਸੁਪਰਫੂਡ ਵਜੋਂ ਲਗਾਤਾਰ ਚਰਚਾ ਵਿੱਚ ਰਹਿੰਦਾ ਹੈ। ਪੌਸ਼ਟਿਕ ਤੱਤਾਂ ਨਾਲ ਭਰਪੂਰ ਇਹ ਕਰੀਮੀ ਫਲ ਤੰਦਰੁਸਤੀ ਅਤੇ ਸਿਹਤ ਲਈ ਬਹੁਤ ਵਧੀਆ ਸਾਬਤ ਹੁੰਦਾ ਹੈ। ਇਸ ਦਾ ਕਾਰਨ ਸਿਰਫ ਇਸ ਦਾ ਸਵਾਦ ਅਤੇ ਦਿੱਖ ਹੀ ਨਹੀਂ, ਸਗੋਂ ਇਸ ਨੂੰ ਖਾਣ ਨਾਲ ਹੋਣ ਵਾਲੇ ਕਈ ਫਾਇਦੇ ਵੀ ਹਨ।

ਇੱਕ ਨਵੇਂ ਅਧਿਐਨ ਵਿੱਚ ਪਾਇਆ ਗਿਆ ਹੈ ਕਿ 6 ਮਹੀਨਿਆਂ ਤੱਕ ਹਰ ਰੋਜ਼ ਇੱਕ ਐਵੋਕਾਡੋ ਖਾਣ ਨਾਲ ਮੋਟੇ ਜਾਂ ਜ਼ਿਆਦਾ ਭਾਰ ਵਾਲੇ ਲੋਕਾਂ ਵਿੱਚ ਪੇਟ ਦੀ ਚਰਬੀ, ਜਿਗਰ ਦੀ ਚਰਬੀ ਜਾਂ ਕਮਰ ਦੀ ਚਰਬੀ ਵਿੱਚ ਕੋਈ ਫਰਕ ਨਹੀਂ ਪੈਂਦਾ। ਹਾਲਾਂਕਿ, ਉਨਾਂ ਦੇ ਕੋਲੈਸਟ੍ਰੋਲ ਦੇ ਪੱਧਰ ਵਿੱਚ ਗਿਰਾਵਟ ਦੇਖੀ ਗਈ। ਇਸ ਖੋਜ ਵਿੱਚ, ਖੋਜਕਰਤਾਵਾਂ ਨੇ ਦੇਖਿਆ ਕਿ ਐਵੋਕਾਡੋ ਖਾਣ ਵਾਲਿਆਂ ਦੀ ਸਿਹਤ ਬਿਹਤਰ ਦਿਖਾਈ ਦਿੱਤੀ।

ਬਹੁਤ ਸਾਰੇ ਛੋਟੇ ਅਧਿਐਨਾਂ ਨੇ ਐਵੋਕਾਡੋਜ਼ ਅਤੇ ਘਟੇ ਹੋਏ ਸਰੀਰ ਦੇ ਭਾਰ, ਬੀਐਮਆਈ, ਅਤੇ ਕਮਰ ਦੇ ਦੁਆਲੇ ਚਰਬੀ ਦੇ ਵਿਚਕਾਰ ਸਬੰਧ ਦਿਖਾਏ ਹਨ। ਹਾਲਾਂਕਿ, ਹਾਲੀਆ ਖੋਜ ਵਿੱਚ, ਐਵੋਕਾਡੋ ਖਾਣ ਨਾਲ ਭਾਰ ਜਾਂ ਪੇਟ ਦੀ ਚਰਬੀ ਵਿੱਚ ਕਮੀ ਨਹੀਂ ਦਿਖਾਈ ਦਿੱਤੀ, ਪਰ ਇਸ ਨਾਲ ਖੁਰਾਕ ਵਿੱਚ ਸੰਤੁਲਨ ਆਇਆ। ਇਸ ਨੂੰ ਡਾਈਟ 'ਚ ਸ਼ਾਮਲ ਕਰਨ ਨਾਲ ਖਰਾਬ ਕੋਲੈਸਟ੍ਰੋਲ ਦੇ ਪੱਧਰ ਵਿਚ ਕਮੀ ਦਿਖਾਈ ਦਿੰਦੀ ਹੈ।

ਟੈਕਸਾਸ ਟੈਕ ਯੂਨੀਵਰਸਿਟੀ ਵਿਚ ਪੋਸ਼ਣ ਵਿਗਿਆਨ ਦੀ ਸਹਾਇਕ ਪ੍ਰੋਫੈਸਰ ਕ੍ਰਿਸਟੀਨਾ ਪੀਟਰਸਨ ਨੇ ਕਿਹਾ ਕਿ ਅਧਿਐਨ ਵਿਚ ਇਹ ਵੀ ਪਾਇਆ ਗਿਆ ਹੈ ਕਿ ਰੋਜ਼ਾਨਾ ਐਵੋਕਾਡੋਜ਼ ਖਾਣ ਨਾਲ 100-ਪੁਆਇੰਟ ਪੈਮਾਨੇ 'ਤੇ ਭਾਗੀਦਾਰਾਂ ਦੀ ਖੁਰਾਕ ਦੀ ਸਮੁੱਚੀ ਗੁਣਵੱਤਾ ਵਿਚ ਅੱਠ ਅੰਕਾਂ ਦਾ ਸੁਧਾਰ ਹੋਇਆ ਹੈ। ਅਮਰੀਕਾ ਵਿੱਚ ਲੋਕ ਆਮ ਤੌਰ 'ਤੇ ਚੰਗੀ ਖੁਰਾਕ ਦੇ ਨਿਯਮ ਦੀ ਪਾਲਣਾ ਨਹੀਂ ਕਰਦੇ ਹਨ ਅਤੇ ਖੋਜ ਨੇ ਸਿੱਟਾ ਕੱਢਿਆ ਹੈ ਕਿ ਰੋਜ਼ਾਨਾ ਇੱਕ ਐਵੋਕਾਡੋ ਖਾਣ ਨਾਲ ਪੂਰੀ ਖੁਰਾਕ ਦੀ ਗੁਣਵੱਤਾ ਵਿੱਚ ਮਹੱਤਵਪੂਰਨ ਵਾਧਾ ਹੋ ਸਕਦਾ ਹੈ। ਇਹ ਵੀ ਇੱਕ ਮਹੱਤਵਪੂਰਨ ਸਿੱਟਾ ਹੈ, ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਇੱਕ ਮਾੜੀ ਖੁਰਾਕ ਦਿਲ ਦੀ ਬਿਮਾਰੀ, ਟਾਈਪ 2 ਸ਼ੂਗਰ ਅਤੇ ਕੁਝ ਕੈਂਸਰਾਂ ਦੇ ਜੋਖਮ ਨੂੰ ਵੀ ਵਧਾਉਂਦੀ ਹੈ।

ਐਵੋਕਾਡੋ ਨੇ ਭਾਰ ਤਾਂ ਨਹੀਂ ਘਟਾਇਆ ਪਰ ਇਸ ਫਲ 'ਚ ਮੌਜੂਦ ਕੈਲੋਰੀਜ਼ ਕਾਰਨ ਭਾਰ ਜਾਂ ਢਿੱਡ ਦੀ ਚਰਬੀ ਨਹੀਂ ਵਧੀ, ਜਦਕਿ ਐਲਡੀਐੱਲ ਯਾਨੀ ਖਰਾਬ ਕੋਲੈਸਟ੍ਰੋਲ ਘੱਟ ਗਿਆ। ਖੋਜ ਨੇ ਇਹ ਵੀ ਪਾਇਆ ਕਿ ਐਵੋਕਾਡੋਜ਼ ਰੋਜ਼ਾਨਾ ਖਾਣ ਨਾਲ ਕੁੱਲ ਕੋਲੈਸਟ੍ਰੋਲ 2.9 ਮਿਲੀਗ੍ਰਾਮ ਪ੍ਰਤੀ ਡੇਸੀਲੀਟਰ (ਐਮਜੀ/ਡੀਐਲ) ਘਟਦਾ ਹੈ ਅਤੇ ਐਲਡੀਐਲ ਕੋਲੈਸਟ੍ਰੋਲ ਨੂੰ 2.5 ਐਮਜੀ/ਡੀਐਲ ਘਟਾਉਂਦਾ ਹੈ।

ਖੋਜਕਰਤਾਵਾਂ ਨੇ ਕਿਹਾ ਕਿ ਉਹ ਭਵਿੱਖ ਵਿੱਚ ਵੀ ਇਸ ਖੋਜ ਦੇ ਅੰਕੜਿਆਂ ਦਾ ਅਧਿਐਨ ਕਰਦੇ ਰਹਿਣਗੇ। ਕਿਉਂਕਿ ਇਸ ਵਾਰ ਉਨਾਂ ਨੇ ਭਾਗੀਦਾਰਾਂ ਨੂੰ ਇਹ ਨਹੀਂ ਦੱਸਿਆ ਕਿ ਕਿਵੇਂ ਐਵੋਕਾਡੋ ਨੂੰ ਆਪਣੀ ਖੁਰਾਕ ਵਿੱਚ ਸ਼ਾਮਲ ਕਰਨਾ ਹੈ ਅਤੇ ਫਿਰ ਦੇਖਣਾ ਹੈ ਕਿ ਇਸ ਦਾ ਸਿਹਤ 'ਤੇ ਕੋਈ ਅਸਰ ਪੈਂਦਾ ਹੈ ਜਾਂ ਨਹੀਂ।

## ਵਧਦੇ ਭਾਰ ਨੂੰ ਕੰਟਰੋਲ ਕਰਨ ਲਈ ਖਾਓ ਲੀਚੀ

ਵਧਦੇ ਭਾਰ ਨੂੰ ਕੰਟਰੋਲ ਕਰਨਾ ਔਖਾ ਕੰਮ ਸਾਬਤ ਹੁੰਦਾ ਹੈ। ਇਸ ਦੇ ਲਈ ਲੋਕ ਕਈ ਤਰਾਂ ਦੇ ਉਪਰਾਲੇ ਕਰਦੇ ਹਨ। ਕੁਝ ਲੋਕ ਜਿਮ ਵਿਚ ਘੰਟਿਆਂਬੱਧੀ ਵਰਕਆਊਟ ਕਰਦੇ ਹਨ ਤਾਂ ਕੁਝ ਲੋਕ ਡਾਈਟਿੰਗ ਦਾ ਸਹਾਰਾ ਲੈਂਦੇ ਹਨ। ਸਿਹਤ ਮਾਹਿਰਾਂ ਅਨੁਸਾਰ ਵਰਤ ਰੱਖਣ ਨਾਲ ਸਿਹਤ 'ਤੇ ਮਾੜਾ ਪ੍ਰਭਾਵ ਪੈਂਦਾ ਹੈ। ਇਸ ਦੇ ਲਈ ਕਦੇ ਵੀ ਡਾਈਟਿੰਗ ਦਾ ਸਹਾਰਾ ਨਾ ਲਓ। ਹਾਂ, ਤੁਸੀਂ ਹਫ਼ਤੇ ਵਿੱਚ ਇੱਕ ਦਿਨ ਵਰਤ ਰੱਖ ਸਕਦੇ ਹੋ। ਇਸ ਦੇ ਨਾਲ ਹੀ ਵਧਦੇ ਭਾਰ ਨੂੰ ਕੰਟਰੋਲ ਕਰਨ ਲਈ ਫਾਈਬਰ ਨਾਲ ਭਰਪੂਰ ਭੋਜਨ ਦਾ ਸੇਵਨ ਕਰਨਾ ਚਾਹੀਦਾ ਹੈ। ਇਸ ਨਾਲ ਵਧਦੇ ਭਾਰ ਨੂੰ ਕੰਟਰੋਲ ਕਰਨ ਵਿਚ ਮਦਦ ਮਿਲਦੀ ਹੈ। ਜੇਕਰ ਤੁਸੀਂ ਵੀ ਵਧਦੇ ਭਾਰ ਤੋਂ ਪਰੇਸ਼ਾਨ ਹੋ ਅਤੇ ਕੰਟਰੋਲ ਕਰਨਾ ਚਾਹੁੰਦੇ ਹੋ ਤਾਂ ਲੀਚੀ ਦਾ ਸੇਵਨ ਜ਼ਰੂਰ ਕਰੋ। ਲੀਚੀ ਸਿਹਤ ਲਈ ਵਰਦਾਨ ਤੋਂ ਘੱਟ ਨਹੀਂ ਹੈ। ਭਾਰਤ ਦੇ ਕਈ ਹਿੱਸਿਆਂ ਵਿੱਚ ਲੀਚੀ ਦੀ ਕਾਸ਼ਤ ਕੀਤੀ ਜਾਂਦੀ ਹੈ। ਖਾਸ ਕਰਕੇ ਬਿਹਾਰ ਦੇ ਮੁਜ਼ੱਫਰਪੁਰ ਵਿੱਚ ਲੀਚੀ ਦੀ ਖੇਤੀ ਸਭ ਤੋਂ ਵੱਧ ਹੁੰਦੀ ਹੈ। ਮੁਜ਼ੱਫਰਪੁਰ ਦੀ ਸਾਹੀ ਲੀਚੀ ਪੂਰੀ ਦੁਨੀਆ ਵਿੱਚ ਮਸ਼ਹੂਰ ਹੈ। ਇਸ ਵਿਚ ਕਈ ਜ਼ਰੂਰੀ ਪੋਸ਼ਕ ਤੱਤ ਪਾਏ ਜਾਂਦੇ ਹਨ, ਜੋ ਸਿਹਤ ਲਈ ਫਾਇਦੇਮੰਦ ਸਾਬਤ ਹੁੰਦੇ ਹਨ। ਲੀਚੀ ਵਿੱਚ ਫਾਈਬਰ ਭਰਪੂਰ ਮਾਤਰਾ ਵਿੱਚ ਪਾਇਆ ਜਾਂਦਾ ਹੈ। ਫਾਈਬਰ ਨਾਲ ਭਰਪੂਰ ਚੀਜ਼ਾਂ ਦਾ ਸੇਵਨ ਕਰਨ ਨਾਲ ਪੇਟ ਲੰਬੇ ਸਮੇਂ ਤੱਕ ਭਰਿਆ ਰਹਿੰਦਾ ਹੈ। ਇਸ ਨਾਲ ਵਾਰ-ਵਾਰ ਖਾਣ ਦੀ ਆਦਤ ਤੋਂ ਛੁਟਕਾਰਾ ਮਿਲਦਾ ਹੈ। ਇਸ ਦੇ ਨਾਲ ਹੀ ਇਸ 'ਚ ਐਂਟੀਆਕਸੀਡੈਂਟਸ ਦੇ ਗੁਣ ਪਾਏ ਜਾਂਦੇ ਹਨ, ਜਿਸ ਕਾਰਨ ਸਰੀਰ ਹਮੇਸ਼ਾ ਹਾਈਡ੍ਰੇਟ ਰਹਿੰਦਾ ਹੈ ਅਤੇ ਪਾਚਨ ਤੰਤਰ ਵੀ ਮਜ਼ਬੂਤ ਰਹਿੰਦਾ ਹੈ। ਜੇਕਰ ਤੁਸੀਂ ਵੀ ਵਧਦੇ ਭਾਰ ਨੂੰ ਕੰਟਰੋਲ ਕਰਨਾ ਚਾਹੁੰਦੇ ਹੋ ਤਾਂ ਲੀਚੀ ਦਾ ਸੇਵਨ ਜ਼ਰੂਰ ਕਰੋ।

ਸਿਹਤ ਮਾਹਿਰਾਂ ਅਨੁਸਾਰ ਲੀਚੀ ਦਿਲ ਲਈ ਵੀ ਫਾਇਦੇਮੰਦ ਸਾਬਤ ਹੁੰਦੀ ਹੈ। ਇਸ ਦੇ ਸੇਵਨ ਨਾਲ ਦਿਲ ਸਿਹਤਮੰਦ ਰਹਿੰਦਾ ਹੈ। ਇਸ ਵਿਚ ਪੋਟਾਸ਼ੀਅਮ ਵੀ ਭਰਪੂਰ ਮਾਤਰਾ ਵਿਚ ਪਾਇਆ ਜਾਂਦਾ ਹੈ, ਜੋ ਦਿਲ ਨੂੰ ਸਿਹਤਮੰਦ ਰੱਖਣ ਵਿਚ ਮਦਦਗਾਰ ਹੁੰਦਾ ਹੈ। ਇਸ ਤੋਂ ਇਲਾਵਾ ਇਮਿਊਨ ਸਿਸਟਮ ਵੀ ਮਜ਼ਬੂਤ ਹੁੰਦਾ ਹੈ।

# ਮਨੁੱਖਤਾ ਦੇ ਮੱਥੇ ਦਾ ਕਲੰਕ ਹੈ ਮਨੁੱਖੀ ਤਸਕਰੀ

**ਪ੍ਰੋਫੈਸਰ ਪਰਮਜੀਤ ਸਿੰਘ**

ਕੋਈ ਵੇਲਾ ਸੀ ਜਦੋਂ ਭਾਰਤ ਹੀ ਨਹੀਂ ਸਗੋਂ ਦੂਜੇ ਮੁਲਕਾਂ ਵਿਚ ਵੀ ਪਸ਼ੂਆਂ ਦੇ ਨਾਲ-ਨਾਲ ਮਨੁੱਖਾਂ ਦੀ ਵੀ ਮੰਡੀ ਲਗਦੀ ਹੁੰਦੀ ਸੀ। ਜਵਾਨ ਔਰਤਾਂ ਤੇ ਮਰਦਾਂ ਅਤੇ ਬੱਚਿਆਂ ਤੱਕ ਦੀ ਬੋਲੀ ਲਗਾਈ ਜਾਂਦੀ ਸੀ ਤੇ ਖ਼ਰੀਦ ਕੇ ਲੈ ਜਾਣ ਤੋਂ ਬਾਅਦ ਮਾਲਕ ਵਲੋਂ ਉਨਾਂ ਨੂੰ ਬਿਨਾਂ ਕੋਈ ਪੈਸਾ ਜਾਂ ਮਜ਼ਦੂਰੀ ਅਦਾ ਕੀਤਿਆਂ ਉਨਾਂ ਤੋਂ ਗ਼ੁਲਾਮਾਂ ਵਾਂਗ ਕੰਮ ਲਿਆ ਜਾਂਦਾ ਸੀ। ਔਰਤਾਂ ਤੇ ਬੱਚੀਆਂ ਦਾ ਤਾਂ ਸਰੀਰਕ ਸ਼ੋਸ਼ਣ ਵੀ ਕੀਤਾ ਜਾਂਦਾ ਸੀ। ਗ਼ੁਲਾਮ ਪ੍ਰਥਾ ਖ਼ਿਲਾਫ਼ ਦੁਨੀਆ ਭਰ ਵਿਚ ਉੱਠੇ ਵੱਖ-ਵੱਖ ਅੰਦੋਲਨਾਂ ਕਰਕੇ ਇਹ ਪ੍ਰਥਾ ਕਾਫੀ ਹੱਦ ਤੱਕ ਖ਼ਤਮ ਹੋ ਗਈ ਮੰਨੀ ਜਾਣ ਲੱਗ ਪਈ ਸੀ ਪਰ ਕੁਝ ਇਕ ਸਮਾਜ ਵਿਗਿਆਨੀਆਂ ਦਾ ਮਤ ਹੈ ਕਿ ਸਮਾਂ ਬਦਲਣ ਨਾਲ ਮਨੁੱਖੀ ਖ਼ਰੀਦੋ-ਫ਼ਰੋਖ਼ਤ ਦਾ ਸਰੂਪ ਬਦਲ ਗਿਆ ਪਰ ਇਹ ਪ੍ਰਥਾ ਖ਼ਤਮ ਨਹੀਂ ਹੋਈ। ਅੱਜ ਵੀ ਦੁਨੀਆ ਭਰ ਵਿਚੋਂ ਔਰਤਾਂ, ਲੜਕੀਆਂ ਅਤੇ ਬੱਚਿਆਂ ਨੂੰ ਅਗਵਾ ਕਰ ਲਿਆ ਜਾਂਦਾ ਹੈ ਤੇ ਫਿਰ ਉਨਾਂ ਤੋਂ ਸਰੀਰਕ ਮਿਹਨਤ ਜਾਂ ਬੰਧੂਆ ਮਜ਼ਦੂਰੀ ਵਾਲੇ ਕੰਮ ਕਰਵਾਏ ਜਾਂਦੇ ਹਨ ਜਾਂ ਭੀਖ ਮੰਗਣ ਦੇ 'ਕਾਲੇ ਕਾਰੋਬਾਰ' ਵਿਚ ਲਗਾ ਦਿੱਤਾ ਜਾਂਦਾ ਹੈ ਤੇ ਲੜਕੀਆਂ ਨੂੰ ਵੇਸ਼ਵਾਗਮਨੀ ਦੇ ਧੰਦੇ ਵਿਚ ਧਕੇਲ ਕੇ ਉਨਾਂ ਦਾ ਜੀਵਨ ਨਾਸ਼ ਕਰ ਦਿੱਤਾ ਜਾਂਦਾ ਹੈ।

30 ਜੁਲਾਈ ਦਾ ਦਿਨ ਉਪਰੋਕਤ ਕਸ਼ਟਾਂ ਨਾਲ ਵਾਬਸਤਾ ਲੋਕਾਂ ਨੂੰ ਸਮਰਪਿਤ ਹੈ ਤੇ ਪੂਰੇ ਵਿਸ਼ਵ ਵਿਚ ਇਹ ਦਿਨ 'ਇੰਟਰਨੈਸ਼ਨਲ ਡੇਅ ਅਗੇਂਸਟ ਟਰੈਫਿਕਿੰਗ ਇਨ ਹਿਊਮਨਜ਼' ਭਾਵ 'ਕੌਮਾਂਤਰੀ ਮਨੁੱਖੀ ਤਸਕਰੀ ਵਿਰੋਧੀ ਦਿਵਸ' ਦੇ ਸਿਰਲੇਖ ਹੇਠ ਹਰ ਸਾਲ ਮਨਾਇਆ ਜਾਂਦਾ ਹੈ। ਸੰਨ 2013 ਵਿਚ ਹੋਈ ਸੰਯੁਕਤ ਰਾਸ਼ਟਰ ਸੰਘ ਦੀ ਜਨਰਲ ਅਸੈਂਬਲੀ ਭਾਵ ਆਮ ਸਭਾ ਵਿਚ ਇਸ ਦਿਵਸ ਨੂੰ ਮਨਾਉਣ ਸੰਬੰਧੀ ਮਤਾ ਪਾਸ ਕੀਤਾ ਗਿਆ ਸੀ ਤੇ ਕਿਹਾ ਗਿਆ ਸੀ ਕਿ ਮਨੁੱਖੀ ਤਸਕਰੀ ਅਤੇ ਸ਼ੋਸ਼ਣ ਦੇ ਸ਼ਿਕਾਰ ਲੋਕਾਂ ਨੂੰ ਸਮਰਪਿਤ ਕਰਕੇ ਇਕ ਅਜਿਹਾ ਦਿਨ ਮਨਾਉਣਾ ਬੇਹੱਦ ਜ਼ਰੂਰੀ ਹੋ ਗਿਆ ਹੈ, ਜਿਸ ਵਿਚ ਪੀੜਤ ਲੋਕਾਂ ਦੇ ਹੱਕਾਂ ਸੰਬੰਧੀ ਜਾਗਰੂਕਤਾ ਫੈਲਾਈ ਜਾਵੇ ਤੇ ਪੀੜਤਾਂ ਨੂੰ ਨਰਕ ਕੁੰਭ 'ਚੋਂ ਕੱਢ ਕੇ ਇਕ ਚੰਗਾ ਜੀਵਨ ਜਿਊਣ ਦੇ ਕਾਬਲ ਬਣਾਇਆ ਜਾਵੇ। ਸੰਨ 2003 ਵਿਚ ਸੰਯੁਕਤ ਰਾਸ਼ਟਰ ਦੇ 'ਡਰੱਗ ਐਂਡ ਕ੍ਰਾਈਮ ਵਿਭਾਗ' ਨੇ ਉਕਤ ਸਮੱਸਿਆ ਨਾਲ ਪੀੜਤ ਸਵਾ ਦੋ ਲੱਖ ਦੇ ਕਰੀਬ ਵਿਅਕਤੀਆਂ ਦੀ ਪਛਾਣ ਕੀਤੀ ਸੀ ਤੇ ਉਪਰੰਤ ਸਮੂਹ ਮੁਲਕਾਂ ਨੇ ਅਜਿਹੇ ਵਿਅਕਤੀਆਂ ਦੀ ਪਛਾਣ ਕਰਨ ਅਤੇ ਉਨਾਂ ਨੂੰ ਮੁਕਤੀ ਦੁਆਉਣ ਦੀ ਪ੍ਰਕਿਰਿਆ ਆਰੰਭ ਕਰ ਦਿੱਤੀ ਸੀ। ਪ੍ਰਾਪਤ ਅੰਕੜਿਆਂ ਅਨੁਸਾਰ ਮਨੁੱਖੀ ਤਸਕਰੀ ਜਾਂ ਟਰੈਫਿਕਿੰਗ ਦੀਆਂ ਸ਼ਿਕਾਰ ਔਰਤਾਂ ਜਾਂ ਲੜਕੀਆਂ ਵਿਚੋਂ 65 ਫ਼ੀਸਦੀ ਲੜਕੀਆਂ ਨੂੰ ਦੇਹ ਵਪਾਰ ਦੇ ਧੰਦੇ ਵਿਚ ਲਗਾ ਦਿੱਤਾ ਜਾਂਦਾ ਹੈ ਤੇ 35 ਫ਼ੀਸਦੀ ਕੋਲੋਂ ਬੰਧੂਆ ਮਜ਼ਦੂਰੀ ਕਰਵਾਈ ਜਾਂਦੀ ਹੈ।

ਸੰਯੁਕਤ ਰਾਸ਼ਟਰ ਵਲੋਂ ਕਰਵਾਏ ਗਏ ਅਧਿਐਨ ਵਿਚ ਇਹ ਪਤਾ ਲੱਗਾ ਹੈ ਕਿ ਇਸ ਗੋਰਖਧੰਦੇ ਵਿਚ ਫਸ ਚੁੱਕੇ ਨੌਜਵਾਨਾਂ ਨੂੰ ਸ਼ਾਤਰ ਦਿਮਾਗ ਅਪਰਾਧੀਆਂ ਨੇ ਨੌਕਰੀ ਜਾਂ ਪੈਸਿਆਂ ਦਾ ਲਾਲਚ ਦੇ ਕੇ ਫਸਾਇਆ ਹੁੰਦਾ ਹੈ। ਨਿੱਕੇ ਬੱਚਿਆਂ ਨੂੰ ਜਾਂ ਤਾਂ ਅਗਵਾ ਕਰ ਲਿਆ ਜਾਂਦਾ ਹੈ ਜਾਂ ਫਿਰ ਗ਼ਰੀਬ ਮਾਪਿਆਂ ਨੂੰ ਪੈਸਿਆਂ ਦਾ ਲਾਲਚ ਦੇ ਕੇ ਬੱਚੇ ਉਨਾਂ ਤੋਂ ਲੈ ਲਏ ਜਾਂਦੇ ਹਨ ਤੇ ਫਿਰ ਇਸ ਕਾਲੇ ਕਾਰੋਬਾਰ ਵਿਚ ਧੱਕ ਦਿੱਤੇ ਜਾਂਦੇ ਹਨ। ਇਸ ਧੰਦੇ ਦੇ ਮਾਹਰ ਲੋਕ ਸਮਾਜ ਵਿਚ ਗ਼ਰੀਬ, ਇਕੱਲੇ, ਬੇਰੁਜ਼ਗਾਰ, ਅਨਪੜ੍ਹ ਲੋਕਾਂ ਨੂੰ ਤਲਾਸ਼ਦੇ ਰਹਿੰਦੇ ਹਨ ਤੇ ਹੋਰ ਤਾਂ ਹੋਰ ਕਿਸੇ ਮੁਲਕ ਵਿਚ ਜੰਗ ਜਾਂ ਕੁਦਰਤੀ ਆਫ਼ਤ ਦੇ ਸ਼ਿਕਾਰ ਔਰਤਾਂ ਤੇ ਬੱਚਿਆਂ ਨੂੰ ਵੀ ਆਪਣਾ ਸ਼ਿਕਾਰ ਬਣਾਉਣ ਤੋਂ ਬਾਜ਼ ਨਹੀਂ ਆਉਂਦੇ। ਅਨੇਕਾਂ ਬੱਚਿਆਂ ਤੇ ਔਰਤਾਂ ਨੂੰ ਤਾਂ ਅਜਿਹੇ ਅਨਜਾਣੇ ਮੁਲਕਾਂ ਵਿਚ ਲਿਜਾਇਆ ਜਾਂਦਾ ਹੈ ਜਿੱਥੋਂ ਦੀ ਭਾਸ਼ਾ ਵੀ ਉਨਾਂ ਨੂੰ ਸਮਝ ਨਹੀਂ ਆਉਂਦੀ। ਉਨਾਂ ਮੁਲਕਾਂ ਵਿਚ ਇਨਾਂ ਵਿਚਾਰਿਆਂ ਦੀ ਮਦਦ ਲਈ ਕੋਈ ਨਹੀਂ ਬਹੁੜਦਾ ਤੇ ਫਿਰ ਕਈ ਸਾਲ ਦੀ ਤਸ਼ੱਦਦ ਭਰੀ ਜ਼ਿੰਦਗੀ ਕੱਟਣ ਪਿੱਛੋਂ ਉਹ ਕਿਹੜੇ ਖੂਹ-ਖਾਤੇ ਪੈ ਜਾਂਦੇ ਹਨ ਇਹ ਵੀ ਕੋਈ ਨਹੀਂ ਜਾਣਦਾ।



ਭਾਰਤ ਵਿਚ ਸੰਨ 2016 ਵਿਚ 2 ਲੱਖ 90 ਹਜ਼ਾਰ, 436 ਲੋਕਾਂ ਦੇ ਗੁੰਮ ਹੋਣ ਸੰਬੰਧੀ ਰਿਪੋਰਟਾਂ ਦਰਜ ਹੋਈਆਂ ਸਨ ਜੋ ਕਿ ਸੰਨ 2018 ਵਿਚ ਵਧ ਕੇ 3 ਲੱਖ, 47 ਹਜ਼ਾਰ, 524 ਹੋ ਗਈਆਂ ਸਨ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੀ ਰਿਪੋਰਟ ਅਨੁਸਾਰ ਭਾਰਤ ਵਿਚ 40 ਹਜ਼ਾਰ ਬੱਚੇ ਹਰ ਸਾਲ ਅਗਵਾ ਕੀਤੇ ਜਾਂਦੇ ਹਨ। ਇਕ ਹੋਰ ਰਿਪੋਰਟ ਅਨੁਸਾਰ 60 ਹਜ਼ਾਰ ਬੱਚੇ ਇੱਥੇ ਹਰ ਸਾਲ ਗੁੰਮਸ਼ੁਦਾ ਐਲਾਨੇ ਜਾਂਦੇ ਹਨ, ਜਿਨਾਂ ਵਿਚੋਂ 11 ਹਜ਼ਾਰ ਦਾ ਤਾਂ ਕੋਈ ਅਤਾ-ਪਤਾ ਹੀ ਨਹੀਂ ਲਗਦਾ। ਸਾਲ 2020 ਵਿਚ ਮੱਧ ਪ੍ਰਦੇਸ਼ ਵਿਚ 8751 ਅਤੇ ਰਾਜਸਥਾਨ ਵਿਚ 3179 ਬੱਚੇ ਗੁਮਸ਼ੁਦਾ ਐਲਾਨੇ ਗਏ ਸਨ ਤੇ ਸਾਲ 2021 ਵਿਚ ਇਹ ਅੰਕੜਾ ਵਧ ਕੇ ਕ੍ਰਮਵਾਰ 10648 ਅਤੇ 5354 ਹੋ ਗਿਆ ਸੀ ਤੇ ਸਾਲ 2021 ਵਿਚ ਹੀ ਉੱਤਰ ਪ੍ਰਦੇਸ਼ ਤੋਂ 2998 ਬੱਚੇ ਗੁੰਮਸ਼ੁਦਾ ਐਲਾਨੇ ਗਏ ਸਨ। ਵਧੇਰੇ ਦੁੱਖ ਅਤੇ ਚਿੰਤਾ ਦੀ ਗੱਲ ਇਹ ਹੈ ਕਿ ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿਚ ਗੁੰਮਸ਼ੁਦਾ ਐਲਾਨੇ ਗਏ ਬੱਚਿਆਂ ਵਿਚੋਂ 83 ਫ਼ੀਸਦੀ ਲੜਕੀਆਂ ਸਨ, ਜਿਨਾਂ ਵਿਚੋਂ ਜ਼ਿਆਦਾਤਰ ਦੇ ਮਨੁੱਖੀ ਤਸਕਰੀ ਦਾ ਸ਼ਿਕਾਰ ਹੋ ਜਾਣ ਦੀ ਸੰਭਾਵਨਾ ਸੀ। ਤਕਰੀਬਨ 12 ਹਜ਼ਾਰ ਤੋਂ ਲੈ ਕੇ 50 ਹਜ਼ਾਰ ਤੱਕ ਔਰਤਾਂ ਤੇ ਬੱਚੇ ਹਰ ਸਾਲ ਗੁਆਂਢੀ ਮੁਲਕਾਂ ਤੋਂ ਲਿਆ ਕੇ ਭਾਰਤ ਵਿਚ ਦੇਹ ਵਪਾਰ ਦੇ ਧੰਦੇ ਵਿਚ ਧਕੇਲ ਦਿੱਤੇ ਜਾਂਦੇ ਹਨ। ਯੂਨੀਸੈਫ ਦੀ ਰਿਪੋਰਟ ਅਨੁਸਾਰ 18 ਸਾਲ ਤੋਂ ਘੱਟ ਉਮਰ ਦੇ ਤਿੰਨ ਲੱਖ ਤੋਂ ਵੱਧ ਬੱਚਿਆਂ ਨੂੰ ਦੁਨੀਆ ਦੇ ਵੱਖ-ਵੱਖ ਮੁਲਕਾਂ ਵਿਚ ਚੱਲ ਰਹੇ ਹਥਿਆਰਬੰਦ ਵਿਦਰੋਹਾਂ ਵਿਚ ਵਰਤਿਆ ਜਾ ਰਿਹਾ ਹੈ। ਬਦਕਿਸਮਤੀ ਨਾਲ ਸਾਡੇ ਬਾਰਾਂ ਲੱਖ ਬੱਚਿਆਂ ਨੂੰ ਬੇਹੱਦ ਖ਼ਤਰਨਾਕ ਕੰਮ-ਧੰਦਿਆਂ ਵਿਚ ਲਗਾਇਆ ਗਿਆ ਹੈ। ਅਮਰੀਕਾ ਵਿਚ ਵੱਡੀ ਗਿਣਤੀ ਵਿਚ ਬੱਚਿਆਂ ਨੂੰ 'ਚਾਈਲਡ ਪੋਰਨ ਇੰਡਸਟਰੀ' ਵਿਚ ਵਰਤਿਆ ਜਾਂਦਾ ਹੈ। ਭਾਰਤ ਵਿਚ ਨਕਸਲਵਾਦੀਆਂ ਨੇ ਤਾਂ 'ਬਾਲ ਦਸਤੇ' ਵੀ ਕਾਇਮ ਕੀਤੇ ਹੋਏ ਹਨ। ਇੱਥੇ ਤਿੰਨ ਲੱਖ ਦੇ ਕਰੀਬ ਭੀਖ ਮੰਗਦੇ ਹਨ ਤੇ 44 ਹਜ਼ਾਰ ਬੱਚੇ ਵੱਖ-ਵੱਖ ਅਪਰਾਧੀ ਗਰੋਹਾਂ ਲਈ ਕੰਮ ਕਰਦੇ ਹਨ। ਭਾਰਤੀ ਪੁਲਿਸ ਵਲੋਂ ਜਾਰੀ ਅੰਕੜਿਆਂ ਅਨੁਸਾਰ 20 ਲੱਖ ਔਰਤਾਂ ਤੇ ਬੱਚੇ ਰੈੱਡਲਾਈਟ ਖੇਤਰਾਂ ਵਿਚ ਹਨ। ਦੇਹ ਵਪਾਰ ਦੇ ਧੰਦੇ ਨਾਲ ਜੁੜੇ ਲੋਕਾਂ ਵਿਚ 40 ਫ਼ੀਸਦੀ ਬੱਚੇ ਹਨ। ਇਹ ਅੰਕੜੇ ਬੜੇ ਹੀ ਤਕਲੀਫ਼ਦੇਹ ਹਨ।

ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਐਨਤੋਨੀਓ ਗੁਟਰੇਸ ਨੇ ਕਿਹਾ ਸੀ, 'ਅੱਜ ਦੇ ਦਿਨ ਆਓ ਉਸ ਪ੍ਰਣ ਨੂੰ ਦੁਹਰਾਈਏ ਕਿ ਅਸੀਂ ਉਨਾਂ ਸਾਰੇ ਅਪਰਾਧੀਆਂ ਨੂੰ ਨੱਥ ਪਾਵਾਂਗੇ ਜੋ ਆਪਣੇ ਫ਼ਾਇਦੇ ਲਈ ਬੜੀ ਬੇਦਰਦੀ ਨਾਲ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖੇਡਦੇ ਹਨ ਤੇ ਨਾਲ ਹੀ ਇਹ ਪ੍ਰਣ ਵੀ ਦੁਹਰਾਈਏ ਕਿ ਅਜਿਹੇ ਪੀੜਤ ਲੋਕਾਂ ਨੂੰ ਅਸੀਂ ਉਨਾਂ ਦੇ ਮਨੁੱਖੀ ਅਧਿਕਾਰ ਵਾਪਸ ਦਿਵਾ ਕੇ ਉਨਾਂ ਨੂੰ ਇਕ ਚੰਗਾ ਜੀਵਨ ਜਿਊਣ ਲਈ ਦੇਵਾਂਗੇ।'

# ਵਿਦੇਸ਼ ਜਾਣ ਦੀਆਂ ਚਾਹਵਾਨ ਕੁੜੀਆਂ ਹੋ ਰਹੀਆਂ ਨੇ ਮਨੁੱਖੀ ਤਸਕਰੀ ਦਾ ਸ਼ਿਕਾਰ

**ਚੰਡੀਗੜ/ਏ.ਟੀ.ਨਿਊਜ਼** :- ਵਿਦੇਸ਼ਾਂ ਵਿਚ ਜਾ ਕੇ ਨੌਕਰੀ ਕਰਨ ਦੀਆਂ ਚਾਹਵਾਨ ਪੰਜਾਬੀ ਕੁੜੀਆਂ ਮਨੁੱਖੀ ਤਸਕਰੀ ਦਾ ਸ਼ਿਕਾਰ ਹੋ ਰਹੀਆਂ ਹਨ। ਤਾਜ਼ਾ ਅੰਕੜਿਆਂ ਅਨੁਸਾਰ ਸਾਲ 2010 ਵਿਚ ਕੁੱਲ ਮਨੁੱਖੀ ਤਸਕਰੀ ਦਾ 12 ਫ਼ੀਸਦੀ ਪੰਜਾਬੀ ਕੁੜੀਆਂ ਸਨ, ਜੋ ਹੁਣ ਵੱਧ ਕੇ 25 ਫ਼ੀਸਦੀ ਤਕ ਪਹੁੰਚ ਗਿਆ ਹੈ। ਇਹ ਖ਼ੁਲਾਸਾ ਇਕ ਮਨੁੱਖੀ ਅਧਿਕਾਰ ਸੰਗਠਨ ਦੀ ਕਾਰਕੁੰਨ ਪਰੀ ਸੈਕੀਆ ਵਲੋਂ ਇਸ ਮਾਮਲੇ ਵਿਚ ਕੀਤੇ ਤਾਜ਼ਾ ਅਧਿਐਨ ਵਿਚ ਸਾਹਮਣੇ ਆਇਆ ਹੈ। ਦੱਸਿਆ ਜਾ ਰਿਹਾ ਹੈ ਕਿ ਪੰਜਾਬੀ ਕੁੜੀਆਂ ਦੀ ਮਨੁੱਖੀ ਤਸਕਰੀ ਬਾਰੇ ਅਮਰੀਕਾ ਦੇ ਇਕ ਅਖ਼ਬਾਰ ਨੇ ਵੀ ਪ੍ਰਮੁੱਖਤਾ ਨਾਲ ਛਾਪਿਆ ਹੈ। ਮਨੁੱਖੀ ਅਧਿਕਾਰ ਕਾਰਕੁੰਨ ਵਲੋਂ ਕੀਤੀ ਗਈ ਜਾਂਚ 'ਚ ਖ਼ੁਲਾਸਾ ਹੋਇਆ ਕਿ ਕਈ ਔਰਤਾਂ ਨੇ ਇਸ ਗੱਲ ਦਾ ਖ਼ੁਲਾਸਾ ਕੀਤਾ ਕਿ ਉਨਾਂ ਨਾਲ ਕਈ ਟਰੈਵਲ ਏਜੰਟਾਂ ਨੇ ਵਾਅਦਾ ਕੀਤਾ ਸੀ ਕਿ ਉਹ ਯੂਰਪ ਦੇ ਪ੍ਰਮੁੱਖ ਸ਼ਹਿਰਾਂ ਵਿਚ ਜਾਣ ਲਈ ਸਿੱਧੀ ਉਡਾਣ ਅਤੇ ਵਰਕ ਵੀਜ਼ੇ ਦੇ ਨਾਲ ਸਹੀ ਤਰੀਕੇ ਪਹੁੰਚ ਜਾਣਗੀਆਂ ਪਰ ਜਦ ਉਹ ਯੂਰਪ ਪਹੁੰਚੀਆਂ ਤਾਂ ਉਨਾਂ ਨੂੰ ਪਤਾ ਲੱਗਾ ਕਿ ਉਹ ਮਨੁੱਖੀ ਤਸਕਰਾਂ ਦੇ ਜਾਲ ਵਿਚ ਫਸ ਗਈਆਂ ਹਨ। ਮਨੁੱਖੀ ਤਸਕਰਾਂ ਦੇ ਜਾਲ ਵਿਚੋਂ ਕਿਸੇ ਤਰਾਂ ਬਚੀਆਂ ਕੁੜੀਆਂ ਨੇ ਖ਼ੁਲਾਸੇ ਕੀਤੇ ਹਨ ਕਿ ਉਨਾਂ ਨੂੰ ਕਈ ਸੌ ਕਿਲੋਮੀਟਰ ਚਲਾ ਕੇ ਕਈ ਦੇਸ਼ਾਂ ਦੇ ਬਾਰਡਰ ਪਾਰ ਕਰਵਾਏ ਗਏ। ਇਸ ਮਨੁੱਖੀ ਅਧਿਕਾਰ ਕਾਰਕੁੰਨ ਨੂੰ ਪੀੜਤਾ ਨੇ ਦੱਸਿਆ ਕਿ ਉਨਾਂ ਦੇ ਪਾਸਪੋਰਟ ਵੀ ਸੁਰੱਖਿਅਤ ਰੱਖਣ ਦੇ ਬਹਾਨੇ ਮਨੁੱਖੀ ਤਸਕਰਾਂ ਵਲੋਂ ਖੋਹ ਲਏ ਗਏ, ਬਾਅਦ ਵਿਚ ਪਾਸਪੋਰਟ ਦੇਣ ਦੇ ਇਵਜ਼ ਵਿਚ ਮੋਟੀ ਰਕਮ ਦੇਣ ਲਈ ਉਨਾਂ ਦਾ ਜਿਸਮਾਨੀ ਸ਼ੋਸ਼ਣ ਅਤੇ ਬਲੈਕਮੇਲ ਕੀਤਾ ਗਿਆ। ਸਾਈਪ੍ਰਸ ਵਿਚ ਇਕ ਪੀੜਤਾ ਨੇ ਆਪਣੀ ਕਹਾਣੀ ਮਨੁੱਖੀ ਅਧਿਕਾਰ ਕਾਰਕੁੰਨ ਨੂੰ ਦੱਸਦੇ ਹੋਏ ਖ਼ੁਲਾਸਾ ਕੀਤਾ ਕਿ ਪੰਜਾਬ ਦੇ ਇਕ ਟਰੈਵਲ ਏਜੰਟ ਨੇ 5 ਲੱਖ ਰੁਪਏ ਦੇ ਬਦਲੇ ਉਨਾਂ ਨੂੰ ਯੂਰਪ ਦੇ ਕਾਨੂੰਨੀ ਦਸਤਾਵੇਜ਼, ਵਰਕ ਪਰਮਿਟ ਅਤੇ ਇਟਲੀ ਲਈ ਟਿਕਟ ਦੇਣ ਦਾ ਵਾਅਦਾ ਕੀਤਾ ਸੀ ਪਰ ਵਰਕ ਪਰਮਿਟ ਇਮੀਗ੍ਰੇਸ਼ਨ ਜਾਂਚ ਵਿਚ ਨਕਲੀ ਪਾਇਆ ਗਿਆ। ਇਸੇ ਤਰਾਂ ਜਨਵਰੀ 2022 'ਚ ਮਨੁੱਖੀ ਤਸਕਰੀ ਦਾ ਸ਼ਿਕਾਰ ਹੋਈ ਪੰਜਾਬੀ ਕੁੜੀ ਨੇ ਆਪਣੀ ਦੁਰਦਸ਼ਾ ਨੂੰ ਵੀਡੀਓ ਰਾਹੀਂ ਬਿਆਨ ਕਰਦੇ ਹੋਏ ਦੁਖੜਾ ਸਭ ਦੇ ਸਾਹਮਣੇ ਰੱਖਿਆ ਸੀ ਪਰ ਦੱਸਿਆ ਜਾ ਰਿਹਾ ਹੈ ਕਿ ਉਸ ਮਗਰੋਂ ਉਸ ਪੀੜਤਾ ਦਾ ਕੁਝ ਪਤਾ ਨਹੀਂ ਚੱਲਿਆ। ਇਸ ਮਾਮਲੇ ਵਿਚ ਗੱਲਬਾਤ ਕਰਦੇ ਹੋਏ ਚੰਡੀਗੜ ਵਿਚ ਐੱਨ.ਜੀ.ਓ ਹੈਲਪਿੰਗ ਹੈਲਪਲੈੱਸ ਚਲਾ ਰਹੀ ਅਮਨਜੋਤ ਕੌਰ ਰਾਮੂਵਾਲੀਆ ਨੇ ਕਿਹਾ ਕਿ ਟਰੈਵਲ ਏਜੰਟਾਂ ਵਲੋਂ ਵੱਡੀ ਗਿਣਤੀ ਵਿਚ ਪੰਜਾਬੀ ਕੁੜੀਆਂ ਨਾਲ ਧੋਖਾਧੜੀ ਕੀਤੀ ਗਈ ਹੈ ਪਰ ਲੋਕ ਲਾਜ ਅਤੇ ਸ਼ਰਮ ਦੇ ਕਾਰਨ ਲੋਕ ਆਪਣੇ ਬੱਚਿਆਂ ਸੰਬੰਧੀ ਜਾਣਕਾਰੀ ਜਨਤਕ ਕਰਨ ਤੋਂ ਡਰਦੇ ਹਨ ਅਤੇ ਸਾਹਮਣੇ ਨਹੀਂ ਆਉਂਦੇ। ਉਨਾਂ ਦੱਸਿਆ ਕਿ ਹਾਲ ਹੀ ਵਿਚ ਉਨਾਂ ਨੇ ਇਕ ਪੰਜਾਬੀ ਕੁੜੀ ਜਿਸ ਨੂੰ 50 ਹਜ਼ਾਰ ਰੁਪਏ ਮਹੀਨੇ ਦੀ ਤਨਖ਼ਾਹ ਦਾ ਵਾਅਦਾ ਕਰਕੇ ਦੁਬਈ ਲਿਜਾਇਆ ਗਿਆ ਸੀ ਇਸ ਨੂੰ ਘਰ ਵਿਚ ਕੈਦ ਕਰਕੇ ਨੌਕਰਾਂ ਦੀ ਤਰਾਂ ਸ਼ੋਸ਼ਣ ਕੀਤਾ ਗਿਆ। ਦਿਨ ਭਰ ਉਸ ਦੀ ਮਾਰਕੁੱਟ ਕੀਤੀ ਜਾਂਦੀ ਸੀ ਅਤੇ ਘਰ ਦਾ ਮਾਲਕ ਉਸ ਦਾ ਜਿਸਮਾਨੀ ਸ਼ੋਸ਼ਣ ਵੀ ਕਰਦਾ ਰਿਹਾ। ਉਨਾਂ ਕਿਹਾ ਕਿ ਜਦ ਪੁਲਿਸ ਦੀ ਮਦਦ ਨਾਲ ਲੜਕੀ ਨੂੰ ਛੁਡਵਾਇਆ ਗਿਆ ਤਾਂ ਹਾਲਤ ਇਸ ਕਦਰ ਦਰਦਨਾਕ ਸੀ ਕਿ ਉਸ ਦੇ ਪੈਰਾਂ ਵਿਚ ਚੱਪਲ ਵੀ ਨਹੀਂ ਸੀ। ਉਨਾਂ ਇਸੇ ਤਰਾਂ ਬਠਿੰਡਾ ਦੇ ਇਕ ਪਿੰਡ ਤੋਂ ਸਾਈਪਰਸ ਗਈ ਲੜਕੀ ਨੂੰ ਛੁਡਾਉਣ ਦੀ ਦਰਦਨਾਕ ਕਹਾਣੀ ਵੀ ਸਾਂਝੀ ਕੀਤੀ ਅਤੇ ਇਕ ਮਲੇਸ਼ੀਆ ਦਾ ਮਾਮਲਾ ਦੱਸਿਆ ਜਿੱਥੇ ਵੱਡੀ ਭੈਣ ਨੇ ਆਪਣੀ ਛੋਟੀ ਭੈਣ ਨੂੰ ਮਲੇਸ਼ੀਆ ਬੁਲਾ ਕੇ ਦੇਹ ਵਪਾਰ ਦੇ ਧੰਦੇ ਵਿਚ ਝੋਕ ਦਿੱਤਾ ਸੀ। ਉਨਾਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਪੀਲ ਕੀਤੀ ਕਿ ਇਸ ਮਾਮਲੇ ਵਿਚ ਸਖ਼ਤ ਕਾਨੂੰਨ ਬਣਾਏ ਜਾਣ।




# ‘ਮੋਰਚਾ ਗੁਰੂ ਕਾ ਬਾਗ’



**ਪ੍ਰਮਿੰਦਰ ਸਿੰਘ ਪ੍ਰਵਾਨਾ**
510-415-9377

ਸਿੱਖ ਧਰਮ ਅਤੇ ਰਾਜਨੀਤੀ ਸੰਸਾਰ ਵਿਚ ਹਮੇਸ਼ਾ ਚਰਚਾ ਦਾ ਵਿਸ਼ਾ ਰਹੇ ਹਨ। ਜਿਸ ਨੇ ਸਦਾ ਹੀ ਸਮਾਜ ਨੂੰ ਪ੍ਰਭਾਵਿਤ ਕੀਤਾ ਹੈ। ਸਿੱਖ ਧਰਮ ਮੂਲ ਰੂਪ ਵਿਚ ਸਮਾਜ ਸੁਧਾਰ ਲਹਿਰ ਹੈ। ਇਕ ਮਾਨਵਵਾਦੀ ਧਰਮ ਹੈ। ਮੁਗਲਾਂ ਦੇ ਜ਼ੁਲਮਾਂ ਦਾ ਟਾਕਰਾ ਕਰਦੇ, ਮਨੁੱਖੀ ਕਦਰਾਂ ਕੀਮਤਾਂ, ਹੱਕ ਸੱਚ ਨਿਆਂ, ਸਵੈ ਮਾਣ, ਸਵੈ ਰੱਖਿਆ ਅਤੇ ਮਨੁੱਖ ਦੀ ਮੁਕੰਮਲ ਅਜ਼ਾਦੀ ਲਈ ਫੌਜੀ ਖ਼ਾਲਸਾ ਤਿਆਰ ਹੋਇਆ। ਜਿਸ ਨੇ ਹਮੇਸ਼ਾ ਜ਼ੁਲਮ ਸਹਿੰਦੇ ਵੀ ਹੱਸ ਹੱਸ ਕੇ ਕੁਰਬਾਨੀਆਂ ਦਿੱਤੀਆਂ। ਅਖ਼ੀਰ ਆਪਣਾ ਖ਼ਾਲਸਾ ਰਾਜ ਸਥਾਪਤ ਕੀਤਾ। ਅੰਗਰੇਜ਼ੀ ਹਕੂਮਤ ਨੇ ਆਪਣਾ ਰਾਜ ਕਾਇਮ ਰੱਖਣ ਲਈ ਗੁਰਦੁਆਰਿਆਂ ਨੂੰ ਨਿਸ਼ਾਨਾ ਬਣਾ ਕੇ ਸਿੱਖੀ ਨੂੰ ਢਾਹ ਲਾਉਣ ਦੀ ਸਾਜ਼ਿਸ਼ ਰਚਾ ਲਈ। ਜਿਸ ਵਿਚ ਮਹੰਤਾਂ ਨੂੰ ਆਪਣੇ ਨਾਲ ਰਲ਼ਾ ਲਿਆ। ਗੁਰਦੁਆਰਿਆਂ ਤੇ ਮਹੰਤਾਂ ਦਾ ਕਬਜਾ ਕਰਵਾ ਲਿਆ। ਜਿਨਾਂ ਨੇ ਗੁਰਦੁਆਰਿਆਂ ਨੂੰ ਆਪਣੀ ਨਿੱਜੀ ਜਾਇਦਾਦ ਬਣਾ ਕੇ ਅਯਾਸ਼ੀ ਦੇ ਅੱਡੇ ਬਣਾ ਲਏ। ਪਾਵਨ ਇਤਿਹਾਸਕ ਗੁਰਧਾਮਾਂ ਨੂੰ ਭ੍ਰਿਸ਼ਟ ਦੇ ਕਬਜੇ ਵਿਚੋਂ ਆਜ਼ਾਦ ਕਰਵਾਉਣ ਲਈ ਚਲੀ ਗੁਰਦੁਆਰਾ ਸੁਧਾਰ ਲਹਿਰ ਹੇਠ ਇਕ ਤੋਂ ਬਾਅਦ ਇਕ ਮੋਰਚਾ ਅੰਗਰੇਜ਼ੀ ਹਕੂਮਤ ਵਿਰੁਧ ਲਾਉਣਾ ਪਿਆ। ਫਿਰ ਭਾਵੇਂ ਚਾਬੀਆਂ ਦਾ ਮੋਰਚਾ, ਨਨਕਾਣਾ ਸਾਹਿਬ, ਤਰਨਤਾਰਨ, ਜੈਤੋ, ਮੋਰਚਾ ਗੁਰੂ ਕਾ ਬਾਗ ਹੋਵੇ। ਇਸ ਜਨਤਕ ਸ਼ਾਂਤਮਈ ਸੰਘਰਸ਼ ਵਿਚ ਸਿੱਖਾਂ ਨੇ ਬੜੇ ਜੋਸ਼ ਨਾਲ ਵੱਧ ਚੜ ਕੇ ਹਿੱਸਾ ਲਿਆ। ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਗੁਰਦੁਆਰਿਆਂ ਵਿਚੋਂ ਦੁਰਾਚਾਰੀ ਮਹੰਤਾਂ ਨੂੰ ਕੱਢ ਕੇ ਗੁਰਦੁਆਰਿਆਂ ਨੂੰ ਆਜਾਦ ਕਰਵਾ ਕੇ ਪ੍ਰਬੰਧ ਸੰਗਤਾਂ ਦੇ ਹੱਥ ਸੌਂਪਿਆ। ਇਨਾਂ ਸਾਰੇ ਮੋਰਚਿਆਂ ਨੇ ਅੱਗੇ ਜਾ ਕੇ ਜਨਤਕ ਅੰਦੋਲਨਾਂ ਦਾ ਰਾਹ ਖੋਲਿਆ।

ਇਨਾਂ ਮੋਰਚਿਆਂ ਵਿਚ ਅੰਮ੍ਰਿਤਸਰ ਜ਼ਿਲੇ ਦੇ ਪਿੰਡ ਘੁਕੇਵਾਲੀ, ਸੰਹਿਸਰਾਂ ਆਦਿ ਦੇ ਵਿਚਕਾਰ ਸਥਿਤ ਗੁਰਦੁਆਰਾ ‘ਗੁਰੂ ਕਾ ਬਾਗ’ ਮੋਰਚਾ ਅਕਾਲੀ ਲਹਿਰ ਦਾ ਮਹੱਤਵਪੂਰਨ ਮੋਰਚਾ ਹੈ। ਅੰਮ੍ਰਿਤਸਰ ਤੋਂ 13 ਕੁ ਮੀਲ ਦੀ ਦੂਰੀ ਤੇ ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦਰ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਸਥਾਪਤ ਹਨ। ਇਨਾਂ ਗੁਰਧਾਮਾਂ ਦੇ ਨਾਂ ਕਾਫ਼ੀ ਜਮੀਨ ਸੀ। ਮਹੰਤ ਸੁੰਦਰ ਦਾਸ ਦਾ ਕਬਜਾ ਸੀ। ਜੋ ਕਿ ਇਕ ਦੁਰਾਚਾਰੀ ਅਤੇ ਅਯਾਸ਼ੀ ਸੀ। ਉਸ ਨੂੰ ਅੰਗਰੇਜ਼ਾਂ ਵਲੋਂ ਸਿੱਖਾਂ ਦੇ ਵਿਰੁਧ ਵਰਤਿਆ ਜਾ ਰਿਹਾ ਸੀ। ਮਹੰਤ ਨਾਲ ਸਰਕਾਰੀ ਮਿਲੀਭੁਗਤ ਨਾਲ ਹੀ 20 ਫਰਵਰੀ, 1921 ਈ. ਨੂੰ ਵਾਪਰੇ ਨਨਕਾਣਾ ਸਾਹਿਬ ਦੇ ਖ਼ੂਨੀ ਸਾਕੇ ਤੋਂ ਬਾਅਦ 08 ਅਗਸਤ, 1922 ਈ. ਨੂੰ ਸਾਕਾ ਗੁਰੂ ਕਾ ਬਾਗ ਵਾਪਰਿਆ। ਜੋ ਸਿੱਖ ਕੌਮ ਦੀ ਅੰਗਰੇਜ਼ੀ ਸਰਕਾਰ ਦੇ ਵਿਰੁਧ ਆਪਣੇ ਧਰਮ ਪ੍ਰਤੀ ਵਿਖਾਈ ਕੁਰਬਾਨੀ ਦੀ ਮੂੰਹੋਂ ਬੋਲਦੀ ਤਸਵੀਰ ਹੈ। ਇਕ ਦਿਨ ਗੁਰੂ ਕਾ ਬਾਗ ਦੀ ਜਮੀਨ ਤੋਂ ਲੰਗਰਾਂ ਦੀ ਸੇਵਾ ਵਾਸਤੇ ਬਾਲਣ ਲੈਣ ਗਏ ਪੰਜ ਸਿੰਘਾਂ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਸਿੰਘਾਂ ਨੂੰ 6 ਮਹੀਨੇ ਦੀ ਕੈਦ ਅਤੇ ਜੁਰਮਾਨਾ ਕਰ ਦਿੱਤਾ। ਇਸ ਘਟਨਾ ਦੇ ਨਾਲ ਹੀ ‘ਮੋਰਚਾ ਗੁਰੂ ਕਾ ਬਾਗ’ ਆਰੰਭ ਹੁੰਦਾ ਹੈ।

**08 ਅਗਸਤ, 1922 ’ਤੇ ਵਿਸ਼ੇਸ਼**

ਸ਼੍ਰੋਮਣੀ ਕਮੇਟੀ ਵਲੋਂ ਪੁਰਅਮਨ ਸੰਘਰਸ਼ ਕਰਨ ਲਈ, ਸਿੱਖ ਸੰਗਤਾਂ ਨੂੰ ਅਪੀਲ ਕੀਤੀ ਗਈ। ਰੋਸ ਵਜੋਂ 5 ਸਿੰਘਾਂ ਦਾ ਜਥਾ ਗ੍ਰਿਫਤਾਰੀ ਲਈ ਭੇਜਿਆ ਜਾਣ ਲੱਗਾ। ਜਿਸ ਨੂੰ ਪੁਲਿਸ ਫੜ ਕੇ ਦੂਰ ਦੁਰਾਡੇ ਛੱਡ ਆਉਂਦੀ। ਜਦੋਂ ਗ੍ਰਿਫ਼ਤਾਰੀਆਂ ਦੀ ਗਿਣਤੀ ਵਧਦੀ ਗਈ ਤਾਂ ਪੁਲਿਸ ਦੀ ਸਖਤੀ ਵੀ ਵਧਦੀ ਗਈ। ਫਿਰ 31 ਅਗਸਤ 1922 ਨੂੰ 200 ਅਕਾਲੀਆਂ ਦਾ ਜਥਾ ਅੰਮ੍ਰਿਤਸਰ ਤੋਂ ਗੁਰੂ ਕਾ ਬਾਗ ਭੇਜਿਆ ਗਿਆ। ਪਿੰਡ ਸੰਹਿਸਰਾ, ਘੁਕੇਵਾਲੀ, ਲਸ਼ਕਰੀ, ਨੰਗਲ, ਜਗਦੇਵ ਕਲਾਂ ਵਿਚ ਸਿੱਖਾਂ ਦੀ ਕਾਫ਼ੀ ਕੁੱਟਮਾਰ ਕੀਤੀ ਗਈ। ਭੇਜੇ ਜਾ ਰਹੇ ਜਥਿਆਂ ਦੀ ਵੀ ਕੁੱਟਮਾਰ ਹੋਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਵਿਚ ਬੈਠੇ ਸਿੰਘਾਂ ਨੂੰ ਕੇਸਾਂ ਤੋਂ ਧੂਹ ਕੇ ਬਾਹਰ ਸੁੱਟਿਆ। ਬੰਦੂਕਾਂ ਦੇ ਦਸਤੇ ਅਤੇ ਡਾਂਗਾਂ ਨਾਲ ਵੀ ਭਾਰੀ ਕੁੱਟਮਾਰ ਕੀਤੀ ਗਈ। ਮੁੱਖ ਆਗੂਆਂ ਦੀ ਗ੍ਰਿਫ਼ਤਾਰੀ ਦੇ ਵੀ ਸੰਮਨ ਜਾਰੀ ਹੋ ਗਏ। ਅੰਮ੍ਰਿਤਸਰ ਤੋਂ ਪਹਿਲਾਂ 50 ਸਿੰਘਾਂ ਦਾ ਜਥਾ ਫਿਰ 100 ਸਿੰਘਾਂ ਦਾ ਜਥਾ ਭੇਜਿਆ ਜਾਣ ਲੱਗਾ। ਰੋਜ਼ਾਨਾ ਤੁਰਨ ਤੋਂ ਪਹਿਲਾਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਅਰਦਾਸਾ ਸੋਧ ਕੇ ਸ਼ਾਂਤਮਈ ਗੁਰੂ ਕਾ ਬਾਗ ਮੋਰਚੇ ਲਈ ਕੁਰਬਾਨੀਆਂ ਦੇਣ ਲੱਗੇ। ਪੁਲਿਸ ਉਨਾਂ ’ਤੇ ਲਾਠੀਆਂ ਵਰਸਾਉਂਦੀ। ਇਹ ਸਾਰਾ ਤਸ਼ੱਦਦ ਤਨ ਤੇ ਹੰਡਾਉਂਡੇ ਹੋਏ ਫੱਟੜ ਹੋ ਕੇ ਡਿੱਗ ਜਾਂਦੇ। ਹੌਂਸਲਾ ਕਰਕੇ ਫਿਰ ਉਠਦੇ ਮਾਰ ਖਾਣ ਲਈ ਛਾਤੀਆਂ ਤਾਣ ਦਿੰਦੇ। ਪੁਲਿਸ ਨੇ ਡਾਂਗਾਂ ਨਾਲ ਹੀ ਬਸ ਨਹੀਂ ਕੀਤੀ, ਸਗੋਂ ਫੱਟੜ ਹੋ ਕੇ ਡਿੱਗੇ ਪਏ ਸਿੰਘਾਂ ਤੇ ਘੋੜੇ ਵੀ ਦੁੜਾਏ ਜਾਣ ਲੱਗੇ।

ਸੰਸਾਰ ਭਰ ਵਿਚ ਸਿਘਾਂ ਦੇ ਸਬਰ ਅਤੇ ਸ਼ਾਂਤਮਈ ਵਿਰੋਧ ਦੇ ਚਰਚੇ ਹੋਣ ਲੱਗੇ। ਅੰਗਰੇਜ਼ੀ ਹਕੂਮਤ ਦੇ ਵਹਿਸ਼ੀਪੁਣੇ, ਅਣਮਨੁੱਖੀ ਤਸ਼ੱਦਦ ਦੀ ਘੋਰ ਨਿਖੇਧੀ ਹੋਣ ਲੱਗੀ। ਭਾਰੀ ਗਿਣਤੀ ਵਿਚ ਜਨਤਾ ਅਤੇ ਨੇਤਾ ਗੁਰੂ ਕੇ ਬਾਗ ਪਹੁੰਚਣ ਲੱਗੇ। ਜਿਨਾਂ ਵਿਚ ਮਦਨ ਲਾਲ ਮਾਲਵੀਆ, ਸੀ.ਐਸ. ਐਂਡਰਿਊਜ਼, ਜੋਗਿੰਦਰ ਸਿੰਘ, ਸੁੰਦਰ ਸਿੰਘ ਮਜੀਠੀਆ, ਹਰਬੰਸ ਸਿੰਘ ਅਟਾਰੀ, ਲਾਲਾ ਦੁਨੀ ਚੰਦ, ਮਲਕ ਲਾਲ ਖਾਨ, ਸਯਦ ਅਨਾਊਲਾ ਸ਼ਾਹ, ਪ੍ਰੋ. ਰੁਚੀ ਰਾਮ ਸਾਹਨੀ, ਹਕੀਮ ਅਜਮਲ ਖਾਂ, ਸਵਾਮੀ ਸ਼ਰਧਾ ਨੰਦ, ਡਾ. ਅਨਸਾਰੀ, ਭਾਈ ਜੋਧ ਸਿੰਘ, ਸ਼ੰਕਰ ਅਚਾਰੀਆ, ਪੰਡਿਤ ਮੋਤੀ ਲਾਲ ਨਹਿਰੂ, ਸਰੋਜਨੀ ਨਾਇਡੂ ਆਦਿ ਤੋਂ ਇਲਾਵਾ ਅਖ਼ਬਾਰ ਨਵੀਸ ਸਨ। ਸਭ ਨੇ ਅੰਗਰੇਜ਼ੀ ਹਕੂਮਤ ਦੀ ਇਸ ਕਾਰਵਾਈ ਦੀ ਘੋਰ ਨਿਖੇਧੀ ਕੀਤੀ। ਸਿੰਘਾਂ ਨੇ ਜਿਸ ਦ੍ਰਿੜਤਾ ਅਤੇ ਸਬਰ ਨਾਲ ਅਕਹਿ ਮੁਸੀਬਤਾਂ ਦਾ ਸਾਹਮਣਾ ਕੀਤਾ ਅਤੇ ਅਤਿ ਦੇ ਤਸ਼ੱਦਦ ਸਾਹਮਣੇ ਹੱਥ ਨਹੀਂ ਚੁੱਕੇ, ਸੀ ਨਾ ਕੀਤੀ। ਇਹ ਇਕ ਅਦੁੱਤੀ ਮਿਸਾਲ ਕਾਇਮ ਕੀਤੀ।

ਸੀ.ਐਫ਼ ਐਂਡਰਿਊ ਜਿਸ ਨੇ ਇਕ ਮਸੀਹਾ ਸੂਲੀ ਚੜਦੇ ਸੁਣਿਆ ਸੀ, ਅੱਖਾਂ ਸਾਹਮਣੇ ਸੈਂਕੜੇ ਤਸੀਹੇ ਝੱਲ ਰਹੇ ਵੇਖ ਕੇ ਰੋ ਪਿਆ। ਉਸ ਨੇ ਅਖ਼ਬਾਰਾਂ ਨੂੰ ਰਿਪੋਰਟ ਭੇਜੀ ਕਿ ਇਹ ਅੰਗਰੇਜ਼ੀ ਸਰਕਾਰ ਦਾ ਅਣਮਨੁੱਖੀ ਤਸ਼ੱਦਦ ਹੈ। ਇਹ ਇਕ ਹਿਰਦੇਵੇਦਕ ਘਟਨਾ ਹੈ ਜੋ ਇਕ ਅੰਗਰੇਜ਼ ਤੋਂ ਵੀ ਨਹੀਂ ਵੇਖੀ ਜਾ ਸਕੀ। ਰੱਬ ਅਜਿਹਾ ਸਮਾਂ ਕਿਸੇ ਨੂੰ ਵੀ ਨਾ ਦਿਖਾਵੇ। ਅੰਗਰੇਜੀ ਫਿਲਮਸਾਜ਼ ਏ ਐਲ ਵਰਗਸ ਨੇ ਇਸ ਦਰਦਨਾਕ ਦ੍ਰਿਸ਼ ਦੀ ਫਿਲਮ ਵੀ ਬਣਾਈ। ਸਰ ਐਡਵਰਡ ਮਕੈਲਮ ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਨੇ ਗੁਰੂ ਕਾ ਬਾਗ ਦਾ ਦੌਰਾ ਕੀਤਾ। ਉਸ ਦੇ ਦਖ਼ਲ ਨਾਲ ਸਿੰਘਾਂ ਤੇ ਡਾਂਗਾਂ ਤਾਂ ਵਰਨੀਆਂ ਬੰਦ ਹੋ ਗਈਆਂ। ਪਰ ਗ੍ਰਿਫ਼ਤਾਰੀਆਂ ਦਾ ਦੌਰ 17 ਨਵੰਬਰ 1922 ਤੱਕ ਚਲਿਆ।

ਅਕਤੂਬਰ ਦੇ ਪਹਿਲੇ ਹਫ਼ਤੇ ਗਵਰਨਰ ਜਨਰਲ ਲਾਰਡ ਰੀਡਿੰਗ ਨੇ ਪੰਜਾਬ ਦੇ ਗਵਰਨਰ ਨਾਲ ਇਸ ਮਸਲੇ ਦੇ ਹੱਲ ਲਈ ਗੱਲਬਾਤ ਕੀਤੀ।

**ਬਾਕੀ ਸਫ਼ਾ 30 ’ਤੇ**

# ਦੇਸ਼ ਪੰਜਾਬ ਦੀ ਮਹਾਰਾਣੀ ਜਿੰਦ ਕੌਰ

**ਸ਼ਮਸ਼ੇਰ ਸਿੰਘ ਜੇਠੂਵਾਲ**

ਕਾਬੁਲ, ਕੰਧਾਰ ਅਫਗਾਨਿਸਤਾਨ ਤੋਂ ਕਸ਼ਮੀਰ, ਲੇਹ ਲੱਦਾਖ ਤੱਕ ਫੈਲੇ ਵਿਸ਼ਾਲ ਸਿੱਖ ਰਾਜ ਦੀ ਮਹਾਂਰਾਣੀ ਜਿੰਦਾਂ ਨੇ ਰਾਜ-ਭਾਗ ਜਾਣ ਤੋਂ ਬਾਅਦ ਜੋ ਅਸਹਿ-ਅਕਹਿ ਦੁੱਖ ਝੱਲੇ ਉਸ ਕਹਿਰੀ ਤਵਾਰੀਖ਼ ਨੂੰ ਪੜ ਕੇ ਅੱਖਾਂ ’ਚੋਂ ਹੰਝੂ ਵਹਿ ਤੁਰਦੇ ਹਨ।

ਲਾਹੌਰ, ਅੰਮ੍ਰਿਤਸਰ, ਗੁੱਜਰਾਂਵਾਲਾ, ਮੁਲਤਾਨ, ਪਿਸ਼ਾਵਰ, ਕਸ਼ਮੀਰ ਵਰਗੇ ਸ਼ਹਿਰ ਅਤੇ ਪੰਜਾਂ ਦਰਿਆਵਾ ਸਤਿਲੁਜ, ਬਿਆਸ, ਰਾਵੀ, ਝਨਾਬ, ਜੇਹਲਮ ਦੀ ਮਾਲਕ ਰਾਣੀ ਨਾਲ, ਦੁਨੀਆਂ ਨੂੰ ਸ਼ਾਂਤੀ ਦਾ ਪਾਠ ਪੜਾਉਣ ਵਾਲੇ ਪਾਪੀ ਗੋਰਿਆਂ ਨੇ ਜੋ ਸਲੂਕ ਕੀਤਾ, ਉਸ ਤੋਂ ਬੇਰਹਿਮ ਅਣਮਨੁੱਖੀ ਵਰਤਾਰੇ ਦੀ ਮਿਸਾਲ ਸੰਸਾਰ ਵਿੱਚ ਕਿਤੇ ਨਹੀਂ ਮਿਲਦੀ।

ਮਹਾਰਾਣੀ ਜਿੰਦਾ ਦਾ ਜਨਮ ਸੰਨ 1817 ਈ: ਨੂੰ ਖਾਲਸਾ ਰਾਜ ਦੇ ਪਿੰਡ ਚਾਹੜ ਜ਼ਿਲਾ ਸਿਆਲਕੋਟ ਵਿਖੇ ਨਾਮਵਰ ਸਰਦਾਰ ਮੰਨਾ ਸਿੰਘ ਔਲਖ ਦੇ ਗ੍ਰਹਿ ਹੋਇਆ।

ਸਿੱਖ ਜਰਨੈਲ ਸਰਦਾਰ ਜਵਾਲਾ ਸਿੰਘ ਭੜਾਣੀਆਂ ਨੇ ਸੰਨ 1835 ਨੂੰ ਜਿੰਦਾ ਦਾ ਰਿਸ਼ਤਾ ਮਹਾਰਾਜਾ ਰਣਜੀਤ ਸਿੰਘ ਨਾਲ ਕਰਵਾਇਆ ਜਿਸ ਤੋਂ ਬਾਅਦ ਜਿੰਦਾ ਨੂੰ ਦੇਸ਼ ਪੰਜਾਬ ਦੀ ਮਹਾਰਾਣੀ ਦਾ ਲਕਬ ਹਾਸਲ ਹੋਇਆ।

4 ਸਤੰਬਰ 1838 ਨੂੰ ਮਹਾਰਾਣੀ ਦੀ ਕੁੱਖੋਂ ਮਹਾਰਾਜਾ ਦਲੀਪ ਸਿੰਘ ਦਾ ਜਨਮ ਹੋਇਆ।

ਸੰਨ 1839 ਵਿਚ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਲਾਲਚੀ ਕੁੱਤੇ ਡੋਗਰਿਆਂ ਦੀਆਂ ਗਦਾਰੀਆਂ ਕਰਕੇ ਪੰਜਾਬ ਤੇ ਸਿੱਖ ਰਾਜ ਦੇ ਦੁਸ਼ਮਣ ਫਿਰੰਗੀਆਂ ਦੇ ਹੌਂਸਲੇ ਬੁਲੰਦ ਹੋਏ। ਸਿੱਖ ਜਰਨੈਲਾਂ ਨੇ ਅੰਗਰੇਜ਼ਾਂ ਦੇ ਦਮਨ ਵਿਰੁੱਧ ਯੁੱਧ ਕੀਤੇ। ਜਿੰਨਾ ਦੇ ਦੋਸ਼ ਮਹਾਂਰਾਣੀ ਜਿੰਦ ਕੌਰ ਤੇ ਲਗਾ ਕੇ ਪਾਪੀ ਗੋਰਿਆਂ ਨੇ ਮਹਾਰਾਣੀ ਜਿੰਦਾਂ ਨੂੰ 20 ਅਗਸਤ 1847 ਨੂੰ ਸ਼ੇਖੂਪੁਰੇ ਕੈਦ ਕਰ ਲਿਆ ਗਿਆ।

ਸਿੱਖਾਂ ਵਿਚ ਵਧਦਾ ਰੋਹ ਵੇਖ ਜਿਥੋਂ ਮਹਾਰਾਣੀ 1848 ਨੂੰ ਬਨਾਰਸ ਭੇਜ ਦਿੱਤਾ ਉਥੋਂ ਅਪ੍ਰੈਲ 1849 ਨੂੰ ਬਹਾਦਰ ਮਹਾਰਾਣੀ ਇਕ ਨੌਕਰਾਣੀ ਦੇ ਭੇਸ ਵਿਚ ਕਿਲੇ ’ਚੋਂ ਭੱਜ ਕੇ ਨੇਪਾਲ ਜਾ ਪਹੁੰਚੀ। ਜਿਥੇ ਨੇਪਾਲ ਦੇ ਰਾਜੇ ਨੇ ਮਹਾਰਾਣੀ ਦੀ ਰਿਹਾਇਸ਼ ਦਾ ਪ੍ਰਬੰਧ ਕਰਕੇ ਪੈਨਸ਼ਨ ਲਾਈ।

ਡੋਗਰਿਆਂ ਦੀਆਂ ਗਦਾਰੀਆਂ ਦੀ ਬਦੌਲਤ ਦੇਸ਼ ਪੰਜਾਬ ’ਤੇ ਪੂਰੀ ਤਰਾਂ ਕਾਬਜ ਹੋ ਚੁੱਕੇ ਫਿਰੰਗੀ 1854 ਵਿਚ ਸਿੱਖਾਂ ਦੇ ਆਖਰੀ ਮਹਾਰਾਜਾ ਦਲੀਪ ਸਿੰਘ ਨੂੰ ਈਸਾਈ ਪਾਦਰੀਆਂ ਵਲੋਂ ਕੇਸ ਕੱਟ ਕੇ ਧੋਖੇ ਨਾਲ ਈਸਾਈ ਬਣਾ ਕੇ ਇੰਗਲੈਂਡ ਲੈ ਗਏ, ਜਿਥੋਂ ਉਦੇ ਪੰਜਾਬ ਨਾ ਪਰਤਣ ਦਿੱਤਾ ਭਾਵ ਜਲਾਵਤਨ ਕਰ ਦਿੱਤਾ ਗਿਆ।

ਬੇਗਾਨੀ ਧਰਤੀ ’ਤੇ ਮਜਬੂਰ ਦੇਸ਼ ਪੰਜਾਬ ਦੇ ਵਾਰਸ ਦੁਖੀਏ ਮਾਂ ਪੁੱਤਾਂ ਨੂੰ ਆਦਰਾਂ ਦੀ ਖਿੱਚ ਨੇ 12 ਸਾਲ ਬਾਅਦ ਮਿਲਣ ਲਈ ਮਜਬੂਰ ਕਰ ਦਿੱਤਾ। ਪਰ ਨੇਪਾਲ ਸਰਕਾਰ ਨੇ ਅੰਗਰੇਜਾਂ ਦੇ ਦਬਾਅ ਅਧੀਨ ਦਲੀਪ ਸਿੰਘ ਨੂੰ ਨੇਪਾਲ ਆਉਣ ਤੋਂ ਰੋਕ ਦਿੱਤਾ। ਵਿਛੜੇ ਮਾਂ ਪੁੱਤਾਂ ਦੀ ਮਿਲਣੀ ਕਲਕੱਤੇ ਵਿਖੇ ਹੋਈ।

ਰਾਜ-ਭਾਗ ਤੋਂ ਜਲਾਵਤਨੀਆਂ ਕੱਟ ਰਹੇ ਦੋਵੇਂ ਮਾਂ ਪੁੱਤ ਲੰਮੇ ਅਰਸੇ ਬਾਅਦ ਗਲ਼ੇ ਮਿਲਕੇ ਬਹੁਤ ਰੋਏ। ਏਥੇ ਮਹਾਰਾਣੀ ਜਿੰਦ ਕੌਰ ਦੀ ਸਿੱਖੀ ਨਾਲ ਪਿਆਰ ਦੀ ਇਕ ਕਮਾਲ ਦੀ ਵਾਰਤਾ ਜੁੜੀ ਹੈ। ਪੁੱਤ ਦੇ ਵਿਯੋਗ ਵਿਚ ਅੱਖਾਂ ਦੀ ਰੌਸ਼ਨੀ ਗਵਾ ਚੁੱਕੀ ਮਹਾਰਾਣੀ ਪੁੱਤ ਦੀ ਕੰਢ ’ਤੇ ਹੱਥ ਫੇਰਦੀ ਦਾ ਹੱਥ ਜਦੋਂ ਸਿਰ ਤੇ ਪਹੁੰਚਿਆਂ ਤਾਂ ਮਹਾਰਾਣੀ ਨੇ ਧਾਹਾਂ ਮਾਰੀਆਂ ਕਹਿਣ ਲੱਗੀ ਪੁੱਤ ਰਾਜਭਾਗ ਗਿਆ ਕੋਈ ਗੱਲ ਨਹੀ ਪਰ ਤੂੰ ਗੁਰੂ ਪਾਤਸ਼ਾਹ ਦੀ ਸਿੱਖੀ ਕਿਉਂ ਛੱਡੀ...?

ਰੋ ਰਹੇ ਪੁੱਤ ਦਲੀਪ ਨੇ ਕਿਹਾ ਮਾਤਾ ਮੈਨੂੰ ਬਚਪਨ ਵਿਚ ਫਿਰੰਗੀ ਨੇ ਧੋਖੇ ਨਾਲ ਈਸਾਈ ਬਣਾ ਦਿੱਤਾ।

ਰੋਂਦੀ ਜਿੰਦਾ ਨੂੰ ਜਦੋਂ ਦਲੀਪ ਮਿਲਿਆ ਧਾਹਾਂ ਮਾਰਕੇ ਰੋਈ ਮਜਬੂਰ ਮਾਤਾ। ਜੂੜਾ ਪੁੱਤ ਦੇ ਸਿਰ ਤੇ ਨਾ ਵੇਖ ਕੇ ਤੇ ਹੋਈ ਟੁੱਟ ਕੇ ਚਕਨਾਚੂਰ ਮਾਤਾ।

ਪੁੱਤਰ ਕਿਹਾ ਮਾਤਾ ਦੇ ਪੈਰ ਫੜਕੇ ਮੈਨੂੰ ਕੀਤਾ ਫਰੰਗੀ ਨੇ ਦੂਰ ਮਾਤਾ।

ਜਿਥੋਂ ਦਲੀਪ ਸਿੰਘ ਉਸਨੂੰ ਇੰਗਲੈਂਡ ਲੈ ਗਿਆ। ਮਹਾਰਾਜੇ ਨੇ ਕੇਸ ਰਖੇ, ਅੰਮ੍ਰਿਤ ਛਕਿਆ। ਪਾਪੀਆਂ ਨੇ ਮਾਂ ਪੁੱਤਾਂ ਨੂੰ ਇਕੱਠੇ ਵੇਖ ਬਰਦਾਸ਼ਤ ਨਾ ਕੀਤਾ ਦੋਵਾਂ ਨੂੰ ਅਲੱਗ ਰਹਿਣ ਲਈ ਮਜਬੂਰ ਕੀਤਾ ਮਹਾਰਾਣੀ ਨੂੰ ਕੈਨਸਿੰਗਸਨ ਵਿਚ ਅਬਿਗਟਨ ਹਾਊਸ ਭੇਜ ਦਿੱਤਾ।

ਜਿੰਦਗੀ ਦੀਆਂ ਤਲ਼ਖ਼ ਹਕੀਕਤਾਂ ਨਾਲ ਜੂਝਦੀ ਬਹਾਦਰ ਸਿਦਕੀ ਸਿੱਖ ਮਹਾਰਾਣੀ ਦੀ ਸਿਹਤ ਐਸੀ ਵਿਗੜੀ ਕਿ ਬਾਅਦ ਵਿਚ ਠੀਕ ਨਾ ਹੋਈ ਲਗਾਤਾਰ ਬਿਮਾਰ ਰਹਿਣ ਦੇ ਬਾਵਜੂਦ ਆਪਣੇ ਪੁੱਤ ਮਹਾਰਾਜੇ ਨੂੰ ਸਿੱਖੀ ਦੀਆਂ ਐਸੀਆਂ ਨਸੀਹਤਾਂ ਦੇਂਦੀ ਜਿਵੇਂ ਬੁਝਣ ਲੱਗੇ ਦੀਵੇ ਦੀ ਜੋਤ ਜਰਾ ਵਧੇਰੇ ਰੋਸ਼ਨ ਹੋ ਜਾਇਆ ਕਰਦੀ ਹੈ ਆਖਦੀ :-

‘ਪੁੱਤ ਮੇਰੇ ਸਰੀਰ ਦੀ ਇਹ ਮਿਟੀ ਦੇਸ਼ ਪੰਜਾਬ ਦੀ ਅਮਾਨਤ ਹੈ, ਵੇਖੀਂ ਕਿਤੇ ਨਿਰਦਈ ਗੋਰਿਆਂ ਦੇ ਦੇਸ਼ ਵਿੱਚ ਰੁਲਦੀ ਨਾ ਰਹਿ ਜਾਏ, ਮੇਰੇ ਸਵਾਸ ਪੂਰੇ ਹੋਣ ਤਕ ਮੇਰੀ ਅਰਥੀ ਨੂੰ ਏਥੋਂ ਚੁੱਕ ਲਈ,ਦੇਸ ਪੰਜਾਬ ਲਾਹੌਰ ਵਿੱਚ ਗੁਰਦਵਾਰਾ ਡੇਹਰਾ ਸਾਹਿਬ ਸਾਹਮਣੇ ਸ਼ੇਰੇ ਪੰਜਾਬ ਦੇ ਨਾਲ ਗੁਰੂ ਚਰਨਾਂ ਵਿੱਚ ਜਾ ਧਰੀਂ’।



ਜਿੰਦ ਕੌਰ (ਉਮਰ 45) ਦੀ ਜੌਰਜ ਰਿਚਮੌਂਡ ਦੁਆਰਾ ਬਣਾਈ ਤਸਵੀਰ

**ਅਕਾਲ ਚਲਾਣਾ 1 ਅਗਸਤ 1863**

ਸਾਰੀ ਜਿੰਦਗੀ ਸੰਘਰਸ਼ ਦੇ ਲੇਖੇ ਲਾਉਣ ਵਾਲੀ ਮਹਾਰਾਣੀ ਜਿੰਦ ਕੌਰ 1 ਅਗਸਤ 1863 ਨੂੰ ਗੁਰਪੁਰੀ ਜਾ ਬਿਰਾਜੀ। ਕੁਦਰਤ ਨੂੰ ਜਲਾਵਤਨ ਮਾਂ ਪੁੱਤਾਂ ਦਾ ਮਿਲਣਾ ਗਵਾਰਾ ਨਾ ਹੋਇਆ, ਅੰਗਰੇਜ ਈਸਾਈਆਂ ਦੀ ਨਿਰਦਈ ਹਕੂਮਤ ਨੇ ਮਹਾਰਾਣੀ ਦੀ ਅੰਤਿਮ ਇੱਛਾ ਮੁਤਾਬਿਕ ਮਹਾਂਰਾਣੀ ਦੀ ਮ੍ਰਿਤਕ ਦੇਹ ਨੂੰ ਵੀ ਪੰਜਾਬ ਲੈ ਕੇ ਜਾਣ ਦੀ ਆਗਿਆ ਨਾ ਦਿੱਤੀ। ਲੰਮਾ ਸਮਾਂ ਮਲਿਕਾ ਵਿਕਟੋਰੀਆ ਨੂੰ ਮਹਾਰਾਜਾ ਦਲੀਪ ਸਿੰਘ ਵਲੋਂ ਅਰਜੋਈਆਂ ਕੀਤੀਆਂ ਇਕ ਸਾਲ ਤੋਂ ਵਧੇਰੇ ਸਮਾਂ ਬੀਤ ਜਾਣ ਤੋਂ ਬਾਅਦ ਇਜਾਜਤ ਦਿੱਤੀ।

ਮਹਾਰਾਣੀ ਜਿੰਦਾਂ ਦੀ ਅਖੀਰੀ ਖਵਾਹਿਸ਼ ਪੂਰੀ ਕਰਨ ਲਈ ਬਕਸੇ ਵਿਚ ਬੰਦ ਮ੍ਰਿਤਕ ਦੇਹ ਨੂੰ ਕਰਕੇ ਆਪਣੇ ਵਤਨ ਦੇਸ਼ ਪੰਜਾਬ ਵੱਲ ਨੂੰ ਤੋਰਿਆ ਗਿਆ, ਸਮੁੰਦਰੀ ਜਹਾਜ਼ ਰਾਹੀਂ ਪੰਜਾਬ ਆਉਂਦਾ ਮਹਾਰਾਜਾ ਧਾਹੀਂ ਰੋਇਆ, ਲੰਮਾ ਸਫ਼ਰ ਤਹਿ ਕਰਕੇ ਜਹਾਜ ਕਲਕੱਤੇ ਪਹੁੰਚਿਆ, ਸਮੇਂ ਦਾ ਸਿਤਮ ਵੇਖੋ....ਕਾਲੇ ਦਿਲਾਂ ਵਾਲੇ ਪਾਪੀ ਗੋਰਿਆਂ ਨੇ ਕਲਕੱਤੇ ਬੰਦਰਗਾਹ ਤੇ ਆਣਕੇ ਫੇਰ ਕਹਿ ਦਿੱਤਾ ਤੁਹਾਨੂੰ ਪੰਜਾਬ ਜਾਣ ਦੀ ਇਜਾਜ਼ਤ ਨਹੀਂ ਹੈ। ਕਾਸ਼ ਗੋਰਿਆਂ ਤੇ ਉਨਾਂ ਦੇ ਦੇਸ਼ਾਂ ਦੀਆਂ ਤਾਰੀਫ਼ਾਂ ਕਰਨ ਵਾਲੇ ਅਯਾਸ਼ ਪਾਖੰਡੀਆਂ ਨੇ ਇਸ ਤਵਾਰੀਖ਼ ਨੂੰ ਪੜਿਆ ਹੁੰਦਾ।

ਪੂਰਾ ਇਕ ਸਾਲ ਮਲਿਕਾ ਵਿਕਟੋਰੀਆ ਨੂੰ ਅਪੀਲਾਂ ਕਰਕੇ ਇਜਾਜ਼ਤ ਲੈਣ ਵਾਲਾ ਮਹਾਰਾਜਾ ਦਲੀਪ ਸਿੰਘ ਹੁਣ ਬਦਨੀਤ ਹਾਕਮਾਂ ਅੱਗੇ ਹਾਰ ਗਿਆ, ਮਹਾਰਾਸ਼ਟਰ ਦੇ ਨਾਸਿਕ ਸ਼ਹਿਰ ਗੋਦਾਵਰੀ ਨਦੀ ਦੇ ਕੰਢੇ ਤੇ ਪੰਜਾਬ ਦੀ ਮਹਾਰਾਣੀ ਜਿੰਦ ਕੌਰ ਦਾ ਸਸਕਾਰ ਕਰਕੇ ਧਾਹੀਂ ਰੋਇਆ, ਉਸਦੇ ਦਰਦ ਨੂੰ ਕਵੀ ਵਿਧਾਤਾ ਸਿੰਘ ਤੀਰ ਨੇ ਕਲਮਬੰਦ ਕੀਤਾ ਹੈ :-

*ਨੀਂ ਗੋਦਾਵਰੀ ਆਣ ਕੇ ਅੱਜ ਤੈਨੂੰ*
*ਅੰਮੀ ਆਪਣੀ ਭੇਟ ਚੜਾ ਚੱਲਿਆ।*
*ਮੈਨੂੰ ਗੋਦ ਵਿਚ ਜਿਹੜੀ ਬਿਠਾਲਦੀ ਸੀ*
*ਤੇਰੀ ਗੋਦ ਵਿਚ ਉਸ ਨੂੰ ਬਿਠਾ ਚੱਲਿਆ।*
*ਰੱਖੀ ਯਾਦ ਰਣਜੀਤ ਦੀ ਜਿੰਦ ਹੈ ਈ*
*ਏਹਨੂੰ ਜਿੰਦ ਦੇ ਵਾਂਗ ਸੰਭਾਲ ਰੱਖੀ।*
*ਮੇਰੀ ਅੰਮੜੀ ਕਿਤੇ ਨਾ ਜਾਏ ਘਾਬਰ*
*ਏਨੂੰ ਜਿੰਦ ਦੇ ਵਾਂਗ ਸੰਭਾਲ ਰੱਖੀ।*
*ਮੇਰੇ ਭਾਗ ਜੇਕਰ ਮੇਰੇ ਵੱਲ ਹੁੰਦੇ*
*ਜੇਕਰ ਮੈਨੂੰ ਨਸੀਬ ਉਹ ਘੜੀ ਹੁੰਦੀ*
*ਸਾਂਝੀ ਜਿੰਦਾ ਰਣਜੀਤ ਦੀ ਮੜੀ ਹੁੰਦੀ।*
*ਲਾਲਾਂ ਹੀਰਿਆਂ ਦੇ ਨਾਲ ਜੜੀ ਹੁੰਦੀ।*

ਲਟ-ਲਟ ਬਲ਼ ਰਹੇ ਸਿਵੇ ਦੇ ਨੇੜੇ ਅੰਗਰੇਜ਼ ਪੁਲਿਸ ਅਧਿਕਾਰੀ ਮਹਾਰਾਜੇ ਨੂੰ ਦੁਬਾਰਾ ਜਹਾਜ ਵਿਚ ਬੈਠਾ ਇੰਗਲੈਂਡ ਲੈ ਜਾਣ ਨੂੰ ਕਾਹਲੇ ਪੈ ਰਹੇ ਸਨ, ਵਿਯੋਗੀ ਜਲਾਵਤਨ ਮਹਾਰਾਜੇ ਨੂੰ ਇੰਗਲੈਂਡ ਵਾਪਿਸ ਪਰਤਣਾ ਪਿਆ।

ਮਹਾਰਾਜਾ ਦਲੀਪ ਸਿੰਘ ਦੀ ਪੁੱਤਰੀ ਸ਼ਹਿਦਾਦੀ ਬੰਬਾ ਵਲੋਂ ਮਾਰਚ 1924 ਨੂੰ ਨਾਸਿਕ ਤੋਂ ਲਿਆਂਦੀ ਮਹਾਰਾਣੀ ਜਿੰਦਾਂ ਦੀ ਭਸਮ ਦੱਬ ਕੇ ਮਹਾਰਾਜਾ ਰਣਜੀਤ ਸਿੰਘ ਜੀ ਦੀ ਸਮਾਧ ਨੇੜੇ ਲਾਹੌਰ ਵਿਖੇ ਮਹਾਰਾਣੀ ਜਿੰਦਾ ਦੀ ਸਮਾਧ ਬਣਵਾਈ।

# ‘ਗੁਰੂ ਕਾ ਬਾਗ’ ਦਾ ਮੋਰਚਾ

**ਜਗਜੀਤ ਸਿੰਘ ਗਣੇਸ਼ਪੁਰ**

ਸਿੱਖ ਤਵਾਰੀਖ਼ ਦਾ ਸ਼ਾਇਦ ਹੀ ਕੋਈ ਪੰਨਾ ਅਜਿਹਾ ਹੋਵੇ ਜੋ ਸ਼ਹਾਦਤਾਂ ਦੀ ਗਵਾਹੀ ਨਾ ਭਰਦਾ ਹੋਵੇ। ਸਿੱਖ ਸੰਗਤ ਆਪਣੇ ਧਾਰਮਿਕ ਸਥਾਨਾਂ ਨਾਲ ਅਥਾਹ ਪਿਆਰ, ਸਤਿਕਾਰ ਅਤੇ ਸ਼ਰਧਾ ਭਾਵਨਾ ਰੱਖਦੀ ਹੈ। ਗੁਰਦੁਆਰਾ ਸਾਹਿਬਾਨ ਤੋਂ ਹੀ ਸਿੱਖ ਨੂੰ ਹੱਕ-ਸੱਚ ਲਈ ਜੂਝਣ ਦੀ ਪ੍ਰੇਰਨਾ ਮਿਲਦੀ ਹੈ। ਇਹੋ ਹੀ ਕਾਰਨ ਰਿਹਾ ਹੈ ਕਿ ਹਮੇਸ਼ਾ ਸਮੇਂ ਦੇ ਹਾਕਮਾਂ ਦਾ ਇਹ ਰੁਝਾਨ ਰਿਹਾ ਹੈ ਕਿ ਸਿੱਖ ਧਰਮ ਦੇ ਇਨਾਂ ਗੁਰਧਾਮਾਂ ਤੋਂ ਸਿੱਖ ਸੰਗਤ ਨੂੰ ਕਿਸੇ ਨਾ ਕਿਸੇ ਤਰੀਕੇ ਤੋੜਿਆ ਜਾਵੇ। ਇਹੋ ਜਿਹੀ ਚਾਲ ਅੰਗਰੇਜ਼ੀ ਹਕੂਮਤ ਨੇ ਵੀ ਖੇਡੀ। ਉਨਾਂ ਨੇ ਗੁਰਦੁਆਰੇ ’ਤੇ ਕਾਬਜ਼ ਮਹੰਤਾਂ ਨੂੰ ਸਰਕਾਰੀ ਸ਼ਹਿ ਦਿੱਤੀ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਮਹੰਤ ਸ਼ਰੇਆਮ ਗੁਰੂ ਘਰਾਂ ਵਿੱਚ ਗੁਰਮਤਿ ਦੇ ਉਲਟ ਗਤੀਵਿਧੀਆਂ ਕਰਨ ਲੱਗ ਪਏ ਸਨ। ਇਸ ਸਮੇਂ ਦੌਰਾਨ ਕੁੱਝ ਅਜਿਹੀਆਂ ਘਟਨਾਵਾਂ ਘਟੀਆਂ ਜਿਸ ਕਾਰਨ ਸਿੱਖ ਸੰਗਤ ਵਿੱਚ ਰੋਸ ਹੋਣਾ ਸੁਭਾਵਿਕ ਹੀ ਸੀ ਜਿਵੇਂ ਅੰਗਰੇਜ਼ ਸਰਕਾਰ ਦੇ ਹੁਕਮ ਮੰਨਣ ਵਾਲਿਆਂ ਦਾ ਦਰਬਾਰ ਸਾਹਿਬ ’ਤੇ ਕਬਜ਼ਾ ਹੋ ਗਿਆ ਸੀ, ਜਿਨਾਂ ਨੇ ਅੰਗਰੇਜ਼ ਸਰਕਾਰ ਦੀ ਸ਼ਹਿ ’ਤੇ ਕਲਕੱਤੇ ਦੇ ਬੱਜ-ਬੱਜ ਘਾਟ ਦੇ ਸ਼ਹੀਦਾਂ ਵਿਰੁੱਧ ਪਤਿਤ ਹੋਣ ਦਾ ਫ਼ਰਮਾਨ ਜਾਰੀ ਕੀਤਾ। ਦੂਜਾ ਜਲਿਆਂਵਾਲੇ ਬਾਗ ਦੇ ਖ਼ੂਨੀ ਸਾਕੇ ਦੇ ਜ਼ਿੰਮੇਵਾਰ ਅਫ਼ਸਰ ਜਨਰਲ ਡਾਇਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੁਜਾਰੀਆਂ ਵੱਲੋਂ ਸਿਰੋਪਾ ਦੇ ਕੇ ਸਨਮਾਨਿਤ ਕਰਨਾ ਸੀ। ਅਜਿਹੇ ਵਰਤਾਰੇ ਨੂੰ ਠੱਲ ਪਾਉਣ ਲਈ ਸਿੱਖ ਧਰਮ ਵਿੱਚ ‘ਗੁਰਦੁਆਰਾ ਸੁਧਾਰ ਲਹਿਰ’ ਦਾ ਉਥਾਨ ਹੋਇਆ, ਜਿਸ ਨੇ ਸਿੱਖ ਸਮਾਜ ਵਿੱਚ ਇਕ ਨਵੀਂ ਜਾਗ੍ਰਿਤੀ ਲਿਆਂਦੀ। ਇਸ ਸਮੇਂ ਦੌਰਾਨ ਗੁਰਦੁਆਰੇ ਦੇ ਸੁਚੱਜੇ ਪ੍ਰਬੰਧ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਹੋਂਦ ਵਿੱਚ ਆ ਚੁੱਕੀ ਸੀ, ਜਿਸ ਨਾਲ ਪੰਥ ਨੂੰ ਇਕ ਕੇਂਦਰੀ ਮਜ਼ਬੂਤ ਜਥੇਬੰਦੀ ਪ੍ਰਾਪਤ ਹੋਈ। ‘ਗੁਰੂ ਕਾ ਬਾਗ’ ਦਾ ਇਤਿਹਾਸਕ ਸਥਾਨ ਅੰਮ੍ਰਿਤਸਰ ਤੋਂ ਅਜਨਾਲੇ ਵੱਲ ਜਾਂਦੀ ਸੜਕ ’ਤੇ ਲਗਭਗ 13 ਕੁ ਮੀਲ ਦੀ ਦੂਰੀ ’ਤੇ ਘੁੱਕੇਵਾਲੀ ਪਿੰਡ ਵਿੱਚ ਸਥਿਤ ਹੈ। ਗੁਰਦੁਆਰੇ ਦੇ ਨਜ਼ਦੀਕ ਹੀ ਗੁਰਦੁਆਰੇ ਦੀ ਮਲਕੀਅਤ ਵਾਲੀ ਜ਼ਮੀਨ ਹੈ ਜੋ ਕਿਸੇ ਸਮੇਂ ਬਾਗ ਸੀ, ਜਿਸ ਨੂੰ ‘ਗੁਰੂ ਕਾ ਬਾਗ’ ਕਿਹਾ ਜਾਂਦਾ ਹੈ। ਇਸ ਗੁਰਦੁਆਰੇ ਦਾ ਪ੍ਰਬੰਧ ਮਹੰਤ ਸੁੰਦਰ ਦਾਸ ਕੋਲ ਸੀ, ਜੋ ਕਿ ਗਿਰੇ ਹੋਏ ਇਖ਼ਲਾਕ ਦਾ ਮਾਲਕ ਸੀ। ਇਸ ਕਾਰਨ ਸੰਗਤ ਗੁਰਦੁਆਰੇ ਦਾ ਪ੍ਰਬੰਧ ਉਸ ਤੋਂ ਵਾਪਸ ਲੈਣਾ ਚਾਹੁੰਦੀ ਸੀ ਪਰ ਅੰਗਰੇਜ਼ ਸਰਕਾਰ ਕਦੇ ਵੀ ਨਹੀਂ ਚਾਹੁੰਦੀ ਸੀ ਕਿ ਮਹੰਤ ਤੋਂ ਇਸ ਗੁਰੂ ਘਰ ਦਾ ਪ੍ਰਬੰਧ ਨਿਕਲ ਕੇ ਸਿੱਖਾਂ ਦੇ ਹੱਥਾਂ ਵਿੱਚ ਚਲਾ ਜਾਏ। ਇਸ ਹੀ ਸੰਦਰਭ ਵਿੱਚ ਮੋਰਚਾ ‘ਗੁਰੂ ਕਾ ਬਾਗ’ ਵਾਪਰਿਆ, ਜਿਸ ਵਿੱਚ ਅੰਗਰੇਜ਼ ਸਰਕਾਰ ਮਹੰਤ ਸੁੰਦਰ ਦਾਸ ਦੀ ਪਿੱਠ ’ਤੇ ਆਣ ਖੜੋਤੀ। ਉੱਧਰ ਸਿੱਖ ਵੀ ਆਪਣੀ ਇਸ ਮੰਗ ਤੇ ਦ੍ਰਿੜ ਇਰਾਦੇ ਨਾਲ ਡਟੇ ਹੋਏ ਸਨ। ਜਦੋਂ ਸੰਗਤ 31 ਜਨਵਰੀ 1921 ਨੂੰ ਜਥੇਦਾਰ ਕਰਤਾਰ ਸਿੰਘ ਝੱਬਰ ਦੀ ਅਗਵਾਈ ਹੇਠ ਮਹੰਤ ਸੁੰਦਰ ਦਾਸ ਤੋਂ ਪ੍ਰਬੰਧ ਵਾਪਸ ਲੈਣ ਲਈ ਘੁਕੇਵਾਲੀ ਪਹੁੰਚ ਗਈ ਤਾਂ ਮਹੰਤ ਸੁੰਦਰ ਦਾਸ ਨੇ ਸਮੇਂ ਦੀ ਨਜ਼ਾਕਤ ਨੂੰ ਸਮਝਦੇ ਹੋਏ ਲਿਖਤੀ ਮਾਫ਼ੀ ਮੰਗ ਲਈ ਅਤੇ ਹੇਠ ਲਿਖੀਆਂ ਸ਼ਰਤਾਂ ਵੀ ਮੰਨ ਲਈਆਂ : 1. ਮਹੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਨਾਮਜ਼ਦ ਕਮੇਟੀ ਅਧੀਨ ਕੰਮ ਕਰੇਗਾ। 2. ਉਹ ਅੰਮ੍ਰਿਤ ਛੱਕ ਕੇ ਸਿੰਘ ਸਜੇਗਾ। 3. ਉਹ ਆਪਣੇ ਨਾਲ ਰੱਖੀ ਇਸਤਰੀ ਨਾਲ ਅਨੰਦ ਕਾਰਜ ਕਰਵਾ ਲਵੇਗਾ ਤੇ ਹੋਰ ਕਿਸੇ ਪਰਾਈ ਇਸਤਰੀ ਨਾਲ ਨਾਜਾਇਜ਼ ਸਬੰਧ ਨਹੀਂ ਰੱਖੇਗਾ। ਫਰਵਰੀ 1922 ਨੂੰ ਮਹੰਤ ਨਾਲ ਹੋਏ ਮੁੜ ਸਮਝੌਤੇ ਅਨੁਸਾਰ ਗੁਰਦੁਆਰਾ ਗੁਰੂ ਕਾ ਬਾਗ ਦਾ ਸਾਰਾ ਕਬਜ਼ਾ ਦੇਣ ਬਦਲੇ 120 ਰੁਪਏ ਮਹੀਨਾ ਪੈਨਸ਼ਨ ਤੇ ਅੰਮ੍ਰਿਤਸਰ ਵਿੱਚ ਰਿਹਾਇਸ਼ ਲਈ ਮਕਾਨ ਲੈਣ ਲਈ ਰਾਜ਼ੀ ਹੋ ਗਿਆ ਪਰ ਮਹੰਤ ਨੇ ਕੁੱਝ ਮਹੀਨੇ ਬਾਅਦ ਫਿਰ ਆਪਣੀ ਮਹੰਤੀ ਦਾ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ।



ਅਗਸਤ 1922 ਨੂੰ ਪੁਲੀਸ ਅਤੇ ਮਹੰਤ ਦੀ ਚਾਲ ਨੇ ਅਦਾਲਤ ਰਾਹੀਂ ਪੰਜ ਸਿੰਘਾਂ ਨੂੰ ਲੰਗਰ ਲਈ ਗੁਰੂ ਘਰ ਦੀ ਮਲਕੀਅਤ ਵਾਲੀ ਜ਼ਮੀਨ ਵਿੱਚੋਂ ਲੱਕੜਾਂ ਵੱਢ ਕੇ ਲਿਆਉਣ ਦੇ ਦੋਸ਼ ਹੇਠ ਛੇ-ਛੇ ਮਹੀਨੇ ਦੀ ਕੈਦ ਅਤੇ ਪੰਜਾਹ-ਪੰਜਾਹ ਰੁਪਏ ਜੁਰਮਾਨਾ ਕਰਵਾ ਦਿੱਤਾ। ਜਿਸ ਦੇ ਸਿੱਟੇ ਵਜੋਂ ਮੋਰਚਾ ‘ਗੁਰੂ ਕਾ ਬਾਗ’ ਆਰੰਭ ਹੋ ਗਿਆ। ਆਰੰਭ ਵਿੱਚ ਪੰਜ-ਪੰਜ ਸਿੰਘਾਂ ਦੇ ਜਥੇ ਜਾਣ ਲੱਗੇ ਫਿਰ ਸੌ-ਸੌ ਦੇ ਜਥੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਕਰ ਕੇ ਸ਼ਾਂਤਮਈ ਤਰੀਕੇ ਨਾਲ ਆਪਣਾ ਵਿਰੋਧ ਪ੍ਰਗਟ ਕਰਨ ਲਈ ਜਾਣ ਲੱਗੇ। ਮੌਕੇ ਦਾ ਅਫ਼ਸਰ ਐੱਸਜੀਐੱਸ ਬੀਟੀ ਜਥੇ ਵਿੱਚ ਆਏ ਸਿੱਖਾਂ ’ਤੇ ਉਸ ਸਮੇਂ ਤੱਕ ਤਸ਼ੱਦਦ ਢਾਹੁੰਦਾ ਜਦੋਂ ਤੱਕ ਅਕਾਲੀ ਬੇਸੁੱਧ ਹੋ ਕੇ ਜ਼ਮੀਨ ਤੇ ਡਿਗ ਨਾ ਪੈਂਦੇ। ਕਾਫੀ ਜ਼ੁਲਮ ਸਹਿਣ ਤੋਂ ਬਾਅਦ ਵੀ ਸਿੱਖ ਜਥਿਆਂ ਦੇ ਹੌਸਲੇ ਅਤੇ ਗਿਣਤੀ ਵਿੱਚ ਕੋਈ ਕਮੀ ਨਹੀਂ ਆਈ। ਇਸ ਅੰਨੇ ਤਸ਼ੱਦਦ ਦੀਆਂ ਖ਼ਬਰਾਂ ਦੇਸ਼ ਵਿਦੇਸ਼ ਦੀਆਂ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਹੋਣ ਲੱਗੀਆਂ। ਲਾਹੌਰ ਤੋਂ ਛਪਦੇ ਅੰਗਰੇਜ਼ੀ ਅਖ਼ਬਾਰ ‘ਦਿ ਟ੍ਰਿਬਿਊਨ’ ਨੇ ਤਾਂ ਇਕ ਵਿਸ਼ੇਸ਼ ਕਾਲਮ ‘ਗੁਰੂ ਕੇ ਬਾਗ ਦਾ ਮਾਮਲਾ’ ਸ਼ੁਰੂ ਕੀਤਾ ਹੋਇਆ ਸੀ ਤਾਂ ਜੋ ਰੋਜ਼ ਹੋਣ ਵਾਲੇ ਘਟਨਾਕ੍ਰਮ ਦੀ ਸੂਚਨਾ ਆਪਣੇ ਪਾਠਕਾਂ ਤੱਕ ਪਹੁੰਚ ਸਕੇ। ਹੋਰਨਾਂ ਅਖ਼ਬਾਰਾਂ ਵਿੱਚ ਵਿਦੇਸ਼ੀ ਅਖ਼ਬਾਰ ‘ਮਾਨਚੈਸਟਰ ਗਾਰਡੀਅਨ’, ‘ਲੰਡਨ ਟਾਈਮਜ਼’, ‘ਨੈਸ਼ਨਲ ਹੈਰਲਡ’ ਆਦਿ ਸ਼ਾਮਿਲ ਸਨ, ਜੋ ਇਸ ਸਾਕੇ ਦੀਆਂ ਖ਼ਬਰਾਂ ਵਿਸ਼ੇਸ਼ ਕਰ ਕੇ ਆਪਣੇ ਅੰਕ ਵਿੱਚ ਛਾਪਦੇ ਸਨ। ਅਮਰੀਕਾ ਤੋਂ ਆਏ ਕੈਪਟਨ ਏ.ਐਲ.ਵਰਗੀਜ਼ ਨੇ 12 ਅਤੇ 13 ਸਤੰਬਰ ਨੂੰ ‘ਗੁਰੂ ਕੇ ਬਾਗ’ ਵਿਖੇ ਪੁਲੀਸ ਜਬਰ-ਜ਼ੁਲਮ ਦੀ ਫ਼ਿਲਮ ਬਣਾਈ। ਜਦੋਂ ਇਹ ਫ਼ਿਲਮ ਅਮਰੀਕਾ ਵਿੱਚ ਵਿਖਾਈ ਗਈ ਤਾਂ ਦਰਸ਼ਕਾਂ ਦੇ ਮਨਾਂ ਵਿੱਚ ਸਿੱਖ ਭਾਈਚਾਰੇ ਪ੍ਰਤੀ ਹਮਦਰਦੀ ਪੈਦਾ ਹੋਣੀ ਸ਼ੁਰੂ ਹੋ ਗਈ। ਪਾਦਰੀ ਸੀ.ਐੱਫ.ਐਂਡਰਿਊ ਨੇ ਲੈਫ਼ਟੀਨੈਂਟ ਗਵਰਨਰ ਨੂੰ ਪੁਲਿਸ ਦੀ ਇਸ ਕਾਰਵਾਈ ਤੋਂ ਜਾਣੂ ਕਰਵਾਇਆ। ਗਵਰਨਰ ਸਰ ਐਡਵਰਡ ਮੈਕਲਾਗਨ 13 ਸਤੰਬਰ 1922 ਨੂੰ ‘ਗੁਰੂ ਕਾ ਬਾਗ’ ਪਹੁੰਚਿਆ ਤੇ ਉਸ ਦੇ ਹੁਕਮ ਨਾਲ ਇਹ ਜ਼ੁਲਮ ਬੰਦ ਹੋ ਗਿਆ। ਇਸ ਸਮੇਂ ਤੱਕ ਸਰਕਾਰ ਵੱਲੋਂ ਗ੍ਰਿਫ਼ਤਾਰ ਕੀਤੇ ਅੰਦੋਲਨਕਾਰੀਆਂ ਦੀ ਗਿਣਤੀ 5500 ਤੋਂ ਵੀ ਵੱਧ ਹੋ ਗਈ ਸੀ ਪਰ ਗੁਰੂ ਦੇ ਸਿੰਘ ਕਾਫ਼ਲਿਆਂ ਦੇ ਰੂਪ ਵਿੱਚ ਬਿਨਾਂ ਕਿਸੇ ਡਰ ਦੇ ਖ਼ੁਸ਼ੀ-ਖ਼ੁਸ਼ੀ ਗ੍ਰਿਫ਼ਤਾਰੀ ਦੇਣ ਆ ਰਹੇ ਸਨ। ਸਰਕਾਰ ਹੁਣ ਕਿਸੇ ਨਾ ਕਿਸੇ ਰੂਪ ਵਿੱਚ ਅਕਾਲੀਆਂ ਨਾਲ ਸਮਝੌਤਾ ਕਰਨਾ ਚਾਹੁੰਦੀ ਸੀ।ਅੰਤ ਸਰਕਾਰ ਨੇ ਇਕ ਸਮਝੌਤੇ ਦਾ ਰਾਹ ਲੱਭ ਲਿਆ, ਜਿਸ ਅਨੁਸਾਰ ਰਿਟਾਇਰਡ ਇੰਜੀਨੀਅਰ ਰਾਏ ਬਹਾਦਰ ਸਰ ਗੰਗਾ ਰਾਮ ਲਾਹੌਰ ਨੇ ਮਹੰਤ ਕੋਲੋਂ ਜ਼ਮੀਨ ਠੇਕੇ ਉੱਤੇ ਕਾਗ਼ਜ਼ਾਂ ਵਿੱਚ ਲੈ ਲਈ। ਉਸ ਨੇ ਸਰਕਾਰ ਨੂੰ ਲਿਖ ਕੇ ਦੇ ਦਿੱਤਾ ਕਿ ਉਸ ਨੂੰ ਪੁਲਿਸ ਬਲ ਦੀ ਲੋੜ ਨਹੀਂ ਅਤੇ ਨਾ ਉਸ ਨੂੰ ਸਿੰਘਾਂ ਦੁਆਰਾ ਗੁਰੂ ਕੇ ਲੰਗਰ ਲਈ ਲੋੜੀਂਦੇ ਬਾਲਣ ਵੱਢਣ ’ਤੇ ਕੋਈ ਇਤਰਾਜ਼ ਹੈ। ਇਸ ਤਰਾਂ 18 ਨਵੰਬਰ 1922 ਨੂੰ ਲਗਭਗ ਤਿੰਨ ਮਹੀਨੇ ਬਾਅਦ ਮੋਰਚਾ ‘ਗੁਰੂ ਕਾ ਬਾਗ’ ਫ਼ਤਹਿ ਹੋ ਗਿਆ। ਮੋਰਚੇ ਵਿੱਚ ਖ਼ਾਲਸਾ ਪੰਥ ਦੁਆਰਾ ਜਿਸ ਸਬਰ-ਸੰਤੋਖ ਅਤੇ ਦ੍ਰਿੜਤਾ ਨਾਲ ਅਕਹਿ ਅਤੇ ਅਸਹਿ ਤਸ਼ੱਦਦ ਝੱਲ ਕੇ ਗੁਰੂਘਰ ਅਜ਼ਾਦ ਕਰਵਾਇਆ ਗਿਆ ਉਸ ਦੀ ਪੂਰੀ ਦੁਨੀਆ ਵਿੱਚ ਪ੍ਰਸੰਸਾ ਹੋਈ।


DIAMOND TRANSPORTATION

DIAMOND Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ ’ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਉੱਚੀਆਂ ਸੀ ਗੱਲਾਂ 'ਮੂਸੇਵਾਲੇ' ਦੀਆਂ




**ਗੱਜਣਵਾਲਾ ਸੁਖਮਿੰਦਰ**

ਮੋ. ਨੰ. +91 99151 06449


ਜਿਨਾਂ ਨੇ ਵੱਡੀਆਂ ਮੱਲਾਂ ਮਾਰੀਆਂ ਹੁੰਦੀਆਂ, ਅਣਖਾਂ ਨਾਲ ਜਿਉਂ ਕੇ ਗਏ ਹੁੰਦੇ ਅਤੇ ਹੋਰਨਾਂ ਨਾਲੋਂ ਕੁਝ ਹਟਵਾਂ ਕਰ ਕੇ ਗਏ ਹੁੰਦੇ, ਇਤਿਹਾਸ ਦੇ ਪੰਨੇ ਦਸਦੇ ਆ ਬਈ ਐਹੋ ਜੇਹੇ ਸਿਰਖੇਲ ਬੰਦਿਆਂ ਨੂੰ ਬਾਹਲਾ ਚਿਰ ਜਿਉਣਾ ਨਹੀਂ ਮਿਲਿਆ ਹੁੰਦਾ। ਐਹੋ ਜੇਹੇ ਬੰਦਿਆਂ ਦੀ ਐਕਟਿਵ ਲਾਈਫ ਬਾਹਲੀ ਲੰਮੀ ਨੀ ਹੋਇਆ ਕਰਦੀ ਹੈ ।

ਸਿੱਧੂ ਮੂਸੇਵਾਲਾ ਦਾ ਨਾਂ ਵੀ ਓਨਹਾ ਲੋਕਾ ਵਿਚ ਹੀ ਸ਼ੁਮਾਰ ਹੁੰਦਾ ; ਜੇਹੜਾ ਦਿਨਾਂ 'ਚ ਹੀ ਵੱਡੀ ਆਲਮੀ ਪ੍ਰਸਿੱਧੀ ਕਮਾ ਕੇ , ਦਿਨਾਂ ਵਿਚ ਹੀ ਇਸ ਜਹਾਨ ਤੋਂ ਕੂਚ ਕਰ ਗਿਆ।

ਨੋ ਡਾਊਟ ਸਿਧੂ ਮੂਸੇਵਾਲਾ ਨੇ ਨਿਵੇਕਲੇ ਢੰਗ ਦਾ ਲਿਖਿਆ ਤੇ ਵੱਖਰੇ ਢੰਗ ਦੇ ਗਾਇਕ ਵਜੋਂ ਗਾਇਆ ; ਪਰ ਉਸ ਨੂੰ ਚੰਗੀ ਤਰਾਂ ਰੀਡ ਕਰੀਏ ਤਾਂ ਐਂ ਲੱਗਦਾ ਬਈ ਉਸ ਦੇ ਅੰਦਰ ਵੱਡੇ ਮੁਦੇ ਉਠਾਉਣ ਵਾਲਾ ਤੇ ਲੋਕਾਂ ਨੂੰ ਜਾਗਰਤ ਕਰਨ ਵਾਲਾ ਵੈਲਿਊਏਬਲ ਹਿਡਨ ਮੈਟੀਰੀਅਲ ਪਿਆ ਸੀ; ਜੋ ਸ਼ਾਇਦ ਉਸ ਨੇ ਆਉਣ ਵਾਲੇ ਦਿਨਾਂ ਵਿਚ ਦੁਨੀਆਂ ਦੀਆਂ ਸਟੇਜਾਂ ਤੇ ਸਪਰੈਡ ਕਰਨਾ ਸੀ ।

ਉਸ ਦੇ ਟੇਲੈਂਟ ਵਾਚਿਆਂ ਐਂ ਲੱਗਦਾ ਬਈ ਹੁਣ ਤਕ ਜੋ ਉਸ ਨੇ ਜੋ ਰਚਿਆ ਤੇ ਗਾਵਿਆ ਇਹ ਇਕ ਭੂਮਿਕਾ ਹੀ ਸੀ ਉਸ ਵੱਡੀ ਸਕਰਿਪਟ ਦੀ ਜੋ ਉਸ ਨੇ ਭਵਿੱਖ ਵਿਚ ਅਜੇ ਪੇਸ਼ ਕਰਨੀ ਸੀ । ਉਸ ਨੇ ਪੰਜਾਬੀ ਕੌਮ ਨੂੰ ਬਹੁਤ ਕੁਝ ਦੇਣਾ ਸੀ। ਕੌਮ ਦੇ ਅਮੀਰ ਵਿਰਸੇ ਨੂੰ ਦੱਸਣ ਤੇ ਦਰਸਾਉਣ ਲਈ ਉਸ ਤੋਂ ਵੱਡੀਆਂ ਸੰਭਾਵਨਾਂਵਾਂ ਸੀ ਵੱਡੀਆਂ ਉਮੀਦਾਂ ਸੀ।

ਉਸ ਦੇ ਮਨ ਦੀ ਤੀਬਰ ਇੱਛਾ ਇਹ ਸੀ ਕਿ ਮੈਂ ਵੀ ਇਕ ਦਿਨ ਵਿਸਵ ਦੀ ਗਾਈਕੀ ਦੀ ਸਟੇਜ ਦਾ ਵੱਡਾ ਸੁਪਰ ਸਟਾਰ ਬਣਾਂ : ਪੰਜਾਬੀਆਂ 'ਚੋਂ ਸੁਪਰ ਸਟਾਰ ਬਣਾਂ। ਪੰਜਾਬੀਆਂ 'ਚੋਂ ਅਮਰੀਕਾ ਦਾ ਟੂਪਾਕ ਬਣ ਕੇ ਵਿਖਾਵਾਂ। ਮੈਂ ਵੀ ਦੁਨੀਆਂ ਨੂੰ ਦੱਸ ਸਕਾਂ ਕਿ ਪੰਜਾਬੀ ਕਿਸੇ ਤੋਂ ਘੱਟ ਨਹੀਂ, ਮੈਂ ਵੀ ਇਕ ਮਾਰਸ਼ਲ ਕੌਮ ਦਾ ਪੁੱਤਰ ਹਾਂ, ਮੈਂ ਵੀ ਸਿਰਲੱਥ ਸੂਰਮਿਆਂ ਯੋਧਿਆ ਤੇ ਸ਼ਹੀਦਾਂ ਵਾਲੀ ਪੰਜਾਬ ਦੀ ਜ਼ਰਖੇਜ਼ ਮਿੱਟੀ 'ਚੋਂ ਉਘਿਆ ਹਾਂ। ਮੇਰੇ ਪੁਰਖਿਆਂ ਦਾ ਪਾਸਟ ਵੀ ਅਮੀਰ ਵਿਰਾਸਤ ਦਾ ਧਾਰਨੀ ਹੈ।

ਕਮਾਲ ਦੀ ਹਟਵੀ ਗੱਲ ਇਹ ਹੋਈ ਕਿ ਉਸ ਨੇ ਪ੍ਰਚੱਲਤ ਗਾਇਕੀ ਵਾਲੇ ਸੰਗੀਤ ਨੂੰ ਛੱਡ ਕੇ ਰੈਪ ਮਿਊਜ਼ਕ ਨੂੰ ਅਡੌਪਟ ਕੀਤਾ। ਰੈਪ ਸੰਗੀਤ ਵਿਚ ਥਰਿਲ ਹੁੰਦੀ ਹੈ, ਰੋਹ ਹੁੰਦਾ ਜੋਸ਼ ਹੁੰਦਾ ਅਤੇ ਮਨੁੱਖੀ ਆਵਾਜ਼ ਦੀ ਲਗਾਤਾਰਤਾ ਹੁੰਦੀ ਹੈ। ਬੱਸ ਕਿਸੇ ਡੀਵਾਈਨ ਪਾਵਰ ਦੀ ਬਖਸ਼ਸ਼ ਹੀ ਜਾਣੋ ਕਿ ਉਸ ਨੇ ਦਿਨਾਂ 'ਚ ਹੀ ਆਪਣੇ ਖਿਤੇ ਦੇ ਖਿਆਲਾਂ ਨੂੰ ਸੰਸਾਰ ਦੀਆਂ ਫਿਜ਼ਾਵਾਂ ਵਿਚ ਖਿਲਾਰ ਦਿੱਤਾ। ਮੋਟੂਆ, ਟੂਪਾਕ ਜਿਹੜਾ ਸੀ ਨਾ ਉਹ ਰੈਪ ਸੰਗੀਤ ਦਾ ਵਰਲਡ ਦਾ ਸੁਪਰ ਰੈਪਰ ਹੋਇਆ, ਮੂਸੇਵਾਲੇ ਨੂੰ ਉਹ ਆਪਣਾ ਰੋਲ ਮਾਡਲ ਲਗੱਦਾ ਸੀ। ਟੂਪਾਕ ਨੇ ਜੋ ਆਪਣੀ ਬਲੈਕ ਨਸਲ ਦੇ ਵਾਰਸਾਂ ਦੇ ਦੁੱਖਾਂ, ਵਧੀਕੀਆਂ ਦਾ ਜੋ ਰੈਪ ਗਾਇਨ ਕੀਤਾ, ਸਿੱਧੂ ਨੂੰ ਲੱਗਿਆ ਕਿ ਉਸ ਦੇ ਖਿੱਤੇ ਦੇ ਲੋਕਾਂ ਦੀਆਂ ਦੁੱਖ ਤਕਲੀਫਾਂ ਉਹਦੇ ਵਰਗੀਆਂ ਹਨ। ਸਿੱਧੂ ਮੂਸੇਵਾਲੇ ਦੇ ਇੰਨਰ ਥੌਟਸ, ਵਿਚਾਰ, ਸਾਰੇ ਹੀ ਉਸ ਨਾਲ ਮੇਲ ਖਾਂਦੇ ਜਾਪੇ। ਅਮਰੀਕਾ ਦੀ ਇਕ ਬਿਲਬੋਰਡ ਨਾਮੀਂ ਸੰਸਥਾ ਹੈ ਜੋ ਮਿਊਜ਼ਿਕ ਐਲਬਮਾਂ ਤੇ ਗੀਤਾਂ ਦੀ ਰੈਂਕਿੰਗ ਕਰਦੀ ਹੈ। ਟੂਪਾਕ ਉਸ ਤੇ ਛਾਇਆ ਰਿਹਾ ਉਸ ਨੇ ਪਹਿਲਾ ਸਥਾਨ ਹਾਸਲ ਕੀਤਾ। ਟੂਪਾਕ ਬਲੈਕ ਨਸਲ ਦਾ ਅਮੀਰਕਨ ਸਿਟੀਜ਼ਨ ਸੀ ਜੋ 25 ਸਾਲ ਦੀ ਉਮਰ ਵਿਚ ਮਾਰਿਆ ਗਿਆ। ਟੂਪਾਕ ਨੂੰ ਵੱਡਾ ਬੈਨੀਫਿੱਟ ਇਹ ਸੀ ਕਿ ਉਸ ਦੇ ਨਾਲ ਭਾਰੀ ਗਿਣਤੀ ਵਿਚ ਉਸ ਦੀ ਬਲੈਕ ਨਸਲ ਦੇ ਦੇਸ਼ਾਂ ਦਾ ਸਾਥ ਸੀ, ਪਰ ਜਿਥੋਂ ਤੱਕ ਸਾਡੇ ਮੂਸੇਵਾਲੇ ਦੀ ਬਲੰਦੀ ਦਾ ਸਵਾਲ ਹੈ ਇਹ ਟਿੱਬਿਆਂ ਦੀ ਧਰਤੀ ਦਾ ਨੌਜਵਾਨ, ਛੋਟੀ ਜੇਹੇ ਪੰਜਾਬੀਆਂ ਵਾਲੇ ਖਿੱਤੇ ਦਾ ਬੰਦਾ ਸੀ ਜਾਂ ਫਿਰ ਇਸ ਨੂੰ ਚਾਹੁਣ ਵਾਲਾ ਆਪਣਾ ਬਾਹਰ ਗਿਆ ਡਾਈਸਪੋਰਾ ਸੀ ਜਾਂ ਸਾਡਾ ਪਾਕਸਤਾਨੀ ਪੰਜਾਬੀ ਭਾਈ ਚਾਰਾ ਇਸ ਦੇ ਨਾਲ ਸੀ। ਪਰ ਫੇਰ ਵੀ ਮੂਸੇਵਾਲਾ ਜੁਲਾਈ 2021 ਵਿਚ ਬਿਲ ਬੋਰਡ ਦੇ ਪਲੇਟਫਾਰਮ ਦੀ ਸੀਲੈਕਟਡ ਲਿਸਟ ਵਿਚ ਵੱਡੀ ਐਂਟਰੀ ਮਾਰ ਕੇ ਵੱਡੀ ਮੱਲ ਮਾਰ ਗਿਆ। ਰੱਬ ਜੇ ਉਸ ਨੂੰ ਉਮਰ ਬਖਸ਼ ਦੇ ਦਿੰਦਾ ਤਾਂ ਜਿਸ ਤਰਾਂ ਉਸ ਦੀ ਮਕਬੂਲੀਅਤ ਬਲੰਦੀਆਂ ਵੱਲ ਚੜਦੀ ਜਾ ਰਹੀ ਸੀ, ਜਾਪਦਾ ਉਸ ਨੇ ਬਿਨਾਂ ਦੋ ਰਾਏ ਬਿੱਲਬੋਰਡ ਦਾ ਬੈਸਟ ਰੈਪਰ ਵਾਲਾ ਵੱਡਾ ਮੁਕਾਮ ਹਾਸਲ ਕਰ ਹੀ ਲੈਣਾ ਸੀ।

–2–

ਸਿੱਧੂ ਮੂਸੇਵਾਲਾ ਦੀ ਚੜਤ ਦੇ ਕਈ ਤਰਕ ਤੇ ਕਾਰਨ ਸਨ। ਸੱਭ ਤੋਂ ਵੱਡੀ ਗੱਲ ਉਸ ਦੇ ਲਿਰਿਕਸ ਵਿਚ ਉਸ ਦੇ ਗੀਤਾਂ ਵਿਚ ਪੰਜਾਬ ਦੀ ਮਿਟੀ ਖੁਸ਼ਬੋ ਸੀ। ਉਸ ਦੇ ਗੀਤਾਂ ਵਿਚ ਪਿੰਡ ਦਾ ਖਾਮੀਰ ਸੀ ਪਿੰਡ ਦੀ ਤਾਸੀਰ ਸੀ। ਉਸ ਦੇ ਸ਼ਬਦ ਸੰਵਾਦ ਤੇ ਖਿਆਲ ਬਹੁਤ ਹੀ ਢੁਕਵੇਂ ਤੇ ਲੋਕ ਲੁਭਾਵੇਂ ਸੀ। ਭਾਸ਼ਾ ਬਹੁਤ ਹੀ ਸਰਲ ਤੇ ਸਿੱਧੀ–ਸਾਦੀ ਤੇ ਬੋਲਾਂ ਵਿਚ ਜਾਨ ਸੀ। ਉਸ ਕੋਲ ਪੁਰਖਿਆਂ ਤੋਂ ਮਿਲੇ ਸੰਸਕਾਰਾਂ ਦਾ ਭੰਡਾਰ ਸੀ ।

ਮੁਸੀਬਤ ਤਾਂ ਮਰਦਾਂ ਤੇ ਪੈਂਦੀ ਰਹਿੰਦੀ ਆ।
ਦਬੀ ਨਾ ਤੂੰ, ਦੁਨੀਆ ਸੁਆਦ ਲੈਂਦੀ ਐ।
ਨਾਲੇ ਜੇਹੜੇ ਰਸਤੇ ਤੇ ਤੂੰ ਤੁਰਿਆ।
ਐਥੇ ਬਦਨਾਮੀ ਹਾਈ..ਰੇਟ ਮਿਲੂਗੀ।
ਨਿੱਤ ਕੰਟਰੋਵਰਸੀ ਕਰੀਏਟ..ਮਿਲੂਗੀ।
ਧਰਮਾਂ ਦੇ ਨਾਂ ਤੇ ਡੀਬੇਟ..ਮਿਲੂਗੀ।
ਅੱਜ ਕਈ ਬਚਾਉਣ ਸਭਿਆਚਾਰ..ਜੁਟ ਕੇ ।
ਜਣਾ ਖਣਾ ਦਿੰਦਾ ਐ ਵਿਚਾਰ..ਉਠ ਕੇ।
ਇੰਝ ਲੱਗੇ ਰੱਬ ਜਿਵੇਂ ਹੱਥ ਖੜੇ ਕਰ ਗਿਆ।
ਪੜਾਂ ਜਦੋਂ ਸੁਭਾ ਅਖਬਾਰ ਉਠ ਕੇ।

ਉਸਦੀ ਚੜਤ ਦਾ ਖਾਸਾ ਉਸ ਦੇ ਬੋਲਾਂ ਵਿਚ ਜੱਟਕਾ ਗੜਕਾ ਸੀ ਉਸ ਦੇ ਬੋਲਾਂ ਚ ਗਰਜ਼ ਦਾ ਅਹਿਸਾਸ ਸੀ। ਅਕਸਰ ਵੇਖੀਦਾ ਬਈ ਲੰਮੇਰੇ ਕੱਦਾਂ ਵਾਲੇ ਗਾਇਕ ਸਟੇਜਾਂ ਤੇ ਜਚਿਆ ਨਹੀਂ ਕਰਦੇ। ਪਰ ਇਸ ਦੀ ਉਚੀ ਡੀਲ ਡੌਲ ਤੇ ਉਸ ਦੇ ਮਿਜਾਜ ਅੰਦਾਜ਼ ਨੇ ਸਟੇਜ ਨੂੰ ਇਕ ਵੱਖਰੀ ਰੰਗਤ ਦੇ ਕੇ ਉਸ ਦੀ ਦੁਨੀਆ ਵਿਚ ਧੌਂਸ ਜਮਾ ਦਿੱਤੀ। ਉਸ ਦੇ ਹਰ ਫਿਕਰੇ ਹਰ ਸਟੈਂਜੇ ਤੇ ਐਨਾ ਭਰਵਾਂ ਹੁੰਗਾਰਾ ਮਿਲਦਾ ਕਿ ਕਿੰਨਾਂ ਕਿੰਨਾਂ ਚਿਰ ਔਡੀਐਂਸ ਵੱਲੋਂ ਜ਼ੋਰਦਾਰ ਸ਼ਊਟਿੰਗ ਹੁੰਦੀ, ਆਡੀਟੋਰੀਅਮ ਵਿਚ ਦਰਸ਼ਕਾਂ ਵੱਲੋਂ ਖੜੋ ਕੇ ਹੌਸਲਾ ਅਫ਼ਜਾਈ ਹੁੰਦੀ ਰਹਿੰਦੀ। ਉਸ ਦੀ ਸਰੀਰਕ ਮੁਦਰਾ ਨਾਚ, ਡਾਂਸ ਤੋਂ ਰਹਿਤ ਸੀ, ਸਗੋਂ ਵੱਡੇ ਜਾਫੀਆਂ ਵਰਗੀ ਤੇ ਵੱਡੇ ਜਵੇ ਵਾਲੀ ਸੀ। ਉਹ ਤਨਜ ਕੱਸਦਾ ਹੋਇਆ ਆਖਿਆ ਕਰਦਾ,

ਖੁਦ ਨਾਲ ਖੁਦ ਜੇਹਾ ਖਿੱਤਾ ਚੁਕਿਆ ।
ਬੱਸ ਕੱਲਾ, ਚੁਕਿਆ ਨਹੀਂ ਵਾਜਾ ਮਿੱਠੀਏ।

ਬਈ ਉਸ ਦਾ ਇਹ ਕਹਿਣ ਤੋਂ ਭਾਵ ਹੈ ਕਿ ਉਸ ਨੇ ਇਹ ਗਾਉਣ ਵਜਾਉਣ ਦਾ ਸ਼ੌਂਕ ਕਿਸੇ ਲਾਲਚ ਹਿਤ ਨਹੀਂ ਸ਼ੁਰੂ ਕੀਤਾ, ਉਸ ਨੇ ਤਾਂ ਕੌਮ ਦੇ ਖਿੱਤੇ ਦੇ ਮੁੱਦੇ ਚੁੱਕੇ ਹਨ। ਖਿੱਤੇ ਦੇ ਮੁੱਦਿਆਂ ਨੂੰ ਦੁਨੀਆਂ ਵਿਚ ਲੈ ਕੇ ਜਾਣਾ ਮਿਥਿਆ। ਕਈ ਵਾਰ ਤਾਂ ਬਈ ਮੋਨੂ ਚੰਦਾ ਸਟੇਜ ਤੇ ਐਂ ਲੱਗਦਾ ਸੀ ਜਿਵੇਂ ਉਹ ਖਿੱਤੇ ਦੇ ਲੋਕਾਂ ਦੇ ਨਾਇਕ ਦੀ ਭੂਮਿਕਾ ਨਿਭਾਅ ਰਿਹਾ ਹੋਵੇ।

ਉਸ ਦੇ ਗੀਤਾਂ ਦੀ ਗੀਤਕਾਰੀ ਦੀ ਸੱਭ ਤੋਂ ਵੱਡੀ, ਹਟਵੀਂ ਤੇ ਪਾਏਦਾਰ ਸ਼ਲਾਘਾਯੋਗ ਗੱਲ ਇਹ ਦਿਸਣ ਲੱਗੀ ਕਿ ਉਸ ਨੇ ਰੋਮਾਂਸਵਾਦ ਨੂੰ ਆਪਣੀ ਗਾਇਕੀ ਵਿਚ ਸ਼ਾਮਿਲ ਨਹੀਂ ਕੀਤਾ। ਉਸ ਨੇ ਲੜਕੀ, ਕੁੜੀ ਜਾਂ ਔਰਤ ਵਰਗ ਦੀ, ਸਰੀਰਕ ਅਟਰੈਕਸ਼ਨ ਜਾਂ ਵਲਗੈਰੀਟੀ ਨੂੰ ਗੀਤਾਂ ਵਿਚ ਥਾਂ ਨਹੀਂ ਦਿੱਤੀ ਜਿਵੇਂ ਟਰੈਂਡ ਚੱਲ ਰਿਹਾ ਸੀ। ਉਸ ਨੇ ਸਭਿਅਕ ਸਮਾਜ ਦਾ ਖਿਆਲ ਰੱਖਦੇ ਹੋਏ ਅਸ਼ਲੀਲਤਾ, ਨੰਗੇਜ਼ਵਾਦ, ਵਰਗੇ ਹਲਕੇ ਪੱਖ ਤੋਂ ਦੂਰੀ ਬਣਾ ਕੇ ਰੱਖੀ। ਐਂ ਲੱਗਦਾ ਜਿਵੇਂ ਉਸ ਦੇ ਹਿਰਦੇ ਵਿਚ ਧਰਮ ਹਯਾ ਦਾ ਕੌਨਸੈਪਟ ਵੀ ਪਿਆ ਹੋਵੇ ਜਿਸ ਕਰਕੇ ਉਹ ਗਾਇਕੀ ਵਿਚ, ਧੀ ਧਿਆਣੀ ਦੀ ਕਿਰਦਾਰਕੁਸ਼ੀ ਕਰਨ ਤੋਂ ਪਰਹੇਜ਼ੀ ਰਿਹਾ। ਸਗੋਂ ਇਸ ਘਟੀਆ ਰੁਝਾਨ ਵੱਲ ਨਾ ਜਾ ਕੇ, ਉਹ ਮਾਨਵੀ ਗੁਣਾਂ ਵਾਲੀ ਮਰਿਯਾਦਾ ਵਿਚ ਰਹਿ ਖਿੱਤੇ ਦੇ ਦੁੱਖਾਂ–ਸੁੱਖਾਂ ਦੇ ਮੁੱਦਿਆਂ ਨੂੰ ਅਧਾਰ ਬਣਾ ਕੇ ਸਟੇਜ 'ਤੇ ਛਾਇਆ ਰਿਹਾ।

ਉਹ ਜ਼ਾਹਰਾ ਤੌਰ 'ਤੇ ਇਕ ਥਾਂ 'ਤੇ ਟਕੋਰ ਕਰਦਾ ਆਖਦਾ :–

ਜੇਹੜੇ ਰੰਨਾਂ ਦੇ ਸੀ, ਲੱਕ ਮਿਣਦੇ ਏ ਏ ਏ :
ਉਹ ਅਸਲੇ 'ਤੇ ਗਾਉਣ ਲਾ ਤੇ ਨੀ.. ।

ਬਈ ਇਹ ਗੱਲ ਤਾਂ ਮੰਨਣੀ ਪਊ ਬਈ ਮੂਸੇਵਾਲੇ ਨੇ– ਔਰਤ ਦੇ ਅੰਗ–ਪਰਦਰਸ਼ਨ ਦੀ, ਗੋਰੇ ਚਿੱਟੇ ਰੰਗਾਂ ਦੀ ਦੇਹੀ ਨੁਮਾਇਸ਼ ਲਾਉਣ ਤੋਂ ਸੱਚਮੁਚ ਐਵੋਇਡ ਕੀਤਾ ਤੇ ਬਚਿਆ ਰਿਹਾ ਇਸ ਬਦਖੋਈ ਤੋਂ।

ਹਾਂ, ਉਸ ਨੇ ਕੁਝ ਗੀਤਾਂ ਦੇ ਕੁਝ ਸਟੈਂਜਿਆਂ ਦੇ ਅਖੀਰ ਵਿਚ 'ਮਿੱਠੀਏ' 'ਬਿੱਲੋ' 'ਬੱਲੀਏ 'ਵਗੈਰਾ ਹਰਫ ਵਰਤੇ ਹਨ। ਅਸਲ ਵਿਚ ਉਸ ਨੇ ਇਨਾਂ ਸ਼ਬਦਾਂ ਦਾ ਸੰਬੋਧਨੀ ਸ਼ਬਦਾਂ ਵਜੋਂ ਸਹਾਰਾ ਲਿਆ ਹੈ। ਆਪਣੇ ਬਿਰਤਾਂਤ ਨੂੰ ਅੱਗੇ ਤੋਰਨ ਲਈ ਹੀ ਵਰਤੇ ਹਨ, ਆਪਣੇ ਨੈਰੇਟਿਵ ਨੂੰ ਪ੍ਰਗਟਾਉਣ ਦੱਸਣ ਲਈ ਹੀ ਵਰਤੇ ਹਨ ਨਾ ਕੇ ਰੋਮਾਂਸ ਨੂੰ ਗਲੋਰੀਫਾਈ ਕਰਨ ਦੇ ਵਾਸਤੇ ।



–3–

ਮੂਸੇਵਾਲੇ ਦਾ ਆਹ ਗੀਤ–ਉਚੀਆਂ ਨੇ ਗੱਲਾਂ ਤੇਰੇ ਯਾਰ ਦੀਆਂ– ਇਸ ਨੇ ਤਾਂ ਬਈ ਰਾਤੋ ਰਾਤ ਉਸ ਦੀ ਕਾਮਯਾਬੀ ਦੀ ਧੂਹ ਵਰਾਤੀ, ਨੇਰੀਆਂ ਲਿਆਤੀਆਂ। ਅੱਖਰ ਅੱਖਰ ਸੁਣਨ ਵਾਚਣ ਵਾਲਾ ਐ ਬਾਈ।

ਦੁੱਕੀ ਤਿੱਕੀ ਪੂਰੀ ਠੋਕ ਠੋਕ ਰੱਖਦਾ।
ਡੇਂਜ਼ਰ ਤੇ ਜਾਨਲੇਵਾ ਸ਼ੌਂਕ ਰੱਖਦਾ ।
ਦੂਰੀ ਫੁੱਟ ਦੀ ਬਣਾ ਕੇ ਐ ਮੰਡੀਰ ਖੜਦੀ।
ਡੱਬ ਵਿਚ ਭਰ ਕੇ ਗਲੌਕ ਰੱਖਦਾ। (ਗਲੌਕ ਆਸਟਰੀ ਦੇਸ਼ ਦਾ ਬਣਿਆ ਪਾਪੁਲਰ ਪਸਤੌਲ ਹੈ ਜੋ ਉਥੋਂ ਦੀ ਫੌਜ ਤੇ ਪੁਲਸ ਕੋਲ ਹੁੰਦਾ)
ਖੂਨ ਨੂੰ ਦਲੇਰੀ ਰਹਿੰਦੀ ਪੰਪ ਕਰਦੀ ;
ਲੋ–ਰਾਈਡਰ ਸੜਕ ਉਤੇ ਜੰਪ ਕਰਦੀ।
ਅੱਲੜਾਂ ਦੇ ਸੀਨੇ ਠਾਰਦੀਆਂ।
ਉਚੀਆਂ ਨੇ ਗੱਲਾਂ ਤੇਰੇ ਯਾਰ ਦੀਆਂ–
ਸਾਡਾ ਟੌਪ ਦੇ ਬੰਦੂਕਾਂ ਦਾ ਗਰੁੱਪ ਬੱਲੀਏ।
ਜਿਨਾਂ ਜਿਨਾਂ ਨਾਲ ਮੇਰੀ ਯਾਰੀ ਅੱਲੜੇ;
ਮਾਰੂ ਹਥਿਆਰਾਂ ਦੇ ਸ਼ਿਕਾਰੀ ਬੱਲੀਏ;
ਧਰਤੀ ਤੇ ਸੁੱਟਦੇ ਨੇ ਪਾਰ ਦੀਆਂ।
ਉਚੀਆਂ ਨੇ ਗੱਲਾਂ ਤੇਰੇ ਯਾਰ ਦੀਆਂ :–

ਸਾਡੇ ਕੁਝ ਤਨਕੀਦਕਾਰਾਂ ਨੇ ਇਨਾ ਗੱਲਾਂ ਤੇ ਬੜਾ ਸ਼ੋਰੋਗੋਗਾ ਕੀਤਾ ; ਕਿ ਮੂਸੇਵਾਲਾ ਕੋਲ ਚਾਰ ਪੈਸੇ ਕੀ ਆ ਗਏ। ਹਵਾ ਕਰ ਰਿਹਾ ਹੈ। ਤਕੱਬਰੀ ਹੋ ਗਿਆ, ਗਰੂਰਾਂ ਤੇ ਉਤਰ ਆਇਆ। ਹਥਿਆਰਾਂ ਨੂੰ ਪਰੋਮੋਟ ਕਰ ਰਿਹਾ। ਸਮਾਜ ਨੂੰ ਘਾਤਕ ਦਿਸ਼ਾ ਵੱਲ ਲਿਜਾ ਰਿਹਾ ਹੈ। ਪਰ, ਮੂਸੇਵਾਲਾ ਵੀ ਤਾਂ ਹੱਡਮਾਸ ਦਾ ਹੀ ਬਣਿਆ ਸੀ ਕੋਈ ਦੇਵ ਲੋਕ ਤੋਂ ਤਾਂ ਨਹੀਂ ਸੀ ਆਇਆ। ਸਾਡੇ ਵਾਂਗੂੰ ਐਸੇ ਧਰਤੀ 'ਚੋਂ ਜੁਆਨ ਹੋਇਆ ਸੀ। ਬਈ ਜਦੋਂ ਕਿਸੇ ਬੰਦੇ ਦੀ ਕਲਾ ਕੁੱਲ ਆਲਮ ਤੱਕ ਮੁੱਲ ਪੈ ਰਿਹਾ ਹੋਵੇ, ਖੁਸ਼ੀ ਪਰਗਟ ਹੋਣੀ ਸੁਭਾਵਿਕ ਹੁੰਦੀ ਹੈ ਨਾ।

ਬਈ ਜਿਥੋਂ ਤੱਕ ਕਹਿੰਦੇ ਆ ਕਿ ਉਸ ਦੇ ਗੀਤਾਂ ਵਿਚ ਹਥਿਆਰਾਂ ਦੇ ਚਾਅ ਦੀ ਬਾਹਲੀ ਗੱਲ ਆਉਂਦੀ ਹੈ। ਉਚਿਤ ਨਹੀਂ ਜਾਪਦੀ। ਬਿਨਾਂ ਸ਼ੱਕ ਸ਼ਸ਼ਤਰ ਦਾ ਕੌਨਸੈਪਟ ਆਦਿ ਕਾਲ ਤੋਂ ਮਨੁੱਖੀ ਮਨਾਂ ਵਿਚ ਵਸਿਆ ਹੈ। ਅੱਜ ਵੀ ਮਨੁੱਖੀ ਸਰਵਾਈਵਲ ਤੇ ਸੁਰੱਖਿਆ ਦੇਸ਼ਾਂ ਦੀ ਹੋਂਦ ਹਥਿਆਰਾਂ ਤੇ ਟਿਕੀ ਹੋਈ ਹੈ। ਇਥੋਂ ਤੱਕ ਤਾਂ ਹਥਿਆਰਾਂ ਦੀ ਗੱਲ ਜ਼ਾਇਜ਼ ਲਗਦੀ ਹੈ। ਪਰ ਇਹ ਨਹੀਂ ਠਕਿ ਕਿ ਹਥਿਆਰ ਕਰਾਈਮ ਦਾ ਹਿੱਸਾ ਬਣ ਜਾਣ। ਲੋਕ ਡਰ ਭੈਅ ਦੇ ਮਹੌਲ ਵਿਚ ਚਲੇ ਜਾਣ। ਹਥਿਆਰ ਦੀ ਵਰਤੋਂ ਹਰਗਿਜ਼ ਨਹੀਂ ਹੋਣੀ ਚਾਹੀਦੀ ਜਿਸ ਨਾਲ ਅਪਰਾਧ ਦਾ ਪਸਾਰ ਹੁੰਦਾ ਹੋਵੇ।

ਜਿਸ ਤਰਾਂ ਸਾਨੂੰ ਮੂਸੇਵਾਲਾ ਸਟੇਜਾਂ ਤੇ ਥਾਪੀਆਂ ਮਾਰਦਾ ਸੀ, ਰੋਹ ਵਿਚ ਆ ਕੇ ਗਾਉਂਦਾ ਧੱਕੜ ਜੇਹਾ ਲੱਗਦਾ ਸੀ ਉਥੇ ਉਸ ਦੇ ਮਨ ਮਸਤਕ ਦੇ ਇਕ ਕੌਰਨਰ ਵਿਚ ਸਿੱਧੀ ਸਾਦੀ ਪੇਂਡੂ ਮੁਹੱਬਤੀ ਧਾਰਾ ਦਾ ਵੀ ਰਖਣਾ ਸੀ ਖਾਨਾ ਸੀ। ਜਦੋਂ ਉਹ ਮੱਠੀ ਤੇ ਮੱਧਮ ਵੇਗ ਵਾਲੀ ਧੁਨ ਵਿਚ ਆਹ ਲਾਈਨਾ ਗਾਉਂਦਾ ਤਾਂ ਲੱਗਦਾ ਜਿਵੇਂ ਉਸ ਅੰਦਰ ਇਕ ਲਵ ਦੀ ਸੱਚੇ ਪਿਆਰ ਦੀ ਜੋਤ ਵੀ ਝੂੰਮ ਰਹੀ ਸੀ।

ਅੱਜ ਤਾਈਂ ਰਿਕਾਰਡਾਂ 'ਚੋਂ ਗਾਇਬ ਸੀ ਜਿਹੜਾ...
ਸਿੱਧੂ ਮੂਸੇ ਵਾਲਾ ਤੇਰਾ ਯਾਰ ਹੋ ਗਿਆ।
ਪੈਸਿਆ ਦੇ ਵੱਟੇ ਸੀਗਾ ਮੌਤ ਵੰਡਦਾ ।
ਨੀ ਤੈਨੂੰ ਦੇਖਿਆਂ ਤਾਂ ਜ਼ਿੰਦਗੀ ਨੂੰ ਪਿਆਰ ਹੋ ਗਿਆ।
ਨੀ ਤੈਨੂੰ ਦੇਖਿਆਂ ਤਾਂ ਜ਼ਿੰਦਗੀ ਨੂੰ ਪਿਆਰ ਹੋ ਗਿਆ।
ਖੂਨ ਦੇ ਛਿੱਟੇ ਨੇ ਮੂੰਹ ਤੇ ਮੇਰੇ.. ਬੁੱਕਲ ਚ ਤੇਰੀ ਲਕੋਣਾ ਚਾਹੁੰਨਾ ਆਂ।
ਏਹ ਕਾਲੀ ਦੁਨੀਆ ਮੇਰਾ ਸਾਥ ਨਹੀਂ ਛੱਡਦੀ।
ਮੈਨੂੰ ਸੌਂਹ ਐ ਤੇਰੀ ਮੈਂ ਆਉਨਾ ਚਾਹੁੰਨਾ ਆਂ।
ਬੇਇਤਬਾਰ ਕਿਰਦਾਰ ਸੀ ਮੇਰਾ,
ਪਰ ਤੇਰੇ ਉਤੇ ਐਤਬਾਰ ਹੋ ਗਿਆ,
ਪੈਸਿਆ ਦੇ ਵੱਟੇ ਸੀਗਾ ਮੌਤ ਵੰਡਦਾ। ਨੀ ਤੈਨੂੰ ਦੇਖਿਆਂ ਤਾਂ ਜ਼ਿੰਦਗੀ ਨੂੰ ਪਿਆਰ ਹੋ ਗਿਆ।

–4–

ਬਈ ਚਿਰਾਂ ਤੋਂ ਬਹੁਤ ਸਾਰੇ ਲਿਖਾਰੀ ਆਪਣੀਆਂ ਸ਼ਾਇਰੀ ਸਤਰਾਂ ਵਿਚ ਲਿਖਦੇ ਆਏ ਹਨ ਮਰ ਜਾਣਾ ਹੈ –ਮੁੱਕ ਜਾਣਾ–ਬੰਦਾ ਬੁਲਬਲਾ ਪਾਣੀ ਦਾ– ਇਸ ਦੁਨੀਆਂ ਰੰਗਲੀ ਤੋਂ ਤੁਰ ਜਾਣਾ ਹੈ। ਪਰ ਜਿਸ ਤਰਾਂ ਮੂਸੇਵਾਲਾ ਨੇ ਆਪਣੀ ਐਲਬਮ ਲਾਸਟ ਰਾਈਡ ਵਿਚ ਜੋ ਅੰਕਤ ਕੀਤਾ ਉਸ ਤੋਂ ਹਰੇਕ ਨੂੰ ਐਂ ਲਗਦਾ ਜਿਵੇ ਉਸ ਨੂੰ ਆਪਣੇ ਜੀਵਨ ਸਫਰ ਦੇ ਛੇਤੀ ਮੁੱਕ ਜਾਣ ਗਿਆਨ ਹੋ ਗਿਆ ਸੀ ।

ਹੋ ਪਿਛਲੇ ਕੋਈ ਕਰਮਾਂ ਦਾ ਧਨੀ ਲਗਦਾ।
ਜਾਂ ਫੇਰ ਮੇਹਰਵਾਨ ਏ ਖਵਾਜ਼ਾ ਮਿੱਠੀਏ।
ਚੋਬਰ ਦੇ ਚੇਹਰੇ ਉਤੇ ਨੂਰ ਦੱਸਦਾ ।
ਨੀਂ ਏਹਦਾ ਉਠੂਗਾ ਜਵਾਨੀ ਵਿਚ ਜਨਾਜਾ ਮਿੱਠੀਏ।
ਲੋਕਾ ਦਿਆਂ ਤੁਰਿਆਂ ਤੇ ਪੈੜਾਂ ਬਣੀਆਂ।
ਜੱਟ ਵਾਗੂੰ ਤੁਰਿਆਂ ਤੇ ਰਾਹ ਨੀਂ ਬਣੇ।
ਦੁਨੀਆ ਦੇ ਬਣੇ ਨੇ ਚਹੇਤੇ ਬਹੁਤ ਨੀ।
ਫੈਅਦੇ ਵਾਂਗੂ ਕਿਸੇ ਦੇ ਖੁਦਾ ਨਹੀ ਬਣੇ।
ਖੁਦ ਨਾਲ ਖੁਦ ਜੇਹਾ ਖਿੱਤਾ ਚੁਕਿਆ ।
ਬੱਸ ਕੱਲਾ ਚੁਕਿਆ ਨੀਂ ਵਾਜਾ ਮਿੱਠੀਏ।
ਚੋਬਰ ਦੇ ਚੇਹਰੇ ਉਤੇ ਨੂਰ ਦੱਸਦਾ ।
ਨੀਂ ਏਹਦਾ ਉਠੂਗਾ ਜਵਾਨੀ ਵਿਚ ਜਨਾਜਾ ਮਿੱਠੀਏ।
ਤਖਤਾ ਜ਼ਮਾਨੇ ਦਾ ਪਲਟ ਹੋ ਗਿਆ।
ਬਦਲ ਨੇ ਦਿੱਤੀਆਂ ਰਿਵਾਜਾਂ ਮਿੱਠੀਏ।

ਅੱਜ ਜਦ ਉਹ ਹੈ ਨੀਂ ਏਥੋਂ ਛੋਟੀ ਉਮਰੇ ਤੁਰ ਗਿਆ। ਕਤਲ ਹੋ ਗਿਆ। ਅਹਿਸਾਸ ਜਾਂ ਸਬੱਬ ਵੇਖੋ ਆਹ ਅਲਫਾਜ਼ ਕਿਵੇਂ ਜਿਉਂਦੇ ਜੀਅ ਮੌਤ ਤੋਂ ਪਹਿਲਾਂ ਹੀ ਉਸ ਦੀਆਂ ਸੋਚਾਂ ਵਿਚ ਉਗ ਚੁੱਕੇ ਸੀ :

ਬਹੁਤਿਆਂ ਦੀ ਹੇਟ ਦਾ ਉਹ ਹਿੱਸਾ ਬਣਿਆ।
ਬਹੁਤੇ ਉਹ ਨੂੰ ਐਥੇ ਚਾਹੁੰਦੇ ਚਾਹੁੰਦੇ ਮਰ ਗਏ ।
ਦੁਨੀਆ ਤੇ ਚਰਚਾ ਦੇ ਝੰਢੇ ਝੂਲਦੇ ।
ਪਰ ਉਹਨੂੰ ਸ਼ਹਿਰ 'ਚ ਹਰਾਉਂਦੇ ਮਰ ਗਏ।
ਜਿੱਤ ਨਾਲੋਂ ਜ਼ਿਆਦੇ ਜੀਹਦੀ ਹਾਰ ਬੋਲਦੀ ।
ਐਥੋਂ ਲਾ ਲੈ ਕੀ ਐ ਅੰਦਾਜ਼ਾ ਮਿੱਠੀਏ,
ਮੋਢਿਆਂ ਤੇ ਕਾਲ ਜੀਹਦੇ ਪਾਉਂਦਾ ਬੋਲੀਆਂ।
ਬੀਬਾ ਜਲਗਾਰ ਜੀਹਦੀ ਸ਼ੈਅਰੀ ਬਣ ਗਈ।
ਗਿਣਤੀ ਦੇ ਦਿਨ ਉਹ ਜਿਉਂਦੇ ਜੱਗ ਤੇ ।
ਅੰਤ ਨੂੰ ਤਰੱਕੀ ਜੀਹਦੀ ਵੈਰੀ ਬਣਦੀ।
ਮਰਦ ..ਮਾਸ਼ੂਕਾਂ ਵਾਂਗੂੰ ਮੌਤ ਉਡੀਕਦਾ।
ਖੌਅਰੇ ਕਦੋਂ ਖੜਕਾਊ ਦਰਵਾਜ਼ਾ ਮਿੱਠੀਏ।
ਮੂਸੇਵਾਲਾ ਜਿਉਂਦਾ ਹੀ ਅਮਰ ਹੋ ਗਿਆ..
ਬਹੁਤ ਆਈਆਂ ਜੱਗ ਤੇ ਅਵਾਜਾਂ ਮਿੱਠੀਏ।
ਚੋਬਰ ਦੇ ਚੇਹਰੇ ਉਤੇ ਨੂਰ ਦੱਸਦਾ ।
ਨੀ ਏਹਦਾ ਉਠੂਗਾ ਜਵਾਨੀ ਵਿਚ ਜਨਾਜਾ ਮਿੱਠੀਏ।

ਸਾਡੇ ਭਾਈਚਾਰੇ ਵਿਚ ਮਾਂ ਪਿਉ ਦਾ ਸਥਾਨ ਬਹੁਤ ਹੀ ਇੱਜ਼ਤ ਔਰ ਇਹਤਰਾਮ ਵਾਲਾ ਅਤੇ ਸਤਿਕਾਰ ਤੇ ਅਦਬ ਵਾਲਾ ਹੈ। ਮੂਸੇਵਾਲੇ ਨੇ ਮਾਂ–ਪਿਉ ਬਾਰੇਂ ਜਿਵੇਂ ਬੜੀ ਸ਼ਿੱਦਤ ਤੇ ਇੰਨਟੈਨਸਟੀ ਸਹਤ ਦਿਲਾਂ ਨੂੰ ਧੂਹ ਪਾਉਣ ਵਾਲੀਆਂ ਸਤਰਾਂ ਉਕਰੀਆਂ ; ਸੁਣਨ ਵਾਲੀਆਂ ਹਨ। ਅੱਜ ਦੀ ਫੁਖਰੀ, ਉਲਝੀ, ਮਸਤੀ ਅਤੇ ਬੇਹੁਦਰੀ ਪੀੜੀ ਨਸਲ ਜੋ ਮਾਪਿਆਂ ਦੀ ਬੇਕਦਰੀ ਕਰ ਰਹੀ ਹੈ ਉਨਾਂ ਲਈ ਬਹੁਤ ਵੱਡਾ ਸੁਨੇਹਾ ਹੈ : ਉਹ ਬਾਪੂ ਵਾਲੇ ਗੀਤ 'ਚ ਕਹਿੰਦਾ

ਬਾਕੀ ਸਫ਼ਾ 30 'ਤੇ

# ਰਾਸ਼ਟਰਮੰਡਲ ਖੇਡਾਂ ਵਿੱਚ ਭਾਰਤੀ ਖਿਡਾਰੀਆਂ ਦੀ ਕਾਰਗੁਜ਼ਾਰੀ

**ਸਰਬਜੀਤ ਕੌਰ ਸਰਬ**

ਭਾਰਤੀ ਜੂਡੋਕਾ ਐੱਲ. ਸ਼ੁਸ਼ੀਲਾ ਦੇਵੀ ਅਤੇ ਵਿਜੇ ਕੁਮਾਰ ਯਾਦਵ ਨੇ ਇਥੇ ਰਾਸ਼ਟਰਮੰਡਲ ਖੇਡਾਂ ਵਿਚ ਔਰਤਾਂ ਦੇ 48 ਕਿੱਲੋਗ੍ਰਾਮ ਅਤੇ ਪੁਰਸ਼ਾਂ ਦੇ 60 ਕਿੱਲੋਗ੍ਰਾਮ ਭਾਰ ਵਰਗ ਵਿਚ ਕ੍ਰਮਵਾਰ ਚਾਂਦੀ ਅਤੇ ਕਾਂਸੀ ਦੇ ਤਗਮੇ ਜਿੱਤੇ। 27 ਸਾਲਾ ਸ਼ੁਸ਼ੀਲਾ ਨੇ ਦੱਖਣੀ ਅਫਰੀਕਾ ਦੀ ਮਿਸ਼ੇਲਾ ਵਾਈਟਬੁਈ ਦੇ ਖ਼ਿਲਾਫ਼ 4.25 ਮਿੰਟ ਦੇ ਫਾਈਨਲ ਵਿਚ 'ਵਾਜ਼ਾ-ਏਰੀ' ਰਾਹੀਂ ਫਾਈਨਲ ਵਿਚ ਹਾਰਨ ਤੋਂ ਪਹਿਲਾਂ ਸਖ਼ਤ ਸੰਘਰਸ਼ ਕੀਤਾ, ਜਦੋਂਕਿ ਯਾਦਵ ਨੇ 'ਇਪੋਨ' ਨਾਲ ਸਾਈਪ੍ਰਸ ਦੇ ਪੈਟਰੋਸ ਕ੍ਰਿਸਟੋਡੌਲਿਡਜ਼ ਨੂੰ ਹਰਾਉਣ ਤੋਂ ਬਾਅਦ ਕਾਂਸੀ ਦੇ ਤਮਗੇ ਵਾਲੇ ਮੈਚ ਵਿਚ ਪ੍ਰਵੇਸ਼ ਕੀਤਾ ਸੀ। ਸ਼ੁਸ਼ੀਲਾ ਦਾ ਇਹ ਦੂਜਾ ਚਾਂਦੀ ਦਾ ਤਗਮਾ ਹੈ। ਉਹ 2014 ਗਲਾਸਗੋ ਖੇਡਾਂ ਦੀ ਵੀ ਉਪ ਜੇਤੂ ਹੈ। ਮਨੀਪੁਰ ਪੁਲਿਸ ਦੀ ਸਬ-ਇੰਸਪੈਕਟਰ ਸ਼ੁਸ਼ੀਲਾ ਨੇ ਮਾਰੀਸ਼ਸ ਦੀ ਪ੍ਰਿਸਿਲਾ ਮੋਰਾਂਡ ਨੂੰ ਹਰਾ ਕੇ ਫਾਈਨਲ ਵਿਚ ਪ੍ਰਵੇਸ਼ ਕੀਤਾ ਸੀ। ਉਸ ਨੇ ਦਿਨ ਦੇ ਸ਼ੁਰੂ ਵਿਚ ਆਪਣੇ ਕੁਆਰਟਰ ਫਾਈਨਲ ਵਿਚ ਪਹੁੰਚਣ ਲਈ ਮਲਾਵੀ ਦੀ ਹੈਰੀਏਟ ਬੋਨਫੇਸ ਨੂੰ ਹਰਾਇਆ ਸੀ। ਦੂਜੇ ਪਾਸੇ 26 ਸਾਲਾ ਯਾਦਵ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਆਪਣੇ ਵਿਰੋਧੀ ਦੀ ਗਲਤੀ ਦਾ ਫਾਇਦਾ ਉਠਾਉਂਦਿਆਂ ਉਸ ਨੂੰ 10 ਸਕਿੰਟ ਤੱਕ ਪਿੰਨ ਕਰਕੇ ਮੁਕਾਬਲਾ ਸਿਰਫ 58 ਸਕਿੰਟਾਂ ਵਿਚ ਹੀ ਖਤਮ ਕਰ ਦਿੱਤਾ। ਯਾਦਵ, ਜਿਸ ਨੇ 2018 ਅਤੇ 2019 'ਚ ਰਾਸ਼ਟਰਮੰਡਲ ਚੈਂਪੀਅਨਸ਼ਿਪ ਜਿੱਤੀ ਹੈ, ਕੁਆਰਟਰ ਫਾਈਨਲ ਵਿਚ ਆਸਟਰੇਲੀਆ ਦੇ ਜੋਸ਼ੂਆ ਕਾਟਜ਼ ਤੋਂ ਹਾਰ ਗਿਆ ਸੀ ਪਰ ਉਸ ਨੇ 60 ਕਿੱਲੋਗ੍ਰਾਮ ਦੇ ਰੀਪਚੇਜ ਵਿਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਡਾਇਲੌਨ ਉਤੇ 'ਵਾਜ਼ਾ ਏਰੀ' ਦੀ ਜਿੱਤ ਨਾਲ ਸਕਾਟਲੈਂਡ ਦੇ ਮੁਨਰੋ ਨਾਲ ਕਾਂਸੀ ਦੇ ਤਮਗੇ ਦੇ



ਮੁਕਾਬਲੇ ਵਿਚ ਪ੍ਰਵੇਸ਼ ਕੀਤਾ।

## ਹਰਜਿੰਦਰ ਕੌਰ ਨੇ ਭਾਰਤ ਨੂੰ ਦਿਵਾਇਆ ਕਾਂਸੀ ਦਾ ਤਮ.ਗਾ

ਭਾਰ ਤੋਲਕ ਹਰਜਿੰਦਰ ਕੌਰ ਨੇ ਬੀਬੀਆਂ ਦੇ 71 ਕਿਲੋਗ੍ਰਾਮ ਭਾਰ ਵਰਗ ਦੇ ਫਾਈਨਲ ਮੁਕਾਬਲੇ ਵਿਚ ਭਾਰਤ ਦੀ ਝੋਲੀ ਕਾਂਸੀ ਦਾ ਤਮਗ਼ਾ ਪਾਇਆ। ਫਾਈਨਲ ਮੁਕਾਬਲੇ ਵਿਚ ਨਾਈਜੀਰੀਆ ਦੀ ਭਾਰਤੋਲਕ ਜੋਇ ਈਜ਼ ਕਲੀਨ ਐਂਡ ਜਰਕ ਦਾ ਇਕ ਵੀ ਭਾਰ ਨਹੀਂ ਚੁੱਕ ਸਕੀ, ਜਿਸ ਨਾਲ ਭਾਰਤੀ ਭਾਰ ਤੋਲਕ ਹਰਜਿੰਦਰ ਕੌਰ ਨੂੰ ਕਾਂਸੀ ਦਾ ਤਮਗ਼ਾ ਮਿਲਿਆ। ਹਰਜਿੰਦਰ ਕੌਰ ਪੰਜਾਬ ਦੇ ਨਾਭਾ ਨਾਲ ਸਬੰਧਤ ਹੈ। ਹਰਜਿੰਦਰ ਦੇ ਕਾਂਸੀ ਦਾ ਤਮਗ਼ਾ ਜਿੱਤਣ ਤੋਂ ਬਾਅਦ ਉਨ੍ਹਾਂ ਦੇ ਜੱਦੀ ਨਿਵਾਸ ਉਤੇ ਖ਼ੁਸ਼ੀ ਦਾ ਮਾਹੌਲ ਹੈ। ਪੰਜਾਬ ਸਰਕਾਰ ਨੇ ਹਰਜਿੰਦਰ ਨੂੰ 40 ਲੱਖ ਰੁਪਏ ਨਗਦ ਇਨਾਮ ਦੇਣ ਦਾ ਐਲਾਨ ਕੀਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਟਵੀਟ ਕੀਤਾ, ਨਾਭਾ ਨੇੜਲੇ ਮੈਹਸ ਪਿੰਡ ਦੀ ਰਹਿਣ





ਵਾਲੀ ਹਰਜਿੰਦਰ ਕੌਰ ਨੂੰ ਤਗਮਾ ਜਿੱਤਣ 'ਤੇ ਵਧਾਈ। ਹਰਜਿੰਦਰ ਤੁਸੀਂ ਪੰਜਾਬ ਦੀਆਂ ਕੁੜੀਆਂ ਲਈ ਪ੍ਰੇਰਨਾ ਸਰੋਤ ਬਣੇ ਹੋ। ਤੁਹਾਡੇ ਮਾਤਾ-ਪਿਤਾ ਤੇ ਟਰੇਨਰਾਂ ਨੂੰ ਵੀ ਵਧਾਈ।' ਰਾਸ਼ਟਰਪਤੀ ਦਰੋਪਦੀ ਮੁਰਮੂ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੇਟਲਿਫਟਰ ਹਰਜਿੰਦਰ ਕੌਰ ਨੂੰ ਰਾਸ਼ਟਰਮੰਡਲ ਖੇਡਾਂ ਵਿਚ ਕਾਂਸੀ ਦਾ ਤਮਗ਼ਾ ਜਿੱਤਣ 'ਤੇ ਵਧਾਈ ਦਿੰਦਿਆਂ ਕਿਹਾ ਕਿ ਭਾਰਤੀ ਵੇਟਲਿਫਟਰਾਂ ਨੇ ਇਨ੍ਹਾਂ ਖੇਡਾਂ ਵਿਚ ਬੇਮਿਸਾਲ ਪ੍ਰਦਰਸ਼ਨ ਕੀਤਾ ਹੈ। ਰਾਸ਼ਟਰਪਤੀ ਮੁਰਮੂ ਨੇ ਕਿਹਾ ਕਿ ਕਈ ਅੜਿੱਕਿਆਂ ਨੂੰ ਪਾਰ ਕਰ ਕੇ ਇਸ ਮੁਕਾਮ ਉਤੇ ਪੁੱਜੀ ਹਰਜਿੰਦਰ ਦੀ ਕਹਾਣੀ ਸਾਰਿਆਂ ਨੂੰ ਪ੍ਰੇਰਿਤ ਕਰਨ ਵਾਲੀ ਹੈ। ਮੁਰਮੂ ਨੇ ਟਵੀਟ ਕੀਤਾ, 'ਹਰਜਿੰਦਰ ਕੌਰ ਨੂੰ ਰਾਸ਼ਟਰਮੰਡਲ ਖੇਡਾਂ ਵਿਚ ਕਾਂਸੀ ਦਾ ਤਮਗ਼ਾ ਜਿੱਤਣ 'ਤੇ ਵਧਾਈ। ਉਹ ਆਪਣੀ ਜ਼ਿੰਦਗੀ ਦੇ ਕਈ ਅੜਿੱਕਿਆਂ ਨੂੰ ਪਾਰ ਕਰ ਕੇ ਇਸ ਮੁਕਾਮ ਉਤੇ ਪਹੁੰਚੀ।' ਇਹ ਸਾਰਿਆਂ ਲਈ ਪ੍ਰੇਰਨਾਦਾਇਕ ਕਹਾਣੀ ਹੈ।

## ਵੇਟਲਿਫਟਿੰਗ ਵਿਚ ਅਚਿੰਤਾ ਸ਼ੇਉਲੀ ਨੇ ਤੀਜਾ ਸੋਨ ਤਮ.ਗਾ ਜਿਤਿਆ

ਅਚਿੰਤਾ ਸ਼ੇਉਲੀ ਨੇ ਰਾਸ਼ਟਰਮੰਡਲ ਖੇਡਾਂ 'ਵਿਚ ਵੇਟਲਿਫਟਿੰਗ ਵਿੱਚ ਭਾਰਤ ਦੀ ਸੁਨਹਿਰੀ ਮੁਹਿੰਮ ਜਾਰੀ ਰੱਖਦਿਆਂ ਪੁਰਸ਼ਾਂ ਦੇ 73 ਕਿਲੋ ਵਰਗ ਵਿੱਚ ਨਵਾਂ ਰਿਕਾਰਡ ਬਣਾਉਂਦਿਆਂ ਤੀਜਾ ਸੋਨ ਤਮਗ਼ਾ ਜਿੱਤਿਆ। ਇਸ ਤੋਂ ਪਹਿਲਾਂ ਟੋਕੀਓ ਓਲੰਪਿਕ ਦੀ ਚਾਂਦੀ ਦਾ ਤਮਗ਼ਾ ਜੇਤੂ ਮੀਰਾਬਾਈ ਚਾਨੂ ਅਤੇ ਜੇਰੇਮੀ ਲਾਲਰਿੰਨੁੰਗਾ ਨੇ ਭਾਰਤ ਨੂੰ ਵੇਟਿੰਗ ਵਿੱਚ ਸੋਨ ਤਮਗੇ ਦਿਵਾਏ ਸਨ। ਪੱਛਮੀ ਬੰਗਾਲ ਦੇ 21 ਸਾਲਾ ਸ਼ੇਉਲੀ ਨੇ ਸਨੈਚ ਵਿੱਚ 143 ਕਿਲੋਗ੍ਰਾਮ ਵਜ਼ਨ ਚੁੱਕ ਕੇ ਰਾਸ਼ਟਰਮੰਡਲ ਖੇਡਾਂ ਵਿੱਚ ਨਵਾਂ ਰਿਕਾਰਡ ਬਣਾਇਆ। ਉਨ੍ਹਾਂ ਕਲੀਨ ਐਂਡ ਜਰਕ ਵਿੱਚ 170 ਕਿਲੋਗ੍ਰਾਮ ਸਮੇਤ ਕੁਲ 313 ਕਿਲੋ ਵਜ਼ਨ ਚੁੱਕ ਕੇ ਰਾਸ਼ਟਰਮੰਡਲ ਖੇਡਾਂ ਦਾ ਰਿਕਾਰਡ ਆਪਣੇ ਨਾਂ ਕੀਤਾ। ਮਲੇਸ਼ੀਆ ਦੇ ਹਦਾਇਤ ਮੁਹੰਮਦ ਨੇ ਚਾਂਦੀ ਅਤੇ ਕੈਨੇਡਾ ਦੇ ਸ਼ਾਦ ਡਾਰਸਿਗਨੀ ਨੇ ਕਾਂਸੀ ਦਾ ਤਮਗ਼ਾ ਜਿੱਤਿਆ। ਉਨ੍ਹਾਂ ਨੇ ਕ੍ਰਮਵਾਰ 303 ਅਤੇ 298 ਕਿਲੋਗ੍ਰਾਮ ਵਜ਼ਨ ਚੁੱਕਿਆ।

ਭਾਰਤ ਦੇ ਭਾਰਤੋਲਕਾਂ ਨੇ ਬਿਹਤਰੀਨ ਪ੍ਰਦਰਸ਼ਨ ਕੀਤਾ ਜਿੱਥੇ ਪਹਿਲਾਂ ਜੇਰੇਮੀ ਲਾਲਰਿਨੁੰਗਾ ਨੇ ਭਾਰਤ ਲਈ ਦੂਸਰਾ ਸੋਨ ਤਮਗ਼ਾ ਜਿੱਤਿਆ, ਉੱਥੇ ਇਸ ਤੋਂ ਬਾਅਦ 73 ਕਿਲੋ ਵਰਗ ਵਿਚ ਅਚਿੰਤਾ ਸ਼ਿਊਲੀ ਨੇ ਭਾਰਤ ਲਈ ਤੀਸਰਾ ਸੋਨ ਤਮਗ਼ਾ ਜਿੱਤਿਆ। ਇਸ ਤੋਂ ਇਲਾਵਾ ਬਿੰਦੀਆਰਾਣੀ ਦੇਵੀ ਨੇ ਔਰਤਾਂ ਦੇ 55 ਕਿਲੋ ਵਰਗ ਵਿਚ ਚਾਂਦੀ ਦਾ ਤਮਗ਼ਾ ਜਿੱਤਿਆ। 20 ਸਾਲ ਦੇ ਪੱਛਮੀ ਬੰਗਾਲ ਦੇ ਅਚਿੰਤਾ ਨੇ ਆਪਣੀਆਂ ਪਹਿਲੀਆਂ ਹੀ ਰਾਸ਼ਟਰਮੰਡਲ ਖੇਡਾਂ ਵਿਚ 313 (143 ਕਿਲੋ+170 ਕਿਲੋ) ਕਿਲੋਗ੍ਰਾਮ ਵਜ਼ਨ ਚੁੱਕ ਕੇ ਰਾਸ਼ਟਰਮੰਡਲ ਖੇਡਾਂ ਦਾ ਰਿਕਾਰਡ ਬਣਾਇਆ। ਇਸ ਤੋਂ ਪਹਿਲਾਂ ਮੁਕਾਬਲੇ ਦੌਰਾਨ ਸੱਟ ਲੱਗਣ ਦੇ ਬਾਵਜੂਦ ਜੇਰੇਮੀ ਨੇ ਖੇਡਾਂ ਦੇ ਦੋ ਰਿਕਾਰਡ ਤੋੜਦਿਆਂ ਸੋਨ ਤਮਗੇ 'ਤੇ ਕਬਜ਼ਾ ਕੀਤਾ। 2018 ਦੇ ਯੂਥ ਉਲੰਪਿਕ ਚੈਂਪੀਅਨ ਜੇਰੇਮੀ ਨੇ ਲੜਕਿਆਂ ਦੇ 67 ਕਿਲੋਗ੍ਰਾਮ ਭਾਰ ਵਰਗ ਦੇ ਮੁਕਾਬਲੇ 'ਚ ਕੁੱਲ 300 ਕਿਲੋਗ੍ਰਾਮ (140 ਕਿਲੋ+160 ਕਿਲੋ) ਵਜ਼ਨ ਚੁੱਕਿਆ। ਸਮੋਆ ਦੇ ਭਾਰਤੋਲਕ ਵੈਪਾਵਾ ਨੇਵੋ ਲੋਆਨੇ ਨੇ ਕੁੱਲ 293 ਕਿਲੋਗ੍ਰਾਮ ਵਜ਼ਨ ਚੁੱਕ ਕੇ ਚਾਂਦੀ ਦਾ ਜਦਕਿ ਨਾਈਜ਼ੀਰੀਆ ਦੇ ਐਡੀਡੀਉਂਗ ਜੋਸਫ ਉਮੋਫੀਆ ਨੇ ਕੁੱਲ 290 ਕਿਲੋਗ੍ਰਾਮ ਵਜ਼ਨ ਚੁੱਕ ਕੇ ਕਾਂਸੀ ਦਾ ਤਮਗ਼ਾ ਜਿੱਤਿਆ। ਆਈਜ਼ੋਲ ਦੇ 19 ਸਾਲਾ ਨੌਜਵਾਨ ਜੇਰੇਮੀ ਨੇ ਸਨੈਚ 'ਚ 140 ਕਿਲੋਗ੍ਰਾਮ ਅਤੇ ਕੁੱਲ 300 ਕਿਲੋਗ੍ਰਾਮ ਵਜ਼ਨ ਚੁੱਕ ਕੇ ਖੇਡਾਂ ਦਾ ਰਿਕਾਰਡ ਆਪਣੇ ਨਾਂਅ ਕੀਤਾ। ਰਾਸ਼ਟਰ ਪੱਧਰੀ ਮੁੱਕੇਬਾਜ਼ ਲਾਲਨੀਹਤਲੁਆਂਗਾ ਦਾ ਬੇਟਾ ਜੇਰੇਮੀ ਲਾਲਰਿਨੁੰਗਾ ਵੀ ਪਹਿਲਾਂ ਮੁੱਕੇਬਾਜ਼ ਬਣਨ ਦੀ ਇੱਛਾ ਰੱਖਦਾ ਸੀ ਪਰ ਫਿਰ ਉਹ ਭਾਰਤੋਲਕ ਬਣ ਗਿਆ।

ਦੂਜੇ ਪਾਸੇ 23 ਸਾਲਾ ਭਾਰਤੀ ਮਹਿਲਾ ਭਾਰਤੋਲਕ ਬਿੰਦਿਆਰਾਣੀ ਨੇ ਕੁੱਲ 202 ਕਿਲੋਗ੍ਰਾਮ ਵਜ਼ਨ ਚੁੱਕਿਆ। ਉਸ ਨੇ ਕਲੀਨ ਤੇ ਜਰਕ 'ਚ 116 ਕਿਲੋਗ੍ਰਾਮ ਵਜ਼ਨ ਚੁੱਕ ਕੇ ਖੇਡਾਂ ਦਾ ਰਿਕਾਰਡ ਬਣਾਇਆ ਅਤੇ ਸਨੈਚ ਵਿਚ 86 ਕਿਲੋਗ੍ਰਾਮ ਵਜ਼ਨ ਚੁੱਕਿਆ। ਇਸ ਭਾਰ ਵਰਗ ਵਿਚ ਸੋਨ ਤਗਮਾ ਨਾਈਜੀਰੀਆ ਦੀ ਅਦੀਜਾਤ ਅਦੇਨਾਈਕ ਓਲਾਰੀਨੋਏ ਨੇ ਜਿੱਤਿਆ, ਜਿਸ ਨੇ ਕੁੱਲ 203 ਕਿਲੋਗ੍ਰਾਮ ਵਜ਼ਨ ਚੁੱਕਿਆ। ਮੀਰਾਬਾਈ ਚਾਨੂੰ ਨੇ ਸੋਨ, ਸੰਕੇਤ ਸਰਗਰ ਨੇ ਚਾਂਦੀ ਅਤੇ ਗੁਰੂਰਾਜ ਪੁਜਾਰੀ ਨੇ ਕਾਂਸੀ ਦਾ ਤਮਗ਼ਾ ਜਿੱਤ ਚੁਕੇ ਹਨ।

## ਜੇਰੇਮੀ ਲਾਲਰਿਨੁੰਗਾ ਨੇ ਭਾਰਤ ਦੀ ਝੋਲੀ 'ਚ ਪੰਜਵਾਂ ਤਮ.ਗਾ ਪਾਇਆ

ਭਾਰਤੀ ਨੌਜਵਾਨ ਵੇਟਲਿਫਟਰ ਜੇਰੇਮੀ ਲਾਲਰਿਨੁੰਗਾ (weightlifter Jeremy Lalrinunga ) ਨੇ ਰਾਸ਼ਟਰਮੰਡਲ ਖੇਡਾਂ 2022 (3⇒7 2022) ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। 19 ਸਾਲਾ ਵੇਟਲਿਫਟਰ ਨੇ ਪੁਰਸ਼ਾਂ ਦੇ 67 ਕਿਲੋ ਭਾਰ ਵਰਗ ਵਿੱਚ ਸੋਨ ਤਗਮਾ (weightlifter Jeremy Lalrinunga Won Gold Medal) ਜਿੱਤਿਆ। ਰਾਸ਼ਟਰਮੰਡਲ ਖੇਡਾਂ 2022 ਵਿੱਚ ਭਾਰਤ ਦਾ ਇਹ ਦੂਜਾ ਸੋਨ ਤਗਮਾ ਹੈ। ਲਾਲਰਿਨੁੰਗਾ ਦੀ 300 ਕਿਲੋਗ੍ਰਾਮ (140+160 ਕਿਲੋਗ੍ਰਾਮ) ਭਾਰ ਚੁੱਕਣ ਦੀ ਕੋਸ਼ਿਸ਼ ਰਾਸ਼ਟਰਮੰਡਲ ਖੇਡਾਂ ਵਿੱਚ ਸੋਨਾ ਜਿੱਤਣ ਵਿੱਚ ਸਫਲ ਰਹੀ। ਜੇਰੇਮੀ ਨੇ ਚਾਰ ਸਾਲਾਂ 'ਚ ਤੀਜੀ ਵਾਰ ਤਿਰੰਗੇ ਦੀ ਸ਼ਾਨ ਨੂੰ ਉੱਚਾ ਕੀਤਾ ਹੈ। 2018 ਯੂਥ ਓਲੰਪਿਕ ਵਿੱਚ ਸੋਨ ਤਮਗੇ ਤੋਂ ਇਲਾਵਾ ਉਸ ਨੇ ਪਿਛਲੇ ਸਾਲ ਰਾਸ਼ਟਰਮੰਡਲ ਖੇਡਾਂ ਵਿੱਚ ਵੀ ਸੋਨ ਤਗਗਾ ਜਿੱਤਿਆ ਸੀ। ਹੁਣ ਉਸ ਤੋਂ ਪੈਰਿਸ ਓਲੰਪਿਕ 2024 ਵਿਚ ਸੋਨ ਤਮਗ਼ਾ ਜਿੱਤਣ ਦੀ ਉਮੀਦ ਹੈ।

ਭਾਰਤ ਦੇ ਹੈਵੀਵੇਟ ਵੇਟਲਿਫਟਰ ਵਿਕਾਸ ਠਾਕੁਰ ਨੇ 96 ਕਿਲੋਗ੍ਰਾਮ ਵਰਗ ਵਿਚ ਚਾਂਦੀ ਦਾ ਤਮਗ਼ਾ ਜਿੱਤਿਆ। ਠਾਕੁਰ ਨੇ ਕੁੱਲ 346 ਕਿਲੋ (155 ਕਿਲੋ ਤੇ 191 ਕਿਲੋ) ਵਜ਼ਨ ਚੁੱਕ ਕੇ ਦੂਜਾ ਸਥਾਨ ਹਾਸਲ ਕੀਤਾ। ਠਾਕੁਰ ਦਾ ਰਾਸ਼ਟਰਮੰਡਲ ਖੇਡਾਂ ਵਿਚ ਇਹ ਦੂਜਾ ਚਾਂਦੀ ਦਾ ਤਮਗ਼ਾ ਹੈ। ਉਹ 2014 ਗਲਾਸਗੋ ਖੇਡਾਂ ਵਿਚ ਵੀ ਦੂਜੇ ਸਥਾਨ ਉਤੇ ਰਹੇ ਸਨ। ਜਦਕਿ ਗੋਲਡ ਕੋਸਟ ਵਿਚ 2018 ਵਿਚ ਉਨ੍ਹਾਂ ਕਾਂਸੀ ਦਾ ਤਮਗ਼ਾ ਜਿੱਤਿਆ ਸੀ। ਸਮੋਆ ਦੇ ਡੌਨ ਓਪੇਲੋਗੇ ਨੇ ਕੁੱਲ 381 ਕਿਲੋ ਵਜ਼ਨ ਚੁੱਕ ਕੇ ਰਿਕਾਰਡ ਤੋੜ ਪ੍ਰਦਰਸ਼ਨ ਨਾਲ ਸੋਨ ਤਮਗ਼ਾ ਜਿੱਤਿਆ ਤੇ ਆਪਣੇ 2018 ਦੇ ਪ੍ਰਦਰਸ਼ਨ ਨੂੰ ਸੁਧਾਰਿਆ। ਫਿਜੀ ਦੇ ਵੇਟਲਿਫਟਰ ਨੇ ਕਾਂਸੀ ਦਾ ਤਮਗ਼ਾ ਆਪਣੇ ਨਾਂ ਕੀਤਾ। ਠਾਕੁਰ ਨੇ ਸਨੈਚ ਵਿਚ ਤਿੰਨ ਕੋਸ਼ਿਸ਼ਾਂ ਵਿਚ 149 ਕਿਲੋ, 153 ਕਿਲੋ ਤੇ 155 ਕਿਲੋ ਵਜ਼ਨ ਉਠਾ ਕੇ ਤਮਗਾ ਜਿੱਤਿਆ ਹੈ।



ਲਵਪ੍ਰੀਤ ਸਿੰਘ ਨੇ ਰਾਸ਼ਟਰਮੰਡਲ ਖੇਡਾਂ ਵਿੱਚ ਵੇਟਲਿਫਟਿੰਗ ਵਿੱਚ ਪੁਰਸ਼ਾਂ ਦੇ 109 ਕਿਲੋਗ੍ਰਾਮ ਮੁਕਾਬਲੇ ਵਿੱਚ ਕਾਂਸੀ ਦਾ ਤਗਮਾ ਜਿੱਤਿਆ। ਉਸ ਨੇ ਕੁੱਲ 355 ਕਿਲੋ ਭਾਰ ਚੁੱਕਿਆ।


ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਈਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਅਜਨਬੀ...

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਭਾਗ-7



**ਲੇਖਕ : ਆਲਬੇਅਰ ਕਾਮੂ**



**ਅਨੁਵਾਦ : ਮਹਿੰਦਰ ਬੇਦੀ, ਜੈਤੋ**

ਅਰਬਾਂ ਦੀ ਚਾਲ ਬਹੁਤੀ ਤੇਜ਼ ਨਹੀਂ ਸੀ, ਪਰ ਹੁਣ ਉਹ ਸਾਡੇ ਕਾਫ਼ੀ ਨੇੜੇ ਆ ਗਏ ਸਨ। ਰੇਮੰਡ ਬੋਲਿਆ, 'ਦੇਖੋ, ਜੇ ਕੋਈ ਝਗੜਾ ਟੰਟਾ ਹੋਏ ਤਾਂ ਮੈਸਨ ਤੂੰ ਦੂਜੇ ਨੂੰ ਸੰਭਾਲ ਲਵੀਂ। ਆਪਣੇ ਵਾਲੇ ਨੂੰ ਮੈਂ ਸਮਝ ਲਵਾਂਗਾ। ਤੇ ਮਯੋਰਸੋਲ, ਤੁਸੀਂ ਮਦਦ ਲਈ ਤਿਆਰ ਰਹਿਣਾ। ਜੇ ਕੋਈ ਤੀਜਾ ਆਏ ਤਾਂ ਉਸ ਨਾਲ ਨਿੱਬੜਨਾ।'

'ਠੀਕ ਏ,' ਮੈਂ ਕਿਹਾ। ਮੈਸਨ ਨੇ ਹੱਥ ਜੇਬਾਂ ਵਿਚ ਪਾ ਲਏ।

ਰੇਤ ਅੱਗ ਵਾਂਗੂੰ ਤਪ ਰਹੀ ਸੀ। ਮੈਨੂੰ ਸੰਧੂਰ ਵਾਂਗੂੰ ਦਹਿਕਦੀ ਹੋਈ ਲੱਗੀ। ਸਾਡੇ ਤੇ ਅਰਬਾਂ ਵਿਚਕਾਰਲਾ ਫ਼ਾਸਲਾ ਥੋੜਾ ਈ ਰਹਿ ਗਿਆ ਤਾਂ ਉਹ ਦੋਵੇਂ ਰੁਕ ਗਏ। ਮੈਂ ਤੇ ਮੈਸਨ ਨੇ ਚਾਲ ਧੀਮੀ ਕਰ ਦਿੱਤੀ। ਰੇਮੰਡ ਸਿੱਧਾ ਆਪਣੇ ਵਾਲੇ ਅਰਬ ਦੇ ਸਾਹਮਣੇ ਜਾ ਪਹੁੰਚਿਆ। ਉਸਨੇ ਕੀ ਕਿਹਾ, ਇਹ ਤਾਂ ਸੁਣਾਈ ਨਹੀਂ ਦਿੱਤਾ, ਪਰ ਦੇਖਿਆ, ਅਰਬ ਨੇ ਆਪਣਾ ਸਿਰ ਕੁਝ ਇਸ ਤਰਾਂ ਝੁਕਾਇਆ, ਜਿਵੇਂ ਰੇਮੰਡ ਦੀ ਛਾਤੀ 'ਤੇ ਵਾਰ ਕਰਨ ਵਾਲਾ ਹੋਵੇ। ਮੈਸਨ ਨੂੰ ਆਵਾਜ਼ ਮਾਰ ਕੇ ਰੇਮੰਡ ਚੀਤੇ ਵਾਂਗ ਉਸ 'ਤੇ ਟੁੱਟ ਪਿਆ। ਉੱਧਰ ਮੈਸਨ ਆਪਣੇ ਸ਼ਿਕਾਰ 'ਤੇ ਝਪਟਿਆ ਤੇ ਪੂਰੀ ਤਾਕਤ ਨਾਲ ਦੋ ਘਸੁੰਨ ਅਜਿਹੇ ਛੰਡੇ ਕਿ ਉਹ ਕੱਟੇ ਰੁੱਖ ਵਾਂਗ ਪਾਣੀ ਵਿਚ ਮੂਧੇ ਮੂੰਹ ਜਾ ਡਿੱਗਿਆ। ਕੁਝ ਚਿਰ ਓਵੇਂ ਈ ਅਹਿਲ ਪਿਆ-ਪਿਆ ਆਪਣੇ ਸਿਰ ਦੇ ਚਾਰੇ-ਪਾਸੇ ਪਾਣੀ ਦੀ ਸਤਹਿ 'ਤੇ ਬੁਲਬੁਲੇ ਛੱਡਦਾ ਰਿਹਾ। ਇੱਧਰ ਰੇਮੰਡ ਆਪਣੇ ਵਾਲੇ ਆਦਮੀ ਦੇ ਦਨਾਦਨ ਮਾਰੀ ਜਾ ਰਿਹਾ ਸੀ। ਉਸਦੇ ਸਾਰੇ ਚਿਹਰੇ 'ਤੇ ਖ਼ੂਨ ਦੀਆਂ ਧਾਰੀਆਂ ਵਹਿ ਰਹੀਆਂ ਸਨ। ਉਸਨੇ ਕੁਣੱਖਾ-ਜਿਹਾ ਮੇਰੇ ਵੱਲ ਦੇਖ ਕੇ ਕਿਹਾ, 'ਜ਼ਰਾ ਨਿਗਾਹ ਰੱਖੀਂ, ਬੱਸ ਥੋੜੀ ਕੁ ਕਸਰ ਬਾਕੀ ਰਹਿ ਗਈ ਐ।'

'ਓਇ ਦੇਖੀਂ, ਦੇਖੀਂ,' ਮੈਂ ਕੂਕਿਆ, 'ਚਾਕੂ ! ਚਾਕੂ !' ਪਰ ਅਫ਼ਸੋਸ ਤੀਰ, ਕਮਾਨੋਂ ਨਿਕਲ ਚੁੱਕਿਆ ਸੀ। ਅਰਬ ਨੇ 'ਪੱਚ-ਪੱਚ' ਰੇਮੰਡ ਦੀ ਬਾਂਹ ਤੇ ਮੂੰਹ ਵਿੰਨ ਦਿੱਤੇ।

ਮੈਸਨ ਬੁੜਕ ਕੇ ਸਾਹਮਣੇ ਆ ਗਿਆ। ਦੂਜਾ ਅਰਬ ਪਾਣੀ ਵਿਚੋਂ ਨਿਕਲ ਕੇ ਚਾਕੂ ਵਾਲੇ ਦੀ ਓਟ ਵਿਚ ਖੜਾ ਸੀ। ਸਾਡੇ ਵਿਚੋਂ ਕਿਸੇ ਦੀ ਹਿੰਮਤ ਨਹੀਂ ਸੀ ਪਈ ਕਿ ਆਪਣੀ ਜਗਾ ਤੋਂ ਹਿੱਲੀਏ। ਦੋਵੇਂ ਅਰਬ ਸਾਡੇ ਵੱਲ ਚਾਕੂ ਤਾਣੀ, ਸਾਨੂੰ ਇਕਟੱਕ, ਦੇਖਦੇ ਹੋਏ ਹੌਲੀ-ਹੌਲੀ ਪਿੱਛੇ ਹਟਣ ਲੱਗੇ। ਜਦੋਂ ਏਨੀ ਦੂਰ ਪਹੁੰਚ ਗਏ ਕਿ ਖ਼ਤਰਾ ਨਾ ਰਿਹਾ ਤਾਂ ਝਟਕੇ ਨਾਲ ਪਲਟੇ ਤੇ ਸਿਰ 'ਤੇ ਪੈਰ ਰੱਖ ਕੇ ਭੱਜ ਪਏ। ਧੁੱਪ ਸਿਰ ਉੱਤੇ ਧੱਫੇ ਮਾਰ ਰਹੀ ਸੀ ਤੇ ਅਸੀਂ ਲੋਕ ਸਿਲ-ਪੱਥਰ ਹੋਏ ਖੜੇ ਸੀ। ਰੇਮੰਡ ਦੀ ਜ਼ਖ਼ਮੀ ਬਾਂਹ ਵਿਚੋਂ ਖ਼ੂਨ ਵਗ ਰਿਹਾ ਸੀ। ਉਸਨੇ ਕੁਹਣੀ ਤੋਂ ਉੱਤੋਂ ਬਾਂਹ ਨੂੰ ਜ਼ੋਰ ਨਾਲ ਭੀਚ ਲਿਆ ਸੀ।

ਮੈਸਨ ਨੇ ਇਕ ਡਾਕਟਰ ਬਾਰੇ ਦੱਸਿਆ ਕਿ ਉਹ ਹਮੇਸ਼ਾ ਐਤਵਾਰ ਦੀ ਛੁੱਟੀ ਇੱਥੇ ਸਮੁੰਦਰ ਤਟ 'ਤੇ ਆ ਕੇ ਬਿਤਾਉਂਦਾ ਏ। ਰੇਮਡ ਨੇ ਕਿਹਾ, 'ਫੇਰ ਤਾਂ ਠੀਕ ਐ। ਸਿੱਧੇ ਓਥੇ ਚੱਲਦੇ ਆਂ।' ਅਜੇ ਗੱਲ ਪੂਰੀ ਵੀ ਨਹੀਂ ਸੀ ਹੋਈ ਕਿ ਮੂੰਹ ਵਾਲੇ ਜ਼ਖ਼ਮ ਵਿਚੋਂ ਖ਼ੂਨ ਦੇ ਬੁਲਬੁਲੇ ਫੁੱਟ ਨਿਕਲੇ।

ਇੱਧਰ-ਉੱਧਰ ਅਸੀਂ ਦੋਵਾਂ ਨੇ ਉਸਨੂੰ ਮੋਢਿਆਂ ਦਾ ਸਹਾਰਾ ਦਿੱਤਾ ਤੇ ਬੰਗਲੇ 'ਚ ਲੈ ਆਏ। ਇੱਥੇ ਆ ਗਏ ਤਾਂ ਰੇਮੰਡ ਕਹਿਣ ਲੱਗਾ ਕਿ ਜ਼ਖ਼ਮ ਏਨੇ ਬਹੁਤੇ ਡੂੰਘੇ ਨਹੀਂ ਤੇ ਉਹ ਖ਼ੁਦ ਈ ਡਾਕਟਰ ਕੋਲ ਚਲਾ ਜਾਵੇਗਾ। ਦੇਖਦੇ ਈ ਦੇਖਦੇ ਮੇਰਾ ਚਿਹਰਾ ਤਾਂ ਫਿੱਕਾ ਪੈ ਗਿਆ, ਤੇ ਸ਼੍ਰੀਮਤੀ ਮੈਸਨ ਨੇ ਰੋਣਾ ਸ਼ੁਰੂ ਕਰ ਦਿੱਤਾ।

ਮੈਸਨ ਤੇ ਰੇਮੰਡ ਡਾਕਟਰ ਵੱਲ ਚਲੇ ਗਏ। ਔਰਤਾਂ ਨੂੰ ਸਾਰੀ ਗੱਲ ਸਮਝਾਉਣ ਲਈ ਮੈਂ ਬੰਗਲੇ 'ਚ ਈ ਰਹਿ ਗਿਆ, ਪਰ ਇਸ ਕੰਮ ਵਿਚ ਮਨ ਨਾ ਲੱਗਾ। ਥੋੜੇ ਚਿਰ ਵਿਚ ਸਾਰਾ ਜੋਸ਼ ਠੰਢਾ ਹੋ ਗਿਆ, ਇਸ ਲਈ ਸਮੁੰਦਰ ਵੱਲ ਦੇਖਦਾ ਹੋਇਆ ਸਿਗਰਟ ਫੂਕਣ ਲੱਗਾ।

ਰੇਮੰਡ ਨੂੰ ਲੈ ਕੇ ਮੈਸਨ ਡੇਢ ਦੇ ਕਰੀਬ ਵਾਪਸ ਆਇਆ। ਬਾਂਹ 'ਤੇ ਪੱਟੀ ਬੰਨੀ ਸੀ ਤੇਂ ਮੂੰਹ ਦੇ ਇਕ ਪਾਸੇ, ਚਿਪਕਾਉਣ ਵਾਲੇ ਪਲਸਤਰ ਦੀ ਚੇਪੀ ਲੱਗੀ ਸੀ। ਡਾਕਟਰ ਨੇ ਦੱਸਿਆ ਸੀ ਕਿ ਫਿਕਰ ਵਾਲੀ ਕੋਈ ਗੱਲ ਨਹੀਂ ਏਂ, ਪਰ ਰੇਮੰਡ ਦਾ ਚਿਹਰਾ ਬੜਾ ਉੱਤਰਿਆ ਹੋਇਆ ਲੱਗਦਾ ਸੀ। ਮੈਸਨ ਨੇ ਉਸਨੂੰ ਹਸਾਉਣ ਦੀ ਬੜੀ ਕੋਸ਼ਿਸ਼ ਕੀਤੀ, ਪਰ ਕੋਈ ਅਸਰ ਨਹੀਂ ਹੋਇਆ।

ਅਚਾਨਕ ਰੇਮੰਡ ਬੋਲਿਆ, 'ਮੈਂ ਜ਼ਰਾ ਸਮੁੰਦਰ ਵੱਲ ਇਕ ਚੱਕਰ ਲਾ ਆਵਾਂ।' ਮੈਂ ਪੁੱਛਿਆ ਕਿ ਉਸਦਾ ਇਰਾਦਾ ਕਿਸ ਪਾਸੇ ਜਾਣ ਦਾ ਏ, ਤਾਂ 'ਤਾਜ਼ੀ ਹਵਾ ਖਾ ਆਵਾਂ' ਵਰਗੀ ਕੋਈ ਗੱਲ ਉਸਨੇ ਮੂੰਹ ਈ ਮੂੰਹ ਵਿਚ ਕਹੀ ਸੀ। ਮੈਂ ਤੇ ਮੈਸਨ ਨੇ ਵੀ ਨਾਲ ਜਾਣ ਲਈ ਕਿਹਾ ਤਾਂ ਉਹ ਆਪੇ 'ਚੋਂ ਬਾਹਰ ਹੋ ਗਿਆ, ਬੋਲਿਆ, 'ਤੁਸੀਂ ਲੋਕ ਆਪਣਾ ਕੰਮ ਕਰੋ।' ਮੈਸਨ ਕਹਿਣ ਲੱਗਾ ਕਿ ਰੇਮੰਡ ਦੀ ਜੋ ਹਾਲਤ ਏ, ਉਸ ਵਿਚ ਜ਼ਿਆਦਾ ਜ਼ਿਦ ਕਰਨਾ ਠੀਕ ਨਹੀਂ। ਖ਼ੈਰ, ਜਦੋਂ ਉਹ ਨਿਕਲ ਗਿਆ ਤਾਂ ਮੈਂ ਪਿੱਛੇ ਹੋ ਲਿਆ।

ਬਾਹਰ ਤਾਂ ਜਿਵੇਂ ਭੱਠ ਤਪ ਰਿਹਾ ਸੀ। ਰੇਤ ਤੇ ਪਾਣੀ ਉੱਤੇ ਧੁੱਪ ਨੇ ਜਿਵੇਂ ਅੱਗ ਦੀਆਂ ਲਾਪਰੀਆਂ ਲਪਟਾਂ ਦਾ ਚੰਦੋਆ ਵਿਛਾਅ ਦਿੱਤਾ ਹੋਵੇ। ਅਸੀਂ ਕਾਫ਼ੀ ਦੇਰ ਤੁਰਦੇ ਰਹੇ। ਲੱਗਿਆ, ਰੇਮੰਡ ਕਿਸੇ ਮਿਥੇ ਨਿਸ਼ਾਨੇ ਵੱਲ ਜਾ ਰਿਹਾ ਏ। ਘੱਟੋਘੱਟ ਉਸਨੂੰ ਪਤਾ ਜ਼ਰੂਰ ਏ ਕਿ ਜਾ ਕਿੱਥੇ ਰਿਹਾ ਏ-ਪਰ ਹੋ ਸਕਦਾ ਏ ਮੈਨੂੰ ਉਂਜ ਈ ਭਰਮ ਹੋ ਗਿਆ ਹੋਵੇ।

ਤਟ ਜਿੱਥੇ ਸਮਾਪਤ ਹੁੰਦਾ ਏ, ਉੱਥੇ ਪਾਣੀ ਦੀ ਇਕ ਪਤਲੀ-ਜਿਹੀ ਧਾਰ ਏ। ਇਹ ਧਾਰ ਵੱਡੀ ਚਟਾਨ ਦੇ ਪਿੱਛੋਂ ਨਿਕਲ ਕੇ ਰੇਤ ਵਿਚ ਨਾਲੀ-ਜਿਹੀ ਬਣਾਉਂਦੀ ਸਮੁੰਦਰ ਵਿਚ ਜਾ ਮਿਲੀ ਏ। ਇੱਥੇ ਦੇਖਿਆ, ਆਪਣੇ ਉਹੀ ਦੋਵੇਂ ਅਰਬ, ਨੀਲੀਆਂ-ਨੀਲੀਆਂ ਕੰਥੀਆਂ ਪਾਈ ਰੇਤ ਤੇ ਲੇਟੇ ਹੋਏ ਨੇ। ਇਸ ਸਮੇਂ ਤਾਂ ਏਨੇ ਸੀਲ ਲੱਗਦੇ ਨੇ ਜਿਵੇਂ ਉਨਾਂ ਦੇ ਮਨ ਵਿਚ ਕੋਈ ਹਿੰਸ਼ਾ-ਦਵੈਤ ਹੋਵੇ ਈ ਨਾ। ਸਾਨੂੰ ਆਪਣੇ ਵੱਲ ਆਉਂਦੇ ਦੇਖ ਕੇ ਵੀ ਹਿੱਲੇ, ਡੋਲੇ ਨਹੀਂ। ਜਿਸਨੇ ਰੇਮੰਡ ਨੂੰ ਜ਼ਖ਼ਮੀ ਕੀਤਾ ਸੀ, ਉਹ ਬਿਨਾਂ ਮੂੰਹੋਂ ਕੁਝ ਬੋਲੇ ਉਸ ਵੱਲ ਇਕਟੱਕ ਦੇਖ ਰਿਹਾ ਸੀ। ਦੂਜਾ ਛੋਟੀ-ਜਿਹੀ ਬੰਸਰੀ 'ਤੇ ਸਰਗਮ ਦੇ ਤਿੰਨ ਸੁਰ ਵਜਾ ਰਿਹਾ ਸੀ। ਸਾਡੇ ਵੱਲ ਕੁਣੱਖਾ-ਜਿਹਾ ਝਾਕਦਾ ਹੋਇਆ, ਉਹ ਵਾਰ-ਵਾਰ ਇਹੀ ਸੁਰ ਵਜਾਉਂਦਾ ਰਿਹਾ।

ਕੁਝ ਚਿਰ ਕੋਈ ਵੀ ਨਾ ਹਿੱਲਿਆ। ਉਨਾਂ ਤਿੰਨਾਂ ਸੁਰਾਂ ਤੇ ਝਰਨੇ ਦੀ ਕਲ-ਕਲ ਨੂੰ ਛੱਡ ਕੇ ਚਾਰੇ-ਪਾਸੇ ਧੁੱਪ ਤੇ ਚੁੱਪ ਦਾ ਰਾਜ ਸੀ। ਹੁਣ ਰੇਮੰਡ ਦਾ ਹੱਥ ਪਿਸਤੌਲ ਦੇ ਖੋਲ 'ਤੇ ਆ ਗਿਆ। ਪਰ ਦੋਵੇਂ ਅਰਬ ਹੁਣ ਵੀ ਅਡੋਲ ਰਹੇ। ਦੇਖਿਆ, ਬੰਸਰੀ ਵਾਲੇ ਅਰਬ ਦੇ ਪੈਰਾਂ ਦੇ ਦੋਵੇਂ ਅੰਗੂਠੇ ਸਮਕੋਨ ਬਣਾਉਂਦੇ ਬਾਹਰ ਵੱਲ ਨਿਕਲੇ ਹੋਏ ਨੇ।

ਅੱਖਾਂ ਆਪਣੇ ਸ਼ਿਕਾਰ ਤੋਂ ਹਟਾਏ ਬਿਨਾਂ ਈ ਰੇਮੰਡ ਨੇ ਮੈਨੂੰ ਪੁੱਛਿਆ, 'ਕਹੇਂ ਤਾਂ ਭੁੰਨ ਦਿਆਂ ਇਸਨੂੰ ?' ਮੇਰਾ ਦਿਮਾਗ਼ ਬਿਜਲੀ ਦੀ ਤੇਜ਼ੀ ਨਾਲ ਕੰਮ ਕਰਨ ਲੱਗਾ-ਜੇ ਇਸ ਨੂੰ ਮਨਾਂ ਕਰਦਾ ਹਾਂ ਤਾਂ ਮਨ ਦੀ ਇਸ ਹਾਲਤ ਵਿਚ ਜ਼ਰੂਰ ਇਹ ਭੜਕ ਕੇ ਪਿਸਤੌਲ ਚਲਾ ਬੈਠੇਗਾ। ਇਸ ਲਈ ਇਸ ਸਮੇਂ ਯਕਦਮ ਜੋ ਸੁੱਝਿਆ ਉਹੀ ਬੋਲਿਆ, 'ਅਜੇ ਤੀਕ ਤਾਂ ਇਸ ਨੇ ਤੈਨੂੰ ਕੁਛ ਨਈਂ ਕਿਹਾ। ਇੰਜ ਬਿਨਾਂ ਲਲਕਾਰੇ ਕਿਸੇ 'ਤੇ ਗੋਲੀ ਚਲਾਉਣੀ ਸ਼ਾਨ ਦੇ ਖ਼ਿਲਾਫ਼ ਵਾਲੀ ਗੱਲ ਏ।'

ਫੇਰ ਯਕਦਮ ਚੁੱਪ ਵਾਪਰ ਗਈ। ਹਾਂ, ਉਹ ਝਰਨੇ ਦੀ ਕਲ-ਕਲ ਤੇ ਤਪੀ ਹਵਾ ਵਿਚ ਤਾਣਾ-ਬਾਣਾ ਬੁਣਦੀ ਬੰਸਰੀ ਦੀ ਧੁਨ ਜ਼ਰੂਰ ਗੂੰਜ ਰਹੀ ਸੀ।

ਆਖ਼ਰ ਰੇਮੰਡ ਬੋਲਿਆ, 'ਅੱਛਾ ਜੇ ਤੇਰਾ ਇਹੀ ਖ਼ਿਆਲ ਐ ਤਾਂ ਅਜੇ ਇਸ ਨੂੰ ਇਕ ਅੱਧੀ ਗਾਲ-ਸ਼ਾਲ ਕੱਢ ਦੇਨਾਂ ਆਂ। ਅੱਗੋਂ ਇਸ ਨੇ ਜ਼ੁਬਾਨ ਵੀ ਹਿਲਾਈ ਤਾਂ ਬਸ ਮੈਂ ਗੋਲੀ...'

'ਠੀਕ।' ਮੈਂ ਕਿਹਾ, 'ਪਰ ਜਦ ਤੀਕ ਉਹ ਖ਼ੁਦ ਆਪਣਾ ਚਾਕੂ ਨਾ ਕੱਢੇ ਤੈਨੂੰ ਗੋਲੀ ਚਲਾਉਣ ਦੀ ਕੋਈ ਲੋੜ ਨਈਂ।'

ਰੇਮੰਡ ਨੂੰ ਅਚਵੀ-ਜਿਹੀ ਲੱਗੀ ਹੋਈ ਸੀ। ਬੰਸਰੀ ਵਾਲਾ ਅਰਬ ਬੰਸਰੀ ਵਜਾਉਂਦਾ ਰਿਹਾ। ਪਰ ਦੋਵਾਂ ਦੀ ਨਜ਼ਰ ਸਾਡੀ ਹਰੇਕ ਹਰਕਤ ਉੱਤੇ ਸੀ।

'ਅੱਛਾ ਸੁਣ', ਮੈਂ ਰੇਮੰਡ ਨੂੰ ਕਿਹਾ, 'ਇਹ ਪਿਸਤੌਲ ਤਾਂ ਫੜਾ ਮੈਨੂੰ, ਤੇ ਤੂੰ ਜਾ ਕੇ ਉਸ ਸੱਜੇ ਪਾਸੇ ਵਾਲੇ ਨੂੰ ਸੰਭਾਲ। ਦੂਜੇ ਨੇ ਜ਼ਰਾ ਵੀ ਸ਼ੈਤਾਨੀ ਕੀਤੀ ਜਾਂ



ਚਾਕੂ-ਸ਼ਾਕੂ ਕੱਢਿਆ ਤਾਂ ਮੈਂ ਸਮਝ ਲਵਾਂਗਾ।'

ਰੇਮੰਡ ਨੇ ਰਿਵਾਲਵਰ ਮੈਨੂੰ ਫੜਾਇਆ ਤਾਂ ਇਕ ਵਾਰੀ ਧੁੱਪ ਦਾ ਲਿਸ਼ਕਾਰਾ ਉਸ ਉੱਤੇ ਪੈ ਕੇ ਉਛਲਿਆ। ਪਰ ਅਜੇ ਤੱਕ ਹਿਲਿਆ ਆਪਣੀ ਜਗਾ ਤੋਂ ਕੋਈ ਵੀ ਨਹੀਂ ਸੀ। ਲੱਗਦਾ ਸੀ ਜਿਵੇਂ ਹਰ ਸ਼ੈ ਨੇ ਸਾਨੂੰ ਚਾਰੇ ਪਾਸਿਓਂ ਨੱਪ ਕੇ ਇਸ ਤਰਾਂ ਭੀਚਿਆ ਹੋਇਆ ਏ ਕਿ ਉਂਗਲੀ ਵੀ ਨਹੀਂ ਹਿਲਾਈ ਜਾ ਰਹੀ। ਬਿਨਾਂ ਅੱਖਾਂ ਝਪਕਾਏ ਅਸੀਂ ਲੋਕ ਬਸ ਇਕ ਦੂਜੇ ਨੂੰ ਦੇਖੀ ਜਾ ਰਹੇ ਸੀ। ਉਸ ਇਕ ਛਿਣ ਵਿਚ ਇੰਜ ਲੱਗਿਆ ਜਿਵੇਂ ਇਸ ਛੋਟੀ-ਜਿਹੀ ਰੇਤ ਦੀ ਪੱਟੀ ਉੱਤੇ, ਧੁੱਪ ਤੇ ਪਾਣੀ ਦੇ ਵਿਚਕਾਰ, ਬੰਸਰੀ ਤੇ ਝਰਨੇ ਦੀ ਕਲ਼-ਕਲ਼ ਦੀ ਦੋਹਰੀ ਚੁੱਪ ਵਿਚ ਫਸ ਕੇ ਸੰਸਾਰ ਦੀ ਸਾਰੀ ਗਤੀ ਰੁਕ ਗਈ ਏ...ਸਾਰੀ ਦੁਨੀਆਂ ਸਿੱਥਲ ਹੋ ਗਈ ਏ-ਤੇ ਉਦੋਂ ਈ ਮਨ ਵਿਚ ਆਇਆ ਕਿ ਗੋਲੀ ਚਲਾਓ ਜਾਂ ਨਾ ਚਲਾਓ, ਨਤੀਜਾ ਤਾਂ ਦੋਵਾਂ ਦਾ ਮੁੱਢੋਂ ਇਕੋ ਈ ਏ-ਕਤਈ ਕੋਈ ਫ਼ਰਕ ਨਹੀਂ ਪੈਂਦਾ।

ਦੋਵੇਂ ਕਿਰਲਿਆਂ ਵਾਂਗ ਚਟਾਨ ਦੀ ਓਟ ਵਿਚ ਸਰਕ ਕੇ ਨੌਂ ਦੋ ਗਿਆਰਾਂ ਹੋ ਗਏ ਸਨ। ਹਾਰ ਕੇ ਮੈਂ ਤੇ ਰੇਮੰਡ ਮੁੜੇ ਤੇ ਵਾਪਸ ਤੁਰ ਪਏ। ਹੁਣ ਉਹ ਕਾਫ਼ੀ ਖ਼ੁਸ਼ ਦਿਸਦਾ ਸੀ ਤੇ ਇਹ ਦੱਸ ਰਿਹਾ ਸੀ ਕਿ ਬੱਸ ਕਿਹੜੀ ਫੜਨੀ ਪਵੇਗੀ।

ਬੰਗਲੇ ਪਹੁੰਚੇ ਤਾਂ ਖਟ-ਖਟ ਕਰਦਾ ਰੇਮੰਡ ਕਾਠ ਦੀਆਂ ਪੌੜੀਆਂ ਚੜ ਕੇ ਉੱਤੇ ਚਲਾ ਗਿਆ। ਮੈਂ ਹੇਠਾਂ ਈ ਖੜਾ ਰਿਹਾ। ਧੁੱਪ ਸਿਰ 'ਤੇ ਹਥੌੜੇ ਵਾਂਗ ਠਕ-ਠਕ ਕਰ ਰਹੀ ਸੀ। ਹਿੰਮਤ ਨਹੀਂ ਸੀ ਪੈ ਰਹੀ ਕਿ ਉਹ ਪੌੜੀਆਂ ਚੜਾਂ ਤੇ ਉੱਤੇ ਜਾ ਕੇ ਫੇਰ ਔਰਤਾਂ ਨਾਲ ਹਾਹਾ-ਹੀਹੀ ਕਰਾਂ। ਪਰ ਗਰਮੀ ਏਨੀ ਭਿਅੰਕਰ ਸੀ ਕਿ ਆਸਮਾਨ 'ਚੋਂ ਵਰਦੀ ਹੋਈ ਅੱਖਾਂ ਭੰਨਣ ਵਾਲੀ ਅੱਗ ਵਿਚ ਇੱਥੇ ਖੜੇ ਰਹਿਣਾ ਵੀ ਮੁਹਾਲ ਹੋ ਗਿਆ ਸੀ। ਇਕ ਜਗਾ ਖੜਾ ਰਹਾਂ ਜਾਂ ਤੁਰਦਾ ਰਹਾਂ, ਕੋਈ ਫ਼ਰਕ ਨਹੀਂ ਸੀ-ਗਰਮੀ ਤੇ ਧੁੱਪ ਤਾਂ ਘੱਟ ਹੋਣ ਤੋਂ ਰਹੀ। ਸੋ ਕੁਝ ਚਿਰ ਬਾਅਦ ਮੈਂ ਵਾਪਸ ਸਮੁੰਦਰ ਵੱਲ ਈ ਆ ਗਿਆ ਤੇ ਉਂਜ ਈ ਟਹਿਲਣ ਲੱਗਾ।

ਜਿੱਥੋਂ ਤੱਕ ਨਿਗਾਹ ਜਾਂਦੀ ਸੀ, ਉੱਥੇ ਲਾਲ-ਲਾਲ ਭਭੂਕੇ ਫ਼ੈਲੇ ਹੋਏ ਸੀ। ਭਰੀਆਂ-ਭਰੀਆਂ ਜਿਹੀਆਂ ਲਹਿਰਾਂ ਦਮਤੋੜਦੀਆਂ ਹਟਕੋਰੇ ਲੈਂਦੀਆਂ ਭਖਦੀ ਰੇਤ 'ਤੇ ਸਿਰ ਪਟਕ ਰਹੀਆਂ ਸੀ। ਤਟ ਦੇ ਸਿਰੇ 'ਤੇ ਢੋਕਾਂ ਤੇ ਚਟਾਨਾਂ ਵੱਲ ਤੁਰਦਿਆਂ ਹੋਇਆਂ ਮੈਨੂੰ ਇੰਜ ਲੱਗਿਆ ਜਿਵੇਂ ਧੁੱਪ ਦੇ ਮਾਰੇ ਮੇਰੀਆਂ ਦੋਵੇਂ ਪੁੜਪੁੜੀਆਂ ਸੁੱਜ ਗਈਆਂ ਨੇ। ਜਿਵੇਂ ਮੈਨੂੰ ਰੋਕਣ ਦੀ ਜ਼ਿਦ ਵਿਚ ਧੁੱਪ ਮੇਰੇ ਸਿਰ 'ਤੇ ਚੜੀ ਬੈਠੀ ਏ ਤੇ ਖੋਪੜੀ ਨੂੰ ਭੀਚੀ ਜਾ ਰਹੀ ਏ-ਤੇ ਉਹ ਵਗ ਰਹੇ ਲਪਟਾਂ ਦੇ ਵਰੋਲੇ, ਬੰਬ ਵਾਂਗ ਮੱਥੇ ਨੂੰ ਭੰਨ ਕੇ ਰੱਖ ਦਣਗੇ। ਮੈਂ ਦੰਦ ਭੀਚ ਲਏ। ਪਤਲੂਨ ਦੀਆਂ ਦੋਵਾਂ ਜੇਬਾਂ ਵਿਚ ਮੁੱਠੀਆਂ ਕਸੀਆਂ ਗਈਆਂ-ਤੇ ਸਰੀਰ ਦਾ ਲੂੰ-ਲੂੰ ਇਸ ਧੁੱਪ, ਤੇ ਧੁੱਪ ਦੇ ਪ੍ਰਭਾਵ ਨਾਲ ਮੇਰੇ ਅੰਦਰ ਭਰਦੇ ਜਾ ਰਹੇ ਅੰਨੇ ਝੱਲ ਨਾਲ ਮੋਰਚਾ ਲਾਉਣ ਲਈ ਤਣ ਕੇ ਖੜਾ ਹੋ ਗਿਆ। ਜਦੋਂ ਵੀ ਰੇਤ ਵਿਚ ਕਿਸੇ ਕੱਚ ਦੇ ਟੁਕੜੇ ਜਾਂ ਸਿੱਪੀ 'ਤੇ ਪੈ ਕੇ ਧੁੱਪ ਦੀ ਤੇਜ਼ ਲਿਸ਼ਕੋਰ ਉਤਾਂਹ ਵੱਲ ਅਹੁਲਦੀ, ਮੇਰੇ ਜਬਾੜੇ ਜ਼ੋਰ ਨਾਲ ਕਸੇ ਜਾਂਦੇ। ਮੈਂ ਇੰਜ ਹਾਰ ਨਹੀਂ ਮੰਨਾਂਗਾ। ਇਹ ਧੁੱਪ ਮੇਰਾ ਕੁਝ ਨਹੀਂ ਵਿਗਾੜ ਸਕਦੀ।...ਤੇ ਮੈਂ ਸਿਰੜ ਨਾਲ ਤੁਰਦਾ ਰਿਹਾ।

ਸਮੁੰਦਰ ਤਟ ਦੇ ਨਾਲ-ਨਾਲ ਕਾਫ਼ੀ ਅੱਗੇ ਜਾ ਕੇ ਚੱਟਾਨ ਦਾ ਕਾਲਾ-ਕਾਲਾ ਕੁੱਬੜ-ਜਿਹਾ ਦਿਖਾਈ ਦੇ ਰਿਹਾ ਸੀ। ਉਸਦੇ ਚਹੁੰ-ਪਾਸੀਂ ਲਿਸ਼ਕੋਰਾਂ ਮਾਰਦੀ ਧੁੱਪ ਦੀ ਸਫੇਦੀ ਤੇ ਲੂੰਆਂ ਵਰਗੀ ਘਾਹ ਨੇ ਘੇਰਾ ਘੱਤਿਆ ਹੋਇਆ ਸੀ, ਪਰ ਮੇਰੇ ਮਨ ਵਿਚ ਤਾਂ ਉਸਦੇ ਪਿੱਛੇ ਵਹਿੰਦੇ ਸਵੱਛ-ਸ਼ੀਤਲ ਝਰਨੇ ਦਾ ਸੁਪਨਾ ਝਿਲਮਿਲਾ ਰਿਹਾ ਸੀ ਤੇ ਵਹਿੰਦੇ ਪਾਣੀ ਦੀ ਕਲ਼-ਕਲ਼ ਸੁਣਨ ਲਈ ਮਨ ਛਟਪਟਾ ਰਿਹਾ ਸੀ। ਅਜਿਹੀ ਜਗਾ ਪਹੁੰਚਣ ਦੀ ਅਚਵੀ-ਜਿਹੀ ਲੱਗੀ ਹੋਈ ਸੀ ਤਾਕਿ ਇਹਨਾਂ ਲਿਸ਼ਕੋਰਾਂ, ਰੋਂਦੀਆਂ-ਧੋਂਦੀਆਂ ਔਰਤਾਂ ਦੇ ਚਿਹਰਿਆਂ, ਦੁਨੀਆਂ ਭਰ ਦੀ ਜੱਦੋ-ਜਹਿਦ ਤੇ ਫਿਕਰਾਂ-ਸੰਸਿਆਂ ਤੋਂ ਛੁਟਕਾਰਾ ਪਾ ਸਕਾਂ। ਇਹਨਾਂ ਸਭਨਾਂ ਨੂੰ ਚੂੰਡ ਕੇ ਪਰੇ ਸੁੱਟ ਸਕਾਂ। ਮਨ ਲਲਕ ਰਿਹਾ ਸੀ ਜਿਵੇਂ ਵੀ ਹੋਵੇ ਚਟਾਟ ਦੇ ਪਾਰ ਵਾਲੀ ਉਸ ਛਤਨਾਰੀ ਛਾਂ ਤੇ ਦਿਭ-ਸ਼ਕਤੀ ਨੂੰ ਬਾਹਾਂ ਪਸਾਰ ਕੇ ਗਲ਼ ਲਾ ਲਵਾਂ...

ਪਰ ਇੱਥੇ ਪਹੁੰਚ ਕੇ ਦੇਖਿਆ ਕਿ ਉਹ ਰੇਮੰਡ ਵਾਲਾ ਅਰਬ ਵਾਪਸ ਪਰਤ ਆਇਆ ਏ। ਇਸ ਵਾਰੀ ਇਕੱਲਾ ਈ ਸੀ। ਸਿਰ ਹੇਠ ਦੋਵੇਂ ਹੱਥ ਰੱਖੀ ਚਿੱਤ ਲੇਟਿਆ ਹੋਇਆ ਸੀ। ਚਿਹਰੇ 'ਤੇ ਚਟਾਨ ਦੀ ਛਾਂ ਸੀ, ਬਾਕੀ ਸਰੀਰ 'ਤੇ ਧੁੱਪ ਪੈ ਰਹੀ ਸੀ। ਉਸਦੇ ਹੇਠਲੀ ਕੰਥੀ 'ਚੋਂ ਭਾਫ ਜਿਹੀ ਨਿਕਲਦੀ ਦਿਖਾਈ ਦੇ ਰਹੀ ਸੀ। ਇਕ ਵਾਰੀ ਤਾਂ ਮੈਂ ਤ੍ਰਭਕ ਗਿਆ। ਮੇਰਾ ਖ਼ਿਆਲ ਸੀ ਕਿ ਮਾਮਲਾ ਰਫ਼ਾਦਫ਼ਾ ਹੋ ਗਿਆ ਏ। ਇਸ ਲਈ ਇੱਧਰ ਆਉਂਦਿਆਂ ਹੋਇਆਂ ਇਹ ਗੱਲ ਤਾਂ ਰੱਤੀ ਭਰ ਵੀ ਚਿੱਤ-ਚੇਤੇ ਨਹੀਂ ਸੀ।

ਮੈਨੂੰ ਦੇਖਦੇ ਈ ਅਰਬ ਜ਼ਰਾ ਜਿੰਨਾ ਉੱਠਿਆ। ਜਿਵੇਂ ਈ ਉਸਦਾ ਹੱਥ ਜੇਬ ਵੱਲ ਵਧਿਆ, ਮੇਰੀਆਂ ਉਂਗਲਾਂ ਵੀ ਆਪਣੀ ਜੇਬ ਵਿਚ ਪਏ ਰੇਮੰਡ ਦੇ ਪਿਸਤੌਲ ਉੱਤੇ ਆਪ-ਮੁਹਾਰੇ ਕਸੀਆਂ ਗਈਆਂ। ਅਰਬ ਬਿਨਾਂ ਜੇਬ ਵਿਚੋਂ ਹੱਥ ਕੱਢੇ ਫੇਰ ਲੇਟ ਗਿਆ। ਮੇਰੇ ਤੇ ਉਸਦੇ ਵਿਚਕਾਰਲੀ ਦੂਰੀ ਦਸ ਕੁ ਗਜ਼ ਤਾਂ ਹੋਵੇਗੀ ਈ, ਸ਼ਾਇਦ ਇਸੇ ਲਈ ਉਹ ਮੈਨੂੰ ਧੁੱਪ ਦੀ ਧੁੰਦ ਵਿਚ ਥਰ-ਥਰ ਕੰਬਦੇ ਪ੍ਰਛਾਵੇਂ ਵਾਂਗੂੰ ਦਿਸ ਰਿਹਾ ਸੀ। ਫੇਰ ਵੀ ਰਹਿ-ਰਹਿ ਕੇ ਉਸਦੀਆਂ ਅੱਧ-ਖੁੱਲੀਆਂ ਪਲਕਾਂ ਦੇ ਹੇਠ ਅੱਖਾਂ ਦੀਆਂ ਪੁਤਲੀਆਂ ਲਿਸ਼ਕ ਪੈਂਦੀਆਂ ਸੀ। ਲਹਿਰਾਂ ਦੇ ਛਪਾਕੇ ਹੁਣ ਦੁਪਹਿਰ ਨਾਲੋਂ ਕਾਫ਼ੀ ਘੱਟ ਤੇ ਕਮਜ਼ੋਰ ਲੱਗਦੇ ਸਨ। ਪਰ ਧੁੱਪ ਜਿਓਂ ਦੀ ਤਿਓਂ ਸੀ ਤੇ ਰੇਤ ਦੇ ਲੰਮੇਂ ਪਾਸਾਰ ਤੋਂ ਲੈ ਕੇ ਇਸ ਚੱਟਾਨ ਤੀਕ ਬੜੀ ਬੇਰਹਿਮੀ ਨਾਲ ਧਰਤੀ ਵਿਚ ਖੁੱਭੀ ਹੋਈ ਜਾਪਦੀ ਸੀ। ਲੱਗਦਾ ਸੀ, ਜਿਵੇਂ ਪਿਛਲੇ ਦੋ ਘੰਟਿਆਂ ਦਾ ਸੂਰਜ, ਆਪਣੀ ਜਗਾ ਤੋਂ ਟਸ ਤੋਂ ਮਸ ਨਹੀਂ ਹੋਇਆ ਤੇ ਪਿਘਲੇ ਹੋਏ ਲੋਹੇ ਦੇ ਸਮੁੰਦਰ ਵਿਚ ਜਾ ਕੇ ਅਟਕ ਗਿਆ ਏ। ਬਹੁਤ ਦੂਰ, ਦਿਸਹੱਦੇ ਕੋਲ, ਇਕ ਜਹਾਜ਼ ਆ ਰਿਹਾ ਸੀ। ਅਰਬ ਉੱਤੇ ਨਿਗਾਹਾਂ ਟਿਕੀਆਂ ਹੋਣ ਦੇ ਬਾਵਜੂਦ ਵੀ ਮੈਂ ਸਰਕਦੇ ਹੋਏ ਜਹਾਜ਼ ਤੇ ਉਸਦੇ ਕਾਲੇ ਧੱਬੇ ਨੂੰ ਕੁਣੱਖੀ ਅੱਖ ਨਾਲ ਦੇਖ ਰਿਹਾ ਸੀ।

ਅਚਾਨਕ ਮਨ ਵਿਚ ਆਇਆ, ਕਿਉਂ ਨਾ ਝੱਟ ਪਲਟ ਕੇ ਇੱਥੋਂ ਚਲਾ ਜਾਵਾਂ, ਇਸ ਸਾਰੇ ਝੰਜਟ ਨੂੰ ਦਿਮਾਗ਼ ਵਿਚੋਂ ਕੱਢਦਿਆਂ-ਕਿੱਸਾ ਈ ਖ਼ਤਮ ਹੋ ਜਾਵੇ। ਪਰ ਗਰਮੀ ਨਾਲ ਕੁਰਬਲ-ਕੁਰਬਲ ਕਰਦਾ ਹੋਇਆ ਸਾਰਾ ਸਮੁੰਦਰ ਤਟ ਮੈਨੂੰ ਪਿਛਲੇ ਪਾਸਿਓਂ ਧਰੀਕੀ ਜਾ ਰਿਹਾ ਸੀ। ਮੈਂ ਝਰਨੇ ਦੀ ਦਿਸ਼ਾ ਵੱਲ ਕੁਝ ਕਰਮਾਂ ਹੋਰ ਅੱਗੇ ਵਧਿਆ। ਅਰਬ ਅਜੇ ਵੀ ਨਹੀਂ ਸੀ ਹਿੱਲਿਆ। ਸਾਡੇ ਵਿਚਕਾਰ ਅਜੇ ਵੀ ਕੁਝ ਫ਼ਾਸਲਾ ਸੀ। ਸ਼ਾਇਦ ਚਿਹਰੇ 'ਤੇ ਪੈਂਦੀ ਛਾਂ ਕਰਕੇ ਮੈਨੂੰ ਇੰਜ ਲੱਗਿਆ ਜਿਵੇਂ ਉਹ ਮੈਨੂੰ ਦੇਖ ਕੇ ਮੂੰਹ ਬਣਾ-ਬਣਾ ਹੱਸ ਰਿਹਾ ਏ।

ਮੈਂ ਰੁਕਿਆ। ਤਪਸ਼ ਨਾਲ ਗੱਲਾਂ ਝੁਲਸਣ ਲੱਗੀਆਂ, ਮੱਥੇ 'ਤੇ ਪਸੀਨੇ ਦੀਆਂ ਬੂੰਦਾ ਮੋਟੀਆਂ ਹੋ ਗਈਆਂ-ਹੂ-ਬ-ਹੂ ਓਹੋ-ਜਿਹੀ ਤਪਸ਼ ਜਿਹੜੀ ਮਾਂ ਦੇ ਅੰਤਮ-ਸੰਸਕਾਰ ਸਮੇਂ ਮਹਿਸੂਸ ਹੋ ਰਹੀ ਸੀ। ਦਿਮਾਗ਼ ਵਿਚ ਉਹੀ ਬੇਚੈਨੀ ਤੇ ਅਕੇਵਾਂ ਭਰ ਗਿਆ ਸੀ ਤੇ ਲੱਗਦਾ ਸੀ ਮੱਥੇ ਨੂੰ ਪਾੜ ਕੇ ਸਾਰੀਆਂ ਦੀਆਂ ਸਾਰੀਆਂ ਨਸਾਂ ਬਾਹਰ ਨਿਕਲ ਆਉਣਗੀਆਂ। ਜਦੋਂ ਇਸ ਸਭ ਨੂੰ ਸਹਿ ਸਕਣਾ ਬੂਤੇ 'ਚੋਂ ਬਾਹਰ ਹੋ ਗਿਆ ਤਾਂ ਇਕ ਕਦਮ ਹੋਰ ਅੱਗੇ ਵਧਿਆ। ਮੈਂ ਚੰਗੀ ਤਰਾਂ ਜਾਣਦਾ ਸੀ ਕਿ ਇਹ ਸਰਾਸਰ ਬੇਵਕੂਫ਼ੀ ਏ-ਇਕ ਅੱਧਾ ਗਜ ਵਧ ਕੇ ਇਸ ਧੁੱਪ ਤੋਂ ਬਚਿਆ ਨਹੀਂ ਸੀ ਜਾ ਸਕਦਾ। ਪਰ ਕਦਮ ਵਧ ਚੁੱਕਿਆ ਸੀ। ਤੇ ਮੇਰਾ ਇਕ ਕਦਮ ਵਧਣਾ ਸੀ ਕਿ ਅਰਬ ਨੇ ਫੁਰਤੀ ਨਾਲ ਧੁੱਪ ਨੂੰ ਚੀਰਦਾ ਚਾਕੂ ਖੋਲ ਕੇ ਮੇਰੀ ਛਾਤੀ 'ਤੇ ਤਾਣ ਲਿਆ।

ਇਸਪਾਤ ਦੇ ਚਮਕਦੇ ਫਲ ਵਿਚੋਂ ਬਿਜਲੀ ਦੀ ਇਕ ਲਹਿਰ-ਜਿਹੀ ਚਮਕੀ ਤੇ ਉਸਦੇ ਨਾਲ ਈ ਮੈਨੂੰ ਇੰਜ ਲੱਗਿਆ

ਜਿਵੇਂ ਕਿਸੇ ਨੇ ਮੇਰੇ ਮੱਥੇ ਵਿਚ ਬਰਛਾ ਖੋਭ ਦਿੱਤਾ ਹੋਵੇ। ਐਨ ਉਸੇ ਸਮੇਂ ਭਰਵੱਟਿਆਂ 'ਤੇ ਅਟਕਿਆ ਸਾਰਾ ਪਸੀਨਾ, ਕੋਹਰੇ ਦੇ ਗੁਣਗੁਣੇ ਪਰਦੇ ਵਾਂਗ ਪਲਕਾਂ 'ਤੇ ਢਲਕ ਅਇਆ। ਅੱਥਰੂ ਤੇ ਪਸੀਨੇ ਦੇ ਪਰਦੇ ਨੇ ਮੈਨੂੰ ਅੰਨਾਂ ਕਰ ਦਿੱਤਾ। ਮੈਨੂੰ ਹੋਸ਼ ਸੀ ਤਾਂ ਸਿਰਫ਼ ਏਨਾ ਕਿ ਭਾਂ-ਭਾਂ ਕਰਦੀ ਧੁੱਪ ਮੇਰੀ ਖੋਪੜੀ 'ਤੇ ਵਰ ਰਹੀ ਸੀ। ਦੂਜਾ ਹੋਸ਼ ਬਸ ਇਹ ਸੀ ਕਿ ਚਾਕੂ 'ਚੋਂ ਲਿਸ਼ਕੀ ਰੋਸ਼ਨੀ ਦੀ ਤੇਜ਼ ਧਾਰ ਮੇਰੀਆਂ ਪਲਕਾਂ ਨੂੰ ਚੀਰਦੀ, ਨੁਕੀਲੇ ਵਰਮੇ ਵਾਂਗ, ਪੁਤਲੀਆਂ ਵਿਚ ਸੁਰਾਖ ਕਰ ਰਹੀ ਏ।

ਫੇਰ ਸਭ ਕੁਝ ਮੇਰੀਆਂ ਅੱਖਾਂ ਸਾਹਮਣੇ ਭਮੀਰੀ ਵਾਂਗ ਘੁੰਮਣ ਲੱਗ ਪਿਆ। ਸਮੁੰਦਰ ਵੱਲੋਂ ਅੱਗ ਦੀਆਂ ਲਪਟਾਂ ਦਾ ਇਕ ਝੋਂਕਾ ਆਇਆ ਤੇ ਸਾਰਾ ਆਸਮਾਨ ਇਸ ਸਿਰੇ ਤੋਂ ਉਸ ਸਿਰੇ ਤੱਕ ਕੜਕੜਾ ਕੇ ਦੋ ਦੋ ਟੁਕੜੇ ਹੋ ਗਿਆ ਤੇ ਇਸ ਦਰਾੜ ਵਿਚੋਂ ਅੱਗ ਦੀਆਂ ਲਾਟਾਂ ਦਾ ਇਕ ਅੰਬਾਰ ਘਰਘਰਾ ਕੇ ਫੁੱਟ ਨਿਕਲਿਆ। ਸਰੀਰ ਦੀ ਇਕ-ਇਕ ਰਗ ਫੌਲਾਦੀ ਕਮਾਨੀਂ ਵਾਂਗ ਤਣ ਗਈ ਤੇ ਰਿਵਾਲਵਰ 'ਤੇ ਜਕੜ ਵਧ ਗਈ। ਘੋੜਾ ਨੱਪਿਆ ਤਾਂ ਰਿਵਾਲਵਰ ਦੇ ਹੱਥੇ ਦੇ ਕੂਲੇ-ਕੂਲੇ ਥੱਲੇ ਨੇ ਮੇਰੀ ਹਥੇਲੀ ਨਾਲ ਟਕਰ ਮਾਰੀ-'ਠਾਹ !' ਤੇ ਤਦ ਕੋੜੇ ਦੀ 'ਸਟਾਕ' ਵਾਂਗ ਦੇਖਦੇ-ਦੇਖਦੇ ਈ ਸਭ ਕੁਝ ਵਾਪਰ ਗਿਆ। ਪਸੀਨੇ ਤੇ ਧੁੱਪ ਦੇ ਜਿਹੜੇ ਪਰਦੇ ਨੇ ਮੈਨੂੰ ਜਕੜਿਆ ਹੋਇਆ ਸੀ, ਮੈਂ ਉਸਨੂੰ ਝੱਟ ਪਾੜ ਸੁੱਟਿਆ। ਜਾਣਦਾ ਸੀ ਕਿ ਮੇਰਾ ਦਿਮਾਗ਼ ਚਕਰਾ ਰਿਹਾ ਏ ਤੇ ਮੈਂ ਆਪਣੇ-ਆਪੇ ਵਿਚ ਨਹੀਂ ਹਾਂ। ਮੈਂ ਆਪਣੀ ਹਰਕਤ ਨਾਲ ਸਮੁੰਦਰ ਤਟ ਦੀ ਵਿਆਪਕ ਸ਼ਾਂਤੀ ਨੂੰ ਚੂਰ-ਚੂਰ ਕਰ ਦਿੱਤਾ ਏ-ਉਸ ਸ਼ਾਂਤੀ ਤੇ ਸੁਖ ਨੂੰ ਜਿਸ ਉੱਤੇ ਮੈਂ ਅੱਜ ਸਾਰਾ ਦਿਨ ਖ਼ੁਸ਼ ਸੀ...'ਠਾਹ ! ਠਾਹ !' ਉਸ ਬੇਜਾਨ ਤੇ ਬੇਹਰਕਤ ਸਰੀਰ ਉੱਤੇ ਮੈਂ ਚਾਰ ਗੋਲੀਆਂ ਹੋਰ ਚਲਾਈਆਂ, ਪਰ ਕੋਈ ਅਸਰ ਨਾ ਦਿਖਾਈ ਦਿੱਤਾ। ਉਹ ਜਿਵੇਂ ਦਾ ਤਿਵੇਂ ਪਿਆ ਰਿਹਾ। ਹਾਂ ? ਇਕ ਦੇ ਬਾਅਦ ਇਕ ਹਰ ਗੋਲੀ ਦਾ ਧਮਾਕਾ ਮੇਰੇ ਸਤਿਆਨਾਸ਼ ਦੇ ਦਰਵਾਜ਼ੇ 'ਤੇ ਭਿਅੰਕਰ ਕੰਨ-ਪਾੜੂ ਦਸਤਕ ਵਾਂਗੂੰ ਦਸਤਕ ਦਿੰਦਾ ਰਿਹਾ...।

# ਧਰਤੀ ਹੇਠਲਾ ਬੌਲਦ



ਕੁਲਵੰਤ ਸਿੰਘ ਵਿਰਕ

ਠਠੀ ਖਾਰਾ ਪਿੰਡ ਅੰਮ੍ਰਿਤਸਰ ਤੋਂ ਨੇੜੇ ਹੀ ਸੀ, ਪੱਕੀ ਸੜਕ 'ਤੇ ਅਤੇ ਜਿਸ ਮੌਜ ਵਿਚ ਮਾਨ ਸਿੰਘ ਜਾ ਰਿਹਾ ਸੀ ਉਸ ਵਿਚ ਤੇ ਦੂਰ ਦੇ ਪਿੰਡ ਵੀ ਨੇੜੇ ਹੀ ਲੱਗਦੇ ਨੇ। ਇਸ ਲਈ ਭਾਵੇਂ ਸ਼ਾਮ ਹੋ ਰਹੀ ਸੀ ਤੇ ਟਾਂਗੇ ਦੇ ਥੱਕੇ ਹੋਏ ਘੋੜੇ ਦੀ ਟਾਪ ਵੀ ਮੱਠੀ ਹੋ ਰਹੀ ਸੀ, ਉਸ ਨੂੰ ਕੋਈ ਚਿੰਤਾ ਨਹੀਂ ਸੀ।

ਮਾਨ ਸਿੰਘ ਛੁਟੀ ਤੇ ਆਇਆ ਹੋਇਆ ਇਕ ਫ਼ੌਜੀ ਸੀ। ਠੱਠੀ ਖਾਰਾ ਉਸ ਦੇ ਯਾਰ ਕਰਮ ਸਿੰਘ ਦਾ ਪਿੰਡ ਸੀ। ਜਿੰਨੀਆਂ ਗੂੜ੍ਹੀਆਂ ਯਾਰੀਆਂ ਫ਼ੌਜ ਵਿਚ ਲਗਦੀਆਂ ਨੇ ਹੋਰ ਕਿਤੇ ਨਹੀਂ ਲਗਦੀਆਂ। ਪਹਿਲਾਂ ਤਾਂ ਉਹ ਦੋਵੇਂ ਆਪਣੇ ਰੈਜੀਮੈਂਟਲ ਸੈਂਟਰ ਵਿਚ ਇਕੱਠੇ ਰਹੇ ਤੇ ਹੁਣ ਇਕ ਬਟਾਲੀਅਨ ਵਿਚ ਬਰਮਾ ਫਰੰਟ ਤੇ ਲੜ ਰਹੇ ਸਨ। ਕਰਮ ਸਿੰਘ ਪਹਿਲਾਂ ਦਾ ਭਰਤੀ ਸੀ ਤੇ ਹੁਣ ਹੌਲਦਾਰੀ ਕਰਦਾ ਸੀ ਪਰ ਮਾਨ ਸਿੰਘ ਅਜੇ ਮਸਾਂ ਨਾਇਕੀ ਤਕ ਹੀ ਅਪੜਿਆ ਸੀ।

ਕਰਮ ਸਿੰਘ ਬਾਰੇ ਇਕ ਖ਼ਾਸ ਗੱਲ ਇਹ ਸੀ ਕਿ ਉਸ ਦੀ ਜੀਭ ਵਿਚ ਬੜਾ ਰਸ ਸੀ। ਪਿੰਡ ਦੇ ਕਈ ਹੋਰ ਮੁੰਡੇ ਵੀ ਫ਼ੌਜ ਵਿਚ ਸਨ। ਜਦੋਂ ਉਹ ਛੁਟੀ ਆਉਂਦੇ ਤਾਂ ਪਿੰਡ ਦੇ ਬੰਦਿਆਂ ਨਾਲ ਉਨ੍ਹਾਂ ਦੀ ਗੱਲ ਵਾਹਿਗੁਰੂ ਜੀ ਕੀ ਫ਼ਤਹਿ ਤੋਂ ਅਗੇ ਨਾ ਟੁਰਦੀ, ਪਰ ਜਦੋਂ ਕਰਮ ਸਿੰਘ ਪਿੰਡ ਆਉਂਦਾ ਤਾਂ ਖੂਹ ਤੇ ਨਹਾਉਣ ਵਾਲਿਆਂ ਦੀਆਂ ਭੀੜਾਂ ਵਧ ਜਾਂਦੀਆਂ। ਸਿਆਲ ਦੀ ਅੱਧੀ ਅੱਧੀ ਰਾਤ ਲੋਕ ਠੰਡੀ ਹੋ ਰਹੀ ਦਾਣੇ ਭੁੰਨਣ ਵਾਲੀ ਭੱਠੀ ਦੇ ਸੇਕ ਆਸਰੇ ਬੈਠੇ ਕਰਮ ਸਿੰਘ ਦੀਆਂ ਗੱਲਾਂ ਸੁਣਦੇ ਰਹਿੰਦੇ। ਪਿਛੇ ਰਜਮੈਂਟ ਵਿਚ ਉਸ ਦੀ ਰਾਈਫਲ ਦਾ ਨਸ਼ਾਨਾ ਬੜਾ ਮਸ਼ਹੂਰ ਸੀ। ਨਿਸ਼ਾਨਾ ਮਾਰਨ ਦੇ ਮੁਕਾਬਲਿਆਂ ਵਿਚ ਉਸ ਦੀ ਗੋਲੀ ਨਿਸ਼ਾਨੇ ਇਸ ਤਰਾਂ ਠੀਕ ਵਿਚਕਾਰੋਂ ਲੰਘਦੀ ਜਿਵੇਂ ਆਪ ਹੱਥ ਨਾਲ ਫੜਕੇ ਲੰਘਾਈ ਗਈ ਹੋਵੇ।

ਹੁਣ ਲੜਾਈ ਵਿਚ ਉਸ ਦੇ ਪੱਕੇ ਨਿਸ਼ਾਨੇ ਨੇ ਕਈ ਦੂਰ ਲੁਕੇ ਹੋਏ ਤੇ ਦਰਖ਼ਤਾਂ ਦੇ ਟਾਹਣ ਜਿਹੇ ਦਿਸਦੇ ਜਾਪਾਨੀ ਡੇਗੇ ਸਨ। ਇਸ ਤਰਾਂ ਉਹ ਜਾਪਾਨੀ ਨਿਸ਼ਾਨਚੀਆਂ ਦੀਆਂ ਗੋਲੀਆਂ ਨਾਲ ਮੇਰੇ ਆਪਣੇ ਆਦਮੀਆਂ ਦੇ ਬਦਲੇ ਚੁਕਾਂਦਾ ਤੇ ਆਪਣੀ ਪਲਟਨ ਦਾ ਦਿਲ ਠੰਢਾ ਕਰਦਾ। ਜਿਥੇ ਮਸ਼ੀਨ ਗੰਨਾਂ ਦੀਆਂ ਗੋਲੀਆਂ ਦੀਆਂ ਵਾਛੜਾਂ ਨਿਸਫਲ ਜਾਂਦੀਆਂ ਉਥੇ ਕਰਮ ਸਿੰਘ ਦੀ ਇਕ ਗੋਲੀ ਕੰਮ ਸੁਆਰ ਦਿੰਦੀ ਸੀ। ਭਾਵੇਂ ਹੁਣ ਕਰਮ ਸਿੰਘ ਦੇ ਹੱਡ ਕੁਝ ਪੁਰਾਣੇ ਹੁੰਦੇ ਜਾਂਦੇ ਸਨ, ਪਰ ਜਦੋਂ ਜਿਮਨਾਸਟਕ ਦੇ ਡੰਡਿਆਂ ਤੇ ਖੇਡਾਂ ਕਰਦਾ ਤਾਂ ਵੇਖਣ ਵਾਲਿਆਂ ਨੂੰ ਇਸ ਤਰਾਂ ਲੱਗਦਾ ਜਿਵੇਂ ਉਸ ਨੂੰ ਕੋਈ ਭੂਤ ਚੰਬੜ ਗਿਆ ਹੋਵੇ।

ਇਥੇ ਲੜਾਈ ਵਿਚ ਤੇ ਖ਼ੈਰ ਇਹ ਸਭ ਕੁਝ ਬੰਦ ਸੀ। ਹੋਰ ਵੀ ਬਹੁਤ ਕੁਝ ਬੰਦ ਸੀ, ਕਦੀ ਕੱਸੀਆਂ ਹੋਈਆਂ ਵਰਦੀਆਂ ਪਾ ਕੇ ਬੈਂਡ ਨਾਲ ਪਰੇਡ ਨਹੀਂ ਕੀਤੀ ਸੀ, ਕੋਈ ਬਾਜ਼ਾਰ ਨੇੜੇ ਨਹੀਂ ਸੀ ਜਿਥੇ ਮੁਫ਼ਤੀ ਪਾ ਕੇ ਕੋਈ ਜਾ ਸਕੇ। ਕਦੇ ਕੋਈ ਪਿੰਡ ਦਾ, ਇਲਾਕੇ ਦਾ ਬੰਦਾ ਨਹੀਂ ਮਿਲਿਆ ਸੀ। ਇਸ ਕਰ ਕੇ ਜਦੋਂ ਮਾਨ ਸਿੰਘ ਦੀ ਛੁਟੀ ਦੀ ਵਾਰੀ ਆਈ ਤਾਂ ਕਰਮ ਸਿੰਘ ਬੜਾ ਔਖਾ ਹੋਇਆ ਸੀ। ਜੇ ਉਹਨੂੰ ਵੀ ਛੁੱਟੀ ਮਿਲ ਜਾਂਦੀ ਤਾਂ ਦੋਵੇਂ ਇਕੱਠੇ ਹੀ ਛੁੱਟੀਆਂ ਗੁਜ਼ਾਰਦੇ ਤੇ ਫਿਰ ਇਕੱਠੇ ਹੀ ਮੁੜ ਆਉਂਦੇ। ਅੰਮ੍ਰਿਤਸਰੋਂ ਚੂਹੜਕਾਨਾ ਕਿਹੜਾ ਦੂਰ ਸੀ, ਪੰਜਾਬ ਕੋਹਾਂ ਦੀ ਵਿਥ ਨਹੀਂ ਸੀ, ਭਾਵੇਂ ਪਹਿਲੇ ਨੂੰ ਮਾਝਾ ਤੇ ਦੂਸਰੇ ਨੂੰ ਬਾਰ ਆਖਦੇ ਸਨ। ਭਾਵੇਂ ਪਹਿਲਾ ਮੁਢ ਕਦੀਮਾਂ ਤੋਂ ਵਸਿਆ ਹੋਇਆ ਸੀ ਤੇ ਦੂਸਰੇ ਨੂੰ ਚੰਗੀ ਤਰਾਂ ਜੰਮ ਕੇ ਵਸਿਆਂ ਅਜੇ ਥੋੜਾ ਚਿਰ ਹੀ ਹੋਇਆ ਸੀ। ਪਰ ਛੁੱਟੀ ਇਨਾਂ ਦਿਨਾਂ ਵਿਚ ਬੜੀ ਔਖੀ ਮਿਲਦੀ ਸੀ। ਕਦੀ ਕਦੀ ਕਿਸੇ ਨੂੰ। ਜਿਸ ਤਰਾਂ ਲੜਾਈ ਵਿਚ ਬਹਾਦਰੀ ਦੇ ਤਸਮੇ ਕਦੀ ਕਦੀ ਹੀ ਕਿਸੇ ਨੂੰ ਮਿਲਦੇ।

ਤੇ ਜਦੋਂ ਮਾਨ ਸਿੰਘ ਪਿਛਾਂਹ ਨੂੰ ਆਉਂਦੇ ਫ਼ੌਜੀ ਟਰੱਕ ਵਿਚ ਬੈਠਣ ਲਗਾ ਤਾਂ ਕਰਮ ਸਿੰਘ ਨੇ ਕਿਹਾ, 'ਸਾਡੇ ਘਰ ਵੀ ਹੁੰਦਾ ਆਵੀਂ ਤੂੰ। ਮੇਰੇ ਕੋਲੋਂ ਆਏ ਨੂੰ ਤੈਨੂੰ ਵੇਖਣਗੇ ਤਾਂ ਅੱਧਾ ਮੇਲ ਤਾਂ ਉਨਾਂ ਦਾ ਹੋ ਜਾਏਗਾ। ਫਿਰ ਉਨਾਂ ਕੋਲੋਂ ਆਏ ਨੂੰ ਤੈਨੂੰ ਮੈਂ ਵੇਖਾਂਗਾ ਤੇ ਤੇਰੇ ਕੋਲੋਂ ਉਨਾਂ ਦੀਆਂ ਗੱਲਾਂ-ਬਾਤਾਂ ਸੁਣਾਂਗਾ ਤਾਂ ਅੱਧਾ ਮੇਲ ਮੇਰਾ ਵੀ ਹੋ ਜਾਏਗਾ।'

ਫਿਰ ਆਪਣੇ ਇਲਾਕੇ ਵਿਚ ਉਸ ਦੀ ਦਿਲਚਸਪੀ ਵਧਾਣ ਲਈ ਉਸ ਪੁੱਛਿਆ 'ਤੂੰ ਅਗੇ ਕਦੀ ਉਧਰ ਗਿਆ ਏ ਕਿ ਨਹੀਂ?'

'ਨਹੀਂ ਅੰਬਰਸਰ ਵਿਚੋਂ ਈ ਲੰਘਿਆ ਹਾਂ, ਪਰਾਂ ਤੇ ਕਦੀ ਨਹੀਂ ਗਿਆ।'

'ਉਧਰ ਬੜੇ ਗੁਰਦਵਾਰੇ ਨੇ-ਤਰਨ ਤਾਰਨ, ਖਡੂਰ ਸਾਹਿਬ, ਗੋਇੰਦਵਾਲ। ਸਾਰੀ ਥਾਈਂ ਮੱਥਾ ਟੇਕ ਆਵੀਂ ਨਾਲੇ ਸਾਡੇ



ਘਰੇ ਹੋ ਆਵੀਂ। ਮੈਂ ਚਿੱਠੀ ਪਾ ਦਿਊਂ ਉਨਾਂ ਨੂੰ।'

ਤੇ ਇਸੇ ਕਰ ਕੇ ਆਪਣੀਆਂ ਛੁੱਟੀਆਂ ਮੁਕਣ ਦੇ ਨੇੜੇ ਅੱਜ ਉਹ ਟਾਂਗੇ ਤੇ ਚੜ੍ਹਿਆ ਕਰਮ ਸਿੰਘ ਦੇ ਪਿੰਡ ਜਾ ਰਿਹਾ ਸੀ।

'ਬਾਪੂ ਜੀ ਮੈਂ ਮਾਨ ਸਿੰਘ ਆਂ ਚੂਹੜਕਾਣਿਓਂ।' ਉਸ ਨੇ ਕਰਮ ਸਿੰਘ ਦੇ ਘਰ ਦੀ ਡਿਉੜ੍ਹੀ ਵਿਚ ਬੈਠੇ ਬਾਬੇ ਨੂੰ ਹੱਥ ਜੋੜ ਕੇ ਕਿਹਾ।

'ਆਓ ਜੀ, ਜੀਉ ਆਇਆਂ ਨੂੰ। ਆਓ ਬਹਿ ਜਾਓ।'

ਮਾਨ ਸਿੰਘ ਅੰਦਰ ਲੰਘ ਕੇ ਮੰਜੀ ਤੇ ਬਹਿ ਗਿਆ। ਉਸ ਦੇ ਆਉਣ ਕਰ ਕੇ ਬਾਬਾ ਕੁਝ ਔਖਾ ਔਖਾ ਲਗਦਾ ਸੀ। ਪਹਿਲਾਂ ਤਾਂ ਉਹ ਇਧਰ ਉਧਰ ਵੇਖ ਰਿਹਾ ਸੀ ਪਰ ਹੁਣ ਉਸ ਨੇ ਚੁੱਪ ਚਾਪ ਨੀਵੀਂ ਪਾ ਲਈ।

ਮਾਨ ਸਿੰਘ ਕਾਹਲੇ ਸੁਭਾ ਦਾ ਨਹੀਂ ਸੀ ਪਰ ਆਪਣੀ ਇਸ ਆਓ-ਭਗਤ ਤੇ ਉਸ ਨੂੰ ਬੜੀ ਹੈਰਾਨੀ ਹੋਈ। ਹੋ ਸਕਦਾ ਸੀ ਇਹ ਕੋਈ ਓਪਰਾ ਆਦਮੀ ਹੋਵੇ।

'ਤੁਸੀਂ ਕਰਮ ਸਿੰਘ ਦੇ ਬਾਪ ਓ' ਉਸ ਨੇ ਚੰਗੇਰੀ ਮਿਲਣੀ ਦੀ ਮੰਗ ਕਰਦੇ ਹੋਏ ਕਿਹਾ।

'ਆਹੋ ਜੀ ਇਹ ਉਹਦਾ ਈ ਘਰ ਏ।'

'ਉਸ ਮੇਰੇ ਬਾਰੇ ਤੁਹਾਨੂੰ ਕੋਈ ਚਿੱਠੀ ਲਿਖੀ ਸੀ?'

'ਹਾਂ ਉਸ ਲਿਖਿਆ ਸੀ ਪਈ ਤੁਸੀਂ ਆਉਗੇ ਸਾਡੇ ਕੋਲ।' ਤੇ ਬੁੱਢਾ ਉਠ ਕੇ ਵਿਹੜੇ ਵਲ ਨੂੰ ਟੁਰ ਪਿਆ। ਇਕ ਕੱਟੀ ਨੂੰ ਉਸ ਖੋਲ ਕੇ ਕਿੱਲੇ ਤੋਂ ਦੂਸਰੇ ਕਿੱਲੇ ਤੇ ਬੱਧਾ ਫਿਰ ਉਸ ਦੇ ਪਿੰਡੇ ਤੇ ਹੱਥ ਫੇਰਿਆ ਤੇ ਫਿਰ ਉਸ ਨੂੰ ਆਪਣਾ ਹੱਥ ਚਟਣ ਲਈ ਦਿਤਾ। ਫਿਰ ਅੰਦਰ ਜਾ ਕੇ ਮਾਨ ਸਿੰਘ ਦੇ ਆਉਣ ਦਾ ਪਤਾ ਦਿਤਾ ਤੇ ਚਾਹ ਲਿਆਉਣ ਲਈ ਆਖਿਆ। ਤੇ ਜਿਸ ਤਰਾਂ ਮੁੜ ਕੇ ਡਿਓੜ੍ਹੀ ਵਿਚ ਆਉਣ ਤੋਂ ਡਰਦਾ ਹੋਵੇ, ਉਹ ਫਿਰ ਵਿਹੜੇ ਵਿਚ ਬੱਧੀ ਘੋੜੀ ਕੋਲ ਖਲੋ ਗਿਆ। ਉਸ ਦੇ ਅਗੇ ਪਈ ਤੂੜੀ ਨੂੰ ਹਿਲਾਇਆ, ਹੋਰ ਛੋਲੇ ਲਿਆ ਕੇ ਵਿਚ ਪਾਏ ਤੇ ਅਖ਼ੀਰ ਮੁੜ ਕੇ ਡਿਓੜ੍ਹੀ ਵਿਚ ਆ ਗਿਆ। ਬਾਬਾ ਹੁਣ ਕੁਝ ਵਧੇਰੇ ਆਪਣੇ ਆਪ ਵਿਚ ਸੀ। ਉਹ ਮਾਨ ਸਿੰਘ ਵਲ ਤੇ ਸਜੇ ਖਬੇ ਵੀ ਝਾਕ ਰਿਹਾ ਸੀ।

'ਜਸਵੰਤ ਸਿੰਘ ਕਿਥੇ ਵੇ?' ਮਾਨ ਸਿੰਘ ਨੂੰ ਪਤਾ ਸੀ ਕਿ ਕਰਮ ਸਿੰਘ ਦੇ ਨਿੱਕੇ ਭਰਾ ਨਾਂ ਜਸਵੰਤ ਸਿੰਘ ਏ।

'ਹੁਣੇ ਆ ਜਾਂਦਾ ਏ, ਚਰੀ ਦੀ ਗਡ ਲੈ ਕੇ।' ਏਨੇ ਨੂੰ ਕਰਮ ਸਿੰਘ ਦੀ ਬੇਬੇ ਚਾਹ ਲੈ ਕੇ ਆ ਗਈ। 'ਬੇਬੇ ਜੀ ਸਤਿ ਸ੍ਰੀ ਅਕਾਲ' ਮਾਨ ਸਿੰਘ ਨੇ ਹਸਦੀਆਂ ਅੱਖਾਂ ਨਾਲ ਬੁੱਢੀ ਵਲ ਵੇਖਿਆ।

ਬੁੱਢੀ ਦੇ ਹੋਠ ਕੁਝ ਕਹਿਣ ਲਈ ਫਰਕੇ ਪਰ ਕੋਈ ਅੱਖਰ ਨਾ ਬਣ ਸਕਿਆ। ਮਾਨ ਸਿੰਘ ਨੇ ਚਾਹ ਵਾਲੀ ਗੜਵੀ ਤੇ ਕੌਲੀ ਉਸ ਦੇ ਹੱਥੋਂ ਫੜ ਲਈ ਤੇ ਉਹ ਵਾਪਸ ਚਲੀ ਗਈ।

'ਇਹ ਮਝੈਲ ਕਿਸ ਤਰਾਂ ਦੇ ਆਦਮੀ ਨੇ।' ਮਾਨ ਸਿੰਘ ਹੈਰਾਨ ਹੋ ਰਿਹਾ ਸੀ। ਆਪਣੇ ਵਿਚ ਉਹ ਬੜਾ ਤੰਗ ਸੀ। ਪਰ ਹੁਣ ਇਹ ਘਰ ਆ ਕੇ ਵਾਪਸ ਥੋੜਾ ਜਾ ਸਕਦਾ ਸੀ, 'ਚਲੋ ਇਕ ਰਾਤ ਰਹਿ ਕੇ ਮੁੜ ਚਲਾਂਗੇ।' ਉਸ ਫ਼ੈਸਲਾ ਕੀਤਾ।

ਰਾਤ ਨੂੰ ਜਦੋਂ ਜਸਵੰਤ ਸਿੰਘ ਆਇਆ ਤਾਂ ਇਸ ਰੌਣਕ ਵਿਚ ਗੱਲਾਂਬਾਤਾਂ ਕੁਝ ਖੁਲੀਆਂ ਹੋਣ ਲਗੀਆਂ।

'ਬੜੀ ਮਸ਼ਹੂਰ ਹੋਈ ਹੋਈ ਏ ਗੋਲੀ ਕਰਮ ਸਿੰਘ ਦੀ ਉਥੇ ਬ੍ਰਹਮਾ ਦੀ ਲੜਾਈ ਵਿਚ। ਬਸ ਉਹਦੇ ਘੋੜਾ ਦਬਣ ਦੀ ਡੇਰ ਹੁੰਦੀ ਏ, ਅੱਖ ਦੇ ਫੋਰ ਵਿਚ ਇਕ ਜਾਪਾਨੀ ਹੇਠਾਂ ਲੇਟ ਜਾਂਦਾ ਏ। ਸਾਨੂੰ ਨਾਲ ਟੁਰਦਿਆਂ ਪਤਾ ਵੀ ਨਹੀਂ ਲਗਦਾ ਉਸ ਸਭ ਕਿਥੋਂ ਲਿਆ।'

ਮਾਨ ਸਿੰਘ ਇਥੇ ਰੁਕ ਗਿਆ, ਇਸ ਉਮੀਦ ਤੋਂ ਕਿ ਉਹ ਸਾਰੇ ਬ੍ਰਹਮਾ ਦੀ ਲੜਾਈ ਦੀਆਂ ਬਹੁਤ ਸਾਰੀਆਂ ਗੱਲਾਂ ਪੁੱਛਣਗੇ ਉਸ ਦਾ ਅੰਦਰ ਗੱਲਾਂ ਨਾਲ ਭਰਿਆ ਪਇਆ ਸੀ, ਪਰ ਇਥੇ ਤਾਂ ਕੋਈ ਸੁਣਦਾ ਹੀ ਨਹੀਂ ਸੀ। ਕੁਝ ਚਿਰ ਇਸ ਤਰਾਂ ਹੀ ਸੁੰਨ ਰਹੀ ਤੇ ਫਿਰ ਬੁੱਢੇ ਨੇ ਜਸਵੰਤ ਸਿੰਘ ਨੂੰ ਕਿਹਾ।

'ਆਪਣੀ ਵਾਰੀ ਕਦੋਂ ਏ ਪਾਣੀ ਦੀ।' 'ਪਰਸੋਂ ਤਿੰਨ ਵਜੇ ਸਵੇਰੇ ਲਗਣੀ ਏ।'

ਤਿੰਨ ਵਜੇ ਸਵੇਰ ਦਾ ਨਾਂ ਸੁਣ ਕੇ ਮਾਨ ਸਿੰਘ ਨੇ ਫੇਰ ਗੱਲ ਛੇੜੀ। ਉਹ ਆਪਣੇ ਯਾਰ ਦੀਆਂ ਰਜ ਕੇ ਗੱਲਾਂ ਕਰਨੀਆਂ ਚਾਹੁੰਦਾ ਸੀ।

'ਹੋਰ ਗੱਲ ਤੇ ਗੱਲ, ਕਰਮ ਸਿੰਘ ਪਹਿਰ ਰਾਤ ਉਠਣ ਤੋਂ ਤਾਂ ਬਚ ਗਿਆ। ਫ਼ੌਜ ਵਿਚ ਸਵੇਰੇ ਉਠਣ ਦਾ ਬੜਾ ਆਲਸ ਏ ਉਹਨੂੰ, ਸਾਰਿਆਂ ਤੋਂ ਪਿਛੋਂ ਉਠਦਾ ਏ ਓਥੇ', ਇਸ ਨਾਲ ਵੀ ਕਿਸੇ ਦਾ ਉਤਸ਼ਾਹ ਨਾ ਜਾਗਿਆ।

ਫਿਰ ਰੋਟੀ ਆਈ। ਉਹਨਾਂ ਕਾਫ਼ੀ ਉਚੇਚ ਕੀਤਾ ਹੋਇਆ ਸੀ। ਨਾਲ ਨਾਲ ਜਸਵੰਤ ਉਹਨੂੰ ਰੋਟੀ ਖਾਂਦੇ ਨੂੰ ਪੱਖਾ ਝਲ ਰਿਹਾ ਸੀ। ਉਸ ਦਾ ਇਹ ਖ਼ਿਆਲ ਕਿ ਉਹ ਉਸ ਵਲ ਧਿਆਨ ਨਹੀਂ ਦੇ ਰਹੇ ਸਨ, ਦਿਲੋਂ ਨਿਕਲ ਗਿਆ।

ਰੋਟੀ ਖਾਂਦਿਆਂ ਖਾਂਦਿਆਂ ਕਰਮ ਸਿੰਘ ਦਾ ਨਿੱਕਾ ਜਿਹਾ ਮੁੰਡਾ ਟੁਰਦਾ ਟੁਰਦਾ ਮਾਨ ਸਿੰਘ ਦੀ ਮੰਜੀ ਕੋਲ ਆ ਗਿਆ। ਜੇ ਉਹ ਹੋਰ ਕਿਸੇ ਨਾਲ ਕਰਮ ਸਿੰਘ ਦੀਆਂ ਗੱਲਾਂ ਨਹੀਂ ਕਰ ਸਕਦਾ ਸੀ ਤਾਂ ਉਹਦੇ ਮੁੰਡੇ ਨਾਲ ਤਾਂ ਕਰ ਸਕਦਾ ਸੀ ਨਾ। ਮਾਨ ਸਿੰਘ ਨੇ ਉਸ ਨੂੰ ਕੁਛੜ ਚੁਕ ਲਿਆ।

'ਓਏ ਆਪਣੇ ਬਾਪੂ ਕੋਲ ਚਲਣਾ ਈ? ਜਾਣਾ ਈ ਤਾਂ ਚਲ ਮੇਰੇ ਨਾਲ। ਬੜਾ ਮੀਂਹ ਪੈਂਦਾ ਏ ਉਥੇ, ਪਾਣੀ ਵਿਚ ਤੁਰਿਆ ਫਿਰੀਂ।' ਮਾਨ ਸਿੰਘ ਦੀ ਇਹ ਗੱਲ ਬਾਪੂ ਨੂੰ ਸੂਲ ਵਾਂਗ ਚੁਭੀ, 'ਆਹ ਫੜ ਲੈ ਮੁੰਡੇ ਨੂੰ ਉਧਰ ਰਖ, ਰੋਟੀ ਤਾਂ ਖਾ ਲੈਣ ਦਿਆ ਕਰੋ ਆਰਾਮ ਨਾਲ' ਬਾਪੂ ਨੇ ਜ਼ਰਾ ਤੇਜ਼ ਹੋ ਕੇ ਕਿਹਾ ਤੇ ਬੇਬੇ ਆ ਕੇ ਮੁੰਡਾ ਚੁਕ ਕੇ ਲੈ ਗਈ।

ਹੁਣ ਤੇ ਘਰ ਦੀ ਹਵਾ ਵਿਚ ਮਾਨ ਸਿੰਘ ਨੂੰ ਸਾਹ ਲੈਣਾ ਔਖਾ ਹੋ ਰਿਹਾ ਸੀ। ਇਧਰ ਦਾ ਪੈਂਡਾ ਮੁਕਾ ਕੇ ਉਸ ਦਾ ਛੇਤੀ ਛੇਤੀ ਮੁੜਨ ਨੂੰ ਜੀ ਕਰਦਾ ਸੀ। ਉਸ ਆਪਣੇ ਅਗਲੇ ਦਿਨ ਦੇ ਚੱਕਰ ਬਾਰੇ ਪੁਛਗਿਛ ਅਰੰਭੀ। 'ਇਥੋਂ ਤਰਨ ਤਾਰਨ ਕਿੰਨਾ ਏ?'

'ਚਾਰ ਕੋਹ ਪੈਂਡਾ ਏ।'

'ਟਾਂਗਾ ਮਿਲ ਜਾਂਦਾ ਹੋਵੇਗਾ ਸਵੇਰੇ ਸਵੇਰੇ ਹੀ।'

'ਟਾਂਗਿਆਂ ਟੂੰਗਿਆਂ ਦਾ ਕੋਈ ਫ਼ਿਕਰ ਨਾ ਕਰ ਤੂੰ, ਜਸਵੰਤ ਨੂੰ ਤੇਰੇ ਨਾਲ ਘਲਾਂਗੇ। ਦੋਵੇਂ ਭਰਾ ਕੱਠੇ ਹੀ ਮੱਥਾ ਟੇਕ ਆਇਓ ਸਾਰੇ।' ਇਸ ਗੱਲ ਤੇ ਮਾਨ ਸਿੰਘ ਰਾਜ਼ੀ ਸੀ। ਜਸਵੰਤ ਏਡਾ ਘੁਟਿਆ ਹੋਇਆ ਬੰਦਾ ਨਹੀਂ ਸੀ।

ਪਰ ਮਾਨ ਸਿੰਘ ਦੇ ਨਾਲ ਟੁਰਦਿਆਂ ਤੇ ਉਹ ਵੀ ਕੁਝ ਘੁਟਿਆ ਹੀ ਗਿਆ। ਜਿਹੜੇ ਜਾਣੂੰ ਬੰਦੇ ਉਹਨੂੰ ਰਾਹ ਵਿਚ ਮਿਲਦੇ ਉਹ ਉਨਾਂ ਨੂੰ ਦੂਰੋਂ ਹੀ ਫ਼ਤਹਿ ਬੁਲਾ ਕੇ ਅਗਾਂਹ ਟੁਰ ਪੈਂਦਾ। ਭਾਵੇਂ ਮਾਨ ਸਿੰਘ ਦਾ ਜੀ ਕਰਦਾ ਸੀ ਕਿ ਉਹ ਆਪ ਖਲੋ ਕੇ ਲੋਕਾਂ ਨਾਲ ਗੱਲਾਂਬਾਤਾਂ ਕਰੇ। ਉਸ ਨੇ ਕਿਹੜਾ ਰੋਜ਼ ਰੋਜ਼ ਇਸ ਪਾਸੇ ਆਉਣਾ ਸੀ?

'ਕਰਮ ਸਿੰਘ ਨੇ ਤਾਂ ਬੜਾ ਜਸ ਖਟਿਆ ਏ ਫ਼ੌਜ ਵਿਚ। ਤੂੰ ਕਿਉਂ ਨਾ ਫ਼ੌਜ ਵਿਚ ਗਿਆ' ਮਾਨ ਸਿੰਘ ਨੇ ਫੇਰ ਕਰਮ ਸਿੰਘ ਨੂੰ ਅੱਗੇ ਲੈ ਆਂਦਾ।

ਜਸਵੰਤ ਇਕ-ਦਮ ਕਠਾ ਹੋ ਗਿਆ ਜਿਵੇਂ ਕੋਈ ਚੋਰੀ ਕਰਦਾ ਫੜਿਆ ਜਾਂਦਾ ਹੈ। ਕੁਝ ਠਹਿਰ ਕੇ ਉਸ ਨੇ ਕਿਹਾ, 'ਇਕ ਥੋੜਾ ਏ ਫ਼ੌਜ ਵਿਚ।'

'ਚਰੀਆਂ, ਕਮਾਦ ਕਿੱਡੇ ਕਿੱਡੇ ਹੋ ਗਏ ਨੇ ਆਪਣੇ ਵਲ?' ਇਕ ਚਰੀ ਦੀ ਪੈਲੀ ਕੋਲੋਂ ਲੰਘਦਿਆਂ ਜਸਵੰਤ ਨੇ ਗੱਲ ਚਲਾਈ।

'ਬੰਦੇ ਬੰਦੇ ਜਿਡੇ ਖੜੇ ਨੇ' ਪਰ ਉਸ ਦਾ ਦਿਲ ਇਸ ਗੱਲ ਵਿਚ ਨਹੀਂ ਸੀ। ਉਹ ਤੇ ਆਪਣੇ ਯਾਰ ਦੀਆਂ ਗੱਲਾਂ ਕਰਨੀਆਂ ਚਾਹੁੰਦਾ ਸੀ। ਪਿੰਡ ਮੁੜ ਕੇ ਮਾਨ ਸਿੰਘ ਪਿਛਾਂਹ ਜਾਣ ਦੀਆਂ ਸਲਾਹਾਂ ਵਿਚ ਸੀ। ਅੰਮ੍ਰਿਤਸਰੋਂ ਰਾਤ ਦੀ ਗੱਡੀ ਚੜ ਕੇ ਉਹ ਸਵੇਰ ਵੇਲੇ ਫਿਰ ਪਿੰਡ ਅਪੜ ਸਕਦਾ ਸੀ। ਭਾਵੇਂ ਆਪੋ ਆਪਣੀ ਥਾਈਂ ਸਾਰਿਆਂ ਨੇ ਉਸ ਲਈ ਕਾਫ਼ੀ ਉਚੇਚ ਕੀਤੀ ਸੀ ਪਰ ਉਸ ਨੂੰ ਇਸ ਫੇਰੇ ਦਾ ਉਮੇਦ ਤੋਂ ਬਹੁਤ ਘਟ ਸੁਆਦ ਆਇਆ ਸੀ। ਇਸ ਵੇਲੇ ਵੀ ਅੰਦਰ ਉਸ ਲਈ ਚਾਹ ਤਿਆਰ ਹੋ ਰਹੀ ਸੀ ਡਿਓੜ੍ਹੀ ਵਿਚ ਉਹ ਇਕੱਲਾ ਹੀ ਸੀ।

ਸਾਹਮਣੇ ਗਲੀ ਵਿਚ ਝੋਲਾ ਗਲ ਵਿਚ ਲਮਕਾਈ ਡਾਕੀਆ ਟੁਰਿਆ ਆਉਂਦਾ ਸੀ। ਪਹਿਲੋਂ ਤਾਂ ਇਸ ਤਰਾਂ ਲਗਾ ਜਿਵੇਂ ਉਹ ਟੁਰਦਾ ਟੁਰਦਾ ਸਿੱਧਾ ਹੀ ਅਗੇ ਲੰਘ ਜਾਵੇਗਾ, ਪਰ ਫਿਰ ਉਹ ਡਿਓੜ੍ਹੀ ਵਿਚ ਆ ਕੇ ਮੰਜੀ ਤੇ ਬੈਠ ਗਿਆ।

'ਕੀ ਲਿਆਏ ਓ?'

'ਲਿਆਉਣਾ ਕੀ ਏ, ਆਹ ਪੈਨਸ਼ਨ ਆਈ ਏ ਵਿਚਾਰੇ ਕਰਮ ਸਿੰਘ ਦੀ।'

'ਕਰਮ ਸਿੰਘ ਦੀ ਪੈਨਸ਼ਨ? ਕਰਮ ਸਿੰਘ ਮਾਰਿਆ ਗਿਆ?'

'ਬਾਦਸ਼ਾਹੋ ਸਾਰਾ ਇਲਾਕਾ ਤਰਾਸ ਤਰਾਸ ਪਿਆ ਕਰਦਾ ਏ। ਤੇ ਤੁਸੀਂ ਉਹਦੇ ਘਰ ਬੈਠੇ ਪੁੱਛਦੇ ਓ ਕਰਮ ਸਿੰਘ ਮਾਰਿਆ ਗਿਆ ਏ। ਚਿੱਠੀ ਆਇਆਂ ਤੇ ਅੱਜ ਪੰਦਰਾਂ ਦਿਨ ਹੋ ਗਏ ਨੇ।'

ਦੋ ਕੁ ਵਾਰ ਮਾਨ ਸਿੰਘ ਦਾ ਸਾਹ ਕਾਹਲਾ ਜਿਹਾ ਆਇਆ। ਸਿਰ ਤੇ ਨੱਕ ਤੋਂ ਉਤਲੇ ਹਿੱਸੇ ਦੀ ਇਕ ਮੁਠ ਜਿਹੀ ਮੀਟੀ ਗਈ ਤੇ ਫਿਰ ਅੱਖਾਂ ਰਾਹੀਂ ਪਾਣੀ ਨੁਚੜਨ ਨਾਲ ਢਿੱਲੀ ਹੋਣ ਲਗੀ। ਕਰਮ ਸਿੰਘ ਦਾ ਘਰ ਅੰਦਰ ਗਿਆ ਹੋਇਆ ਉਹਦਾ ਪਿਤਾ, ਉਹਦਾ ਨਿੱਕਾ ਜਿਹਾ ਮੁੰਡਾ ਉਸ ਨੂੰ ਰੋਣ ਵਿਚ ਮਦਦ ਦੇ ਰਹੇ ਸਨ।

ਬਾਪੂ ਨੇ ਬਾਹਰੋਂ ਹੀ ਡਾਕੀਆ ਬੈਠਾ ਵੇਖ ਕੇ ਸਮਝ ਲਿਆ ਕਿ ਗੱਲ ਨਿਕਲ ਗਈ ਹੈ। ਹੁਣ ਭਾਰ ਚੁਕੀ ਫਿਰਨ ਦੀ ਕੋਈ ਲੋੜ ਨਹੀਂ ਸੀ। ਅੱਠਾਂ ਪਹਿਰਾਂ ਦਾ ਦਬਾਅ ਢਿਲਾ ਹੋਇਆ ਤੇ ਅੱਥਰੂ ਵਗ ਤੁਰੇ। ਦੋਵੇਂ ਢੇਰ ਚਿਰ ਕੋਲ ਕੋਲ ਬੈਠੇ ਆਪਣੇ ਆਪ ਨੂੰ ਹੌਲਾ ਕਰਦੇ ਰਹੇ।

ਫਿਰ ਮਾਨ ਸਿੰਘ ਬੋਲਿਆ, 'ਤੁਸਾਂ ਮੈਨੂੰ ਆਉਂਦੇ ਹੀ ਕਿਉਂ ਨਾ ਦਸਿਆ?'

'ਐਵੇਂ, ਅਸਾਂ ਆਖਿਆ ਮੁੰਡਾ ਛੁੱਟੀ ਆਇਆ ਏ, ਇਹਦੀ ਛੁੱਟੀ ਖ਼ਰਾਬ ਨਾ ਹੋਵੇ। ਆਪੇ ਛੁੱਟੀ ਕਟ ਕੇ ਪਲਟਣ ਵਿਚ ਜਾਏਗਾ, ਸੁਣ ਲਏਗਾ। ਫ਼ੌਜੀ ਨੂੰ ਛੁੱਟੀ ਪਿਆਰੀ ਹੁੰਦੀ ਏ। ਜਿੰਨੀ ਕਰਮ ਸਿੰਘ ਨੂੰ ਪਿਆਰੀ ਸੀ ਉਨੀ ਹੀ ਤੈਨੂੰ ਹੋਊ ਨਾ, ਸਗੋਂ ਬਹੁਤੀ ਹੋਊ। ਬਾਰ ਦੇ ਪਿੰਡਾਂ ਦੇ ਲੋਕ ਤਾਂ ਸਾਉਣ ਦੇ ਜੰਮ ਪਲ ਨੇ, ਉਨਾਂ ਨੂੰ ਤੇ ਥੋੜਾ ਔਖ ਵੀ ਬਹੁਤਾ ਦਿਸਦਾ ਹੋਊ। ਪਰ ਅਸੀਂ ਗੱਲ ਲੁਕਾਣ ਵਿਚ ਰਤਾ ਕਾਮਯਾਬ ਨਹੀਂ ਹੋਏ। ਐਵੇਂ ਬੇਸੁਆਦੀ ਹੀ ਕੀਤੀ।'

ਮੁੜਦੇ ਹੋਏ ਮਾਨ ਸਿੰਘ ਨੇ ਮਾਝੇ ਦੇ ਪਿੰਡ ਵੇਖੇ ਜਿਨਾਂ ਦਾ ਬਾਬਾ ਜੰਮ ਪਲ ਸੀ। ਇਨਾਂ ਦੁਆਲੇ ਬਚਾਅ ਲਈ ਕਿਲੇ ਕੋਟ ਉਸਰੇ ਹੋਏ ਸਨ, ਥਾਂ ਥਾਂ ਮੜੀਆਂ ਤੇ ਸਮਾਧਾਂ ਸਨ ਜਿਹੜੀਆਂ ਪੀਹੜੀਆਂ ਵਿਚ ਇਨਾਂ ਲੋਕਾਂ ਦੀ ਭਾਰਤ ਤੇ ਧਾਵਾ ਕਰਨ ਵਾਲਿਆਂ ਨਾਲ ਲੜਨ ਮਰਨ ਦੀਆਂ ਕਹਾਣੀਆਂ ਦਸਦੀਆਂ ਸਨ। ਇਸੇ ਕਰ ਕੇ ਬਾਬੇ ਦੀ ਸਹਿਣ-ਸ਼ਕਤੀ ਇੰਨੀ ਵਧੀ ਹੋਈ ਸੀ। ਉਹ ਦੂਜਿਆਂ ਨੂੰ ਹੌਲਾ ਰਖਣ ਲਈ ਆਪ ਹੋਰ ਭਾਰ ਚੁਕਣਾ ਚਾਹੁੰਦਾ ਸੀ। ਮਾਨ ਸਿੰਘ ਨੇ ਸੁਣਿਆ ਹੋਇਆ ਸੀ ਕਿ ਇਕ ਧੌਲ ਹੈ ਜੋ ਆਪਣੇ ਸਿਰਾਂ ਤੇ ਸਾਰੀ ਧਰਤੀ ਦਾ ਭਾਰ ਚੁਕ ਕੇ ਖੜਾ ਰਹਿੰਦਾ ਹੈ। ਉਸ ਨੂੰ ਇਸ ਤਰਾਂ ਲਗਾ ਜਿਵੇਂ ਕਰਮ ਸਿੰਘ ਦਾ ਪਿਤਾ ਹੀ ਉਹ ਧੌਲ ਸੀ ਜਿਹੜਾ ਭਾਰ ਥੱਲੇ ਦਬਿਆ ਹੋਣ ਪਿਛੋਂ ਵੀ ਲੋਕਾਂ ਦਾ ਭਾਰ ਚੁਕਣਾ ਚਾਹੁੰਦਾ ਸੀ।

# ਸਾਡੇ ਲੋਕ ਗੀਤਾਂ ਵਿਚ ਪੰਜਾਬੀ ਵਿਰਸਾ

**ਕਰਨਲ ਰਮੇਸ਼ ਦਵੇਸ਼ਰ**

ਪੰਜਾਬੀ ਲੋਕ-ਗੀਤ, ਉਨਾਂ ਦੇ ਅਲਫ਼ਾਜ਼ ਭਾਵ ਸ਼ਬਦ, ਤਰਜ਼ ਤੇ ਗਾਉਣ ਦੇ ਲਹਿਜ਼ੇ ਦੀ ਬਿਨਾਅ ’ਤੇ ਇਨਾਂ ਨੂੰ ਵੱਖ-ਵੱਖ ਨਾਂ ਅਤੇ ਰੰਗ ਦਿੱਤੇ ਗਏ ਹਨ। ਪਰ ਕਈ ਗੀਤ ਅਜਿਹੇ ਹਨ ਜੋ ਇਕ-ਦੂਜੇ ਨਾਲ ਮਿਲਦੇ-ਜੁਲਦੇ ਹਨ, ਉਨਾਂ ਦਾ ਫ਼ਰਕ ਬਹੁਤ ਘੱਟ ਹੈ।

ਲੋਕ-ਗੀਤਾਂ ਦਾ ਜ਼ਿਕਰ ਕਰੀਏ ਤਾਂ ਸਭ ਤੋਂ ਪਹਿਲਾਂ ‘ਜੁਗਨੀ’ ਦਾ ਧਿਆਨ ਆਉਂਦਾ ਹੈ। ਆਮ ਤੌਰ ’ਤੇ ਮਾਦਾ ਜੁਗਨੂੰ ਨੂੰ ਜੁਗਨੀ ਕਹਿੰਦੇ ਹਨ। ਕਈ ਅਦੀਬਾਂ ਨੇ ਇਕ ਖਿਆਲੀ ਜਾਂ ਰੂਹਾਨੀ ਕਿਰਦਾਰ ਨੂੰ ਵੀ ਜੁਗਨੀ ਦਾ ਨਾਂ ਦਾ ਦਿੱਤਾ ਹੈ। ਪਰ ਜੁਗਨੀ ਲੋਕ-ਗੀਤ ਦਾ ਬੜਾ ਦਿਲਚਸਪ ਇਤਿਹਾਸ ਹੈ। 1906 ਈ. ਵਿਚ ਬਰਤਾਨੀਆ ਦੀ ਮਲਿਕਾ ਵਿਕਟੋਰੀਆ 50 ਸਾਲਾ ਜਸ਼ਨ (ਗੋਲਡਨ ਜੁਬਲੀ) ਦੀ ਮਸ਼ਾਲ ਸਾਡੇ ਮੁਲਕ ਵਿਚ ਆਈ ਤੇ ਇਸ ਨੂੰ ਹਰ ਸ਼ਹਿਰ ਵਿਚ ਫੇਰੀ ਦਿੱਤੀ। ਪੰਜਾਬ ਵਿਚ ਵੀ ਇਸ ਮਸ਼ਾਲ ਦਾ ਜਲੂਸ ਵਾਰੀ-ਵਾਰੀ ਹਰ ਸ਼ਹਿਰ ਵਿਚ ਕੱਢਿਆ ਗਿਆ। ਇਸ ਕਾਫ਼ਲੇ ਵਿਚ ਮਾਝੇ ਦੇ ਦੋ ਕਲਾਕਾਰ, ਪਿੰਡ ਵੈਰੋਵਾਲ ਦਾ ਮੰਦਾ ਮਰਾਸੀ (ਅਸਲੀ ਨਾਂ ਮੁਹੰਮਦ) ਤੇ ਪੱਟੀ ਤਹਿਸੀਲ ਦਾ ਬਿਸ਼ਨਾ ਜੱਟ ਸ਼ਾਮਿਲ ਹੋ ਗਏ ਅਤੇ ਜਿਥੇ-ਜਿਥੇ ਮਸ਼ਾਲ ਜਾਂਦੀ ਸੀ, ਉਸ ਦੇ ਨਾਲ-ਨਾਲ ਗਾਉਂਦੇ ਜਾਂਦੇ। ਅਨਪੜ ਹੋਣ ਕਰਕੇ ਇਨਾਂ ਜੁਬਲੀ ਨੂੰ ਜੁਗਨੀ ਕਹਿਣਾ ਸ਼ੁਰੂ ਕਰ ਦਿੱਤਾ ਤੇ ਆਪਣੇ ਗਾਣਿਆਂ ਵਿਚ ਜੁਗਨੀ ਲਫ਼ਜ਼ ਦਾ ਇਸਤੇਮਾਲ ਕਰਨਾ ਸ਼ੁਰੂ ਕਰ ਦਿੱਤਾ। ਕੁਝ ਚਿਰ ਬਾਅਦ ਇਨਾਂ ਨੇ ਆਪਣੇ ਗਾਣਿਆਂ ਵਿਚ ਅੰਗਰੇਜ਼ੀ ਰਾਜ ਦੀ ਬਦਖੋਹੀ ਸ਼ੁਰੂ ਕਰ ਦਿੱਤੀ, ਜਿਹੜੀ ਫਿਰੰਗੀਆਂ ਨੂੰ ਰਾਸ ਨਾ ਆਈ ਤੇ ਜਦ ਜੁਬਲੀ ਮਸ਼ਾਲ ਦਾ ਜਲੂਸ ਗੁਜਰਾਂਵਾਲਾ ਪਹੁੰਚਿਆ ਤਾਂ ਉਨਾਂ ਨੇ ਮੰਦਾ ਤੇ ਬਿਸ਼ਨੇ ਦਾ ਗੁਜਰਾਂਵਾਲਾ ਵਿਖੇ ਕਤਲ ਕਰਵਾ ਦਿੱਤਾ। ਕਿਉਂਕਿ ਜੁਬਲੀ ਦੀ ਮਸ਼ਾਲ (ਜੁਗਨੀ) ਥਾਓਂ-ਥਾਈਂ ਜਾਂਦੀ ਸੀ, ਜਿਸ ਕਰਕੇ ਜੁਗਨੀ ਲੋਕ-ਗੀਤਾਂ ਵਿਚ ਜਗਾ-ਜਗਾ ਦਾ ਨਾਂਅ ਆਉਂਦਾ ਹੈ। ਜਿਵੇਂ ਕਿ :-

ਜੁਗਨੀ ਜਾ ਵੜੀ ਕਲਕੱਤੇ,
ਮੁੰਡੇ ਲੈ ਕਿਤਾਬਾਂ ਨੱਸੇ।

ਇਸੇ ਤਰਾਂ ਜੁਗਨੀ ਜਾਂ ਸੂਫ਼ੀ ਅੰਦਾਜ਼ ਵਿਚ ਰੱਬ ਦੀ ਇਬਾਦਤ ਕੀਤੀ ਜਾਂਦੀ ਹੈ। ਜਿਵੇਂ ਕਿ :

ਅਲਫ਼ ਅੱਲਾ ਚੰਬੇ ਦੀ ਬੂਟੀ ਤੇ
ਮੇਰੇ ਮੁਰਸ਼ਦ ਮਨ ਵਿਚ ਲਾਈ ਹੂ...
ਮੌਲਾ ਅਲੀ ਵਾਲੀ ਜੁਗਨੀ।

ਆਰਿਫ਼ ਲੁਹਾਰ ਤੇ ਗੁਰਦਾਸ ਮਾਨ ਨੇ ਜੁਗਨੀ ਨੂੰ ਗਾ ਕੇ ਲੋਕਾਂ ਵਿਚ ਮਕਬੂਲ ਕੀਤਾ ਹੈ।

‘ਛੰਦ’ ਦਾ ਮਤਲਬ ਹੈ ਚਾਰ ਲਾਈਨਾਂ ਦੀ ਕਵਿਤਾ। ਇਸ ਦਾ ਜ਼ਿਕਰ ਹਰ ਜ਼ੁਬਾਨ ਵਿਚ ਆਉਂਦਾ ਹੈ। ਛੰਦ ਸੰਗੀਤ ਬਣਾਉਣ ਦਾ ਸਿਹਰਾ ਮਹਾਨ ਕਵੀ ਪਿੰਗਲ ਰਿਸ਼ੀ ਨੂੰ ਜਾਂਦਾ ਹੈ। ਪੰਜਾਬੀ ਵਿਚ ਪੰਜਾਬੀ ਲੋਕ ਗੀਤਾਂ ਨੂੰ ਛੰਦ ਦੇ ਲਹਿਜ਼ੇ ਨਾਲ ਗਾਉਣ ਨੂੰ ਕਲੀ ਛੰਦ ਜਾਂ ਕਲੀਆਂ ਕਹਿੰਦੇ ਹਨ। ਕੁਲਦੀਪ ਮਾਣਕ ਅਤੇ ਸੁਰਿੰਦਰ ਛਿੰਦਾ ਦੀਆਂ ਗਾਈਆਂ ਕਲੀਆਂ ਮਸ਼ਹੂਰ ਹਨ। ਜਿਵੇਂ ਕਿ ਮਾਣਕ ਜੀ ਦੀ ਗਾਈ ‘ਤੇਰੇ ਟਿੱਲੇ ਤੋਂ ਅਹੁ ਸੂਰਤ ਦੀਹਦੀ ਆ ਹੀਰ ਦੀ...।’

ਪਿਆਰ, ਇਸ਼ਕ ਤੇ ਮੁਹੱਬਤ ਦੇ ਲੋਕ-ਗੀਤਾਂ ਵਿਚ ਸਭ ਤੋਂ ਪਹਿਲਾਂ ‘ਟੱਪਿਆਂ’ ਦਾ ਜ਼ਿਕਰ ਆਉਂਦਾ ਹੈ। ਟੱਪੇ ਲੋਕ ਗੀਤ ਦੇ ਬਣਾਉਣ ਦਾ ਸਿਹਰਾ ਸਿੰਧ ਅਤੇ ਪੰਜਾਬ ਦੇ ਰੇਗਿਸਤਾਨੀ ਇਲਾਕਿਆਂ ਦੇ ਊਠ ਸਵਾਰਾਂ ਨੂੰ ਜਾਂਦਾ ਹੈ, ਜੋ ਕਿ ਲੰਬੇ ਸਫ਼ਰ ਦੇ ਦੌਰਾਨ ਟੱਪਿਆਂ ਦੀ ਸ਼ਕਲ ਵਿਚ ਆਪਣੇ ਪਿਆਰ ਅਤੇ ਵਿਛੋੜੇ ਦਾ ਇਜ਼ਹਾਰ ਕਰਦੇ ਸਨ। ਬਾਅਦ ਵਿਚ ਮਕਬੂਲ ਸੰਗੀਤਕਾਰ ਗੁਲਾਮ ਨਬੀ ਸ਼ੋਰੀ ਨੇ ਇਸ ਸ਼ੈਲੀ ਨੂੰ ਨਿਖਾਰ ਕੇ ਲੋਕਾਂ ਵਿਚ ਪਹੁੰਚਾਇਆ। ਟੱਪੇ ਤਿੰਨ ਲਾਈਨਾਂ ਦੀ ਸ਼ਕਲ ਵਿਚ ਪਿਆਰ ਅਤੇ ਵਿਛੋੜੇ ਨੂੰ ਦਰਸਾਉਂਦੇ ਹਨ। ਮਿਸਾਲ ਵਜੋਂ :

ਛਪੜੀ ਵਿਚ ਅੰਬ ਤਰਦਾ,
ਯਾਰ ਦੀ ਜੁਦਾਈ ਬਾਝੋਂ ਰੱਬ ਪੈਦਾ ਹੀ ਨਾ ਕਰਦਾ।’
‘ਤੂੰ ਚੜ ਗਈ ਡੋਲੀ ਨੀ, ਕੱਚੇ ਬੋਲਾਂ ਵਾਲੀਏ,
ਸਾਡੀ ਜਿੰਦੜੀ ਰੋਲੀ ਨੀ’

ਜਗਜੀਤ/ਚਿਤਰਾ ਸਿੰਘ ਅਤੇ ਗੁਲਾਮ ਅਲੀ ਦੇ ਗਾਏ ਟੱਪੇ ਕਾਫ਼ੀ ਮਸ਼ਹੂਰ ਹਨ।

ਇਸੇ ਲੜੀ ਵਿਚ ‘ਮਾਹੀਆ’ ਲੋਕ-ਗੀਤ ਵੀ ਗਾਉਂਦੇ ਹਨ। ਇਹ ਟੱਪਿਆਂ ਦਾ ਦੂਜਾ ਰੂਪ ਹੈ। ਮਾਹੀਆ ਦੀ



ਲਹਿੰਦੇ ਪੰਜਾਬ ਖ਼ਾਸ ਕਰਕੇ ਪੋਠੋਹਾਰ ਇਲਾਕੇ ਵਿਚ ਤਕਰੀਬਨ 17ਵੀਂ ਸਦੀ ਵਿਚ ਸ਼ੁਰੂਆਤ ਹੋਈ। ਮਾਹੀਆ ਲਫ਼ਜ਼ ਮਹੀਵਾਲ ਤੇ ਰਾਂਝੇ ਤੋਂ ਲਿਆ ਗਿਆ ਹੈ। ਮਾਹੀਆ ਵੀ ਟੱਪਿਆਂ ਵਾਂਗੂ ਪਿਆਰ ਅਤੇ ਵਿਛੋੜੇ ਨੂੰ ਬਿਆਨ ਕਰਦਾ ਹੈ। ਮਿਸਾਲ ਵਜੋਂ :

ਗੱਡੀ ਚਲਦੀ ਹੈ ਤਾਰਾਂ ’ਤੇ,
ਅੱਗੇ ਮਾਹੀਆ ਰੋਜ਼ ਮਿਲਦਾ
ਹੁਣ ਮਿਲਦਾ ਕਰਾਰਾਂ ’ਤੇ।

ਟੱਪੇ ਤੇ ਮਾਹੀਏ ਦਾ ਇਕ ਹੋਰ ਅਵਤਾਰ ਹੈ। ‘ਢੋਲਾ’ ਫਰਕ ਸਿਰਫ਼ ਏਨਾ ਹੈ ਕਿ ਢੋਲਾ ਲੋਕ-ਗੀਤਾਂ ਵਿਚ ਕੋਈ ਬੰਦਿਸ਼ ਨਹੀਂ, ਇਹ ਤਿੰਨ ਲਾਈਨਾਂ ਤੋਂ ਜ਼ਿਆਦਾ ਵੀ ਹੋ ਸਕਦਾ ਹੈ। ਜਿਵੇਂ :

‘ਕੰਮ ਨਹੀਂ ਰਿਹਾ ਮੇਰੇ ਵੱਸ ਦਾ,
ਭੁੱਲਾਂ ਮੈਂ ਤੈਨੂੰ ਕਿੰਝ ਢੋਲਾ।’
ਰਗ-ਰਗ ਵਿਚ ਯਾਰ ਵੱਸਿਆ,
ਇਹ ਤੇਰੇ ਵਿਛੋੜਿਆਂ ਨੇ ਦੱਸਿਆ,
ਸਾਹਵਾਂ ਮੇਰਿਆਂ ਨੇ ਮੈਨੂੰ ਪੁੱਛਿਆ
ਕਿ ਰੂਹ ਸਾਡੀ ਕਿੱਥੇ ਢੋਲਾ।’

‘ਭੰਗੜਾ’ ਤੇ ‘ਗਿੱਧਾ’ ਤੋਂ ਬਗ਼ੈਰ ਪੰਜਾਬੀ ਲੋਕ-ਗੀਤ ਅਧੂਰੇ ਹਨ। ਕਿਹਾ ਜਾਂਦਾ ਹੈ ਕਿ 14ਵੀਂ ਜਾਂ 15ਵੀਂ ਸਦੀ ਵਿਚ ਵਾਢੀਆਂ ਦੇ ਦੌਰਾਨ ਖ਼ਾਸ ਕਰਕੇ ਵਿਸਾਖੀ ਦੇ ਜਸ਼ਨ ਨੂੰ ਮਨਾਉਣ ਲਈ ਕਿਸਾਨਾਂ ਵਲੋਂ ਭੰਗੜੇ ਦੀ ਰਸਮ ਸ਼ੁਰੂ ਹੋਈ। ਇਕ ਟੋਲੀ ਢੋਲ ਦੀ ਲੈਅ ’ਤੇ ਬੋਲੀਆਂ ਦੇ ਨਾਲ ਭੰਗੜਾ ਪਾਉਂਦੇ ਹਨ। ਆਮ ਤੌਰ ’ਤੇ ਤਰਜ਼ ਬਣਾਉਣ ਲਈ ਬੋਲੀਆਂ ਦੀ ਪਹਿਲੀ ਲਾਈਨ ਇਕੋ ਜਿਹੀ ਹੁੰਦੀ ਹੈ ਜਿਵੇਂ ਕਿ :-

‘ਬਾਰੀਂ ਬਰਸੀਂ ਖੱਟਣ ਗਿਆ ਸੀ...’

ਭੰਗੜੇ ਨੂੰ ਪੂਰੇ ਮੁਲਕ ਅਤੇ ਫ਼ਿਲਮਾਂ ਵਿਚ ਲਿਆਉਣ ਦਾ ਸਿਹਰਾ ਮਹਿੰਦਰਾ ਕਾਲਜ ਪਟਿਆਲਾ ਦੇ ਮਨੋਹਰ ਦੀਪਕ ਨੂੰ ਜਾਂਦਾ ਹੈ। ਉਨਾਂ ਨੇ ਦੋ ਫਿਲਮਾਂ ‘ਨਯਾ ਦੌਰ’ ਅਤੇ ‘ਜਾਗਤੇ ਰਹੋ’ ਵਿਚ ਭੰਗੜਾ ਪਾਇਆ ਸੀ। ਬਾਅਦ ਵਿਚ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਟੋਲੀ ਦਾ ਪੰਜਾਬੀ ਫਿਲਮ ‘ਵਲਾਇਤ ਪਾਸ’ ਵਿਚ ਭੰਗੜਾ ਸ਼ਾਮਿਲ ਕੀਤਾ ਗਿਆ। ਇਸੇ ਤਰਾਂ ਬਟਾਲਾ ਦੇ ਬੇਅਰਿੰਗ ਯੂਨੀਅਨ ਕਾਲਜ ਦੀ ਟੀਮ ਦਾ ‘ਕਸ਼ਮੀਰ ਕੀ ਕਲੀ’ ਫ਼ਿਲਮ ਵਿਚ ਪਾਇਆ ਭੰਗੜਾ ਬਹੁਤ ਮਸ਼ਹੂਰ ਹੋਇਆ ਸੀ।

ਭੰਗੜੇ ਵਾਂਗੂ ਗਿੱਧਾ ਵੀ ਪੰਜਾਬ ਦਾ ਮਸ਼ਹੂਰ ਲੋਕ ਨਾਚ ਹੈ। ਮੰਨਿਆ ਜਾਂਦਾ ਹੈ ਕਿ ਸ਼ੁਰੂਆਤ ਵਿਚ ਭਾਵ ਪੁਰਾਣੇ ਵਕਤ ਵਿਚ ਔਰਤਾਂ ਇਕੱਠਿਆਂ ਹੋ ਕੇ ਗੋਲ ਚੱਕਰ ਵਿਚ ਨੱਚਦੀਆਂ ਤੇ ਗਾਉਂਦੀਆਂ ਸਨ। ਵਕਤ ਦੇ ਨਾਲ ਇਸ ਰਵਾਇਤ ਨੇ ਅੱਜ ਦੇ ਗਿੱਧੇ ਦੀ ਸ਼ਕਲ ਇਖ਼ਤਿਆਰ ਕਰ ਲਈ ਹੈ। ਇਹ ਖ਼ੁਸ਼ੀ ਦੇ ਮੌਕੇ ਦੀ ਖ਼ਾਸ ਰਸਮ ਹੈ। ਸਾਉਣ ਦੇ ਮਹੀਨੇ ਵਿਚ ਤੀਆਂ ਤੇ ਮੁਟਿਆਰਾਂ ਗਿੱਧੇ ਦਾ ਅਨੰਦ ਮਾਣਦੀਆਂ ਹਨ। ਗਿੱਧੇ ਵਿਚ ਢੋਲ ਜਾਂ ਹੋਰ ਕੋਈ ਸਾਜ਼ ਦਾ ਇਸਤੇਮਾਲ ਨਹੀਂ ਹੁੰਦਾ, ਸਿਰਫ਼ ਤਾੜੀਆਂ ਦੀ ਲੈਅ ’ਤੇ ਔਰਤਾਂ ਬੋਲੀਆਂ ਪਾਉਂਦੀਆਂ ਹਨ। ਗਿੱਧੇ ਦੀਆਂ ਬੋਲੀਆਂ, ਪਿਆਰ, ਵਿਛੋੜਾ, ਨੂੰਹ-ਸੱਸ ਅਤੇ ਹੋਰ ਘਰੇਲੂ ਰਿਸ਼ਤਿਆਂ ਨੂੰ ਦਰਸਾਉਂਦੀਆਂ ਹਨ। ਮਿਸਾਲ ਵਜੋਂ :-

ਕੋਈ ਵੇਚੇ ਸੁੰਢ ਜਵੈਣ ਤੇ ਕੋਈ ਵੇਚੇ ਰਾਈ
ਲੰਬੜ ਆਪਣੀ ਜੋਰੂ ਵੇਚੇ, ਟਕੇ ਟਕੇ ਸਿਰ ਲਾਈ
ਪਾਸੇ ਹਟ ਜਾਓ, ਪਾਸੇ ਹਟ ਜਾਓ, ਦਾਦਕਿਓ,
ਜਾਗੋ ਨਾਨਕਿਆਂ ਦੀ ਆਈ।

ਪੰਜਾਬੀਆਂ ਤੇ ਪੰਜਾਬੀਅਤ ਦਾ ਦੂਜਾ ਨਾਂਅ ਹੈ ਬਹਾਦਰੀ ਤੇ ਕੁਰਬਾਨੀ। ਪੰਜਾਬੀ ਲੋਕ-ਗੀਤਾਂ ਵਿਚ ਰਿਸ਼ੀਆਂ-ਮੁਨੀਆਂ, ਗੁਰੂਆਂ, ਪੀਰਾਂ ਅਤੇ ਸੂਰਮਿਆਂ ਦਾ ਜ਼ਿਕਰ ਆਉਂਦਾ ਹੈ। ਗੁਰੂਆਂ ਦੀ ਕੁਰਬਾਨੀ, ਦੁੱਲਾ ਭੱਟੀ, ਰਾਜਾ ਰਸਾਲੂ, ਜੱਗਾ ਡਾਕੂ, ਭਗਤ ਸਿੰਘ ਅਤੇ ਊਧਮ ਸਿੰਘ ਦੀਆਂ ਸ਼ਹਾਦਤਾਂ ਤੇ ਲੋਕ ਗੀਤ ਅੱਜ ਵੀ ਬੜੇ ਫ਼ਖਰ ਨਾਲ ਗਾਏ ਜਾਂਦੇ ਹਨ। ਇਹ ਜ਼ਿਆਦਾਤਰ ਢੱਡ (ਇਹ ਢੋਲਕੀ ਦਾ ਛੋਟਾ ਰੂਪ ਹੈ) ਵਜਾ ਕੇ ਗਾਏ ਜਾਂਦੇ ਹਨ। ਚਾਰ ਗਵੱਈਆਂ ਦੀ ਟੋਲੀ ਨੂੰ ਢਾਡੀ ਜਥਾ ਕਹਿੰਦੇ ਹਨ, ਜਿਸ ਵਿਚ ਦੋ ਢੱਡ ਵਜਾਉਂਦੇ ਨੇ ਤੇ ਬਾਕੀ ਦੋ ਗੁਰਬਾਣੀ ਅਤੇ ਸੂਰਮਿਆਂ ਦੀਆਂ ਵਾਰਾਂ ਗਾਉਂਦੇ ਹਨ। ਇਹ ਰਵਾਇਤ ਛੇਵੇਂ ਗੁਰੂ ਸ੍ਰੀ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਤੋਂ ਸ਼ੁਰੂ ਹੋਈ ਸੀ, ਜਿਥੇ ਢਾਡੀ ਗਵੱਈਏ ਅਕਾਲ ਤਖ਼ਤ ਸਾਹਿਬ ’ਤੇ ਗੁਰਬਾਣੀ ਗਾਉਂਦੇ ਸਨ। ਭਾਈ ਨੱਥਾ ਅਤੇ ਭਾਈ ਅਬਦੁੱਲਾ ਉਸ ਵਕਤ ਦੇ ਬਹੁਤ ਨਾਮਵਰ ਢਾਡੀ ਹੋਏ ਹਨ।

ਵਿਆਹ ਸ਼ਾਦੀ ਸਾਡੇ ਸਮਾਜ ਦਾ ਸਭ ਤੋਂ ਵਧੇਰੇ ਖ਼ੁਸ਼ੀ ਦਾ ਮੌਕਾ ਹੈ। ਲਾੜੇ ਲਈ ਮਾਂ ਅਤੇ ਭੈਣਾਂ ਵਲੋਂ ਜੋ ਗੀਤ ਖਾਸ ਕਰਕੇ ਘੋੜੀ ਚੜਨ ’ਤੇ ਗਾਏ ਜਾਂਦੇ ਹਨ, ਉਨਾਂ ਨੂੰ ਘੋੜੀ ਕਹਿੰਦੇ ਹਨ। ਸੰਨ 1959 ਵਿਚ ਪਾਕਿਸਤਾਨ ਦੀ ਪੰਜਾਬੀ ਫ਼ਿਲਮ ‘ਕਰਤਾਰ ਸਿੰਘ’ ਵਿਚ ਨੀਲਮ ਬੇਗਮ ਦੀ ਗਾਈ ਹੋਈ ਘੋੜੀ, ‘ਦੇਸਾਂ ਦਾ ਰਾਜਾ ਮੇਰੇ ਬਾਬਲ ਦਾ ਪਿਆਰਾ, ਅੰਮੜੀ ਦੇ ਦਿਲ ਦਾ ਸਹਾਰਾ ਨੀ ਵੀਰ ਮੇਰਾ ਘੋੜੀ ਚੜਿਆ...’ ਪੂਰੇ ਚੜਦੇ ਤੇ ਲਹਿੰਦੇ ਪੰਜਾਬ ਵਿਚ ਬਹੁਤ ਮਕਬੂਲ ਹੋਈ ਸੀ।

ਇਸੇ ਤਰਾਂ ਸੁਹਾਗ ਵਿਦਾਈ ਦਾ ਗਾਣਾ ਹੈ ਜੋ ਲਾੜੀ ਲਈ ਵਿਆਹ ਤੋਂ ਪਹਿਲਾਂ ਤੇ ਡੋਲੀ ਦੇ ਮੌਕੇ ’ਤੇ ਗਾਏ ਜਾਂਦੇ ਹਨ।

ਸਾਡਾ ਚਿੜੀਆਂ ਦਾ ਚੰਬਾ ਵੇ,
ਬਾਬਲ ਅਸਾਂ ਉੱਡ ਜਾਣਾ,
ਸਾਡੀ ਲੰਮੀ ਉਡਾਰੀ ਏ,
ਤੇ ਮੁੜ ਅਸਾਂ ਨਹੀਂ ਆਵਣਾ।ਪੰਜਾਬੀ ਲੋਕ ਸੰਗੀਤ, ਸਿੱਠਣੀਆਂ ਤੋਂ ਬਗੈਰ ਨਾਮੁਕੰਮਲ ਹੈ। ਸਿੱਠਣੀਆਂ ਦਾ ਮਤਲਬ ਹੈ ਇਕ-ਦੂਜੇ ਦਾ ਤਿੱਖਾ ਮਖੌਲ ਉਡਾਉਣਾ। ਇਹ ਖਾਸ ਕਰਕੇ ਵਿਆਹ-ਸ਼ਾਦੀਆਂ ਨੂੰ ਲਾੜੇ, ਕੁੜਮਾਂ, ਦਾਦਕੇ ਤੇ ਨਾਨਕਿਆਂ ਵਿਚ ਮਖੌਲੀਆ ਤਾਅਨੇ ਮਾਰੇ ਜਾਂਦੇ ਹਨ। ਖਾਸ ਕਰਕੇ ਜੰਝ ਦੇ ਢੁਕਾਅ ’ਤੇ ਲਾੜੇ ਤੇ ਉਸ ਦੇ ਟੱਬਰ ਦਾ ਸਵਾਗਤ ਸਿੱਠਣੀਆਂ ਨਾਲ ਕੀਤਾ ਜਾਂਦਾ ਹੈ। ਮਿਸਾਲ ਵਜੋਂ :-

ਸਾਡੇ ਤਾਂ ਵਿਹੜੇ ਵਿਚ ਤਾਣਾ ਤਣੀਂਦਾ
ਮੁੰਡੇ ਦਾ ਪਿਓ ਤਾਂ ਕਾਣਾ ਸੁਣੀਂਦਾ
ਐਨਕ ਲਾਉਣੀ ਪਈ ਵੇ ਨਿਲੱਜਿਓ,
ਲੱਜ ਤੁਹਾਨੂੰ ਨਹੀਂ।

ਪੰਜਾਬੀ ਲੋਕ-ਗੀਤਾਂ ਦਾ ਇਕ ਅਹਿਮ ਪਹਿਲੂ, ਜਿਸ ਤੋਂ ਬਗ਼ੈਰ ਸਾਡੇ ਲੋਕ-ਗੀਤ ਅਧੂਰੇ ਹਨ, ਉਹ ਹੈ ਛੱਲਾ, ਜਿਸ ਉਤੇ ਕਾਫੀ ਗਾਣੇ ਬਣੇ ਹਨ। ਇਸ ਦਾ ਇਤਿਹਾਸ ਬਹੁਤ ਦੁੱਖ ਭਰਿਆ ਹੈ। ਕਿਹਾ ਜਾਂਦਾ ਹੈ ਕਿ ਮਾਝੇ ਦੇ ਇਲਾਕੇ ‘ਹਰੀਕੇ’ ਵਿਚ ਇਕ ਜੱਲਾ ਮਲਾਹ ਜਿਸ ਦਾ ਅਸਲੀ ਨਾਂਅ ਜਲਾਲਦੀਨ ਸੀ, ਉਹ ਆਪਣੀ ਬੇੜੀ (ਕਿਸ਼ਤੀ) ’ਤੇ ਸਤਲੁਜ ਦਰਿਆ ਤੋਂ ਮੁਸਾਫ਼ਿਰਾਂ ਨੂੰ ਆਰ-ਪਾਰ ਕਰਾਉਣ ਦਾ ਰੁਜ਼ਗਾਰ ਕਰਦਾ ਸੀ। ਇਕ ਦਿਨ ਕੀ ਹੋਇਆ ਕਿ ਜੱਲਾ ਬਿਮਾਰ ਪੈ ਗਿਆ, ਕੁਝ ਲੋਕਾਂ ਨੂੰ ਦਰਿਆ ਪਾਰ ਛੱਡਣ ਲਈ ਉਸ ਨੇ ਆਪਣੇ ਮੁੰਡੇ ਨੂੰ ਜਿਸ ਦਾ ਨਾਂਅ ਛੱਲਾ ਸੀ, ਭੇਜ ਦਿੱਤਾ। ਇਹ ਰੱਬੀ ਭਾਣਾ ਹੀ ਸਮਝੋ ਕਿ ਛੱਲਾ ਮੁੜ ਕੇ ਘਰ ਨਹੀਂ ਬਹੁੜਿਆ। ਜੱਲਾ ਆਪਣੇ ਮੁੰਡੇ ਦੇ ਵਿਯੋਗ ਵਿਚ ਪਾਗਲ ਹੋ ਗਿਆ ਤੇ ਥਾਂ-ਥਾਂ ਭਟਕਣ ਲੱਗ ਪਿਆ ਤੇ ਛੱਲੇ ਦੇ ਵਿਛੋੜੇ ਵਿਚ ਬੁੜਬੁੜਾਉਂਦਾ ਰਹਿੰਦਾ। ਆਖਿਰਕਾਰ ਉਸ ਦੀ ਮੌਤ ਪਾਕਿਸਤਾਨ ਦੇ ਇਲਾਕੇ ਗੁਜਰਾਤ ਵਿਚ ਹੋ ਗਈ, ਜਿਥੇ ਅੱਜ ਵੀ ਉਸ ਦੀ ਮਜ਼ਾਰ ਕਾਇਮ ਹੈ। ਸ਼ੁਰੂ-ਸ਼ੁਰੂ ਵਿਚ ਛੱਲੇ ਦੀ ਪਰਵਰਿਸ਼ ਅਤੇ ਉਸ ਦੇ ਵਿਛੋੜੇ ਨੂੰ ਗਾਣੇ ਦੀ ਸ਼ਕਲ ਵਿਚ 1931 ਵਿਚ ਜਲੰਧਰ ਦੀ ਇਕ ਰਿਕਾਰਡਿੰਗ ਕੰਪਨੀ ਨੇ ਸੱਤ ਤਵਿਆਂ (ਰਿਕਾਰਡਾਂ) ਵਿਚ ਤਿਆਰ ਕੀਤਾ। ਵਕਤ ਗੁਜ਼ਰਨ ਨਾਲ ਛੱਲੇ ਦੇ ਨਾਂ ’ਤੇ ਕਈ ਗਾਣੇ ਬਣ ਗਏ ਹਨ, ਪਰ ਅਸਲੀ ਗਾਣਾ ‘ਛੱਲਾ ਮੁੜ ਕੇ ਨਹੀਂ ਆਇਆ, ਰੋਣਾ ਉਮਰਾਂ ਦਾ ਪਾਇਆ...’ ਬਹੁਤ ਮਸ਼ਹੂਰ ਹੈ। ਛੱਲੇ ਲੋਕ-ਗੀਤ ਨੂੰ ਮਕਬੂਲ ਕਰਨ ਦਾ ਸਿਹਰਾ ਗੁਰਦਾਸ ਮਾਨ, ਫ਼ਜ਼ਲ ਜੱਟ ਤੇ ਆਰਿਫ਼ ਲੁਹਾਰ ਨੂੰ ਜਾਂਦਾ ਹੈ।

ਪੰਜਾਬੀ ਲੋਕ-ਗੀਤ ਸਾਡੇ ਵਿਰਸੇ ਦਾ ਬੇਨਜ਼ੀਰ ਖਜ਼ਾਨਾ ਹਨ। ਸਾਡੀ ਪੰਜਾਬੀਆਂ ਦੀ ਜ਼ਿੰਮੇਵਾਰੀ ਹੈ ਕਿ ਅਸੀਂ ਇਨਾਂ ਆਉਣ ਵਾਲੀਆਂ ਪੁਸ਼ਤਾਂ ਲਈ ਸਾਂਭ ਕੇ ਰੱਖੀਏ।

---

# ਡੈਨਮਾਰਕ ਦੀ ਪੰਜਾਬੀ ਗਾਇਕਾ ਅਨੀਤਾ ਲਰਚੇ ਨੂੰ ਗਲੋਬਲ ਮਿਊਜ਼ਿਕ ਐਵਾਰਡ ਨਾਲ ਸਨਮਾਨਿਆ

## ਧਾਰਮਿਕ ਟਰੈਕ ‘ਸਿਮਰਨ’ ਦੀ ਦੁਨੀਆ ਭਰ ਵਿਚ ਧੁੰਮ

**ਡੈਨਮਾਰਕ/ਏ.ਟੀ.ਨਿਊਜ਼** :- ਅੰਤਰਰਾਸ਼ਟਰੀ ਪੱਧਰ ’ਤੇ ਪ੍ਰਸਿੱਧ ਪੰਜਾਬੀ ਗਾਇਕਾ ਅਨੀਤਾ ਲੇਰਚੇ, ਜਿਸਨੂੰ ‘ਹੀਰ ਫਰੌਮ ਡੈਨਮਾਰਕ’ ਵਜੋਂ ਵੀ ਜਾਣਿਆ ਜਾਂਦਾ ਹੈ, ਨੇ ਹੁਣ ‘ਸਿਮਰਨ’ ਦੇ ਆਪਣੇ ਨਵੀਨਤਮ ਸਿੰਗਲ ਅਤੇ ਸੰਗੀਤ ਵੀਡੀਓ ਦੇ ਨਾਲ ਗਲੋਬਲ ਸੰਗੀਤ ਐਵਾਰਡ ਜਿੱਤਿਆ। ਉਸਦੀ ਸੁਰੀਲੀ ਆਵਾਜ਼ ਵਿੱਚ ਸਿੱਖ ਭਗਤੀ ਸੰਗੀਤ ਦੀ ਇੱਕ ਰੂਹ ਨੂੰ ਹਿਲਾ ਦੇਣ ਵਾਲਾ ਸਿੰਗਲ ਟਰੈਕ ਇਸ ਸਾਲ ਵਿਸਾਖੀ ’ਤੇ ਸੀ। ਅਨੀਤਾ ਸਿੱਖ ਸੰਗੀਤ ਨੂੰ ਵਿਸ਼ਵ ਦੇ ਨਕਸ਼ੇ ’ਤੇ ਰੱਖ ਰਹੀ ਹੈ। ਅਮਰੀਕਾ ਦੀ ਗਲੋਬਲ ਮਿਊਜ਼ਿਕ ਐਵਾਰਡਸ ਨੇ ਅਨੀਤਾ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਸਨਮਾਨਿਤ ਅਤੇ ਸਨਮਾਨਿਤ ਕੀਤਾ ਗਿਆ ਹੈ।

ਅਨੀਤਾ ਨੇ ਕਿਹਾ, ‘ਮੈਂ ਇਸ ਵੱਕਾਰੀ ਸਨਮਾਨ ਤੋਂ ਬਹੁਤ ਪ੍ਰਭਾਵਿਤ ਅਤੇ ਪ੍ਰੇਰਿਤ ਮਹਿਸੂਸ ਕਰਦੀ ਹਾਂ। ਮੈਂ ਆਸ ਕਰਦੀ ਹਾਂ ਕਿ ਮੇਰਾ ਸਿੱਖ ਅਧਿਆਤਮਿਕ ਉਚਾਰਨ ਜਾਰੀ ਰਹੇਗਾ ਅਤੇ ਸਾਰੇ ਧਰਮਾਂ ਅਤੇ ਭਾਈਚਾਰਿਆਂ ਦੇ ਲੋਕਾਂ ਨੂੰ ਤੰਦਰੁਸਤੀ ਪ੍ਰਦਾਨ ਕਰੇਗਾ।’

‘ਸਿਮਰਨ’ ਨੂੰ ਪੰਜਾਬ ਅਤੇ ਅਮਰੀਕਾ ਦੀ ਇੱਕ ਸਮਰਪਿਤ ਅਤੇ ਭਾਵੁਕ ਟੀਮ ਦੁਆਰਾ ਬਣਾਇਆ ਗਿਆ ਸੀ, ਜਿਸ ਵਿੱਚ ਪ੍ਰਤਿਭਾਸ਼ਾਲੀ ਸੰਗੀਤ ਨਿਰਮਾਤਾ ਅਤੇ ਸੰਗੀਤਕਾਰ ਮੋਹਿਤ ਕੁੰਵਰ ਅਤੇ ਵੋਕਲ ਇੰਜੀਨੀਅਰ ਅਤੇ ਮਿਕਸਰ




ਮਾਈਕਲ ਗ੍ਰਾਹਮ ਸ਼ਾਮਲ ਸਨ। ਫਿਲਮ ਨਿਰਮਾਤਾ ਡਾ: ਹਰਜੀਤ ਸਿੰਘ ਅਤੇ ਲੌਰੇਲ ਮੀਡੀਆ ਤੋਂ ਕਾਰਜਕਾਰੀ ਨਿਰਮਾਤਾ ਅਗਿਆਪਾਲ ਸਿੰਘ ਰੰਧਾਵਾ ਨੇ ਇਹ ਯਕੀਨੀ ਬਣਾਇਆ ਕਿ ਸਾਰਾ ਪ੍ਰੋਜੈਕਟ ਸ਼੍ਰੀ ਅਨੁਰਾਗ ਸੂਦ ਅਤੇ ਸ. ਜੀ ਐਸ ਗਿੱਲ ਦੇ ਸਹਿਯੋਗ ਨਾਲ ਪੂਰਾ ਹੋਇਆ।

ਅਨੀਤਾ ਨੇ ਕੇਪੀ ਸਿੰਘ ਅਤੇ ਇੰਡੀਆਨਾਪੋਲਿਸ ਦੀ ਸਿੱਖ ਸਤਿਸੰਗ ਦਾ ਵਿਸ਼ੇਸ਼ ਧੰਨਵਾਦ ਕੀਤਾ ਜਿਨਾਂ ਨੇ ਇਸ ਯਾਤਰਾ ਦੌਰਾਨ ਉਸ ਦਾ ਮਾਰਗਦਰਸ਼ਨ ਕੀਤਾ। ਉਨਾਂ ਡਿਜ਼ਾਈਨ ਕਰਨ ਲਈ ਸ਼੍ਰੀਮਤੀ ਨਵਰੀਤ ਅਤੇ ਸੀਡੀ ਕਵਰ ਦੀ ਫੋਟੋਗ੍ਰਾਫੀ ਲਈ ਕੰਵਲਜੀਤ ਸਿੰਘ ਆਹਲੂਵਾਲੀਆ ਦਾ ਵੀ ਧੰਨਵਾਦ ਕੀਤਾ।

## 1. ਤੁਰਨਾ

ਤੁਰਨਾ ਵੀ ਤੇ ਭੁਰਨਾ ਵੀ
ਸੱਭ ਦੀ ਕਸ਼ਮਕਸ਼ ਪੁਰਾਣੀ ਏ
ਤੁਰਨਾ ਵੀ ਤੇ ਥੱਕਣਾ ਵੀ
ਅਮੂਮਨ ਸੱਭ ਦੀ ਕਥਾ ਕਹਾਣੀ ਏ
ਹੇ ਪਾਂਧੀ ਕਠਿਨ ਰਾਹਾਂ ਦੇ
ਵਿਆਕੁਲ ਨਾ ਹੋ ਨਿਰਾਸ਼ ਨਾ ਹੋ
ਜੇ ਪੰਧ ਨਹੀਂ ਵੀ ਮੁੱਕਦਾ
ਹਤਾਸ਼ ਨਾ ਹੋ ਗ਼ਮਖਾਰ ਨਾ ਹੋ
ਬੱਸ ਚਲਦਾ ਰਹਿ ਤੇ ਚਲਦਾ ਹੀ ਰਹਿ
ਭਾਵੇਂ ਦੋ ਘੜੀਆਂ ਵਿਸ਼ਰਾਮ ਦੀਆਂ ਲੈ
ਆਣ ਜ਼ਿੰਦਗੀ ਦੇ ਰਸਤੇ 'ਚ ਪਹਾੜ ਅਥਾਹ
ਪਰ ਹਾਰ ਨਾ ਮੰਨ ਤੇ ਦਿੱਲ ਨਾ ਢਾਹ
ਤੁਰਿਆ ਹੈਂ ਤਾਂ ਤੁਰਿਆ ਹੀ ਰਹੋ
ਨਾ ਕਰ ਵਿਰਲਾਪ ਤੇ ਮੰਨ ਨਾ ਭਉ
ਘੁੱਪ ਹਨੇਰੇ ਤੋਂ ਬਾਦ ਚਾਨਣੇ ਵੀ ਚਮਕਣਗੇ
ਜੇ ਕੰਢੇ ਨੇ ਉਪਜੇ ਤਾਂ ਫੁੱਲ ਵੀ ਮਹਿਕਣਗੇ

ਗੁਰਮੀਤ ਸਚਦੇਵਾ...

## 2. ਗੁਰੂ ਚੇਲੇ ਦਾ ਰਿਸ਼ਤਾ ਗੂੜਾ

ਗੁਰੂ ਚੇਲੇ ਦਾ ਰਿਸ਼ਤਾ ਗੂੜਾ,
ਲਿਖਣਾ ਪੜਨਾ ਦੱਸਿਆ ਓ ,
ਸਾਰੀ ਪੈਂਤੀ ਕੰਠ ਕਰਾਈ,
ਹੀਰੇ ਵਰਗੀ ਚਮਕ ਬਣਾਈ,
ਪੱਥਰ ਪੂਜਣ ਯੋਗ ਹੋ ਜਾਂਦੇ,
ਬੁੱਤ ਘਾੜੇ ਦੇ ਹੱਥੀਂ ਆ ਕੇ,
ਸੋਨਾ ਬਣੇ ਸ਼ਿੰਗਾਰ ਜੀਵਨ ਦਾ,
ਸੁਨਿਆਰੇ ਤੋਂ ਚੋਟਾਂ ਖਾ ਕੇ,
ਮਾਪਿਆਂ ਦਿੱਤਾ ਜਨਮ ਜਗਤ ਤੇ,
ਅਧਿਆਪਕ ਨੇ ਜੀਵਨ ਜਾਂਚ ,
ਜੜ ਪਤਾਲਾਂ ਦੇ ਵਿੱਚ ਲਾਵੇ,
ਬੱਚਿਆਂ ਤੇ ਆਵੇ ਆਂਚ ,
ਰਾਹ ਦਸੇਰਾ ਸਾਰੇ ਜੱਗ ਦਾ ,
ਵਿੱਦਿਆ ਦਾ ਹੈ ਚਾਨਣ ਮੁਨਾਰਾ,
ਅਧਿਆਪਕ ਦਾ ਉੱਚਾ ਰਿਸ਼ਤਾ,
ਜਿਓਂ ਅੰਬਰ ਸਰਗੀ ਦਾ ਤਾਰਾ,
'ਉਹੜਪੁਰੀ ਹਰਵਿੰਦਰ' ਸ਼ਾਲਾ,
ਸਾਰੇ ਜੱਗ ਦੀਆਂ ਖੁਸ਼ੀਆਂ ਮਾਣੇ,
'ਸਿੱਕੀ' ਕਰੇ ਧੰਨਵਾਦ ਗੁਰੂ ਦਾ,
ਜਿਸਨੇ ਲਾਇਆ ਤੀਰ ਟਿਕਾਣੇ ,

ਸਿਕੀ ਝੱਜੀ ਪਿੰਡ ਵਾਲਾ

## 3. ਜ਼ਿੰਦਗੀ

ਜ਼ਿੰਦਗੀ ਵਿੱਚ ਜੇ ਖੁਸ਼ ਰਹਿਣਾ
ਸ਼ਾਂਤ ਹੋ, ਸਹਿਜ ਤਰੀਕਾ ਸਿੱਖ
ਫ਼ਰਜ਼ ਤੇ ਗਰਜ ਹੋਵੇ ਨਾ ਭਾਰੂ
ਸੰਜਮ ਤੇ ਸਬਰ ਸਲੀਕਾ ਸਿੱਖ
ਕਥਨੀ ਕਰਨੀ ਅਤੇ ਕਮਾਉਣੀ
ਤਿੰਨਾਂ ਵਿੱਚ ਕਦੇ ਪਵੇ ਨਾ ਵਿੱਥ
ਮਨ ਮੰਦਰ ਰੱਖ ਸਦਾ ਪਵਿੱਤਰ
ਕੰਮ ਨਾ ਆਉਣੀ ਬਾਹਰੀ ਦਿੱਖ
ਸਵੈ ਚਿੰਤਨ ਕਰ ਅੱਠੇ ਪਹਿਰੇ
ਮੈਲ਼ ਮੁਲ਼ ਨਾ ਰੱਖੀਂ ਚਿੱਤ ਵਿੱਚ
ਕਾਦਰ ਦਾ ਦੀਦਾਰ ਜੇ ਕਰਨਾ
ਕੁਦਰਤ ਸੰਗ ਹੋ ਜਾ ਇੱਕਮਿੱਕ
ਅਦਬ ਇਬਾਦਤ ਤੇ ਸਮਰਪਣ
ਬਣਾ ਲੈ 'ਇੱਕ' ਨੂੰ ਅਪਣਾ ਮਿੱਤ
ਕਲਮ ਆਈ ਹੱਥ ਦੇਵਗੁਣ ਤੇਰੇ
ਅਪਣੀਆਂ ਘਾਟਾਂ ਔਗੁਣ ਲਿਖ

ਗੁਰਸ਼ਰਨ ਕੌਰ ਦੇਵਗੁਣ

## 5. ਸਿੱਖੀ

ਬਾਪੂ ਤੇਰੇ ਸੁਖਦੇ ਗੋਡੇ।
ਤੁਰਦੇ ਪਏ ਓ ਹੋ ਹੋ ਕੋਡੇ।
ਸਭ ਤੋਂ ਵੱਡਾ ਧਰਮ ਇਸਾਈ।
ਗਿਣਤੀ 200 ਕਰੋੜ ਨੂੰ ਆਈ।
ਤੁਹਾਡਾ ਰੁਤਬਾ ਹੈ ਸਭ ਤੋਂ ਉਚਾ।
ਜੀਵਨ ਤੁਹਾਡਾ ਕਹਿੰਦੇ ਸੁੱਚਾ।
ਕਿਉਂ ਡਾਕਟਰਾਂ ਕੋਲ ਧੱਕੇ ਖਾਂਦੇ।
ਕਿਉਂ ਨਹੀਂ ਤੁਸੀਂ ਪੰਜਾਬ ਵਿਚ ਆਂਦੇ ?
ਇਥੇ ਫਿਰਨ ਬਥੇਰੇ ਪਾਸਟਰ।
ਭੂਤਨ ਨਚਾਹੁੰਦੇ ਬਣ-ਬਣ ਮਾਸਟਰ।
ਥੋਨੂੰ ਹੱਥ ਛੂਹਾ ਦੇਣਗੇ।
ਦਰਦਾਂ ਦੂਰਦਾਂ ਲਾਹ ਦੇਣਗੇ।
ਪੜ ਦੇਣਗੇ ਐਸਾ ਮੰਤਰ।
ਝੱਟ ਮੁਸੀਬਤ ਹੋਊ ਉਡੰਤਰ।
ਪਾਸਟਰ ਕੋਲ ਇਲਾਜ ਕਰਾਇਓ।
ਫਿਰ ਤੁਸੀਂ ਭਾਵੇਂ ਭੰਗੜੇ ਪਾਇਓ।
ਪਾਸਟਰ ਕਰਦੂ ਦੂਰ ਬਿਮਾਰੀ।
ਫਿਰ ਤੁਸੀਂ ਕਰਿਓ ਘੋੜ ਸਵਾਰੀ।
ਮੈਂ ਕਿਹਾ ਦਿਲ ਚੋਂ ਲਾਹ ਕੇ ਸੰਗਾਂ।
ਗਤਕਾ ਖੇਡਿਓ ਨਾਲ ਨਿਹੰਗਾਂ।
ਬਾਡਰ ਵੱਲ ਇਕ ਹਾਜ਼ਰੀ ਲਾ 'ਜੋ।
ਵੀਜ਼ਾ ਲੈ ਕੇ ਭਲਕੇ ਆ'ਜੋ।
ਵਹਿਮ ਨਾ ਰੱਖਿਓ ਦਿਲ ਵਿਚ ਕੋਈ।
ਸਾਰੀ ਜਨਤਾ ਕਮਲੀ ਹੋਈ।
ਹਿੰਗ ਲਗੇ ਨਾ ਫਟਕੜੀ ਕਹਿੰਦੇ।
ਸਾਰੇ ਇਸਾਈ ਇਸਾਈ ਤੰਦਰੁਸਤ ਰਹਿੰਦੇ।
ਹਸਪਤਾਲਾਂ ਵਿਚ ਪੈਰ 'ਨੀਂ ਧਰਦੇ।
ਦੋ ਸੌ, ਦੋ ਸੌ, ਸਾਲ 'ਨੀਂ ਮਰਦੇ।
ਵੀਲ ਚੇਅਰ ਤੇ ਕੀ ਪਏ ਕਰਦੇ।
ਟਿਕਟ ਜੋਗੇ ਡਾਲਰ ਨਹੀਂ ਸਰਦੇ ?
ਤੁਸੀਂ ਕਿਤੇ ਵੀ ਜਾ ਸਕਦੇ ਓ।
ਆਪਣੇ ਜਹਾਜ਼ ਤੇ ਆ ਸਕਦੇ ਓ।
ਛੇਤੀ ਆ 'ਜੋ ਕਰ ਕੇ ਧਾਈ।
ਪਾਸਟਰ ਨਾ ਕਰ ਜਾਏ ਚੜਾਈ।
ਪਹਿਲਾਂ ਆਓ ਤੇ ਪਹਿਲਾਂ ਪਾਓ।
ਆਪਣੇ ਗੋਡੇ ਠੀਕ ਕਰਾਓ।

-ਰਟੌਲ

## 6. ਸੱਸੀ

ਤਪਦੀ ਰੇਤ ਦਾ ਤਪਣਾ ਕਾਹਦਾ,
ਜੇ ਸੱਸੀ ਨਾ ਸਾੜੀ ਹੂ..........।
ਇਸ਼ਕ ਸੱਸੀ ਦਾ ਵੱਲਾ ਵੱਲਾ,
ਨਾਹੀ ਮੁੜੇ ਪਿਛਾੜੀ ਹੂ.........।
ਤਪਦੀ ਰੇਤ ਨੂੰ ਸੇਜ ਸਦੀਂਦੀ,
ਵਾਹ ਪੁੰਨੂੰ ਦੀ ਲਾੜੀ ਹੂ.........।
ਨੰਗੇ ਪੈਰ ਕਹਿਰ ਦੀ ਗਰਮੀ,
ਨਾ ਕੋਈ ਰੁੱਖ ਨਾ ਝਾੜੀ ਹੂ .....।
ਨਾ ਪੁੰਨੂੰ, ਨਾ ਪੈੜ ਪੁੰਨੂੰ ਦੀ,
ਫਸ ਗਿਆ ਇਸ਼ਕ ਅਨਾੜੀ ਹੂ।
ਮੌਤ ਕੁਲਹਿਣੀ ਖਿੜ ਖਿੜ ਹੱਸੇ,
ਮਾਰ ਮਾਰ ਕੇ ਤਾੜੀ ਹੂ........।
ਇਸ਼ਕਾ ਤੈਨੂੰ ਤਰਸ ਨਾ ਆਇਆ
ਡਾਢੀ ਕੀਤੀ ਮਾੜੀ ਹੂ..........।
ਨੀਮ ਬੇਹੋਸ਼ੀ, ਬੁੱਲ ਫਰਕਦੇ,
ਜੜ ਤੇ ਜਿਵੇਂ ਕੁਹਾੜੀ ਹੂ.......।
ਹੱਸਦੀ ਵੱਸਦੀ ਇਸ਼ਕਾ ਸੱਸੀ,
ਥੱਲਾਂ ਦੇ ਵਿੱਚ ਉਜਾੜੀ ਹੂ.....।
ਮੌਤ ਕਹੇ ਚੱਲ ਪਿਛੇ ਮੁੜ ਜਾਹ,
ਇਸ਼ਕਾ ਚਲੇ ਅਗਾੜੀ ਹੂ.....।
ਜੌਨ ਬੇਵਕਤਾ ਇਸ਼ਕ ਹਮੇਸ਼ਾ,
ਤਕਦਾ ਸੌਣ ਨਾ ਹਾੜੀ ਹੂ......।
ਤਪਦੀ ਰੇਤ ਦਾ ਤਪਣਾ ਕਾਹਦਾ,
ਜੇ ਸੱਸੀ ਨਾ ਸਾੜੀ ਹੂ..........।

ਵਿਲੀਅਮ ਜੌਨ ਗਾ ਖਲ।
ਮੋ. 9876226465

## 7. ਚਿੜੀ ਕਿ ਕਾਂ

ਔਰਤ ਨੇ ਔਰਤ ਨੂੰ ਆਖਿਆ
ਤੇਰੇ ਜੁਆਕ ਹੋਣ ਵਾਲਾ ਏ
ਛੋਟੇ ਬੱਚਿਆਂ ਤੋਂ ਪੁੱਛੀ
ਤੇਰੇ ਕੋਠੇ ਚਿੜੀ ਕਿ ਕਾਂ
ਜੇ ਆਖਣ ਚਿੜੀ ਤਾਂ ਸਮਝੀ ਕੁੜੀ
ਤੇ ਜੇ ਆਖਣ ਕਾਂ ਤਾਂ ਸਮਝੀ
ਮਿਲ ਜਾਊ ਵਾਰਿਸ ਦਾ ਨਾਂ।
ਔਰਤ ਨੇ ਔਰਤ ਨੂੰ ਸਮਝਾਇਆ
ਪੁੱਛਣ ਤੋਂ ਪਹਿਲਾਂ ਥੋੜਾ ਬੱਚੇ ਨੂੰ ਭਰਮਾ ਲਈ
ਕਿਸੇ ਚੀਜ਼ ਦਾ ਲਾਲਚ ਦੇ ਕੇ
ਕਾਂ ਕਹਿਣ ਲਈ ਮਨਾ ਲਈ।
ਔਰਤ ਨੇ ਔਰਤ ਕੋਲ ਅਫ਼ਸੋਸ ਕੀਤਾ
ਫਿਰ ਕੁੜੀ ਹੋ ਗਈ
ਰੱਬ ਇੱਕ ਮੁੰਡਾ ਦੇ ਦਿੰਦਾ
ਤਾਂ ਉਸ ਦਾ ਕੀ ਜਾਂਦਾ
ਭੈਣ ਭਰਾਵਾਂ ਦੀ ਜੋੜੀ ਬਣ ਜਾਂਦੀ।
ਔਰਤ ਨੇ ਔਰਤ ਨੂੰ ਤਾਅਨਾ ਦਿੱਤਾ
ਬਸ ਤੇਰੇ ਵਿਆਹ ਉੱਤੇ
ਆਹੀ ਸਾਮਾਨ ਤੇਰੇ ਮਾਂ ਬਾਪ ਨੇ ਦਿੱਤਾ
ਮੇਰੇ ਮੁੰਡੇ ਨੂੰ ਤੋਟ ਨਹੀਂ ਸੀ ਰਿਸ਼ਤਿਆਂ ਦੀ
ਬਸ ਤੇਰੇ ਵਰਗੀ ਕਰਮ ਜਲੀ ਨਾਲ
ਕਰਮ ਭਿੜ ਗਏ ਮੇਰੇ ਮੁੰਡੇ ਦੇ।
ਔਰਤ ਨੇ ਔਰਤ ਨੂੰ ਸਵਾਲ ਕੀਤਾ
ਕਿੱਥੇ ਜਾਂਦੀ ਹੈਂ
ਕੀ ਕਰਦੀ ਹੈਂ
ਜਾਣਾ ਹੁੰਦੈ ਤਾਂ ਪਹਿਲਾਂ ਪੁੱਛ ਲਿਆ ਕਰ
ਕਰਨ ਤੋਂ ਪਹਿਲਾਂ ਸਮਝ ਲਿਆ ਕਰ
ਹਰ ਵੇਲੇ ਮਰਜ਼ੀ ਦੀ ਮਾਲਕ ਨਾ
ਬਣਿਆ ਕਰ।
ਔਰਤ ਨੇ ਔਰਤ ਨੂੰ ਜ਼ਲੀਲ ਕੀਤਾ
ਤੇਰੇ ਤੇ ਤਿੰਨ ਸੌ ਪੈਂਹਠ ਚਲਿੱਤਰ ਨੇ
ਤੇਰੇ ਤੇ ਕੌਣ ਵਿਸ਼ਵਾਸ਼ ਕਰੇ
ਤੂੰ ਇਸ ਲਾਇਕ ਹੈ ਹੀ ਨਹੀਂ
ਕਿ ਤੇਰੇ ਤੇ ਵਿਸ਼ਵਾਸ ਕੀਤਾ ਜਾ ਸਕੇ।
ਔਰਤ ਨੇ ਔਰਤ ਨੂੰ ਫਰੋਲਿਆ ਤੇ ਆਖਿਆ
ਤੇਰੇ ਕੁੱਖ ਰੂਪੀ ਆਲਣੇ ਵਿੱਚ ਤੇ ਚਿੜੀ ਏ
ਇੱਕ ਦਿਨ ਉੱਡ ਜਾਵੇਗੀ
ਕਿਉਂ ਨਾ ਅੱਜ ਹੀ ਉਡਾ ਦੇਈਏ
ਤੇ ਔਰਤ ਨੇ ਔਰਤ ਰੂਪੀ ਚਿੜੀ
ਉੱਡਣ ਤੋਂ ਪਹਿਲਾਂ ਹੀ ਉਡਾ ਦਿੱਤੀ।

ਮਨਿੰਦਰ ਕੌਰ ਬੇਦੀ

## 8. ਚੰਬੇ ਦਾ ਫੁੱਲ

ਸ਼ਿਵ ਕੁਮਾਰ ਬਟਾਲਵੀ
ਅੱਜ ਇਕ ਚੰਬੇ ਦਾ ਫੁੱਲ ਮੋਇਆ
ਅੱਜ ਇਕ ਚੰਬੇ ਦਾ ਫੁੱਲ ਮੋਇਆ
ਗਲ ਪੌਣਾਂ ਦੇ ਪਾ ਕੇ ਬਾਹੀਂ
ਗੋਰਾ ਚੇਤਰ ਛਮ ਛਮ ਰੋਇਆ
ਅੱਜ ਇਕ ਚੰਬੇ ਦਾ ਫੁੱਲ ਮੋਇਆ
ਚੇਤਰ ਦੇ ਬੁੱਲ ਨੀਲੇ ਨੀਲੇ
ਮੁੱਖੜਾ ਵਾਂਗ ਵਸਾਰਾਂ ਹੋਇਆ
ਨੈਣੀਂ ਲੱਖ ਮਾਤਮੀ ਛੱਲੇ
ਗਲ ਵਿਚ ਪੈ ਪੈ ਜਾਵੇ ਟੋਇਆ
ਅੱਜ ਇਕ ਚੰਬੇ ਦਾ ਫੁੱਲ ਮੋਇਆ
ਅੱਧੀ ਰਾਤੀਂ ਰੋਵੇ ਚੇਤਰ
ਪੌਣਾਂ ਦਾ ਦਿਲ ਜ਼ਖ਼ਮੀ ਹੋਇਆ
ਡੂੰਘੇ ਵੈਣ ਬੜੇ ਦਰਦੀਲੇ
ਸੁਣ ਕੇ ਸਾਰਾ ਆਲਮ ਰੋਇਆ
ਅੱਜ ਇਕ ਚੰਬੇ ਦਾ ਫੁੱਲ ਮੋਇਆ
ਲੱਖ ਚੇਤਰ ਨੂੰ ਦੇਵਾਂ ਮੱਤੀਂ
ਰਾਮ ਵੀ ਮੋਇਆ ਰਾਵਣ ਮੋਇਆ
ਤਾਂ ਕੀ ਹੋਇਆ ਜੇ ਇਕ ਤੇਰਾ
ਸਮਿਆਂ ਟਾਹਣਾਂ ਤੋਂ ਫੁੱਲ ਖੋਹਿਆ
ਅੱਜ ਇਕ ਚੰਬੇ ਦਾ ਫੁੱਲ ਮੋਇਆ
ਪਰ ਚੇਤਰ ਤਾਂ ਡਾਢਾ ਭਰਮੀ
ਉਸ ਪੁਰ ਰੱਤੀ ਅਸਰ ਨਾ ਹੋਇਆ
ਪੈ ਪੈ ਜਾਣ ਨੀ ਦੰਦਲਾਂ ਉਹਨੂੰ
ਅੰਬਰ ਮੂੰਹ ਵਿਚ ਚਾਨਣ ਚੋਇਆ
ਅੱਜ ਇਕ ਚੰਬੇ ਦਾ ਫੁੱਲ ਮੋਇਆ
ਗਲ ਪੌਣਾਂ ਦੇ ਪਾ ਕੇ ਬਾਹੀਂ
ਗੋਰਾ ਚੇਤਰ ਛਮ ਛਮ ਰੋਇਆ
ਅੱਜ ਇਕ ਚੰਬੇ ਦਾ ਫੁੱਲ ਮੋਇਆ

ਸ਼ਿਵ ਕੁਮਾਰ ਬਟਾਲਵੀ



# ਕਾਵਿ ਸੰਸਾਰ

# ਆਜਾ ਮੇਰੇ ਪਿੰਡ ਦੀ ਨੁਹਾਰ ਵੇਖ ਲੈ



**ਹਰਕੀਰਤ ਕੌਰ**
ਮੋ. 9779118066

ਪੰਜਾਬ ਦੀ ਸੰਸਕ੍ਰਿਤੀ ਭਾਰਤ ਵਿੱਚ ਮਹੱਤਵਪੂਰਨ ਸਥਾਨ ਰੱਖਦੀ ਹੈ। ਇਹ ਉਹ ਰਾਜ ਹੈ ਜੋ ਸਮੇਂ ਦੇ ਹਾਕਮਾਂ ਦੀਆਂ ਅੱਖਾਂ ਵਿੱਚ ਹਮੇਸ਼ਾ ਰੜਕਦਾ ਰਿਹਾ ਹੈ। ਇਸ ਦੀ ਜਰਖੇਜ਼ ਧਰਤੀ, ਸ਼ਾਹੀ ਤੇ ਨਿਰਾਲਾਪਣ ਹਮੇਸ਼ਾ ਲੋਕਾਂ ਲਈ ਖਿੱਚ ਦਾ ਕੇਂਦਰ ਰਿਹਾ ਹੈ। ਪੰਜਾਬ ਦੀ ਰੂਹ ਏਥੋਂ ਦੇ ਪਿੰਡ, ਉਹ ਪਿੰਡ ਜਿਨਾਂ ਵਿੱਚ ਅੰਮ੍ਰਿਤ ਵੇਲੇ ਪਾਠੀ ਸਿੰਘਾਂ ਦੀ ਜਪੁਜੀ ਸਾਹਿਬ ਦੀ ਅਵਾਜ਼ ਸੁਸਤੀ 'ਚੋਂ ਸੁਰਤੀ ਖੋਲਦੀ ਹੈ, ਜਿੱਥੇ ਸ਼ਾਹ ਵੇਲਾ ਰਹਿਰਾਸ ਦਾ ਪਾਠ ਪੜਾਉਂਦਾ ਤਪਦੇ ਹਿਰਦਿਆਂ ਨੂੰ ਠਾਰਦਾ ਹੈ। ਉਹ ਪਿੰਡ ਜਿਨਾਂ ਦੀ ਸਿੱਲੀ ਜਿਹੀ ਖੁਸ਼ਬੂ ਤਨ, ਮਨ ਨੂੰ ਮਹਿਕਾ ਦਿੰਦੀ ਏ, ਜਿੱਥੇ ਕਦੇ ਬਾਬੇ ਪਿੰਡ ਦੇ ਰੇਡੀਓ ਤੇ ਟੈਲੀਵਿਜ਼ਨ ਹੋਇਆ ਕਰਦੇ ਸਨ ਤੇ ਗੱਲਾਂ ਗੱਲਾਂ 'ਚ ਨੇੜੇ ਤੇੜੇ ਦੇ ਦੋ ਤਿੰਨ ਪਿੰਡਾਂ ਦੀਆਂ ਖਬਰਾਂ ਇਕੱਠੀਆਂ ਕਰ ਲਿਆ ਕਰਦੇ ਸਨ, ਉਹ ਪਿੰਡ ਜਿੱਥੇ ਪਿੱਤਲ ਦੀ ਬਾਲਟੀ ਚੁੱਕੀ ਪਸ਼ੂਆਂ ਦੀਆਂ ਧਾਰਾਂ ਕੱਢਣ ਜਾਂਦੀ, ਬੀਬੀ ਸਾਰੇ ਮਾਲ ਡੰਗਰ ਦੇ ਪਿੰਡੇ ਤੇ ਏਵੇ ਹੱਥ ਫੇਰਦੀ ਜਿਵੇਂ ਜੇਠੇ ਪੁੱਤ ਨੂੰ ਪਿਆਰ ਦਿੰਦੀ ਹੋਵੇ, ਉਹ ਪਿੰਡ ਜਿੱਥੇ ਫਸਲ ਵਾੜੀ ਇੱਕ ਦੂਸਰੇ ਦਾ ਨਾਲ ਹੱਥ ਪਲੱਥੀ ਪਾ ਸਾਂਭ ਲੈਣੀ, ਉਹ ਪਿੰਡ ਜੋ ਫੁਕਰਪੁਣੇ ਤੋਂ ਕੋਹਾਂ ਦੂਰ ਹੋਇਆ ਕਰਦੇ ਤੇ ਇਤਫ਼ਾਕ ਏਨਾਂ ਕਿ ਕਦੇ ਪਿੰਡ ਦਾ ਕੋਈ ਝਗੜਾ ਥਾਣੇ ਨਾ ਜਾਣ ਦੇਣਾ ਆਪਸ ਵਿੱਚ ਬੈਠ ਸਾਰੀ ਗੱਲ ਸੁਲਝਾ ਲੈਣੀ। ਜਿੱਥੇ ਇੱਕ ਘਰ ਕੋਈ ਭਾਂਡਾ ਬਨਣਾ ਤਾਂ ਲਾਗਲੇ ਗਵਾਂਢੀਆਂ ਨੂੰ ਸਵਾਦ ਵਿਖਾਉਣ ਲਈ ਬੀਬੀਆਂ ਚਾਈਂ ਚਾਈਂ ਜਾਂਦੀਆਂ। ਇਹ ਉਨਾਂ ਪਿੰਡਾਂ ਦੀ ਗੱਲ ਏ ਜਿਨਾਂ ਦੀ ਆਓ ਭਗਤ ਦੇਸ਼ ਦੁਨੀਆਂ ਵਿੱਚ ਮਸ਼ਹੂਰ ਹੈ। ਏਹ ਉਨਾਂਪਿੰਡਾਂ ਦੀ ਕਹਾਣੀ ਜਿੱਥੇ ਛੇ ਛੇ ਫੁੱਟੀਆਂ ਮੁਟਿਆਰਾਂ ਜਦੋਂ ਤੀਆਂ ਦੇ ਪਿੜ ਵਿੱਚ ਕਿੱਕਲੀ ਪਾਉਂਦੀਆਂ ਤਾਂ ਧਰਤ ਤੇ ਅੰਬਰ ਵੀ ਝੂਮਣ ਲੱਗਦੇ। ਜਿਨਾਂ ਪਿੰਡਾਂ ਵਿੱਚ ਪਿੰਡ ਦੀਆਂ ਧੀਆਂ ਭੈਣਾਂ ਸਾਰਿਆਂ ਦੀਆਂ ਸਾਂਝੀਆਂ ਹੁੰਦੀਆਂ ਸਨ। ਇੱਜ਼ਤਾਂ, ਅਣਖਾਂ ਨਾਲ ਲਬਰੇਜ਼ ਹਸਤੀਆਂ ਤੇ ਗੱਠੇ ਹੋਏ ਜੁੱਸੇ ਇਹ ਉਹ ਪਿੰਡ ਜਿਨਾਂ ਤੋਂ ਪੰਜਾਬ ਬਣਿਆ ਏ, ਉਨਾਂ ਪਿੰਡਾਂ ਦੀ ਦਾਸਤਾਂ ਜੋ ਪੰਜਾਬ ਦਾ ਤਾਜ ਏ..... ਜਿਨਾਂ ਵਿੱਚ ਤਰੱਕੀ ਤਾਂ ਭਾਵੇਂ ਘੱਟ ਸੀ ਪਰ ਦਿਲ ਬੜੇ ਅਮੀਰ ਸਨ। ਨਾ ਤਾਂ ਜਿਆਦਾ ਬਿਮਾਰੀਆਂ ਸੀ, ਨਾ ਖਵਾਹਿਸ਼ਾਂ, ਸਿੱਧਾ ਸਾਦਾ ਜਿਹਾ ਜੀਵਨ, ਜਿੰਨੀ ਮਿਲ ਗਈ ਓਨੀ ਵਿੱਚ ਸਬਰ, ਬਾਹਲੇ ਲਾਲਚ ਪਿੱਛੇ ਹੁਰ ਹੁਰ ਨਹੀਂ ਸੀ ਕਰਦੇ ਫਿਰਦੇ, ਉਹ ਪਿੰਡਾਂ ਦੇ ਲੋਕ।

ਪਰ ਹੁਣ ਤਾਂ ਅਸੀਂ ਤਰੱਕੀ ਕਰ ਲਈ ਹੈ, ਹੁਣ ਸਾਡੇ ਕੋਲ ਸਹੂਲਤਾਂ ਬਹੁਤ ਜ਼ਿਆਦਾ ਹਨ, ਪਰ ਪ੍ਰਸੰਨਤਾ ਬਹੁਤ ਘੱਟ। ਅੱਜ ਪਿੰਡ ਵੀ ਹਨ, ਪਿੰਡ ਦੀਆਂ ਗਲੀਆਂ ਵੀ ਪਰ ਉਹ ਗਲੀਆਂ ਦੀ ਰੌਣਕ ਕਿਧਰੇ ਨਜ਼ਰ ਨਹੀਂ ਆਉਂਦੀ, ਹੁਣ ਸਾਡੇ ਘਰ ਵੀ ਛੋਟੇ ਨਹੀਂ ਰਹੇ, ਬਹੁਤ ਵੱਡੀਆਂ ਵੱਡੀਆਂ ਕੋਠੀਆਂ ਨੇ ਪਰ ਅਫਸੋਸ ਉਨਾਂ ਕੋਠੀਆਂ ਦੇ ਦਰਾਂ ਨੂੰ ਜਿੰਦੇ ਲੱਗੇ ਹੋਏ ਹਨ। ਕਿਸੇ ਵਿਰਲੇ ਜਿਹੇ ਘਰ ਕੋਈ ਬਜ਼ੁਰਗ ਕੁਰਸੀ ਡਾਹ ਬੈਠਾ ਨਜ਼ਰੀਂ ਪੈਂਦਾ ਹੈ। ਅੱਜ ਪਿੰਡਾਂ ਦੇ ਜਾਏ ਪਿੰਡਾਂ ਵਿੱਚ ਰਹਿ ਕੇ ਖੁਸ਼ ਨਹੀਂ ਹਨ। ਸ਼ਹਿਰੀਕਰਨ ਦਾ ਵਿਕਾਸ ਹੋਣ ਕਾਰਨ ਬਹੁਤ ਲੋਕ ਸ਼ਹਿਰਾਂ ਵਿੱਚ ਜਾ ਵਸੇ। ਕੁਝ ਵਿਦੇਸ਼ਾਂ ਵਿੱਚ ਜਾ ਵਸੇ, ਕੁਝ ਪੰਜਾਬ ਛੱਡ ਕਿਸੇ ਹੋਰ ਰਾਜ ਵਿੱਚ ਰਹਿ ਰਹੇ ਹਨ। ਪਿੰਡਾਂ ਦੀਆਂ ਉਹ ਰੌਣਕਾਂ ਖਤਮ ਹੋ ਰਹੀਆਂ ਹਨ।

ਸਮੇਂ ਦੇ ਨਾਲ ਪਰਿਵਰਤਨ ਆਉਣਾ ਸੁਭਾਵਿਕ ਹੈ, ਤਰੱਕੀ ਤੇ ਵਿਕਾਸ ਬਹੁਤ ਜਰੂਰੀ ਹੈ ਪਰ ਜੇਕਰ ਅਸੀਂ ਕਹੀਏ ਕਿ ਪਿੰਡਾਂ ਦੀ ਹੋਂਦ ਨੂੰ ਖਤਮ ਕਰਕੇ, ਸ਼ਹਿਰਾਂ ਦਾ ਵਿਕਾਸ ਜਾਂ ਸ਼ਹਿਰਾਂ ਵਿੱਚ ਰਹਿਣਾ ਹੀ ਤਰੱਕੀ ਜਾਂ ਵਿਕਾਸ ਦੀ ਨਿਸ਼ਾਨੀ ਹੈ ਤਾਂ ਅਸੀਂ ਗਲਤ ਹਾਂ। ਬਹੁਤਾਤ ਲੋਕਾਂ ਦਾ ਮੰਨਣਾ ਹੈ ਕਿ ਚੰਗੀ ਨੌਕਰੀ ਦੀ ਭਾਲ ਅਤੇ ਬੱਚਿਆਂ ਦੀ ਵਧੀਆ ਪੜਾਈ ਲਈ ਉਨਾਂ ਨੂੰ ਪਿੰਡਾਂ ਨੂੰ ਛੱਡ ਸ਼ਹਿਰਾਂ ਵਿੱਚ ਜਾਂ ਵਿਦੇਸ਼ਾਂ ਵਿੱਚ ਜਾਣਾ ਪੈ ਰਿਹਾ ਹੈ ਤਾਂ, ਏਥੇ ਇੱਕ ਸਵਾਲ ਉੱਠਦਾ ਹੈ ਕਿ ਜੇਕਰ ਸ਼ਹਿਰਾਂ ਵਿੱਚ ਤਰੱਕੀ ਹੋ ਸਕਦੀ ਹੈ ਤਾਂ ਪਿੰਡਾਂ ਵਿੱਚ ਕਿਉਂ ਨਹੀਂ। ਜਿਹੜੀ ਉੱਚ ਕੋਟੀ ਦੀ ਵਿਦਿਆ ਲਈ ਤੁਸੀਂ ਆਪਣੇ ਬੱਚਿਆਂ ਤੋਂ ਉਨਾਂ ਦਾ ਪਿਛੋਕੜ ਖੋਹ ਰਹੇ ਹੋ, ਉਸ ਵਿਦਿਆ ਦਾ ਪਿੰਡਾਂ ਵਿੱਚ ਪ੍ਰਬੰਧ ਕਿਉਂ ਨਹੀਂ ਹੋ ਸਕਦਾ? ਸਰਕਾਰਾਂ ਪਿੰਡਾਂ ਵਿੱਚ ਉਹ ਰੁਜ਼ਗਾਰ ਦੇ ਸਾਧਨ ਕਿਉਂ ਨਹੀਂ ਪੈਦਾ ਕਰ ਰਹੀਆਂ ਜਿਸ ਨਾਲ ਪਿੰਡਾਂ ਦੇ ਲੋਕਾਂ ਨੂੰ ਪਿੰਡ ਛੱਡ ਕੇ ਨਾ ਜਾਣਾ ਪਵੇ।

ਕਿਉਂ ਪੰਜਾਬ ਦੇ ਪਿੰਡ ਖਾਲੀ ਹੋ ਰਹੇ ਹਨ ਅਤੇ ਜੇ ਕਿਧਰੇ ਪਿੰਡਾਂ ਵਿੱਚ ਲੋਕ ਰਹਿ ਰਹੇ ਹਨ ਉਹ ਪਿੰਡ ਸ਼ਹਿਰਾਂ ਵਿੱਚ ਤਬਦੀਲ ਕੀਤੇ ਜਾ ਰਹੇ ਹਨ, ਜਦੋਂ ਦਾ ਸ਼ਹਿਰਾਂ ਨੂੰ ਤਰੱਕੀ ਦਾ ਸਬੂਤ ਸਮਝੇ ਜਾਣ ਦਾ ਭੁਲੇਖਾ ਪਿਆ ਹੈ, ਉਦੋਂ ਦਾ ਪੰਜਾਬੀਆਂ ਦਾ ਜੀਵਨ ਹੋਰ ਮੁਸ਼ਕਿਲਾਂ ਤੇ ਬੇਲੋੜੇ ਖਰਚਿਆਂ ਦੇ ਕਾਰਨ ਵਾਧੂ ਦੀਆਂ ਚਿੰਤਾਵਾਂ ਵਿੱਚ ਫਸ ਗਿਆ ਹੈ। ਉਦਾਹਰਣ ਦੇ ਤੌਰ 'ਤੇ ਪਿੰਡਾਂ ਵਿੱਚ ਖਾਣ ਪੀਣ ਲਈ ਘਰ ਦਾ ਅਨਾਜ, ਘਰ ਦਾ ਦੁੱਧ, ਦਹੀਂ ਤੇ ਹੋਰ ਪਦਾਰਥ, ਪਾਣੀ ਆਦਿ ਦੀਆਂ ਸਹੂਲਤਾਂ ਜੋ ਸ਼ਹਿਰਾਂ ਵਿੱਚ ਮੁੱਲ ਖਰੀਦਣੀਆਂ ਪੈ ਰਹੀਆਂ ਹਨ। ਆਪਣੇ ਆਸ-ਪਾਸ ਦੇ ਲੋਕਾਂ ਵੱਲ ਵੇਖ ਬੱਚਿਆਂ ਨੂੰ ਆਪਣੀ ਹੈਸੀਅਤ ਤੋਂ ਵੱਡੇ ਸਕੂਲ ਵਿੱਚ ਪੜਾਉਣਾ ਅਤੇ ਹੋਰ ਵੇਖੋ ਵੇਖੀ ਖਰਚਿਆਂ ਦਾ ਵਧਾਉਣਾ ਜਿੱਥੇ ਆਰਥਿਕ ਖੁਸ਼ਹਾਲੀ ਨੂੰ ਢਾਹ ਲਾਉਂਦਾ ਹੈ ਉੱਥੇ ਮਾਨਸਿਕ ਤੌਰ 'ਤੇ ਵੀ ਕਮਜ਼ੋਰ ਤੇ ਬਿਮਾਰ ਕਰ ਰਿਹਾ ਹੈ।

ਸ਼ਹਿਰਾਂ ਦੇ ਵਿਕਾਸ ਲਈ ਪਿੰਡਾਂ ਦੇ ਰਾਹਾਂ ਵਿੱਚ ਆਉਂਦੇ ਸਾਰੇ ਰੁੱਖ ਪੁੱਟ ਦਿੱਤੇ ਜਾਂਦੇ ਹਨ। ਖੇਤੀ ਵਾਲੀ ਜ਼ਮੀਨ ਨੂੰ ਪੱਥਰਾਂ ਹੇਠਾਂ ਦੱਬ ਦਿੱਤਾ ਜਾਂਦਾ ਹੈ। ਪੰਜਾਬ ਦੇ ਪਿੰਡਾਂ ਦੀ ਉਹ ਜਮੀਨ ਜੋ ਸ਼ਹਿਰਾਂ ਦੇ ਅਧੀਨ ਲਿਆਂਦੀ ਜਾ ਰਹੀ ਹੈ, ਕੀ ਉਸ ਵਰਗੀ ਜਮੀਨ ਕਿਧਰੇ ਹੋਰ ਮਿਲ ਸਕਦੀ ਹੈ। ਜੇਕਰ ਅਸੀਂ ਪਿੰਡਾਂ ਨੂੰ ਖਤਮ ਕਰ ਫੋਕੀ ਤਰੱਕੀ ਦੇ ਨਾਮ ਹੇਠਾਂ ਸ਼ਹਿਰ ਬਣਾਈ ਗਏ ਤਾਂ ਖੇਤੀਯੋਗ ਜਮੀਨ ਕਿੱਥੋਂ ਆਵੇਗੀ।

ਇਹ ਬਹੁਤ ਸਾਰੀਆਂ ਗੱਲਾਂ ਅਜਿਹੀਆਂ ਹਨ ਜਿੰਨਾਂ ਨੂੰ ਵਿਚਾਰਨਾ ਬਹੁਤ ਜਰੂਰੀ ਹੈ, ਪਿੰਡਾਂ ਦਾ ਹੋ ਰਿਹਾ ਸ਼ਹਿਰੀਕਰਨ ਜਿੱਥੇ ਸਾਡੇ ਆਪਸੀ ਭਾਈਚਾਰੇ, ਸਦਭਾਵਨਾ, ਇਕੱਠ, ਸੱਭਿਆਚਾਰ, ਰੀਤੀ ਰਿਵਾਜਾਂ ਨੂੰ ਖਤਮ ਕਰ ਰਿਹਾ ਹੈ ਉੱਥੇ ਸਾਡੇ ਦੇਸ਼ ਦੇ ਪ੍ਰਮੁੱਖ ਕਿੱਤੇ ਖੇਤੀਬਾੜੀ ਦੇ ਲਈ ਜਮੀਨ ਨੂੰ ਵੀ ਹੜੱਪ ਰਿਹਾ ਹੈ। ਜੇਕਰ ਇਹ ਚੱਕਰ ਇਸ ਤਰਾਂ ਚੱਲਦਾ ਰਿਹਾ ਤਾਂ ਉਹ ਦਿਨ ਦੂਰ ਨਹੀਂ ਜਦ ਸਾਡੇ ਕੋਲ ਖੇਤੀ ਕਰਨ ਲਈ ਨਾ ਤਾਂ ਜਮੀਨ ਹੋਵੇਗੀ ਅਤੇ ਨਾ ਹੀ ਪਿੰਡਾਂ ਦੀ ਉਹ ਨੁਹਾਰ ਜਿਸ ਵਿੱਚ ਪੰਜਾਬ ਦੀ ਰੂਹ ਵਸਦੀ ਹੈ। ਜਿਨਾਂ ਪਿੰਡਾਂ ਕਰਕੇ ਪੰਜਾਬ ਪੰਜਾਬ ਬਣਦਾ ਹੈ ਅਤੇ ਜਿਨਾਂ ਪਿੰਡਾਂ ਨੂੰ ਵੇਖ ਅਸੀਂ ਕਿਸੇ ਸ਼ਹਿਰੀ ਜਾਂ ਵਿਦੇਸ਼ੀ ਨੂੰ ਕਿਹਾ ਕਰਦੇ ਸੀ ਜੇ ਧਰਤੀ ਤੇ ਸਵਰਗ ਵੇਖਣਾ ਤਾਂ ਆਜਾ ਮੇਰੇ ਪਿੰਡ ਦੀ ਨੁਹਾਰ ਵੇਖ ਲੈ।

# ਪੂੰਜੀਵਾਦੀ ਪ੍ਰਬੰਧ ਵਿੱਚ ਕੂੜੇ ਦੀ ਪੈਦਾਵਾਰ



**ਸੁਖਵੰਤ ਹੁੰਦਲ**

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਜਦੋਂ ਦੁੱਧ ਦਾ ਇਕ ਗਲਾਸ ਸਿੰਕ ਵਿੱਚ ਡੋਲਿਆ ਜਾਂਦਾ ਹੈ, ਤਾਂ ਸਮਝ ਲਉ ਕਿ ਪਾਣੀ ਦੇ 1000 ਲੀਟਰ ਸਿੰਕ ਵਿੱਚ ਰੋੜ ਦਿੱਤੇ ਗਏ ਹਨ। ਦੁਨੀਆ ਭਰ ਵਿੱਚ ਅੰਞਾਈ ਨਸ਼ਟ ਕੀਤਾ ਗਿਆ ਖਾਣਾ ਹਰ ਸਾਲ ਵਾਤਾਵਰਨ ਵਿੱਚ 8% ਗਰੀਨ ਹਾਊਸ ਗੈਸਾਂ ਫੈਲਾਉਣ ਦਾ ਕਾਰਨ ਬਣਦਾ ਹੈ। ਫੈਸ਼ਨ ਸਨਅੱਤ ਵਲੋਂ ਨਸ਼ਟ ਕੀਤੇ ਜਾਣ ਵਾਲੇ ਕੱਪੜਿਆਂ ਦੇ ਵੀ ਵਾਤਾਵਰਨ 'ਤੇ ਇਸ ਤਰਾਂ ਦੇ ਹੀ ਬੁਰੇ ਅਸਰ ਪੈਂਦੇ ਹਨ। ਸਭ ਤੋਂ ਪਹਿਲਾਂ ਕੂੜੇ ਦੇ ਢੇਰਾਂ ਉੱਤੇ ਸੁੱਟੇ ਗਏ ਕੱਪੜਿਆਂ ਨੂੰ ਗਲਣ (ਬਾਇਓਡਿਗ੍ਰੇਡ ਹੋਣ) ਲਈ ਸੈਂਕੜੇ ਸਾਲ ਲੱਗ ਜਾਂਦੇ ਹਨ। ਇਸ ਦੇ ਨਾਲ ਹੀ ਕੱਪੜਿਆਂ ਦੇ ਉਤਪਾਦਨ ਵਿੱਚ ਬਹੁਤ ਸਾਰੇ ਪਾਣੀ ਦੀ ਵਰਤੋਂ ਹੁੰਦੀ ਹੈ। ਈਕੋ ਵਾਚ ਦੇ ਸਾਈਟ 'ਤੇ ਛਪੇ ਚਿੱਲੀਜ਼ ਆਟਾਕਾਮਾ ਡੈਜ਼ਰਟ: ਵਿਅਰ ਫਾਸਟ ਫੈਸ਼ਨ ਗੋਅਜ਼ ਟੂ ਡਾਈ ਅਤੇ ਫਾਸਟ ਫੈਸ਼ਨ 101: ਐਵਰੀਥਿੰਗ ਯੂ ਨੀਡ ਟੂ ਨੋਅ ਨਾਮੀ ਲੇਖਾਂ ਅਨੁਸਾਰ ਜੀਨਾਂ ਦਾ ਇਕ ਜੋੜਾ ਤਿਆਰ ਕਰਨ ਲਈ 7500 ਲੀਟਰ ਪਾਣੀ ਲਗਦਾ ਹੈ। ਇੰਨਾ ਪਾਣੀ ਇਕ ਆਮ ਇਨਸਾਨ ਦੀਆਂ ਪੀਣ ਵਾਲੇ ਪਾਣੀ ਦੀਆਂ ਲੋੜਾਂ 5 ਸਾਲਾਂ ਲਈ ਪੂਰੀਆਂ ਕਰ ਸਕਦਾ ਹੈ। ਕੁੱਲ ਮਿਲਾ ਕੇ ਦੁਨੀਆ ਭਰ ਵਿੱਚ ਫੈਸ਼ਨ ਦੀ ਸਨਅਤ ਹਰ ਸਾਲ 93 ਅਰਬ (ਬਿਲੀਅਨ) ਘਣ ਮੀਟਰ ਪਾਣੀ ਦੀ ਵਰਤੋਂ ਕਰਦੀ ਹੈ। ਇੰਨਾ ਪਾਣੀ 50 ਲੱਖ ਲੋਕਾਂ ਲਈ ਪੀਣ ਲਈ ਕਾਫੀ ਹੁੰਦਾ ਹੈ। ਇਸ ਤੋਂ ਬਿਨਾਂ ਦੁਨੀਆ ਭਰ ਵਿੱਚ ਹਰ ਸਾਲ ਵਾਤਾਵਰਨ ਵਿੱਚ ਫੈਲਾਈ ਜਾਂਦੀ ਕਾਰਬਨ ਡਾਇਅਕਸਾਈਡ ਦਾ 8-10 ਫੀਸਦੀ ਹਿੱਸਾ ਕੱਪੜਿਆਂ ਦੀ ਸਨਅੱਤ ਕਾਰਨ ਪੈਦਾ ਹੁੰਦਾ ਹੈ। ਕੱਪੜਿਆਂ ਨੂੰ ਰੰਗਣ ਲਈ ਕਈ ਤਰਾਂ ਦੇ ਰਸਾਇਣਕ ਪਦਾਰਥ ਵਰਤੇ ਜਾਂਦੇ ਹਨ। ਡੈਨਿਮ ਜੀਨ ਦਾ ਉਤਪਾਦਨ ਧਰਤੀ ਉਤਲੇ ਤਾਜ਼ਾ ਪਾਣੀ ਨੂੰ ਪ੍ਰਦੂਸ਼ਤ ਕਰਨ ਵਾਲੇ ਸ੍ਰੋਤਾਂ ਵਿੱਚ ਦੂਜੇ ਨੰਬਰ 'ਤੇ ਆਉਂਦਾ ਹੈ। ਇਕ ਅੰਦਾਜ਼ੇ ਅਨੁਸਾਰ ਏਸ਼ੀਆ ਦੀਆਂ 70 ਫੀਸਦੀ ਝੀਲਾਂ ਅਤੇ ਨਦੀਆਂ ਕੱਪੜਿਆਂ ਦੀ ਸਨਅਤ ਕਾਰਨ ਪੈਦਾ ਹੋਣ ਵਾਲੀ 2.5 ਅਰਬ (ਬਿਲੀਅਨ) ਗੈਲਨ ਦੀ ਰਹਿੰਦ ਖੂਹੰਦ ਨਾਲ ਪ੍ਰਦੂਸ਼ਤ ਹੋ ਚੁੱਕੀਆਂ ਹਨ।

ਇਸ ਦਾ ਅਰਥ ਇਹ ਹੋਇਆ ਹੈ ਕਿ ਪੂੰਜੀਵਾਦੀ ਪ੍ਰਬੰਧ ਮਜ਼ਦੂਰਾਂ ਦਾ ਸ਼ੋਸ਼ਣ ਕਰਨ ਦੇ ਨਾਲ ਨਾਲ ਵਾਤਾਵਰਨ ਦਾ ਸ਼ੋਸ਼ਣ ਵੀ ਕਰਦਾ ਹੈ। ਇਹ ਪ੍ਰਬੰਧ ਜਿੱਥੇ ਆਮ ਇਨਸਾਨ ਦੀ ਭਲਾਈ ਲਈ ਖਤਰਾ ਹੈ, ਉੱਥੇ ਇਹ ਧਰਤੀ ਦੇ ਬਚੇ ਰਹਿਣ ਲਈ ਵੀ ਖਤਰਾ ਹੈ।



# ਇਕ ਲੁਹਾਰ ਦੀ

**ਰਜਨੀਸ਼ ਕੈਲੀ**

ਆਹ ਗਰੇਵਾਲ ਕੱਲ ਲੁੱਡੀਆਂ ਪਾਉਂਦਾ ਫਿਰਦਾ ਸੀ ਕਿ ਮੇਰੇ ਤਾਂ ਲਾਹੌਰ ਲਗ ਜਾਣੇ ਘਰਵਾਲੀ ਦੀ ਅੱਧੀ ਪੈਨਸ਼ਨ ਮਿਲ ਜਾਣੀ ਐ। ਪੱਚੀ ਤੀਹ ਹਜ਼ਾਰ ਚੜੇ ਮਹੀਨੇ ਵੱਟ ਤੇ ਪਿਆ।ਅੱਜ ਬੜਾ ਉਦਾਸ ਹੈ। ਸ਼ਾਇਦ ਹੁਣ ਭੋਗ ਪੈਣ ਤੋਂ ਬਾਅਦ ਜਦ ਸਾਰੇ ਚਲੇ ਗਏ ਤਾਂ ਇਹ ਇਕਲੱਤਾ ਮਹਿਸੂਸ ਕਰ ਰਿਹਾ। ਦੂਜੀ ਗਲੀ ਵਾਲੇ ਭਾਨੇ ਨੇ ਹੈਰਾਨੀ ਨਾਲ ਪੁਛਿਆ।

ਨਹੀਂ ਬਾਈ ਇਹਨੂੰ ਉਹ ਦੁਖ ਨਹੀਂ ਜੋ ਤੂੰ ਸਮਝਦਾਂ। ਇਹਦੇ ਤਾਂ ਡੂੰਘੀ ਸੱਟ ਵੱਜੀ ਐ। ਬਿੰਦਰ ਬੋਲਿਆ। ਸਾਰੀ ਕਹਾਣੀ ਮੈਂ ਸਮਝਾਉਂਦਾ।

ਗਰੇਵਾਲ ਮੇਰਾ ਗੁਆਂਢੀ ਹੀ ਨਹੀਂ ਨਿੱਕੇ ਹੁੰਦੇ ਦਾ ਆੜੀ ਵੀ ਆ। ਪਰ ਹੌਲੀ ਹੌਲੀ ਉਹਦੀਆਂ ਕਰਤੂਤਾਂ ਕਰਕੇ ਮੈਂ ਉਸ ਨਾਲ ਮੇਲ-ਮਿਲਾਪ ਬਹੁਤ ਘਟਾ ਦਿੱਤਾ ਸੀ । ਬਸ ਗਲੀ ਵਿਚ ਘਰੋਂ ਬਾਹਰ ਅੰਦਰ ਆਉਂਦੇ ਜਾਂਦੇ ਜਰੂਰ ਖੜੇ ਹੋ ਕੇ ਮਿਲ ਲੈਂਦੇ। ਵੈਸੇ ਸਾਡੀ ਪਰਿਵਾਰਾਂ ਦੀ ਸਾਂਝ ਤਾਂ ਸੀ। ਇਹਦੀ ਘਰਵਾਲੀ ਬਲਬੀਰ ਮੇਰੀ ਘਰਵਾਲੀ ਨਾਲ ਸਕੀਆਂ ਭੈਣਾਂ ਵਾਂਗ ਸਾਰੇ ਦੁਖ ਸਾਂਝੇ ਕਰ ਲੈਂਦੀ ਸੀ। ਪਤਾ ਤਾਂ ਮੈਨੂੰ ਸਭ ਸੀ ਪਰ ਮੈਂ ਚਾਹ ਕੇ ਵੀ ਕੁਝ ਨਹੀਂ ਕਰ ਸਕਦਾ ਸੀ। ਕਿਉਂਕਿ ਸਾਰਿਆਂ ਨੂੰ ਪਤਾ ਸੀ ਕਿ ਇਹ ਸੁਧਰਨ ਵਾਲੀ ਜਿਨਸ ਨਹੀਂ। ਕਦੇ ਮੈਂ ਸੋਚਦਾ ਇਹਦਾ ਵਿਆਹ ਹੀ ਨਹੀਂ ਹੋਣਾ ਚਾਹੀਦਾ ਸੀ। ਪਰ ਇਕੱਲੇ ਪੁੱਤਰਾਂ ਦੇ ਮਾਪੇ ਆਪਣੀ ਪੀੜੀ ਵਧਾਉਣ ਲਈ ਨਿਕੰਮੇ ਨਸ਼ੇੜੀ ਮੁੰਡਿਆਂ ਨੂੰ ਸੁਧਾਰਦੇ ਸੁਧਾਰਦੇ ਕਿਸੇ ਗਰੀਬ ਕੁੜੀ ਦੀ ਜਿੰਦਗੀ ਰੋਲ ਦਿੰਦੇ ਨੇ।

ਬਲਬੀਰ ਨੂੰ ਇਕ ਦਿਨ ਵੀ ਸੌਹਰੇ ਘਰ ਸੁਖ ਨਹੀਂ ਮਿਲਿਆ। ਉਹ ਵਿਚਾਰੀ ਪੇਕਿਆਂ ਵਲੋਂ ਵੀ ਸੌਖੀ ਨਹੀਂ ਸੀ ਵਿਧਵਾ ਮਾਂ ਨੇ ਤਰਲਿਆਂ ਨਾਲ ਪਾਲੀ। ਇਕ ਭਰਾ ਉਹ ਵੀ ਕਾਲੇ ਦੌਰ ਦੇ ਦਿਨੀਂ ਐਸਾ ਗਿਆ ਮੁੜ ਕੇ ਕੋਈ ਥਹੁ ਪਤਾ ਨਹੀਂ ਲਭਿਆ।

ਚਲੋ ਆਪਣਾ ਘਰ ਸੀ ਰਹਿਣ ਨੂੰ ਦਾਣੇ ਵੀ ਘਰ ਦੇ ਸੀ ਖਾਣ ਨੂੰ। ਪਰ ਇਕ ਦਿਨ ਵੀ ਇਸ ਪਿਉ ਦੇ ਪੁੱਤ ਨੇ ਬਲਬੀਰ ਦੇ ਹੱਥ ਇਕ ਰੁਪਿਆ ਕਮਾ ਕੇ ਨਹੀਂ ਰਖਿਆ। ਆਪਣੀ ਕਮਾਈ ਸਿਰਫ ਆਪਣੀ ਐਸ਼ ਲਈ। ਮਾਂ ਪਿਉ ਨੇ ਕਦੇ ਪੁਛਿਆ ਨਹੀਂ ਖਰਚ ਦਾ ਹਿਸਾਬ। ਘਰਵਾਲੀ ਨੂੰ




ਵੀ ਬੋਲਣ ਦੀ ਇਜਾਜ਼ਤ ਨਹੀਂ। ਵਿਆਹ ਤੋਂ ਪੰਜ ਸਾਲ ਬਾਅਦ ਨੌਕਰੀ ਛੱਡ ਦਿੱਤੀ ਕਿ ਆਪਾਂ ਕਿਸੇ ਦਾ ਰੋਅਬ ਨਹੀਂ ਸਹਿ ਸਕਦੇ।

ਬਲਬੀਰ ਪੜਾਉਂਦੀ ਸੀ ਸਰਕਾਰੀ ਸਕੂਲ ਵਿਚ। ਰੋਜ ਬੱਸਾਂ ਵਿਚ ਧੱਕੇ ਖਾਣੇ ਫੇਰ ਘਰ ਦਾ ਕੰਮ, ਨਾਂ ਟਾਈਮ ਤੇ ਖਾਣਾ ਨਾ ਟਾਈਮ ਤੇ ਸੌਣਾ, ਉਪਰੋਂ ਮਾਨਸਿਕ ਪ੍ਰੇਸ਼ਾਨੀਆਂ। ਪਰ ਉਸਨੂੰ ਤਸੱਲੀ ਸੀ ਕਿ ਨੌਕਰੀ ਦੇ ਸਿਰ 'ਤੇ ਆਪਣੇ ਦੋਨਾਂ ਬੱਚਿਆਂ ਨੂੰ ਚੰਗੀ ਤਾਲੀਮ ਦੇ ਸਕਦੀ ਹੈ। ਸਮੇਂ ਨਾਲ ਉਸਦੀ ਕੁੜੀ ਪੜ ਕੇ ਕਾਲਜ ਵਿਚ ਪੜਾਉਣ ਲੱਗ ਗਈ। ਫੇਰ ਕੁੜੀ ਦਾ ਵਿਆਹ ਵੀ ਇਸੇ ਸ਼ਹਿਰ ਵਿਚ ਹੋ ਗਿਆ। ਇਸ ਦੌਰਾਨ ਇਸਦੇ ਮਾਂ ਪਿਉ ਮਰ ਗਏ ਅਤੇ ਮਾਂ ਪਿਉ ਦੀ ਮੌਤ ਤੋਂ ਬਾਅਦ ਤਾਂ ਜਮੀਨ ਵੀ ਖੁਰਨੀ ਸ਼ੁਰੂ ਹੋ ਗਈ। ਉਪਰੋਂ ਕਲੇਸ਼ ਰੋਜ ਦਾ, ਹੋਰ ਤਾਂ ਹੋਰ ਬਲਬੀਰ ਤੋਂ ਵੀ ਪੈਸੈ ਖੋਹ ਲੈਣੇ। ਜੇ ਮਨਾ ਕਰਨਾ ਤਾਂ ਖੌਰੂ ਪਾਉਣਾ। ਇਕ ਦਿਨ ਤਾਂ ਹੱਦ ਹੋ ਗਈ ਕਹਿੰਦਾ ਤੇਰੀ ਅੱਖ ਮੇਰੇ ਘਰ ਜਮੀਨ ਤੇ ਹੈ । ਮੇਰਾ ਘਰ ਮੇਰੀ ਜਮੀਨ ਮੇਰੇ ਮੁੰਡੇ ਦੀ। ਤੂੰ ਲਿਖ ਕੇ ਦੇ ਕਿ ਆਪਣਾ ਇਕ ਦੂਜੇ ਦੀ ਕਮਾਈ ਤੇ ਕੋਈ ਹੱਕ ਨਹੀਂ । ਅਗਲੇ ਦਿਨ ਅਸ਼ਟਾਮ ਤੇ ਇਹੋ ਜਿਹੀ ਕੋਈ ਇਬਾਰਤ ਟਾਈਪ ਕਰਵਾ ਲਿਆਇਆ, ਅਤੇ ਕਹਿੰਦਾ ਮੈਂ ਦਸਤਖਤ ਕਰ ਦਿਤੇ ਤੂੰ ਕਰ ਦੇ। ਉਸ ਦਿਨ ਸ਼ਾਮ ਨੂੰ ਇਹਦੀ ਕੁੜੀ ਮਾਂ ਨੂੰ ਮਿਲਣ ਆਈ ਸੀ ਤਾ ਬਲਬੀਰ ਨੇ ਉਹ ਕਾਗਜ ਧੀ ਨੂੰ ਦਿਖਾਇਆ, ਵੇਖ ਲੈ ਆਪਣੇ ਪਿਓ ਦੇ ਕੰਮ। ਸਾਰੀ ਉਮਰ ਮੈਂ ਇਹਦੀ ਕਮਾਈ ਤੇ ਬੈਠੀ ਸੀ ਜਿਹੜਾ ਹੁਣ ਇਹਦੀ ਜਮੀਨ ਮੈਂ ਲਉਂਗੀ। ਜੇ ਤੁਸੀਂ ਉਹਦੇ ਬੱਚੇ ਹੋ ਮੇਰਾ ਵੀ ਤਾ ਸਭ ਕੁਝ ਥੋਡਾ ਹੀ ਹੈ। ਪਰ ਪਤਾ ਨਹੀਂ ਥੋਡੇ ਲਈ ਕੁਝ ਬਚਣਾ ਹੈ ਕਿ ਨਹੀਂ। ਤੂੰ ਫਿਕਰ ਨਾਂ ਕਰ ਮਾਂ ਕਾਗਜ ਫੜਕੇ ਧੀ ਬੋਲੀ ਤੂੰ ਸਾਈਨ ਕਰ। ਧੀ ਨੇ ਕਾਗਜ ਸਾਂਭ ਲਿਆ।

ਰਿਟਾਇਰਮੈਂਟ ਤਕ ਪਹੁੰਚਦੀ ਪਹੁੰਚਦੀ ਨੂੰ ਬਲਬੀਰ ਨੂੰ ਡਾਇਬਟੀਜ਼, ਬਲਡ ਪ੍ਰੈਸ਼ਰ, ਗਠੀਏ ਵਰਗੀਆਂ ਬੀਮਾਰੀਆਂ ਨੇ ਘੇਰ ਲਿਆ ਸੀ। ਪਰ ਮਾੜੀ ਕਿਸਮਤ ਨੂੰ ਮੂੰਡਾ ਬਿਲਕੁਲ ਪਿਉ ਵਰਗਾ ਨਿਕਲਿਆ। ਨਾਂ ਪਿਉ ਨੇ ਕੰਮ ਕੀਤਾ ਨਾ ਮੁੰਡਾ ਕਿਤੇ ਟਿਕ ਕੇ ਕੰਮ ਕਰਦਾ ਸੀ। ਦੋਹਾਂ ਦੀ ਬਣਦੀ ਸੀ ਹੁਣ ਤਾਂ ਇਕੱਠੇ ਬੈਠ ਕੇ ਪੀਣ ਵੀ ਲਗ ਗਏ ਸੀ । ਜੇ ਕਿਸੇ ਕਹਿਣਾ ਮੁੰਡੇ ਦਾ ਵਿਆਹ ਕਰ ਦੇ ਤੈਨੂੰ ਵੀ ਅਰਾਮ ਹੋ ਜਾਉ। ਪਰ ਬਲਬੀਰ ਨਹੀਂ ਸੀ ਚਾਹੁੰਦੀ ਕਿਸੇ ਦੀ ਕੁੜੀ ਨੂੰ ਆਪਣੇ ਵਰਗੀ ਜਿੰਦਗੀ ਦੇਵੇ। ਕੁੜੀ ਭਾਵੇਂ ਉਸੇ ਸ਼ਹਿਰ ਵਿਆਹੀ ਸੀ ਪਰ ਉਸ ਕੋਲੋਂ ਵੀ ਰੋਜ ਨਹੀਂ ਆ ਹੁੰਦਾ ਸੀ। ਉਹ ਵੀ ਚਾਹੁੰਦੀ ਨਹੀਂ ਸੀ ਕਿ ਕੁੜੀ ਪੇਕੇ ਘਰ ਦੇ ਮਸਲੇ ਸੁਲਝਾਉਂਦੀ ਆਪਣੇ ਘਰ ਕੋਈ ਮਸਲਾ ਖੜਾ ਕਰ ਲਵੇ। ਉਹ ਤਾਂ ਕਹਿੰਦੀ ਸੀ ਰੋਜ ਫੋਨ ਵੀ ਨਾ ਕਰੇ ਜਦੋਂ ਲੋੜ ਹੋਊਗੀ ਉਹਨੇ ਧੀ ਨੂੰ ਹੀ ਅਵਾਜ ਮਾਰਨੀ ਹੈ ਹੋਰ ਉਸਦੀ ਸੁਨਣ ਵਾਲਾ ਕੌਣ ਹੈ।

ਬੰਦਾ ਕਿੰਨਾ ਬਰਦਾਸ਼ਤ ਕਰੇ। ਸਿਹਤ ਠੀਕ ਹੁੰਦੀ ਉਹ ਇਸ ਨਰਕ 'ਚੋਂ ਨਿਕਲ ਕੇ ਕਿਤੇ ਹੋਰ ਰਹਿਣ ਲਗ ਪੈਂਦੀ। ਮਾਂ ਸੀ ਇਸੇ ਕਰਕੇ ਮੁੰਡੇ ਦੇ ਸੁਧਰਨ ਦੀ ਆਸ ਵੀ ਛੱਡ ਨਹੀਂ ਸਕਦੀ ਸੀ। ਵੈਸੇ ਉਸਦੀ ਜਿਊਣ ਦੀ ਇੱਛਾ ਹੁਣ ਮੁਕਦੀ ਜਾਂਦੀ ਸੀ। ਇੰਝ ਹੀ ਬਲਬੀਰ ਇਕ ਦਿਨ ਸਾਰਿਆਂ ਨੂੰ ਛੱਡ ਕੇ ਚਲੀ ਗਈ। ਧੀ ਤੋਂ ਇਲਾਵਾ ਉਸਨੂੰ ਰੋਣ ਵਾਲਾ ਕੋਈ ਨਹੀ ਸੀ। ਧੀ ਰੋਂਦੀ ਵੀ ਸੀ ਪਰ ਨਾਲ ਹੀ ਉਸਨੂੰ ਧਰਵਾਸ ਸੀ ਕਿ ਮਾਂ ਦੇ ਦੁਖ ਕਟੇ ਗਏ ਜੇ ਪੰਜ ਸਤ ਸਾਲ ਹੋਰ ਜਿਊਂਦੀ ਤਾਂ ਕਿਹੜਾ ਸੁਖ ਭੋਗ ਲੈਂਦੀ। ਸਗੋਂ ਸਰੀਰ ਨੇ ਹੋਰ ਹਾਰਨਾ ਹੀ ਸੀ ਅਤੇ ਦੁਖ ਵਧਣੇ ਹੀ ਸੀ।

ਹੁਣ ਤਾਂ ਭੋਗ ਪੈ ਗਿਆ। ਅਫਸੋਸ ਕਰਨ ਵਾਲੇ ਵੀ ਚਲੇ ਗਏ। ਗਰੇਵਾਲ ਅੱਜ ਪੋਚਵੀਂ ਪੱਗ ਬੰਨ ਕੇ ਸ਼ੀਸ਼ੇ ਮੂਹਰੇ ਖੜਾ ਸੀ। ਡੈਡੀ ਮੰਮੀ ਦੀ ਅਲਮਾਰੀ ਵਿਚੋਂ ਆਹੀ ਮਿਲੇ ਕਾਗਜ। ਮੁੰਡੇ ਨੇ ਪਿਉ ਨੂੰ ਫਾਈਲ ਫੜਾਉਂਦੇ ਹੋਏ ਕਿਹਾ। ਠੀਕ ਐ। ਚੱਲ ਤੂੰ ਹੀ ਮੈਨੂੰ ਮੋਟਰਸਾਈਕਲ 'ਤੇ ਛੱਡ ਆ ਦਫਤਰ। ਦੇਖੋ ਕਦੋਂ ਸ਼ੁਰੂ ਕਰਦੇ ਆ ਫੈਮਲੀ ਪੈਨਸ਼ਨ ਮੇਰੇ ਨਾਂ 'ਤੇ।

ਦੋਵੇਂ ਪਿਉ ਪੁੱਤ ਦਫਤਰ ਪਹੁੰਚੇ। ਜਾ ਕੇ ਫਾਰਮ ਵਗੈਰਾ ਭਰ ਕੇ ਅਫਸਰ ਮੂਹਰੇ ਕੀਤੇ। ਅਫਸਰ ਨੇ ਰਿਕਾਰਡ ਵੇਖਿਆ, ਗਰੇਵਾਲ ਦੇ ਕਾਗਜ ਵੇਖੇ। ਕਹਿੰਦਾ ਸਰਦਾਰ ਜੀ ਤੁਹਾਡੀ ਤਾਂ ਪਤਨੀ ਨਾਲ ਰਜਾਮੰਦੀ ਨਾਲ ਅਲਹਿਦਗੀ ਹੋ ਚੁਕੀ ਹੈ ਪੰਜ ਸਾਲ ਪਹਿਲਾਂ। ਆਹ ਵੇਖੋ ਬਕਾਇਦਾ ਮੈਜਿਸਟ੍ਰੇਟ ਦੀ ਮੋਹਰ ਲੱਗੀ ਹੈ। ਮਰਹੂਮ ਦੀ ਪੈਨਸ਼ਨ ਦਾ ਕੋਈ ਹਕਦਾਰ ਨਹੀਂ।

ਬਿੰਦਰ ਕਹਿੰਦਾ ਭਾਨਿਆ ਇੰਝ ਸਮਝ ਲੈ ਗਰੇਵਾਲ ਦੀ ਸਾਰੀ ਉਮਰ ਦੀ ਕਿਟ ਕਿਟ ਦਾ ਜਵਾਬ ਬਲਬੀਰ ਕੌਰ ਇਕੋ ਠਾਹ ਨਾਲ ਦੇ ਗਈ।

# 'ਹਉਮੈ ਦੀਰਘ ਰੋਗੁ'



**ਅਰਪਿੰਦਰ ਬਿੱਟੂ, ਜਰਮਨੀ**

ਮਨੁੱਖੀ ਸੁਭਾਅ ਦੀ ਇਹ ਫ਼ਿਤਰਤ ਏ ਕਿ ਉਹ ਆਪਣੇ ਗੁਣਾ ਦਾ ਗਾਇਨ ਸੁਣ ਕੇ ਅਨੰਦਮਈ ਮਹਿਸੂਸ ਕਰਦਾ ਏ ਅਤੇ ਚਾਹੁੰਦਾ ਹੈ ਕਿ ਹਰ ਕੋਈ ਮੇਰੇ ਵਿਚਾਰਾਂ ਨਾਲ ਸਹਿਮਤ ਹੋਵੇ । ਸਾਡੇ ਆਲੇ ਦੁਆਲੇ ਵਾਪਰ ਰਹੇ ਕਲੇਸ਼ ਦੀ ਇਕ ਵਜਾ ਇਹ ਹੈ। ਹਰ ਕੋਈ ਇਹ ਸਮਝ ਬਹਿੰਦਾ ਏ ਕੇ ਜੋ ਮੈਂ ਸੋਚਦਾ ਜਾਂ ਕਹਿੰਦਾ ਹਾਂ ਉਹ ਹੀ ਆਖਰੀ 'ਸੱਤਯ' ਹੈ, ਮੇਰੇ ਸ਼ਹਿਰ ਦੇ ਜ਼ਿਆਦਾ ਪਤਵੰਤੇ ਸੱਜਣਾਂ ਦਾ ਵੀ ਸ਼ਾਇਦ ਇਹ ਤੌਖਲਾ ਰਹਿੰਦਾ ਹੈ ਕਿ ਦੂਜਾ ਮੇਰੇ ਨਾਲ ਸਹਿਮਤ ਨਹੀਂ ਤੇ ਦੂਜਾ ਇਹ ਸਮਝਦਾ ਕਿ ਤੀਜਾ ਮੇਰੀ ਹਾਂ 'ਚ ਹਾਂ ਕਿਉਂ ਨਹੀਂ ਮਿਲਾਉਂਦਾ। ਇਸੇ ਕਾਰਨ ਅਸੀਂ ਨਿੱਕੇ ਨਿੱਕੇ ਧੜੇ ਕਬੀਲਿਆਂ ਵੰਡੇ ਹੋਏ ਹਾਂ। ਖੁੱਲੇ ਦਿਲ ਨਾਲ ਵੇਖੀਏ ਤਾਂ ਇਹੋ ਹਾਲ ਪੰਜਾਬ ਭਾਰਤ ਦਾ ਤੇ ਬਾਹਲੀ ਮਾਨਵ ਜਾਤ ਦਾ ਹੈ।

ਜਰਮਨ ਦੇ ਘੁੱਗ ਵੱਸਦੇ ਸ਼ਹਿਰ ਫ਼ਰੈਂਕਫੋਰਟ ਰਹਿੰਦਿਆਂ ਮੈਨੂੰ ਢਾਈ ਦਹਾਕਿਆਂ ਤੋਂ ਵਧੇਰੇ ਸਮਾਂ ਹੋ ਗਿਆ ਹੈ । ਬਗੈਰ ਕਿਸੇ ਧੜੇ ਪਾਰਟੀ, ਸੰਸਥਾ, ਕਲੱਬ ਤੇ ਕਮੇਟੀ ਤੋਂ ਮੇਰਾ ਸਾਰੇ ਸੱਜਣਾ ਨਾਲ ਪ੍ਰੇਮ ਤੇ ਉੱਠਣਾ ਬਹਿਣਾ ਏ । ਹਾਂ ਸੱਚ,

**ਹਰਫਾਂ ਦੇ ਨੂਰ**

ਪਿੱਛੇ ਜਿਹੇ ਇਕ ਆਮ ਆਦਮੀ ਪਾਰਟੀ ਦੇ ਇਨਕਲਾਬ ਦਾ ਤਈਆ ਕੁਝ ਦਿਨਾਂ ਵਾਸਤੇ ਮੈਨੂੰ ਵੀ ਚੜਿਆ ਸੀ ਪਰ ਛੇਤੀ ਹੀ ਲਹਿ ਗਿਆ।

ਖ਼ੈਰ। ਗੱਲ ਵਿਚਾਰਾਂ ਦੀ ਕਰਦੇ ਆ।

ਜਦੋਂ ਅਸੀਂ ਦੂਜੇ ਨੂੰ ਆਪਣੇ ਵਿਚਾਰਾਂ ਨਾਲ ਸਹਿਮਤ ਕਰਨ ਦੀ ਜਿੱਦ ਕਰ ਰਹੇ ਹੁੰਨੇ ਆਂ ਤਾਂ ਭੁੱਲ ਜਾਂਦੇ ਹੈ ਕਿ ਆਪਾਂ ਤਾਂ ਆਮ ਮਨੁੱਖ ਹਾਂ ਇੱਥੇ ਤਾਂ ਪੀਰ, ਪੈਗ਼ੰਬਰਾਂ ਤੇ ਅਵਤਾਰਾਂ ਦੀ ਸਹਿਮਤੀ ਨਹੀਂ ਬਣੀ ਉਹ ਇਕ ਮੱਤ ਨਹੀਂ ਹੋਏ ਤੇ ਆਪਾ ਕੌਣ ਆਂ। ਦੁਨੀਆਂ ਦੇ ਦੋ ਬਹੁਗਿਣਤੀ ਮਜ਼ਹਬ ਇਸਾਈ ਤੇ ਮੁਸਲਿਮ ਦਾ ਮੁੱਢ ਯਹੂਦੀ ਹਨ ਸਾਰੇ ਜਾਣਦੇ ਹਾਂ ਕਿ ਈਸਾ ਯਹੂਦੀਆਂ ਵਿਚ ਪੈਦਾ ਹੋਏ ਤੇ ਉਨਾਂ 'ਚੋਂ ਭਾਵ ਇਸਾਈ ਮੱਤ 'ਚੋਂ ਇਸਲਾਮ ਪ੍ਰਗਟ ਹੋਇਆ ਤੇ ਵਗੈਰਾ ਵਗੈਰਾ। ਹੁਣ ਮੁਸਲਿਮ ਈਸਾ ਨੂੰ ਵੀ ਨਬੀ ਮੰਨਦੇ ਨੇ, ਪਰ ਪੈਗ਼ੰਬਰ ਈਸਾ ਆਖਦੇ ਨੇ ਸ਼ਰਾਬ **(Red Wine)** ਪੀਓ ਇਹ ਮੇਰਾ ਬਲੱਡ ਹੈ ਜੋ ਤੁਹਾਨੂੰ ਮੁਕਤੀ ਦੇਵੇਗਾ। ਚਰਚਾਂ ਵਿਚ ਬਾਕਾਇਦਾ ਲਾਹਣ ਦਾ ਪ੍ਰਸਾਦ ਵੀ ਵਰਤਾਇਆ ਜਾਂਦਾ। ਦੂਸਰੇ ਪਾਸੇ ਹਜ਼ਰਤ ਮੁਹੰਮਦ ਸਾਹਿਬ ਆਖਦੇ ਨੇ ਮੱਦ (ਸ਼ਰਾਬ) ਪੀਣੀ ਹਰਾਮ ਹੈ। ਇਸਾਈ ਮੱਤ ਵਿੱਚ ਸੂਰ ਖਾਣ ਦਾ ਰਿਵਾਜ ਹੈ ਤੇ ਇਸਲਾਮ ਇਸ ਨੂੰ ਭੈੜਾ (ਹਰਾਮ) ਮੰਨਦਾ ਹੈ। ਇਸੇ ਤਰਾਂ ਜੀਵਾਂ 'ਤੇ ਦਇਆ ਕਰਨ ਵਾਲੇ ਹਿੰਦੂ ਮੱਤ ਵਿੱਚ ਪਰਮਾਹੰਸ ਕਹਿੰਦੇ ਨੇ ਜਲ ਤੋਰੀ ਭਾਵ ਮੱਛਲੀ ਖਾਓ, ਹੈ ਉਹ ਵੀ ਜੀਵ । ਹੋਰ ਤੇ ਹੋਰ 'ਅਹਿੰਸਾ ਪਰਮੋ ਧਰਮ' ਦੇ ਜੈਕਾਰੇ ਛੱਡਣ ਵਾਲੇ ਮਜ਼ਹਬ ਵਿੱਚ ਜਿੱਥੇ ਜੀਵਾਂ 'ਤੇ ਦਇਆ ਦੀ ਗੱਲ ਹੈ, ਉੱਥੇ ਬਲੀ ਦਾ ਰਿਵਾਜ ਵੀ ਹੈ।

ਸੋ, ਗੱਲ ਤੋਂ ਸਮਝ ਇਹ ਪੈਂਦੀ ਹੈ ਕਿ ਕਿਤੇ ਨਾਂ ਕਿਤੇ ਰਹਿਬਰ ਵੀ ਹਾਉਮੈ ਦਾ ਸ਼ਿਕਾਰ ਹੋਣਗੇ ਜੋ ਇਕ ਦੂਜੇ ਨਾਲ ਇਕ ਮੱਤ ਨਹੀਂ ਤੇ ਜਾਂ ਫਿਰ ਉਨਾਂ ਵਿੱਚ ਵੀ ਆਪਣੀ ਉੱਮਤ ਨੂੰ ਜਾਂ ਆਪਣੇ ਵਿਚਾਰਾਂ ਨੂੰ ਅਗਾਂਹ ਤੋਰਨ ਦੀ ਚਾਹਤ ਹੋਵੇਗੀ। ਜੋ ਵੀ ਹੈ ਮੈਂ ਦਾ ਹੀ ਇਕ ਰੂਪ ਹੈ।

ਫ਼ਿਰ ਮੈਂ ਤੇ ਤੁਸੀਂ ਕੌਣ ਹੁੰਨੇ ਆ ਇਕ ਦੂਜੇ ਤੇ ਆਪਣੇ ਵਿਚਾਰ ਥੋਪਣ ਵਾਲੇ ਭਲਾ ਕਿਉਂ ਨਾਂ ਇਕ ਦੂਜੇ ਨਾਲ ਸਿੰਗ ਫਸਾਉਣ ਦੀ ਬਜਾਏ ਚੰਗੀਆਂ ਗੱਲ ਨੂੰ ਗ੍ਰਹਿਣ ਕਰ ਬਾਕੀਆਂ ਨੂੰ ਅਣਗੌਲਿਆਂ ਕਰਦਿਆ ਕਰੀਏ।

ਉਪਰੋਕਤ ਲਿਖਤ ਤੋਂ ਮੇਰਾ ਮਤਲਬ ਅਵਤਾਰੀ ਪੁਰਖਾਂ ਨੂੰ ਹਾਉਮੈ ਗ੍ਰਸਤ ਕਹਿਣਾ ਨਹੀਂ ਤੇ ਨਾਂ ਹੀ ਮੈਂ ਕਾਮਰੇਡ ਜਾਂ ਨਾਸਤਿਕ ਹਾਂ ਜੋ ਰੱਬ ਨੂੰ ਜੱਬ ਸਮਝਦੇ ਹਨ। ਹੋ ਸਕਦਾ ਮੇਰੇ ਸ਼ੈਤਾਨ ਮਨ ਦੇ ਵੱਲ ਵਲੇ ਹੋਣ ਜਾਂ ਗਿਆਨ ਵਿਚ ਵਾਧਾ ਕਰਨ ਹਿੱਤ ਲਿਖੇ ਹੋਣ ਕਿ ਕੋਈ ਸੂਝਵਾਨ ਸੱਜਣ ਕੀ ਕੁਮੈਂਟ ਕਰਦਾ ਹੈ।

ਬਾਕੀ ਅਸੀਂ ਲੱਖ ਗੁਨਾਹਗਾਰ ਪਾਪੀ ਹੁੰਦੇ ਹੋਏ ਵੀ ਆਪਣੇ ਆਪ ਗੁਰੂ ਨਾਨਕ ਪਾਤਸ਼ਾਹ ਦੇ ਉਸ ਉਪਦੇਸ਼ ਦੇ ਵਾਰਿਸ ਸਮਝਦੇ ਹਾਂ ਜੋ ਬਹੁਤ ਇਜ਼ੀ ਹੈ :-

ਨਾਮ ਜਪੋ
ਕਿਰਤ ਕਰੋ
ਵੰਡ ਛੱਕੋ !

ਜਾਂ ਫਿਰ ਇੰਝ ਕਹਿ ਲਈ ਕੇ ਜਿਸ ਸਤਿਗੁਰ ਨੇ ਧਰਮ ਦੀ ਪਰਿਭਾਸ਼ਾ ਨੂੰ ਦੋ ਪੰਕਤੀਆਂ ਵਿੱਚ ਅਕਿੰਤ ਕਰ ਦਿੱਤਾ :-

ਸਰਬ ਧਰਮ ਮਹਿ ਸ੍ਰੇਸ਼ਟ ਧਰਮੁ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥

ਸੋ ਆਓ ਅਕਾਲ ਪੁਰਖ ਨਾਮ ਸਦਾ ਚੇਤੇ ਰੱਖੀਏ ਤੇ ਨੇਕ ਕਰਮ ਕਰੀਏ ਤੇ ਫਿਰ :-

ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥
ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥






## ਪਾਠਕਾਂ ਦਾ ਨਜ਼ਰੀਆ

### ਮੀਡੀਆ ਬਾਰੇ ਚੀਫ ਜਸਟਿਸ ਦੀਆਂ ਟਿੱਪਣੀਆਂ

ਪਿਛਲੇ ਦਿਨੀਂ ਸੁਪਰੀਮ ਕੋਰਟ ਦੇ ਚੀਫ ਜਸਟਿਸ ਐਨਵੀ ਰਮੰਨਾ ਨੇ ਮੀਡੀਆ ਦੇ ਇਕ ਹਿੱਸੇ ਲਈ ਜੋ ਸ਼ਬਦ ਵਰਤੇ ਹਨ ਕਿ ਮੀਡੀਆ ਕੰਗਾਰੂ ਕੋਰਟ ਲਾ ਲੈਂਦਾ ਹੈ ਯਕੀਨਨ ਸਚਾਈ ਹੈ। ਅਸੀਂ ਜਿਵੇਂ ਹੀ ਇੱਕੀਵੀਂ ਸਦੀ ਵਿਚ ਦਾਖਲ ਹੋਏ ਤਾਂ ਇਲੈਕਟ੍ਰੋਨਿਕ ਮੀਡੀਆ ਵਿਚ ਜਿਵੇਂ ਨਿਊਜ਼ ਚੈਨਲਾਂ ਦਾ ਹੜ ਹੀ ਆ ਗਿਆ ਪਰ ਪ੍ਰਾਈਵੇਟ ਨਿਊਜ਼ ਚੈਨਲਾਂ ਦੀਆਂ ਖ਼ਬਰਾਂ ਦਾ ਮਿਆਰ ਘਟਦਾ ਗਿਆ। ਪਿਛਲੇ ਇਕ ਦਹਾਕੇ ਤੋਂ ਵਧੇਰੇ ਨਿਊਜ਼ ਚੈਨਲ ਵੱਖ ਵੱਖ ਕਾਰੋਬਾਰੀ ਘਰਾਣਿਆਂ ਨੇ ਖਰੀਦ ਲਏ। ਇਉਂ ਇਨਾਂ ਉੱਤੇ ਵੱਡੇ ਉਦਯੋਗਪਤੀਆਂ ਦਾ ਕਬਜ਼ਾ ਹੋ ਗਿਆ।ਹੁਣ ਹਾਲ ਇਹ ਹੈ ਕਿ ਬਹੁਤੇ ਨਿਊਜ਼ ਚੈਨਲਾਂ 'ਤੇ ਅਕਸਰ ਉਹੋ ਕੁਝ ਪ੍ਰਸਾਰਿਤ ਕੀਤਾ ਜਾਂਦਾ ਹੈ ਜਿਸ ਨਾਲ ਸਮਾਜ ਵਿਚ ਭਰਮ ਤੇ ਨਫਰਤ ਫੈਲਾਅ ਕੇ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਭਟਕਾਇਆ ਜਾ ਸਕੇ। ਸੋਸ਼ਲ ਮੀਡੀਆ 'ਤੇ ਸਰਗਰਮ ਬਹੁਤੇ ਲੋਕ ਵੀ ਇਨਾਂ ਭਰਮਾਂ ਨੂੰ ਹੀ ਵਧਾ ਚੜਾ ਕੇ ਅੱਗੇ ਫੈਲਾਅ ਰਹੇ ਹਨ।

ਅੱਜ ਅਜਿਹੇ ਚੈਨਲ ਦੇਸ਼ ਵਿਚ ਇੱਕ ਵਿਸ਼ੇਸ਼ ਫਿਰਕੇ ਖਿਲਾਫ ਦੂਜੇ ਫਿਰਕੇ ਦੇ ਲੋਕਾਂ ਨੂੰ ਜਿਸ ਤਰਾਂ ਉਕਸਾ ਅਤੇ ਭੜਕਾ ਰਹੇ ਹਨ, ਉਸ ਦੀ ਇਸ ਤੋਂ ਪਹਿਲਾਂ ਕੋਈ ਮਿਸਾਲ ਨਹੀਂ ਮਿਲਦੀ। ਸੋਸ਼ਲ ਮੀਡੀਆ 'ਤੇ ਫੈਲਾਈਆਂ ਜਾਂਦੀਆਂ ਇਨਾਂ ਵਿਵਾਦ ਵਾਲੀਆਂ ਟਿੱਪਣੀਆਂ ਨਾਲ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਨਮੋਸ਼ੀ ਦਾ ਸਾਹਮਣਾ ਕਰਨਾ ਪੈਂਦਾ ਹੈ। ਮੀਡੀਆ ਅਤੇ ਸੋਸ਼ਲ ਮੀਡੀਆ ਦੇ ਕੁਰਾਹੇ ਪੈਣ ਦੀ ਚਿੰਤਾ ਅੱਜ ਦੇਸ਼ ਦੇ ਹਰ ਵਰਗ, ਖਾਸਕਰ ਬੁੱਧੀਜੀਵੀ ਵਰਗ ਨੂੰ ਸਤਾ ਰਹੀ ਹੈ। ਇਸ ਦਾ ਅੰਦਾਜ਼ਾ ਚੀਫ ਜਸਟਿਸ ਐਨਵੀ ਰਮੰਨਾ ਦੁਆਰਾ ਪ੍ਰਗਟਾਏ ਵਿਚਾਰਾਂ ਤੋਂ ਭਲੀ-ਭਾਂਤ ਲਾਇਆ ਜਾ ਸਕਦਾ ਹੈ। ਉਨਾਂ ਝਾਰਖੰਡ ਵਿਚ ਇਕ ਪ੍ਰੋਗਰਾਮ ਵਿਚ ਮੀਡੀਆ ਟ੍ਰਾਇਲ ਬਾਰੇ ਸਵਾਲ ਚੁੱਕੇ ਹਨ। ਉਨਾਂ ਕਿਹਾ ਕਿ ਮੀਡੀਆ ਕੰਗਾਰੂ ਕੋਰਟ ਲਾ ਲੈਂਦਾ ਹੈ। ਨਿਆਂ ਦੇਣ ਨਾਲ ਜੁੜੇ ਮੁੱਦਿਆਂ 'ਤੇ ਗਲਤ ਸੂਚਨਾ ਅਤੇ ਏਜੰਡਾ ਚਲਾਉਣ ਵਾਲੀ ਬਹਿਸ ਲੋਕਤੰਤਰ ਲਈ ਹਾਨੀਕਾਰਕ ਸਾਬਤ ਹੋ ਰਹੀ ਹੈ। ਉਨਾਂ ਇਹ ਵੀ ਕਿਹਾ ਕਿ ਪ੍ਰਿੰਟ ਮੀਡੀਆ ਵਿਚ ਅਜੇ ਵੀ ਕੁਝ ਹੱਦ ਤੱਕ ਜਵਾਬਦੇਹੀ ਹੁੰਦੀ ਹੈ ਜਦਕਿ ਇਲੈਕਟ੍ਰੋਨਿਕ ਮੀਡੀਆ ਵਿਚ ਜਵਾਬਦੇਹੀ ਜ਼ੀਰੋ ਤੱਕ ਹੇਠਾਂ ਚਲੀ ਗਈ ਹੈ। ਜੱਜਾਂ 'ਤੇ ਹਮਲੇ ਵਧ ਰਹੇ ਹਨ। ਇਨਾਂ ਨੂੰ ਬਿਨਾ ਕਿਸੇ ਸੁਰੱਖਿਆ ਜਾਂ ਸੁਰੱਖਿਆ ਦੇ ਭਰੋਸੇ ਦੇ ਉਸੇ ਸਮਾਜ ਵਿਚ ਰਹਿਣਾ ਹੋਵੇਗਾ ਜਿਸ ਸਮਾਜ ਵਿਚ ਉਨਾਂ ਲੋਕਾਂ ਨੂੰ ਦੋਸ਼ੀ ਠਹਿਰਾਇਆ ਹੈ। ਉਨਾਂ ਇਹ ਗੱਲ ਵੀ ਚਿਤਾਰੀ ਕਿ ਪੁਲਿਸ ਅਫਸਰਾਂ ਅਤੇ ਸਿਆਸੀ ਨੇਤਾਵਾਂ ਨੂੰ ਤਾਂ ਰਿਟਾਇਰਮੈਂਟ ਤੋਂ ਬਾਅਦ ਵੀ ਸੁਰੱਖਿਆ ਦਿੱਤੀ ਜਾਂਦੀ ਹੈ ਪਰ ਜੱਜਾਂ ਨੂੰ ਨਹੀਂ। ਜੱਜਾਂ ਨੂੰ ਵੀ ਸੁਰੱਖਿਆ ਦਿੱਤੀ ਜਾਣੀ ਚਾਹੀਦੀ ਹੈ। ਉਨਾਂ ਦੱਸਿਆ ਕਿ ਉਹ ਖ਼ੁਦ ਸਿਆਸਤ ਵਿਚ ਜਾਣਾ ਚਾਹੁੰਦੇ ਸਨ ਪਰ ਹਾਲਾਤ ਹੋਰ ਪਾਸੇ ਲੈ ਗਏ। ਉਨਾਂ ਕਿਹਾ ਕਿ ਜੱਜ ਸਮਾਜਿਕ ਸਚਾਈਆਂ ਤੋਂ ਅੱਖਾਂ ਨਹੀਂ ਬੰਦ ਕਰ ਸਕਦੇ। ਜੱਜਾਂ ਨੂੰ ਸਮਾਜ ਨੂੰ ਬਚਾਉਣ ਅਤੇ ਸੰਘਰਸ਼ਾਂ ਨੂੰ ਟਾਲਣ ਲਈ ਜ਼ਿਆਦਾ ਦਬਾਅ ਵਾਲੇ ਮਾਮਲਿਆਂ ਨੂੰ ਪਹਿਲ ਦੇਣੀ ਪਵੇਗੀ।ਚੀਫ ਜਸਟਿਸ ਰਮੰਨਾ ਦੇ ਇਨਾਂ ਵਿਚਾਰਾਂ ਨੂੰ ਪੜਦਿਆਂ ਸੁਣਦਿਆਂ ਪ੍ਰਸਿੱਧ ਸ਼ਾਇਰ ਸਾਹਿਰ ਲੁਧਿਆਣਵੀ ਦਾ ਇਹ ਸ਼ੇਅਰ ਯਾਦ ਆ ਗਿਆ :

ਦੁਨੀਆ ਨੇ ਤਜਰਬਾਤ-ਓ-ਹਵਾਦਿਸ ਕੀ ਸ਼ਕਲ ਮੇਂ,
ਜੋ ਕੁਛ ਮੁਝੇ ਦੀਆ ਵੁਹ ਲੌਟਾ ਰਹਾ ਹੂੰ ਮੈਂ।

ਮੁਹੰਮਦ ਅੱਬਾਸ ਧਾਲੀਵਾਲ

ਜੇ ਪੰਜਾਬ ਨੂੰ ਦੀਵਾਲੀਆ ਹੋਣੋਂ ਬਚਾਉਣਾ ਹੈ ਤਾਂ ਕੇਂਦਰ ਸਰਕਾਰ/ਰਿਜ਼ਰਵ ਬੈਂਕ ਤੁਰੰਤ ਦਖਲ ਦੇਣ :

1) ਪੰਜਾਬ ਸਰਕਾਰ ਉਪਰ ਨਵੇਂ ਕਰਜ਼ੇ ਚੁਕਣ ਅਤੇ ਕਰਜ਼ਾ ਜ਼ਾਮਨੀਆਂ ਦੇਣ ਉਪਰ ਸੰਪੂਰਨ ਪਾਬੰਦੀ ਲਗੇ ਅਤੇ ਇਸ ਨੂੰ ਉਪਲਬਧ ਆਮਦਨ ਅੰਦਰ ਗੁਜ਼ਾਰਾ ਕਰਨ ਲਈ ਮਜਬੂਰ ਕੀਤਾ ਜਾਵੇ।

2) ਖੇਤੀ ਟਿਊਬਵੈਲਾਂ ਸਮੇਤ ਹਰ ਵਰਗ ਲਈ ਮੁਫਤ ਬਿਜਲੀ ਸਪਲਾਈ ਪੂਰੀ ਤਰ੍ਹਾਂ ਬੰਦ ਕੀਤੀ ਜਾਵੇ । ਹੋਣ ਵਾਲੀ ਬਚਤ ਦਾ ਇਕ ਹਿੱਸਾ ਗ਼ਰੀਬ ਵਰਗਾਂ ਲਈ ਪੈਨਸ਼ਨ ਸਹੂਲਤਾਂ ਵਧਾਉਣ ਉਪਰ ਖ਼ਰਚਿਆ ਜਾਵੇ।

3) ਪੰਜਾਬ ਸਰਕਾਰ ਨੂੰ ਮਜਬੂਰ ਕੀਤਾ ਜਾਵੇ ਕਿ ਉਹ ਟੌਪ ਹੈਵੀ ਰਾਜਪਰਬੰਧ, ਖਾਸ ਕਰ ਕੇ ਪੁਲਿਸ ਅਫਸਰਸ਼ਾਹੀ, ਵਿਚ ਭਾਰੀ ਕਾਂਟ ਛਾਂਟ ਕਰੇ ਅਤੇ ਮੁਲਾਜ਼ਮਾਂ ਲਈ ਨਵੇਂ ਤਨਖਾਹ/ਪੈਨਸ਼ਨ ਕਮਿਸ਼ਨ ਕੁਝ ਸਾਲਾਂ ਲਈ ਮੁਲਤਵੀ ਕੀਤੇ ਜਾਣ।

4) ਉੱਘੇ ਵਿਅਕਤੀਆਂ ਨੂੰ ਮਿਲਦੀ ਸੁਰਖਿਆ ਉਪਰ ਹੁੰਦਾ ਘੱਟੋ-ਘੱਟ ਅੱਧਾ ਖਰਚਾ ਸਬੰਧਤਾਂ ਤੋਂ ਉਗਰਾਹਿਆ ਜਾਵੇ ਜਾਂ ਉਨਾਂ ਨੂੰ ਸਿਰਫ ਘਰ ਰਹਿਣ ਤਕ ਦੀ ਸੁਰਖਿਆ ਮੁਫਤ ਵਿਚ ਮਿਲੇ ।

5) ਪ੍ਰਚਾਰ ਦੇ ਇਸ਼ਤਹਾਰਾਂ ਸਮੇਤ ਸਭ ਵੰਨਗੀਆਂ ਦੇ ਫ਼ਜ਼ੂਲ ਖਰਚੇ ਕਾਨੂੰਨੀ ਤੌਰ 'ਤੇ ਬੰਦ ਕਰਵਾਏ ਜਾਣ।

ਇਹ ਕਾਰਵਾਈਆਂ ਸਟੇਟ ਨੂੰ ਦਰਪੇਸ਼ ਵਿਸ਼ੇਸ਼ ਆਫਤ ਨੂੰ ਟਾਲਣ ਲਈ ਇਕੋ ਵੇਲੇ ਐਮਰਜੈਂਸੀ ਵਾਲੀਆਂ ਸਮਝੀਆਂ ਜਾਣ ਅਤੇ ਇਨਾਂ ਨੂੰ ਸਟੇਟ ਦੀਆਂ ਤਾਕਤਾਂ ਕੁਤਰਨ ਦੀ ਅਧਿਕਾਰਤ ਮਿਸਾਲ ਨਾ ਸਮਝਿਆ ਜਾਵੇ ।

**ਸੁਖਦੇਵ ਸਿੰਘ**

### ਸਿਹਤ ਮੰਤਰੀ ਜੀ ਜੇ ਬਣਾ ਸਕਦੇ ਹੋ ਤਾਂ ਕਿਊਬਾ ਵਰਗਾ ਸਿਹਤ ਪ੍ਰਬੰਧ ਬਣਾਓ

ਜੋ ਕਿਊਬਾ ਵਾਂਗ 'ਮੁਹੱਲਾ ਕਲੀਨਿਕ' ਬਣਾਉਣੇ ਹੋਣ ਤਾਂ ਪੰਜਾਬ ਵਿੱਚ ਸਿਰਫ 100 ਨਹੀਂ, ਘੱਟੋ-ਘੱਟ 40 ਹਜ਼ਾਰ 'ਮੁਹੱਲਾ ਕਲੀਨਿਕ' ਬਣਾਉਣੇ ਪੈਣਗੇ।

1983 ਵਿਚ, ਗ਼ਰੀਬ ਦੇਸ਼ ਕਿਊਬਾ ਵਿੱਚ, 'ਪਰਿਵਾਰਕ ਦਵਾਈ ਦਫ਼ਤਰ' ਬਣਾਏ ਗਏ, ਜਿੱਥੇ ਇੱਕ 'ਫੈਮਲੀ ਡਾਕਟਰ ਅਤੇ ਨਰਸ ਟੀਮ' ਨੂੰ ਤਾਇਨਾਤ ਕੀਤਾ ਗਿਆ। ਇਨਾਂ ਦੋ ਮੰਜ਼ਲਾ ਬਿਲਡਿੰਗਾਂ ਦੀ ਪਹਿਲੀ ਮੰਜ਼ਿਲ ਵਿੱਚ ਮੈਡੀਕਲ ਸਹੂਲਤ ਲਈ ਇੱਕ ਵੇਟਿੰਗ ਰੂਮ, ਛੋਟਾ ਦਫ਼ਤਰ, ਜਾਂਚ ਕਰਨ ਵਾਲਾ ਕਮਰਾ ਅਤੇ ਸਟੋਰ ਹੁੰਦਾ ਹੈ। ਦੂਸਰੀ ਮੰਜ਼ਲ 'ਤੇ ਡਾਕਟਰ ਜਾਂ ਨਰਸ ਆਪਣੇ ਪਰਿਵਾਰ ਸਮੇਤ, ਲੋਕਾਂ ਲਈ 24 ਘੰਟੇ ਉਪਲਬਧ ਰਹਿਣ ਲਈ ਰਹਿੰਦੇ ਹਨ। ਦੋਵਾਂ ਵਿੱਚੋਂ ਜਿਹੜਾ ਉਸ ਦਫ਼ਤਰ ਤੋਂ ਬਾਹਰ ਰਹਿੰਦਾ, ਉਸ ਨੂੰ ਵੀ ਆਪਣੇ ਮਰੀਜ਼ਾਂ ਦੇ ਗੁਆਂਢ ਵਿੱਚ ਰਹਿਣ ਲਈ ਪਾਬੰਦ ਕੀਤਾ ਗਿਆ। ਅਸਲ ਵਿੱਚ ਹਰੇਕ ਟੀਮ ਦੀ, ਆਪਣੇ 'ਗੋਦ ਲਏ' ਖੇਤਰ ਵਿੱਚ, ਸਵਾ-ਸੌ ਤੋਂ ਡੇਢ ਸੌ ਪਰਿਵਾਰਾਂ ਦੀ ਸਿਹਤ ਸਥਿਤੀ ਵਿੱਚ ਸੁਧਾਰ ਕਰਨ ਅਤੇ ਸੁਧਾਰ ਨੂੰ ਕਾਇਮ ਰੱਖਣ ਲਈ ਜ਼ਿੰਮੇਵਾਰੀ ਤੈਅ ਕੀਤੀ ਗਈ। ਉਸ ਟੀਮ ਨੂੰ ਆਮ ਤੌਰ 'ਤੇ ਸਵੇਰ ਦਾ ਸਮਾਂ ਦਫ਼ਤਰ ਲਈ ਅਤੇ ਦੁਪਹਿਰ ਨੂੰ ਲੋਕਾਂ ਦੀਆਂ ਕਾਲਾਂ ਲਈ ਰੱਖਣ ਲਈ ਕਿਹਾ ਗਿਆ।

ਪੇਂਡੂ ਖੇਤਰਾਂ ਵਿੱਚ, 'ਪਰਿਵਾਰਕ ਦਵਾਈ ਦਫ਼ਤਰ' ਅਜਿਹੇ ਥਾਂ ਬਣਾਏ ਗਏ ਕਿ ਸਬੰਧਤ ਖੇਤਰ ਦੇ ਲੋਕਾਂ ਨੂੰ ਉੱਥੇ ਜਾਣ ਲਈ ਲੰਮੀ ਦੂਰੀ ਤੱਕ ਦੀ ਯਾਤਰਾ ਦੀ ਜ਼ਰੂਰਤ ਨਾ ਪਵੇ। ਅਜਿਹੀਆਂ 'ਫੈਮਲੀ ਡਾਕਟਰ ਅਤੇ ਨਰਸ' ਟੀਮਾਂ ਵੱਡੀਆਂ ਫੈਕਟਰੀਆਂ ਵਿੱਚ, ਸਕੂਲਾਂ ਵਿੱਚ, ਸਮੁੰਦਰੀ ਜਹਾਜ਼ਾਂ ਦੇ ਬੋਰਡਾਂ ਵਿੱਚ, ਬੱਚਾ-ਦੇਖਭਾਲ ਕੇਂਦਰਾਂ ਅਤੇ ਬਜ਼ੁਰਗ ਨਾਗਰਿਕਾਂ ਲਈ ਘਰਾਂ ਅਤੇ ਹੋਰ ਲੋੜੀਂਦੀਆਂ ਥਾਂਵਾਂ ਆਦਿ ਵਿੱਚ ਪਰਿਵਾਰ ਸਮੇਤ ਰਹਿੰਦੀਆਂ ਹਨ।

ਫੈਮਲੀ ਡਾਕਟਰਾਂ ਅਤੇ ਨਰਸਾਂ ਨੂੰ ਉਨਾਂ ਦੇ ਗ੍ਰਹਿਣ (ਗੋਦ ਲਏ) ਖੇਤਰ ਵਿੱਚ ਹਰੇਕ ਪਰਿਵਾਰ ਦੇ ਘਰ ਸਾਲ ਵਿੱਚ ਇੱਕ ਵਾਰ ਘਰੇਲੂ ਮੁਲਾਕਾਤ ਕਰਨ ਲਈ ਜਾਣਾ ਹੁੰਦਾ ਹੈ ਅਤੇ ਗੰਭੀਰ ਬਿਮਾਰੀਆਂ ਵਾਲੇ ਮਰੀਜ਼ਾਂ ਨੂੰ ਹਰ 3 ਮਹੀਨਿਆਂ ਵਿੱਚ ਘੱਟੋ ਘੱਟ ਇੱਕ ਵਾਰ ਘਰ ਜਾ ਕੇ ਮਿਲਿਆ/ਦੇਖਿਆ ਜਾਂਦਾ ਹੈ। ਕਿਸੇ ਵੀ ਮਰੀਜ਼ ਸਬੰਧੀ ਜਿਵੇਂ ਹੀ ਕੋਈ ਨਵੀਂ ਜਾਣਕਾਰੀ ਪ੍ਰਾਪਤ ਹੁੰਦੀ ਹੈ ਤਾਂ ਉਸ ਮਰੀਜ਼ ਦੇ ਮੈਡੀਕਲ ਇਤਿਹਾਸ ਨੂੰ ਅਪਡੇਟ ਕੀਤਾ ਜਾਂਦਾ ਹੈ। ਬਿਮਾਰੀਆਂ, ਕਿਸੇ ਬਿਮਾਰੀ ਦੇ ਖ਼ਤਰਿਆਂ ਦੇ ਕਾਰਕਾਂ ਅਤੇ ਵਾਤਾਵਰਣ ਦੇ ਸਿਹਤ 'ਤੇ ਪ੍ਰਭਾਵਾਂ ਦੇ ਵਿਸ਼ਲੇਸ਼ਣ ਨੂੰ ਹਰ ਸਾਲ ਦੋ ਵਾਰ ਅਪਡੇਟ ਕੀਤਾ ਜਾਂਦਾ ਹੈ, ਇਸ ਦੀਆਂ ਲੋੜਤਾਂ ਸਿਹਤ ਦੀ ਤਰੱਕੀ, ਬਿਮਾਰੀ ਦੀ ਰੋਕਥਾਮ, ਡਾਇਗਨੋਸਿਸ, ਇਲਾਜ ਅਤੇ ਮੁੜ ਵਸੇਬੇ ਦੀਆਂ ਸਰਗਰਮੀਆਂ ਲਈ ਸਥਾਨਕ ਤਰਜੀਹਾਂ ਨਿਰਧਾਰਿਤ ਕਰਨ ਲਈ ਵਰਤੀਆਂ ਜਾਂਦੀਆਂ ਹਨ। ਵਿਸ਼ਲੇਸ਼ਣ ਵਿਚ ਸ਼ਾਮਲ ਜ਼ਿਆਦਾਤਰ ਜਾਣਕਾਰੀ ਟੀਮ ਵੱਲੋਂ ਹੱਥ ਨਾਲ ਲਿਖੇ ਮਰੀਜ਼ ਦੇ ਰਿਕਾਰਡਾਂ ਵਿਚੋਂ ਇਕੱਠੀ ਕੀਤੀ ਜਾਂਦੀ ਹੈ।

**ਸਾਹਿਬ ਸਿੰਘ ਬਡਹਰ**

### ਪੰਜਾਬ ਵਿਚ ਵਿਦੇਸ਼ ਜਾਣ ਦਾ ਰੁਝਾਨ

ਪੰਜਾਬ ਦੇ ਨੌਜਵਾਨਾਂ ਨੂੰ ਆਪਣਾ ਭਵਿੱਖ ਨਜ਼ਰ ਨਹੀਂ ਆ ਰਿਹਾ, ਉਹ ਵਿਕਸਿਤ ਦੇਸ਼ ਜਿਵੇਂ ਕੈਨੇਡਾ, ਅਮਰੀਕਾ, ਇੰਗਲੈਂਡ ਤੇ ਯੂਰਪ ਵੱਲ ਨੂੰ ਜਾ ਰਹੇ ਹਨ। ਸਰਕਾਰਾਂ ਦੇ ਕੀਤੇ ਵਾਅਦੇ ਖੋਖਲੇ ਸਾਬਿਤ ਹੋ ਚੁੱਕੇ ਹਨ। ਦੇਸ਼ ਭਰ 'ਚ ਸਰਕਾਰੀ ਨੌਕਰੀਆਂ ਦੀ ਨਿਯੁਕਤੀ ਕੁਝ ਕੁ ਫੀਸਦੀ ਹੁੰਦੀ ਹੈ ਤੇ ਬਹੁਤ ਸਾਰੇ ਵਿਭਾਗਾਂ ਵਿਚ ਮੁਲਾਜ਼ਮਾਂ ਦੀ ਘਾਟ ਹੋਣ ਦੇ ਬਾਵਜੂਦ ਨਿਯੁਕਤੀਆਂ ਨਹੀਂ ਕੀਤੀਆਂ ਜਾਂਦੀਆਂ। ਹਰ ਨੌਜਵਾਨ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਸਰਕਾਰ ਵੱਲੋਂ ਕੋਈ ਰੁਜ਼ਗਾਰ ਜਾਂ ਸਰਕਾਰੀ ਨੌਕਰੀ ਦੀ ਮੰਗ ਕਰਦਾ ਹੈ ਪਰ ਰੁਜ਼ਗਾਰ ਦੇ ਸਾਧਨਾਂ ਦੀ ਬਹੁਤ ਜ਼ਿਆਦਾ ਕਮੀ ਹੈ ਤੇ ਬਹੁਤੇ ਪੜੇ-ਲਿਖੇ ਨੌਜਵਾਨ ਗਲਤ ਰਸਤੇ ਪੈ ਕੇ ਨਸ਼ਿਆਂ ਦੀ ਭੈੜੀ ਦਲਦਲ ਵਿਚ ਫਸ ਚੁੱਕੇ ਹਨ। ਕੋਈ ਸਮਾਂ ਹੁੰਦਾ ਸੀ ਜਦੋਂ ਬਹੁਤ ਘੱਟ ਲੋਕ ਵਿਦੇਸ਼ਾਂ ਵਿਚ ਜਾਂਦੇ ਸਨ ।

ਹੁਣ ਸਕੂਲਾਂ- ਕਾਲਜਾਂ ਨਾਲੋਂ ਆਈਲੈਟਸ ਸੈਂਟਰ ਜ਼ਿਆਦਾ ਖੁੱਲ ਚੁੱਕੇ ਹਨ। ਸਕੂਲ ਦੀ ਪੜਾਈ ਖ਼ਤਮ ਹੁੰਦਿਆਂ ਹੀ ਆਈਲੈਟਸ ਕਰਵਾ ਕੇ ਬੱਚਿਆਂ ਨੂੰ ਵਿਦੇਸ਼ ਭੇਜ ਦਿੱਤਾ ਜਾਂਦਾ ਹੈ, ਜਿਨਾਂ ਦੀ ਅਜੇ ਉਮਰ ਖੇਡਣ ਦੀ ਹੁੰਦੀ ਹੈ ਪਰ ਵਿਦੇਸ਼ ਜਾ ਕੇ ਉਨਾਂ ਨੂੰ ਪੜਾਈ ਦੇ ਨਾਲ- ਨਾਲ ਕੰਮ ਕਰਨਾ ਤੇ ਆਪਣੀਆਂ ਫੀਸਾਂ ਦਾ ਵੀ ਉਨਾਂ ਨੂੰ ਆਪ ਹੀ ਦੇਖਣਾ ਪੈਂਦਾ ਹੈ। ਕੀ ਸਕੂਲ ਦੀ ਪੜਾਈ ਤੋਂ ਬਾਅਦ ਵਿਆਹ ਕਰ ਕੇ ਬਾਹਰ ਭੇਜਣਾ ਸਹੀ ਹੈ ?ਅਜੇ ਵਿਆਹ ਵਾਲੀ ਬੱਚਿਆਂ ਦੀ ਉਮਰ ਨਹੀ ਹੁੰਦੀ ਤੇ ਭਵਿੱਖ ਬਣਾਉਣ ਦੀ ਚਿੰਤਾ ਬੱਚਿਆਂ 'ਚ ਘਰ ਕਰ ਜਾਂਦੀ ਹੈ ਤੇ ਇਨਾਂ ਕਾਰਨਾਂ ਕਰਕੇ ਉਹ ਆਪਣੇ ਸਹੀ ਫ਼ੈਸਲੇ ਨਹੀਂ ਕਰ ਪਾਉਂਦੇ ਤੇ ਰਸਤੇ ਤੋਂ ਭਟਕ ਜਾਂਦੇ ਹਨ।

ਇੱਥੇ ਮਾਪਿਆਂ ਨੂੰ ਸੋਚ ਵਿਚਾਰ ਕਰਨਾ ਚਾਹੀਦਾ ਹੈ ਤੇ ਵਿਆਹ ਵਾਲੇ ਵਪਾਰ ਨਾਲੋਂ ਬੱਚੇ ਨੂੰ ਮਾਨਸਿਕ ਰੂਪ ਵਿਚ ਆਜ਼ਾਦੀ ਹੋਣੀ ਚਾਹੀਦੀ ਤਾਂ ਜੋ ਸਹੀ ਸਮੇਂ ਉਹ ਆਪਣੇ ਸਹੀ ਫ਼ੈਸਲੇ ਲੈ ਸਕਣ। ਪੰਜਾਬ ਤੋਂ ਬਹੁਤ ਜ਼ਿਆਦਾ ਮੁੰਡੇ-ਕੁੜੀਆਂ ਬਾਹਰ ਵੱਲ ਜਾ ਰਹੇ ਹਨ। ਹੁਸ਼ਿਆਰ ਵਿਦਿਆਰਥੀਆਂ ਦਾ ਵਿਦੇਸ਼ਾਂ 'ਚ ਜਾ ਵਸਣਾ ਪੰਜਾਬ ਲਈ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਪੰਜਾਬ ਨੂੰ ਅੱਜ ਲੋੜ ਹੈ ਪੰਜਾਬ 'ਚ ਪੜੇ- ਲਿਖੇ ਨੌਜਵਾਨਾਂ ਦੀ ਜੋ ਆਪਣੇ ਖੇਤਰ 'ਚ ਹੋਰਾਂ ਬੱਚਿਆਂ ਦਾ ਮਾਰਗ ਦਰਸ਼ਨ ਕਰ ਸਕਣ। ਪੰਜਾਬ ਨੂੰ ਅੱਗੇ ਲੈ ਕੇ ਜਾਣ ਵਾਸਤੇ ਨੌਜਵਾਨੀ ਦੀ ਬਹੁਤ ਲੋੜ ਹੈ ਪਰ ਜੇ ਪੰਜਾਬ 'ਚੋਂ ਨੌਜਵਾਨ ਇਸੇ ਤਰਾਂ ਬਾਹਰ ਵੱਲ ਨੂੰ ਲਗਾਤਾਰ ਰੁਖ ਕਰਦੇ ਰਹਿਣਗੇ ਤਾਂ ਪੰਜਾਬ ਦੀ ਹਾਲਤ ਬਹੁਤ ਤਰਸਯੋਗ ਹੋ ਜਾਵੇਗੀ। ਵਰਤਮਾਨ ਸਮੇਂ 'ਚ ਅਣਗਿਣਤ ਅਜਿਹੇ ਕੇਸ ਦਰਜ ਹੁੰਦੇ ਹਨ, ਜਿਨਾਂ 'ਚ ਕਈ ਮੁੰਡੇ-ਕੁੜੀਆਂ ਨੂੰ ਬਾਹਰ ਲਿਜਾਣ ਦੇ ਨਾਂ 'ਤੇ ਲੱਖਾਂ ਰੁਪਏ ਦੀਆਂ ਠੱਗੀਆਂ ਮਾਰ ਕੇ ਏਜੰਟ ਰਫੂ ਚੱਕਰ ਹੋ ਚੁੱਕੇ ਹਨ। ਸੋ ਪੰਜਾਬ 'ਚੋਂ ਬਹੁਗਿਣਤੀ ਨੌਜਵਾਨ ਵਰਗ ਦਾ ਵਿਦੇਸ਼ਾਂ ਵੱਲ ਜਾਣਾ ਚਿੰਤਾ ਦਾ ਵਿਸ਼ਾ ਹੈ।

**ਰਵਨਜੋਤ ਕੌਰ ਸਿੱਧੂ 'ਰਾਵੀ'**

---

# ਮੰਦੇ ਬੋਲ ਨਾ ਬੋਲੀਏ

**ਸੰਜੀਵ ਸਿੰਘ ਸੈਣੀ, ਮੋਹਾਲੀ**

" ਉੱਚਾ ਬੋਲ ਨਾ ਬੋਲੀਏ, ਕਰਤਾਰੋਂ ਡਰੀਏ ।ਜ਼ੁਬਾਨ ਸਾਡੀ ਅਨਮੋਲ ਤੋਹਫ਼ਾ ਹੈ, ਜਿਸ ਰਾਹੀਂ ਅਸੀਂ ਆਪਣੇ ਵਿਚਾਰ ਦੂਜਿਆਂ ਸਾਹਮਣੇ ਰੱਖਦੇ ਹਨ । ਬਿਨਾਂ ਸੋਚੇ ਸਮਝੇ ਕਈ ਵਾਰ ਅਸੀਂ ਇੰਨਾ ਮਾੜਾ ਬੋਲ ਦਿੰਦੇ ਹਨ ਕਿ ਸਾਡੇ ਮਹੱਤਵਪੂਰਨ ਰਿਸ਼ਤੇ ਟੁੱਟਣ ਦੀ ਕਗਾਰ ਤੇ ਆ ਜਾਂਦੇ ਹਨ। ਅਸੀਂ ਸਾਰੇ ਇਹ ਸਮਾਜ ਵਿਚ ਵਿਚਰਦੇ ਹਾਂ। ਸਾਨੂੰ ਕੁੱਝ ਵੀ ਬੋਲਣ ਤੋਂ ਪਹਿਲਾਂ ਉਸ ਉੱਤੇ ਵਿਚਾਰ ਕਰ ਲੈਣਾ ਚਾਹੀਦਾ ਹੈ ਕਿ ਜਿੱਥੇ ਮੈਂ ਬੋਲਣਾ ਹੈ, ਕਿ ਇਸ ਨਾਲ ਕਿਸੇ ਨੂੰ ਨੁਕਸਾਨ ਤਾਂ ਨਹੀਂ ਹੋਵੇਗਾ। ਜਿਹੜੇ ਸ਼ਬਦਾਂ ਦੀ ਮੈਂ ਵਰਤੋਂ ਕਰਨੀ ਹੈ ਕਿ ਉਹ ਜਾਇਜ਼ ਹਨ। ਕਹਿਣ ਦਾ ਮਤਲਬ ਹੈ ਕਿ ਥੋੜਾ ਬੋਲੋ ਪਰ ਸੋਚ ਸਮਝ ਕੇ ਬੋਲੋ। ਇਹ ਨਾ ਹੋਵੇ ਕਿ ਉਲਟਾ ਉੱਥੇ ਸਾਨੂੰ ਦੂਜਿਆਂ ਦੇ ਸਾਹਮਣੇ ਕੋਈ ਜਲੀਲ ਕਰੇ। ਕੀ ਤੂੰ ਇਹ ਬਹੁਤ ਹੀ ਮੰਦੇ ਸ਼ਬਦ ਬੋਲੇ ਹਨ। ਬੋਲਣ ਤੋਂ ਪਹਿਲਾਂ ਸੋਚ ਸਮਝ ਕੇ ਹੀ ਫ਼ੈਸਲਾ ਲੈ ਲੈਣਾ ਚਾਹੀਦਾ ਹੈ ਕਿ ਅਸੀਂ ਕੀ ਬੋਲਣਾ ਹੈ। ਤੇ ਉਨਾਂ ਸ਼ਬਦਾਂ ਦੀ ਇੱਥੇ ਕੀ ਮਹੱਤਤਾ ਹੈ ? ਇੱਕ ਕਹਾਵਤ ਵੀ ਹੈ "ਬੋਲਿਆਂ ਨੇ ਬੋਲ ਵਿਗਾੜੇ, ਮਿੰਨਿਆਂ ਨੇ ਘਰ ਉਜਾੜੇ" । ਅਸੀਂ ਇੰਨਾ ਬੇਤੁਕਾ ਬੋਲ ਦਿੰਦੇ ਹਨ ਕਿ ਸਾਰੀ ਉਮਰ ਦੇ ਸਬੰਧ ਟੁੱਟ ਜਾਂਦੇ ਹਨ। ਜਿੰਨਾਂ ਕਰਕੇ ਦੂਸਰੇ ਨੂੰ ਨੁਕਸਾਨ ਹੁੰਦਾ ਹੈ। ਕਈ ਵਾਰ ਤਾਂ ਇੰਨੀ ਕਾਹਲੀ ਚ ਅਸੀਂ ਇਹ ਨਹੀਂ ਸੋਚਦੇ ਕਿ ਕੀ ਬੋਲਣਾ ?ਜਦੋਂ ਰਿਸ਼ਤਾ ਟੁੱਟ ਜਾਂਦਾ ਹੈ ਤਾਂ ਪਛਤਾਵਾ ਹੁੰਦਾ ਹੈ ।ਸਾਨੂੰ ਕ੍ਰੋਧ ਵਿੱਚ ਸਹਿਣਸ਼ੀਲ ਹੋਣਾ ਚਾਹੀਦਾ ਹੈ। ਜੇ ਸਬਰ ਨਹੀਂ ਤਾਂ ਪਰਮਾਤਮਾ ਅੱਗੇ ਅਰਦਾਸ ਕਰੋ ਕਿ ਮੇਰੇ ਅੰਦਰ ਸਹਿਣਸ਼ੀਲਤਾ ਵਾਲੇ ਗੁਣ ਹੋਣ। ਜਾਂ ਜਦੋਂ ਅਸੀਂ ਸੋਚ ਸਮਝ ਕੇ ਬੋਲਦੇ ਹਨ ਤਾਂ , ਸੁਣਨ ਵਾਲਾ ਬਹੁਤ ਹੀ ਧਿਆਨ ਨਾਲ ਸੁਣਦਾ ਹੈ । ਸਿਆਣੇ ਅਕਸਰ ਕਹਿੰਦੇ ਹਨ ਕਿ "ਸੌ ਵਾਰ ਸੋਚ ਕੇ ਬੋਲੋ ਜਾਂ ਪਹਿਲਾਂ ਤੋਲੋ ਫਿਰ ਵੱਲੋ"।

ਅਸੀਂ ਸਾਰੇ ਹੀ ਸੰਸਾਰ ਵਿਚ ਵਿਚਰਦੇ ਹਾਂ। ਕਈ ਵਾਰ ਸਾਡੇ ਕੰਮਕਾਜ ਸਾਂਝੇ ਵੀ ਹੁੰਦੇ ਹਨ। ਆਪਸੀ ਸਾਂਝ ,ਵਿੱਚ ਕਈ ਵਾਰ ਆਪਸ ਵਿੱਚ ਮਨ-ਮੁਟਾਵ ਹੋ ਜਾਂਦਾ ਹੈ। ਕਈ ਵਾਰ ਸਾਡਾ ਆਪਸ ਵਿੱਚ ਕੋਈ ਮਾਮੂਲੀ ਝਗੜਾ ਹੋ ਜਾਂਦਾ ਹੈ। ਇੱਥੋਂ ਤੱਕ ਕਿ ਕਈ ਵਾਰ ਕਹੀ ਹੋਈ ਗੱਲ ਪੰਚਾਇਤਾਂ ਤੱਕ ਪੁੱਜ ਜਾਂਦੀ ਹੈ। ਫਿਰ ਕਈ ਪੰਚਾਇਤਾਂ ਜਾਂ ਸ਼ਹਿਰ ਵਿਚ ਮਿਉਂਸਿਪਲ ਕੌਂਸਲਰ ਦੋਵੇਂ ਧਿਰਾਂ ਦਾ ਸਮਝੌਤਾ ਕਰਵਾਉਂਦੇ ਹਨ। ਕਈ ਵਾਰ ਤਾਂ ਇਹ ਵੀ ਹੁੰਦਾ ਹੈ ਕਿ ਮਾਫ਼ੀ ਤੱਕ ਮੰਗਣੀ ਪੈ ਜਾਂਦੀ ਹੈ।ਫਿਰ ਅਸੀਂ ਉਸ ਬੰਦੇ ਨੂੰ ਪਤਾ ਨਹੀਂ ਕੀ-ਕੀ ਬੋਲ ਦਿੰਦੇ ਹਾਂ। ਉਸ ਸਮੇਂ ਤਾਂ ਸਾਨੂੰ ਇਹ ਹੁੰਦਾ ਹੈ ਕਿ ਅਸੀਂ ਸਾਰੀ ਜ਼ਿੰਦਗੀ ਦਾ ਸਬੰਧ ਇਸ ਨਾਲ ਖ਼ਤਮ ਕਰ ਦੇਣਾ ਹੈ। ਬਹੁਤ ਗੰਦੇ ਸ਼ਬਦਾਂ ਦੀ ਵਰਤੋਂ ਕਰਦੇ ਹਾਂ। ਇੱਥੋਂ ਤੱਕ ਕਿ ਗਾਲ੍ਹੀ ਗਲੋਚ, ਮਾਰ-ਕੁਟਾਈ ਤੱਕ ਵੀ ਪੁੱਜ ਜਾਂਦੇ ਹਾਂ। ਜਦੋਂ ਫਿਰ ਅਸੀਂ ਠੰਢੇ ਹੋ ਜਾਂਦੇ ਹਾਂ ਤਾਂ ਅਸੀਂ ਸੋਚਦੇ ਹਾਂ ਕਿ ਮੈਂ ਉਸ ਫਲਾਣੇ ਬੰਦੇ ਨੂੰ ਬਹੁਤ ਗਲਤ ਬੋਲਿਆ। ਜਦੋਂ ਕੋਈ ਵੀ ਤਕਰਾਰ ਹੋ ਜਾਂਦਾ ਹੈ ਤਾਂ ਵਧੀਆ ਰਹਿੰਦਾ ਹੈ ਕਿ ਤੁਸੀਂ ਉਸ ਜਗਾ ਤੋਂ ਦੂਰ ਚਲੇ ਜਾਓ। ਆਪਣੇ ਆਪ ਨੂੰ ਬੀਜੀ ਰੱਖੋ। ਸਹਿਣ-ਸ਼ੀਲ ਰਹੋ। ਪਾਣੀ ਪੀਓ। ਕਿਉਂਕਿ ਅਸੀਂ ਇਸ ਸੰਸਾਰ ਵਿੱਚ ਬਾਰ ਬਾਰ ਨਹੀਂ ਆਉਣਾ ਹੈ। ਅਕਸਰ ਕਿਹਾ ਵੀ ਜਾਂਦਾ ਹੈ ਕਿ ਤਲਵਾਰ ਦਾ ਜਖ਼ਮ ਭਰ ਜਾਂਦਾ ਹੈ ,ਪਰ ਜੀਭ ਦਾ ਬੋਲਿਆ ਹੋਇਆ ਬੋਲ ਕਦੇ ਵੀ ਨਹੀਂ ਭਰਦਾ।

ਕਈ ਵਾਰ ਅਸੀਂ ਦੇਖਦੇ ਹਨ ਕਿ ਜੋ ਵਿਅਕਤੀ ਜ਼ਿਆਦਾ ਬੋਲਦਾ ਹੈ ਘਰ ਵਿੱਚ ਅਕਸਰ ਉਹ ਲੜਾਈ ਝਗੜਾ ਵੀ ਕਰਦਾ ਹੈ। ਕਲੇਸ਼ ਵਰਗਾ ਮਾਹੌਲ ਘਰ ਵਿੱਚ ਪੈਦਾ ਹੁੰਦਾ ਹੈ ।ਅਜਿਹੇ ਇਨਸਾਨ ਦੇ ਤਾਂ ਕੋਈ ਕੋਲ ਵੀ ਨਹੀਂ ਖੜਦਾ । ਕਈ ਲੋਕ ਦੇਖਣ ਨੂੰ ਬਹੁਤ ਵਧੀਆ ਹੁੰਦੇ ਹਨ ਤੇ ਪਹਿਰਾਵਾ ਵੀ ਬਹੁਤ ਆਕਰਸ਼ਕ ਹੁੰਦਾ ਹੈ ।ਪਰ ਜ਼ੁਬਾਨ ਇੰਨੀ ਕੜਵੀ ਹੁੰਦੀ ਹੈ ਕਿ ਗੱਲ ਕਰਨ ਨੂੰ ਦਿਲ ਨਹੀਂ ਕਰਦਾ । ਜੋ ਜ਼ਿਆਦਾ ਬੋਲਦਾ ਹੈ ਅਕਸਰ ਉਹ ਪੁਆੜੇ ਦੀ ਜੜ ਵੀ ਬਣ ਜਾਂਦਾ ਹੈ। ਕਈ ਵਾਰ ਤਾਂ ਅਜਿਹਾ ਬੰਦਾ ਬਿਨਾਂ ਮੰਗੇ ਹੀ ਲੋਕਾਂ ਨੂੰ ਸਲਾਹ ਦੇਵੀਂ ਜਾਂਦਾ ਹੈ ਕਿ ਤੁਸੀਂ ਇਹ ਕਰ ਲਓ ਇਸ ਨਾਲ ਤੁਹਾਡਾ ਫ਼ਾਇਦਾ ਹੋਵੇਗਾ।ਕਿਸੇ ਨੇ ਸਹੀ ਕਿਹਾ ਹੈ ਇਹੀ ਜ਼ੁਬਾਨ ਅਰਸ਼ ਤੋਂ ਫ਼ਰਸ਼ ਅਤੇ ਫ਼ਰਸ਼ ਤੋਂ ਅਰਸ਼ ਤੱਕ ਲੈ ਜਾਂਦੀ ਹੈ ।ਕਈ ਲੋਕ ਤਾਂ ਬਿਲਕੁਲ ਹੀ ਘੱਟ ਬੋਲਦੇ ਹਨ ।ਅਜਿਹੇ ਲੋਕਾਂ ਦੀਆਂ ਅੱਖਾਂ ਹੀ ਬਹੁਤ ਕੁਝ ਕਹਿ ਜਾਂਦੀਆਂ ਹਨ ।ਅਜਿਹੇ ਲੋਕਾਂ ਤੋਂ ਸਾਨੂੰ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ। ਬੋਲੋ ਪਰ ਉੱਥੇ ਬੋਲੋ ! ਜਿੱਥੇ ਥੋੜੀ ਜ਼ਰੂਰਤ ਹੈ। ਕਈ ਲੋਕ ਜਦੋਂ ਜ਼ਰੂਰਤ ਵੀ ਨਹੀਂ ਹੁੰਦੀ। ਬੋਲਣਾ ਹੀ ਸ਼ੁਰੂ ਕਰ ਦਿੰਦੇ ਹਨ ਤੇ ਫਿਰ ਲੋਕ ਉਨਾਂ ਦੀ ਉਡੀਕ ਕਰਦੇ ਹਨ ਕਿ ਇਹ ਲੋਕ ਕਦੋਂ ਚੁੱਪ ਕਰਨਗੇ। ਅਜਿਹਾ ਬੰਦਾ ਜਿੱਥੇ ਬੈਠਿਆ ਹੋਵੇ ਲੋਕ ਉਸ ਕੋਲ ਬੈਠਣਾ ਵੀ ਪਸੰਦ ਨਹੀਂ ਕਰਦੇ।ਅਕਸਰ ਸਰਕਾਰੀ ਦਫ਼ਤਰਾਂ ਵਿੱਚ ਨਿੱਜੀ ਕੰਮਾਂ ਲਈ ਜਾਂਦੇ ਹਨ, ਉੱਥੇ ਅਫ਼ਸਰ ਬਹੁਤ ਘੱਟ ਬੋਲਦੇ ਹਨ। ਉਨਾਂ ਦੀ ਅੱਖਾਂ ਹੀ ਬਹੁਤ ਕੁਝ ਸਿਖਾ ਜਾਂਦੀਆਂ ਹਨ। ਉਹ ਦੂਜਿਆਂ ਨੂੰ ਜ਼ਿਆਦਾ ਧਿਆਨ ਨਾਲ ਸੁਣਦੇ ਹਨ । ਪ੍ਰਸ਼ਾਸਨਿਕ ਅਧਿਕਾਰੀਆਂ ਤੋਂ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ। ਉਹ ਬੋਲਦੇ ਬਹੁਤ ਘੱਟ ਹਨ ਤੇ ਉਨਾਂ ਦੀ ਅੱਖਾਂ ਬਹੁਤ ਕੁਝ ਬਿਆਨ ਕਰ ਦਿੰਦੀਆਂ ਹਨ। ਜੇ ਤੁਸੀਂ ਚਾਹੁੰਦੇ ਹੋ ਕਿ ਸਾਡੇ ਦੋਸਤ ,ਕਰੀਬੀ ਰਿਸ਼ਤੇਦਾਰ ਸਾਡੀ ਕਦਰ ਕਰਨ ਤਾਂ ਹਲੀਮੀ ਨਾਲ ਬੋਲੋ, ਤਾਂ ਹੀ ਜ਼ਿੰਦਗੀ ਨੂੰ ਖ਼ੁਸ਼ਹਾਲ ਤਰੀਕੇ ਨਾਲ ਜੀਅ ਸਕਦੇ ਹਨ ।

# ਗਿਨੀ ਬਸਾਓ ਦਾ ਹਰਫਨਮੌਲ਼ਾ ਨੇਤਾ ਐਮਿਲਕਰ ਕਬਰਾਲ



ਰਣਜੀਤ ਸਿੰਘ ਕੁਕੀ

ਐਮਿਲਕਰ ਕਬਰਾਲ, ਜਿਸ ਦਾ ਜਨਮ 12 ਸਤੰਬਰ 1924 ਨੂੰ ਹੋਇਆ, ਗਿਨੀ ਬਸਾਓ ਦਾ ਖੇਤੀ ਇੰਜਨੀਅਰ, ਅਫਰੀਕਨ, ਬੁੱਧੀਜੀਵੀ, ਕਵੀ, ਸਿਧਾਂਤਕਾਰ, ਕ੍ਰਾਂਤੀਕਾਰੀ, ਰਾਜਨੀਤਿਕ ਪ੍ਰਬੰਧਕ, ਰਾਸ਼ਟਰਵਾਦੀ ਅਤੇ ਰਾਜਦੂਤ ਸੀ। ਉਹ ਅਫਰੀਕਾ ਦੇ ਬਸਤੀਵਾਦੀ ਵਿਰੋਧੀ ਨੇਤਾਵਾਂ ਵਿਚੋਂ ਪ੍ਰਮੁੱਖ ਨੇਤਾ ਸੀ।ਏਬਲ ਜਾਸੀ ਦੇ ਨਾਂ ਨਾਲ ਵੀ ਜਾਣੇ ਜਾਂਦੇ ਕਬਰਾਲ ਨੇ ਗਿਨੀ ਬਸਾਓ ਅਤੇ ਕੇਪ ਵਰਦ ਟਾਪੂ ਵਿਚ ਰਾਸ਼ਟਰਵਾਦੀ ਅੰਦੋਲਨ ਦੀ ਅਗਵਾਈ ਕੀਤੀ ਅਤੇ ਉਸ ਤੋਂ ਬਾਅਦ ਦੇਸ਼ ਵਿਚ ਅਜ਼ਾਦੀ ਦੀ ਜੰਗ ਵਿਚ ਵੀ ਹਿੱਸਾ ਲਿਆ।ਉਸ ਦਾ ਗਿਨੀ ਬਸਾਓ ਦੀ ਅਜ਼ਾਦੀ ਦੀ ਘੋਸ਼ਣਾ ਤੋਂ ਲਗਭਗ ਅੱਠ ਮਹੀਨੇ ਪਹਿਲਾਂ 20 ਜਨਵਰੀ 1973 ਨੂੰ ਕਤਲ ਹੋ ਗਿਆ ਸੀ।ਉਹ ਮਾਰਕਸਵਾਦ ਤੋਂ ਕਾਫੀ ਪ੍ਰਭਾਵਿਤ ਸੀ ਅਤੇ ਵਿਸ਼ਵ ਭਰ ਦੇ ਕ੍ਰਾਂਤੀਕਾਰੀ ਸਮਾਜਵਾਦੀਆਂ ਅਤੇ ਰਾਸ਼ਟਰੀ ਅੰਦੋਲਨ ਦੀ ਲੜਾਈ ਲੜਨ ਵਾਲਿਆਂ ਲਈ ਪ੍ਰੇਰਣਾ ਦਾ ਸ੍ਰੋਤ ਬਣ ਕੇ ਉੱਭਰਿਆ।

ਕਬਰਾਲ ਦੇ ਰਾਜਨੀਤਿਕ ਵਿਚਾਰਾਂ ਅਤੇ ਉਸ ਦੇ ਗਿਨੀ ਬਸਾਓ ਅਤੇ ਕੇਪ ਵਰਦ ਦੀ ਅਜ਼ਾਦੀ ਵਿਚ ਰੋਲ ਬਾਰੇ ਕ੍ਰਿਸ ਮਾਰਕਰ ਦੁਆਰਾ ਬਣਾਈ ਫਿਲਮ 'ਸੈਨਜ਼ ਸੋਲੀਲ (1983)' ਵਿਚ ਗੱਲ ਕੀਤੀ ਗਈ ਹੈ।ਉਸ ਬਾਰੇ ਪੁਰਤਗਾਲੀ ਡਕੂਮੈਂਟਰੀ 'ਐਮਿਲਕਰ ਕਬਰਾਲ' (2010) ਵੀ ਬਣਾਈ ਗਈ ਸੀ। ਮਾਰਚ-ਅਪ੍ਰੈਲ 2020 ਵਿਚ ਬੀਬੀਸੀ ਵਿਸ਼ਵ ਸਾਹਿਤ ਮੈਗਜ਼ੀਨ ਦੁਆਰਾ ਇਕ ਪੋਲ 'ਵਿਸ਼ਵ ਦਾ ਮਹਾਨਤਮ ਨੇਤਾ' ਕੌਣ ਕਰਵਾਈ ਗਈ। ਇਸ ਸਰਵੇ ਵਿਚ 20 ਨੇਤਾਵਾਂ ਨੂੰ ਨਾਮਜ਼ਦ ਕੀਤਾ ਗਿਆ ਸੀ ਜਿਨਾਂ ਨੇ ਆਪਣੇ ਹੌਂਸਲੇ, ਸਹਿਣਸ਼ੀਲਤਾ, ਬੁੱਧੀਮਤਾ ਅਤੇ ਦੂਰ-ਦਰਸ਼ਤਾ ਕਰਕੇ ਆਪਣੀ ਜਗਾ ਬਣਾਈ। 5000 ਤੋਂ ਜਿਆਦਾ ਲੋਕਾਂ ਨੇ ਇਸ ਸਰਵੇ ਵਿਚ ਭਾਗ ਲਿਆ ਅਤੇ ਇਸ ਵਿਚ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੂੰ 38 ਪ੍ਰਤੀਸ਼ਤ ਤੋਂ ਜਿਆਦਾ ਵੋਟਾਂ ਨਾਲ ਇਸ ਵਿਚ ਉੱਚਤਮ ਸਥਾਨ ਮਿਲਿਆ। ਇਹ ਪੰਜਾਬ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ। ਮਹਾਰਾਜਾ ਰਣਜੀਤ ਸਿੰਘ ਨੂੰ ਆਪਣੇ ਰਾਜ, ਉੱਚ ਪ੍ਰਸ਼ਾਸਨ, ਧਰਮ-ਨਿਰਪੱਖਤਾ, ਲੋਕਪ੍ਰਿਯਤਾ, ਲੋਕਾਂ ਦੀ ਭਲਾਈ ਅਤੇ ਆਧੁਨਿਕ ਸਾਮਰਾਜ ਸਥਾਪਿਤ ਕਰਨ ਲਈ ਇਸ ਵਿਚ ਰੱਖਿਆ ਗਿਆ।ਮਹਾਰਾਜਾ ਨੂੰ ਬ੍ਰਿਟਿਸ਼ ਇਤਿਹਾਸਕਾਰ ਮੈਥਊ ਐਚ. ਲੌਕਵੁੱਡ ਦੁਆਰਾ ਨਾਮਜ਼ਦ ਕੀਤਾ ਗਿਆ।ਮਹਾਰਾਜਾ ਰਣਜੀਤ ਸਿੰਘ ਨੇ ਮੁਗਲ ਬਾਦਸ਼ਾਹ ਅਕਬਰ, ਗ੍ਰੇਟ ਬ੍ਰਿਟੇਨ ਦੇ ਕਿੰਗ ਵਿਲੀਅਮ 111, ਚੀ ਦੇ ਰਾਜਾ ਵੂ ਜ਼ੀਟੀਅਨ, ਰੂਸ ਦੀ ਮਹਾਰਾਣੀ ਕੈਥਰੀਨ ਅਤੇ ਫਰਾਂਸ ਦੀ ਰਾਣੀ ਬਲਾਂਸ਼ ਨੂੰ ਇਸ ਦੌੜ ਵਿਚ ਪਛਾੜ ਦਿੱਤਾ।

ਗਿਨੀ ਦੇ ਜਾਣੇ-ਪਛਾਣੇ ਅਜ਼ਾਦੀ ਘੁਲਾਟੀਏ ਐਮਿਲਕਰ ਕਬਰਾਲ ਨੂੰ ਇਸ ਵਿਚ ਪੰਝੀ ਪ੍ਰਤੀਸ਼ਤ ਵੋਟਾਂ ਦੂਜਾ ਸਥਾਨ ਮਿਲਿਆ।ਉਸ ਨੇ ਪੁਰਤਗਾਲ ਨਾਲ ਅਜ਼ਾਦੀ ਦੇ ਸੰਘਰਸ਼ ਵਿਚ ਲੱਖਾਂ ਹੀ ਲੋਕਾਂ ਨੂੰ ਜੱਥੇਬੰਦ ਕੀਤਾ ਅਤੇ ਅਜ਼ਾਦੀ ਹਾਸਿਲ ਕੀਤੀ।ਇਸ ਸੰਘਰਸ਼ ਤੋਂ ਲੋਅ ਪ੍ਰਾਪਤ ਕਰਕੇ ਹੀ ਅਫਰੀਕਨ ਦੇਸ਼ਾਂ ਨੇ ਆਪਣੇ ਆਪ ਨੂੰ ਪੁਰਤਗਾਲੀ ਬਸਤੀਆਂ ਤੋਂ ਅਜ਼ਾਦ ਕੀਤਾ। ਉਸ ਦਾ ਜਨਮ ਬਾਫਟਾ ਦੇ ਇਕ ਛੋਟੇ ਜਿਹੇ ਪਰਿਵਾਰ ਵਿਚ 12 ਸਤੰਬਰ 1924 ਨੂੰ ਹੋਇਆ। ਉਸ ਨੇ ਆਪਣੀ ਉੱਚ ਵਿੱਦਿਆ ਪੁਰਤਗਾਲੀ ਰਾਜਧਾਨੀ ਤੋਂ ਪ੍ਰਾਪਤ ਕੀਤੀ। ਪੁਰਤਗਾਲ ਵਿਚ ਰਹਿੰਦੇ ਹੋਏ ਉਹ ਯੂਰਪੀ ਸੱਭਿਅਤਾ ਤੋਂ ਬਹੁਤ ਪ੍ਰਭਾਵਿਤ ਹੋਇਆ ਸੀ।ਆਪਣੀ ਵਿੱਦਿਆ ਪੂਰੀ ਕਰਨ ਅਤੇ ਘਰ ਪਰਤਣ ਤੋਂ ਬਾਅਦ ਉਸ ਨੇ ਗਿਨੀ ਦੇ ਲੋਕਾਂ ਨੂੰ ਇਕੱਤਰ ਕੀਤਾ ਅਤੇ ਅਜ਼ਾਦੀ ਲਈ ਸੰਘਰਸ਼ ਵਿੱਢਿਆ। ਗਿਨੀ ਨੂੰ 1973 ਵਿਚ ਅਜ਼ਾਦੀ ਮਿਲੀ, ਪਰ ਕਬਰਾਲ ਇਸ ਅਜ਼ਾਦੀ ਨੂੰ ਦੇਖ ਨਾ ਸਕਿਆ ਕਿਉਂਕਿ ਉਸ ਨੂੰ ਪੁਰਤਗਾਲੀ ਜਾਸੂਸੀਆਂ ਦੁਆਰਾ ਗੋਲੀ ਮਾਰ ਦਿੱਤੀ ਗਈ ਸੀ।ਉਸ ਦਾ ਗਿਨੀ ਦੇ ਇਤਿਹਾਸ ਵਿਚ ਖਾਸ ਸਥਾਨ ਹੈ।

ਐਮਿਲਕਰ ਕਬਰਾਲ ਅਸਲ ਵਿਚ ਕਹਿਣੀ ਕਰਨੀ ਵਿਚ ਇਕ ਸਮਾਨਤਾ ਵਾਲਾ ਵਿਅਕਤੀ ਸੀ। ਉਸ ਦੀ ਰਾਜਨੀਤਿਕ ਲੀਡਰਸ਼ਿਪ ਨੂੰ ਉਸ ਦੀਆਂ ਗਤੀਵਿਧੀਆਂ ਦੇ ਸੰਦਰਭ ਵਿਚ ਦੇਖਿਆ ਜਾ ਸਕਦਾ ਹੈ। ਸਭ ਤੋਂ ਮਹੱਤਵਪੂਰਨ, ਉਸ ਦੀਆਂ ਲਿਖਤਾਂ ਆਪਣੇ ਸਮਿਆਂ ਦਾ ਵਿਸ਼ਲੇਸ਼ਣ ਹਨ। ਉਸ ਨੇ ਮਹਿਜ਼



ਕਾਲਪਨਿਕ ਸਮਾਜਿਕ ਅਤੇ ਰਾਜਨੀਤਿਕ ਪ੍ਰਸ਼ਨਾਂ ਅਤੇ ਸਿਧਾਂਤਾਂ ਦੀ ਹੀ ਗੱਲ ਨਹੀਂ ਕੀਤੀ। ਉਹ ਆਪਣੇ ਆਪ ਨੂੰ ਰਾਜਨੀਤਿਕ ਸਿਧਾਂਤਕਾਰ ਦੇ ਰੂਪ ਵਿਚ ਨਹੀਂ ਦੇਖਦਾ ਹੈ, ਹਾਲਾਂਕਿ ਉਸ ਦੀਆਂ ਲਿਖਤਾਂ ਦੀ ਸਿਧਾਂਤਕ ਮਹੱਤਤਾ ਹੈ। ਉਹ ਆਪਣੇ ਆਪ ਨੂੰ ਕਿਸੇ ਇਕ ਵਿਚਾਰਧਾਰਾ ਅਤੇ ਸਿਧਾਂਤ ਨਾਲ ਜੋੜ ਕੇ ਦੇਖਣ ਨੂੰ ਪਸੰਦ ਨਹੀਂ ਸੀ ਕਰਦਾ। ਉਸ ਦੀਆਂ ਜਿਆਦਾਤਰ ਲਿਖਤਾਂ ਪਾਰਟੀ ਦਸਤਾਵੇਜ਼ ਹਨ ਅਤੇ ਇਹ ਉਸ ਦੇ ਖਾਸ ਉਦੇਸ਼ਾਂ ਨੂੰ ਜ਼ਾਹਿਰ ਕਰਦੇ ਹਨ। ਪੂਰੇ ਵਿਸ਼ਵ ਵਿੱਚ ਗਿਨੀ ਬਸਾਓ ਦੇ ਸੰਸਥਾਪਕ ਵਜੋਂ ਜਾਣਿਆ ਜਾਂਦਾ ਕਬਰਾਲ ਆਪਣੇ ਮੁਲਕ ਦਾ ਪਹਿਲਾ ਰਾਜਨੀਤਿਕ ਵਿਚਾਰਕ ਸੀ ਜੋ ਕਿ ਅਫਰੀਕਨ ਕ੍ਰਾਂਤੀ ਦੇ ਦੋ ਦਹਾਕਿਆਂ ਵਿਚੋਂ ਪੈਦਾ ਹੋਇਆ। ਉਸ ਨੇ ਆਪਣੀ ਪੂਰੀ ਜ਼ਿੰਦਗੀ ਲੋਕਾਂ ਨੂੰ ਬਸਤੀਵਾਦ ਦੀ ਗੁਲਾਮੀ ਤੋਂ ਬਚਾਉਣ ਵਿਚ ਲਗਾ ਦਿੱਤੀ ਅਤੇ ਉਸ ਨੇ ਗਿਨੀ ਦੀ ਅਜ਼ਾਦੀ ਲਈ ਪੀਏਆਈਜੀਸੀ ਪਾਰਟੀ ਦੀ ਸਥਾਪਨਾ ਕੀਤੀ। ਉਸ ਦਾ 1973 ਵਿਚ ਕਤਲ ਕਰ ਦਿੱਤਾ ਗਿਆ, ਪਰ ਪੀਏਆਈਜੀਸੀ ਨੇ ਉਸ ਦਾ ਕੰਮ ਜਾਰੀ ਰੱਖਿਆ ਅਤੇ ਸਤੰਬਰ 1973 ਵਿਚ ਮੁਲਕ ਨੂੰ ਅਜ਼ਾਦੀ ਨਸੀਬ ਹੋਈ। ਗਿਨੀ ਵਿਚ ਕ੍ਰਾਂਤੀ ਲੇਟ ਹੋਈ, ਪਰ ਹੋਰ ਕ੍ਰਾਂਤੀਆਂ ਵਾਂਗ ਇਸ ਵਿਚ ਸਿਧਾਂਤਾਂ ਦਾ ਸੁਮੇਲ ਵੀ ਸੀ। ਬਹੁਤ ਸਾਰੇ ਇਤਿਹਾਸਿਕ ਤੱਥਾਂ ਕਰਕੇ ਗਿਨੀ ਵਿਚ ਹੋਈ ਕ੍ਰਾਂਤੀ ਨੂੰ ਮਹੱਤਵਪੂਰਨ ਸਥਾਨ ਮਿਲਿਆ ਅਤੇ ਇਹ ਵੀ ਦਿਖਾਉਂਦਾ ਹੈ ਕਿ ਸਮੇਂ ਨਾਲ ਕਬਰਾਲ ਦੇ ਸਿਧਾਂਤਾਂ ਨੂੰ ਵੀ ਇਤਿਹਾਸਿਕ ਮਹੱਤਤਾ ਮਿਲੀ ਹੈ। ਕਬਰਾਲ ਦੀ ਜ਼ਿੰਦਗੀ ਦਾ ਉਦੇਸ਼ ਬਸਤੀਵਾਦੀ ਨਿਜਾਮ ਦਾ ਖਾਤਮਾ ਕਰਨਾ ਸੀ ਅਤੇ ਸਿਧਾਂਤ ਦੇ ਪੱਧਰ 'ਤੇ ਉਹ ਅਫਰੀਕਨ ਸਮਾਜਵਾਦ ਦੀਆਂ ਅਪ੍ਰਚਲਿਤ ਰਵਾਇਤਾਂ ਨੂੰ ਖਤਮ ਕਰਨਾ ਚਾਹੁੰਦਾ ਸੀ। ਪੁਰਤਗਾਲ ਅਫਰੀਕਨ ਕਲੋਨੀਆਂ, ਖਾਸ ਕਰਕੇ ਗਿਨੀ ਵਿਚ, 1960 ਤੋਂ ਹੀ ਲੜਾਈ ਲੜਦਾ ਆ ਰਿਹਾ ਹੈ। ਗਿਨੀ ਦੀ ਸਰਕਾਰ ਦਾ ਤਖਤਾ ਪਲਟ ਕਰਨ ਅਤੇ ਕਬਰਾਲ ਨੂੰ ਮਾਰਨ ਦੀ ਕੋਸ਼ਿਸ਼ ਨਾਕਾਮ ਹੋ ਗਈ ਸੀ ਅਤੇ ਪੁਰਤਗਾਲ ਦੇਸ਼ ਨੂੰ ਪੁਰਤਗਾਲੀ-ਗਿਨੀ ਨਹੀਂ ਸੀ ਬਣਾ ਸਕਿਆ।ਇਸ ਤਰਾਂ ਦੀ ਸਥਿਤੀ ਉਨਾਂ ਵਿਅਕਤੀਆਂ ਦੇ ਵਿਚਾਰਾਂ ਦਾ ਅਧਿਐਨ ਮੰਗਦੀ ਹੈ ਜੋ ਅੰਦੋਲਨ ਦੀ ਅਗਵਾਈ ਕਰ ਰਹੇ ਹੁੰਦੇ ਹਨ। ਐਮਿਲਕਰ ਕਬਰਾਲ ਨੇ ਇਸ ਸਥਿਤੀ ਦੀ ਆਪਣੀ ਪੁਸਤਕ 'ਗਿਨੀ ਵਿਚ ਕ੍ਰਾਂਤੀ: ਆਧੁਨਿਕ ਬਸਤੀਵਾਦੀ ਵਿਰੋਧੀ ਅੰਦੋਲਨ' ਵਿਚ ਮੁੜ ਪਰਿਭਾਸ਼ਾ ਦਿੱਤੀ ਹੈ।ਆਧੁਨਿਕ ਬਸਤੀਵਾਦੀ-ਵਿਰੋਧੀ ਅੰਦੋਲਨ ਵਿਦੇਸ਼ੀ ਸ਼ੋਸ਼ਣ ਦੇ ਖਿਲਾਫ ਬਗਾਵਤ ਸੀ ਅਤੇ ਗਿਨੀ ਦੀ ਵਿਦੇਸ਼ੀ ਸ਼ੋਸ਼ਣ ਦੇ ਸੰਬੰਧ ਵਿਚ ਰਾਸ਼ਟਰੀ ਪ੍ਰਸ਼ਨ ਨੂੰ ਢਾਂਚਾਗਤ ਤਬਦੀਲੀ ਦੁਆਰਾ ਹੀ ਹੱਲ ਕੀਤਾ ਜਾ ਸਕਦਾ ਸੀ।

ਇਸ ਸਥਿਤੀ ਨੂੰ ਮੁੜ ਪਰਿਭਾਸ਼ਿਤ ਕਰਨ ਲਈ ਕਬਰਾਲ ਨੇ ਖੋਜ ਕੀਤੀ ਅਤੇ ਮਾਰਕਸਵਾਦ ਦੇ ਦਵੰਦਾਤਮਕ ਢੰਗ ਦੀ ਵਰਤੋਂ ਕੀਤੀ। ਪੁਰਤਗਾਲ ਦੀ 400 ਸਾਲਾਂ ਲੰਬੀ ਹੋਂਦ ਦੇ ਬਾਵਜੂਦ ਵੀ ਗਿਨੀ ਦੇ ਲੋਕਾਂ ਨੇ ਲੋਕਧਾਰਾ ਭਾਈਚਾਰਿਆਂ ਨੂੰ ਮਜਬੂਤ ਰੱਖਿਆ ਹੈ। ਮਾਰਕਸ ਦੁਆਰਾ ਵਿਕਸਿਤ ਕੀਤੇ ਗਏ ਦਵੰਦਾਤਮਕ ਢੰਗ ਦਾ ਮੁੱਖ ਪੱਖ ਅਸਲੀਅਤ ਨੂੰ ਇਸ ਦੀ ਬਣਤਰ ਅਤੇ ਸੰਦਰਭ ਨਾਲੋਂ ਅਲੱਗ ਨਾ ਕਰਕੇ ਦੇਖਣਾ ਹੈ। ਇਨਾਂ ਢੰਗਾਂ ਰਾਹੀ ਹੀ ਕਬਰਾਲ ਗਿਨੀ ਵਿਚ ਸਮਾਜਿਕ ਅਤੇ ਆਰਥਿਕ ਵਿਕਾਸ, ਜਮਾਤਾਂ ਦਾ ਵਿਕਾਸ ਅਤੇ ਆਪਸੀ ਦਵੰਦ, ਅਤੇ ਉੱਪਰੀ-ਢਾਂਚੇ (ਸੁਪਰ ਸਟਰਕੱਚਰ) ਦੇ ਤੱਤਾਂ ਜਿਵੇਂ ਧਰਮ, ਕਬੀਲਾਵਾਦ ਦਾ ਵਿਸ਼ਲੇਸ਼ਣ ਦੇ ਪਾਇਆ ਹੈ। ਇਸ ਨੇ ਉਸ ਨੂੰ ਇਹ ਦੇਖਣ ਦੇ ਯੋਗ ਬਣਾਇਆ ਕਿ ਹਥਿਆਰਬੰਦ ਸੰਘਰਸ਼ ਸ਼ੁਰੂ ਕਰਨ ਤੋਂ ਪਹਿਲਾਂ ਪਾਰਟੀ ਨੂੰ ਕਿਸ ਤਰਾਂ ਦੇ ਅੰਤਰ-ਵਿਰੋਧਾਂ ਨੂੰ ਦੂਰ ਕਰਨ ਦੀ ਲੋੜ ਹੈ। ਕਬਰਾਲ ਦੇ ਮਾਨਵ-ਵਿਗਿਆਨ ਦੇ ਢੰਗ ਗੈਰ-ਮਾਰਕਸਵਾਦੀਆਂ ਤੋਂ ਭਿੰਨ ਹਨ। ਉਸ ਦੇ ਵਿਚਾਰ ਸਮਾਜਿਕ ਜਿੰਦਗੀ ਦੀ ਭੌਤਿਕਵਾਦੀ ਸਮਝ ਉੱਪਰ ਆਧਾਰਿਤ ਹਨ।

ਕਬਰਾਲ ਦੀ ਸਿਧਾਂਤਕ ਸਮਝ ਰਾਸ਼ਟਰੀ ਅਜ਼ਾਦੀ ਦੇ ਸੰਘਰਸ਼ ਦੌਰਾਨ ਹੀ ਵਿਕਸਿਤ ਹੋਈ। ਪੀਏਆਈਜੀਸੀ ਦਾ ਬਸਤੀਵਾਦੀ ਵਿਰੋਧੀ ਸੰਘਰਸ਼ ਬਹੁਤ ਹੀ ਸਫਲ ਰਿਹਾ ਹੈ। ਅਨਪੜ ਕਿਸਾਨਾਂ ਨੂੰ ਕ੍ਰਾਂਤੀਕਾਰੀਆਂ ਵਿਚ ਤਬਦੀਲ ਕਰਨਾ ਕੋਈ ਅਸਾਨ ਕੰਮ ਨਹੀਂ ਸੀ। ਹਥਿਆਰ ਚੁੱਕਣ ਲਈ ਤਿਆਰ ਕਰਨਾ ਹੀ ਕ੍ਰਾਂਤੀਕਾਰੀ ਜੱਥੇਬੰਦੀਆਂ ਦਾ ਪ੍ਰਮੁੱਖ ਕੰਮ ਹੁੰਦਾ ਹੈ ਕਿਉਂ ਕਿ ਲੋਕ ਸੱਤਾ ਦਾ ਸਾਹਮਣਾ ਕਰਨ ਤੋਂ ਡਰ ਜਾਂਦੇ ਹਨ।ਲੈਨਿਨ ਦਾ ਕਹਿਣਾ ਹੈ ਕਿ ਇਕ ਅਨਪੜ ਵਿਅਕਤੀ ਸੱਤਾ ਤੋਂ ਬਾਹਰ ਹੁੰਦਾ ਹੈ, ਉਸ ਨੂੰ ਪਹਿਲ਼ਾਂ ਇਸ ਦਾ ਹੀ ੳ, ਅ ਸਿਖਾਉਣਾ ਪੈਂਦਾ ਹੈ। ਅਜਿਹਾ ਕੀਤੇ ਬਿਨਾਂ ਅਫਵਾਹਾਂ, ਕਹਾਣੀਆਂ ਅਤੇ ਪੱਖਪਾਤੀ ਰਵੱਈਏ ਨੂੰ ਬਲ ਮਿਲਦਾ ਹੈ, ਰਾਜਨੀਤੀ ਨੂੰ ਨਹੀਂ। ਪੀਏਆਈਜੀਸੀ ਦੀ ਸਫਲਤਾ ਕਬਰਾਲ ਦੀ ਇਤਿਹਾਸ ਦੀ ਸਮਝ ਉੱਪਰ ਵੀ ਨਿਰਭਰ ਸੀ ਜਿਸ ਨੇ ਉਸ ਨੂੰ ਗਿਨੀ ਵਿਚ ਮੌਜੂਦ ਸੰਭਾਵਨਾਵਾਂ ਤੋਂ ਜਾਣੂ ਕਰਵਾਇਆ। ਗਿਨੀ ਸਮਾਜ ਨੂੰ ਸਮਝਣ ਵਿਚ ਕਬਰਾਲ ਨੇ ਉਨਾਂ ਤੱਤਾਂ ਦੀ ਸਹਾਇਤਾ ਲਈ ਜੋ ਕਿ ਸਮਾਜ ਨੂੰ ਗਤੀਸ਼ੀਲ ਬਣਾਉਣ ਵਿਚ ਸਹਾਈ ਸਨ। ਜਿਸ ਸਮਾਜ ਦਾ ਮੁੱਢਲਾ ਸੁਭਾਅ ਬਸਤੀਵਾਦ ਨੇ ਬਦਲ ਦਿੱਤਾ ਹੋਵੇ, ਉੱਥੇ ਅਜਿਹਾ ਕਰਨਾ ਮੁਸ਼ਕਿਲ ਕੰਮ ਸੀ। ਬਸਤੀਵਾਦ ਅਤੇ ਬਸਤੀਵਾਦ ਨੂੰ ਹਟਾਉਣ ਨੂੰ ਉੱਥੋਂ ਦੇ ਸਮਾਜ ਅਤੇ ਆਰਥਿਕਤਾ ਨੂੰ ਸਮਝੇ ਬਿਨਾਂ ਨਹੀਂ ਸਮਝਿਆ ਜਾ ਸਕਦਾ। ਕੁਝ ਅਫਰੀਕਨ ਨੇਤਾਵਾਂ ਦੀਆਂ ਕਮੀਆਂ ਨੂੰ ਭਾਂਪਦੇ ਹੋਏ ਕਬਰਾਲ ਨੇ ਗਿਨੀ ਲਈ ਸਮਾਜਵਾਦੀ ਹੱਲ ਪੇਸ਼ ਕਰਨ ਦਾ ਯਤਨ ਕੀਤਾ। ਉਸ ਦੀ ਅਗਵਾਈ ਵਾਲੀ ਪੀਏਆਈਜੀਸੀ ਇਕ ਕ੍ਰਾਂਤੀਕਾਰੀ ਪਾਰਟੀ ਹੈ ਜੋ ਕਿ ਸਮਾਜ ਦੇ ਮਾਰਕਸਵਾਦੀ ਵਿਸ਼ਲੇਸ਼ਣ ਉੱਪਰ ਅਧਾਰਿਤ ਹੈ। ਬੇਸਿਲ ਡੇਵਿਡਸਨ ਦਾ ਮੰਨਣਾ ਹੈ ਕਿ ਕਬਰਾਲ ਦੁਆਰਾ ਸ਼ੁਰੂ ਕੀਤਾ ਗਿਆ ਕ੍ਰਾਂਤੀਕਾਰੀ ਅੰਦੋਲਨ ਗਿਨੀ ਦੀ ਸਮਾਜਿਕ ਅਸਲੀਅਤ ਨੂੰ ਸਮਝ ਕੇ ਠੋਸ ਵਿਸ਼ਲੇਸ਼ਣ ਪੇਸ਼ ਕਰਦਾ ਹੈ।

ਇਥੇ
ਇਸ਼ਤਿਹਾਰ
ਲਗਾਉਣ ਲਈ
ਕਾਲ ਕਰੋ:
510-240-5949
Email:asrtimes@gmail.com

## ਉੱਚੀਆਂ ਸੀ ਗੱਲਾਂ...

ਦੁਨੀਆ ਦੀ ਕੇਹੜੀ ਸ਼ੈਅ ਚਾਹੀਦੀ ਦੱਸ ਬਾਪੂ,
ਪੁੱਤ ਤੇਰਾ ਹੁਣ ਐਨੇ ਜੋਗਾ ਹੋ ਗਿਆ ਐ।
ਮੈਂ ਤੇਰੇ ਤੇਰੇ ਧੌਲਿਆਂ ਦਾ ਹੁਣ ਮੁੱਲ ਮੋੜਨਾ ਚਾਹੁੰਨਾ ਹਾਂ।
ਸਾਰੀ ਉਮਰ ਤੂੰ ਬਾਪੂ ਮੇਰਾ ਕਰਿਆ ਐ
ਹੁਣ ਬੋਝ ਤੂ ਦੇ ਦੇ ਤੇਰਿਆਂ ਰੌਲਿਆਂ ਦਾ ।
ਦੁਨੀਆ ਦੀ ਕੇਹੜੀ ਸ਼ੈਅ ਚਾਹੀਦੀ ਐ ਦਸ ਬਾਪੂ।
ਪੁੱਤ ਤੇਰਾ ਐਨੇ ਜੋਗਾ ਹੋ ਗਿਆ ਐ ।
ਮੇਰੇ ਖਾਤੇ ਦੇ ਵਿਚ ਲਿਖਦੇ ਬਚਦੇ ਦੁੱਖ ਤੇਰੇ,
ਸੁਖ ਜ਼ਿੰਦਗੀ ਦਾ ਤੇਰਾ ਮੌਟਿਵ ਮੇਰਾ ਹੋ ਗਿਆ ਐ।
ਇਕ ਬਹੁਤ ਹੀ ਖੂਬਸੂਰਤ ਸਤਰ ਹੋਰ ਸੁਣੋ ਜਿਥੇ ਉਹ ਬਾਹਲੇ ਵੱਡੇ ਸੱਚ ਨੂੰ ਉਜਾਗਰ ਕਰ ਜਾਂਦਾ ;
ਮੈਂ ਵਿੰਗਾ ਬਉਲਾ ਤੇਰੀਆਂ ਝਿੜਕਾਂ ਸਾਂਭ ਲਿਆ,
ਉਂਝ ਪੁੱਤ ਵਿਗੜੇ ਕਿਥੇ ਸੰਭਦੇ ਕੱਲੀਆਂ ਮਾਂਵਾਂ ਤੋਂ।
ਫੇਰ ਬਈ ਜਦ ਉਹ ਮਾਂ ਦੇ ਸਨੇਹ ਦੀ ਨੇੜਤਾ ਦੀ ਗੱਲ ਕਰਦਾ ਤਾਂ ਮੋਹ ਮਮਤਾ ਦੇ ਅਪਣੱਤ ਦੀ ਤਾਂ ਜਾਣੋ ਇੰਤਹਾ ਹੀ ਹੋ ਜਾਂਦੀ ਹੈ :-
ਕਦੇ ਸੂਰਜ ਵਾਂਗੂੰ ਤਪਦਾ ਹਾਂ ਕਦੇ ਸ਼ਾਂਤ ਸਵੇਰੇ ਵਰਗਾ ਆਂ..
ਮਾਂ ਮੈਨੂੰ ਲਗੱਦਾ ਰਹਿੰਦਾ ਮੈਂ ਜਵਾਂ ਤੇਰੇ ਵਰਗਾ ਆਂ
ਕੋਈ ਕਰਦਾ ਵੇਖ ਤਰੱਕੀ ਮੈਥੋਂ ਸਾੜਾ ਨਹੀਂ ਹੁੰਦਾ।
ਮਾਂ ਤੇਰੇ ਵਾਂਗੂੰ ਚਾਹ ਕੇ ਕਿਸੇ ਦਾ ਮਾੜਾ ਨਹੀਂ ਹੁੰਦਾ।
ਦੁਨੀਆਦਾਰੀ ਦੇਖੇ ਤਾਂ ਮੈਂ ਆਮ ਜੇਹਾ ਲਗੱਦਾ ਹਾਂ।
ਪਰ ਜਦ ਤੂੰ ਮੈਨੂੰ ਦੇਖੇਂ ਤਾਂ ਮੈਂ ਖਾਸ ਜੇਹਾ ਹੋ ਜਾਨਾਂ।
ਚੁੱਕ ਮੱਥੇ ਲਾ ਲਾਂ ਪੈਰ ਧਰੇਂ ਤੂੰ ਜੇਹੜੀ ਮਿੱਟੀ ਤੇ।
ਮੇਰਾ ਜੀ ਕਰਦਾ ਮਾਂ ਚਰਨ ਕੌਰ ਲਿਖਵਾ ਲਾਂ ਛਾਤੀ ਤੇ।
ਮੇਰਾ ਜੀ ਕਰਦਾ ਮਾਂ ਚਰਨ ਕੌਰ ਲਿਖਵਾ ਲਾਂ ਛਾਤੀ ਤੇ।
ਮਾਂ ਮੈਨੂੰ ਲੱਗਦਾ ਰਹਿੰਦਾ, ਮੈਂ ਜਵਾਂ ਤੇਰੇ ਵਰਗਾ ਆਂ।

-5-

ਜਿਵੇਂ ਵੇਹਦਿਆਂ ਵੇਹਦਿਆਂ ਦੁਨੀਆਂ ਵੱਡੀ ਚਮਕ ਦਮਕ ਵਿਚ ਤਬਦੀਲ ਹੋ ਗਈ ਹੈ। ਜਿਸ ਕੋਲ ਚਾਰ ਪੈਸੇ ਆ ਜਾਂਦੇ ਉਹ ਪੈਰ ਛੱਡ ਜਾਂਦਾ । ਪਰ ਬਈ ਮੂਸੇਵਾਲੇ ਨੇ ਪੇਂਡੂ ਸਾਦਗੀ ਤੇ ਭਾਈਚਾਰਕ ਸਾਂਝ ਦਾ ਪੱਲਾ ਨਹੀਂ ਛੱਡਿਆ। ਉਸ ਨੇ ਕੋਈ ਮੂੰਹ ਮੱਥੇ ਤੇ ਲਿਬਾਸਾਂ ਦੇ ਸਟਾਈਲ ਨਹੀਂ ਬਦਲੇ। ਸਗੋਂ ਪੇਂਡੂ ਲਹਿਜੇ ਵਾਲੀ ਦਸਤਾਰ ਸਾਂਭ ਕੇ ਪੰਜਾਬੀਅਤ ਦੀ ਪੱਗ ਨੂੰ ਵਿਸ਼ਵ ਪੱਧਰ ਤੇ ਗਲੋਰੀਫਾਈ ਕਰ ਦਿੱਤਾ। ਹੋਰ ਗੱਲਾਂ ਛੱਡੋ ਜਦ ਥੋੜੀ ਜੇਹੀ ਕਿਸੇ ਨੂੰ ਸ਼ੋਹਰਤ ਮਿਲ ਜਾਂਦੀ ਹੈ ਤਾਂ ਲੋਕ ਆਪਣੇ ਪਿੰਡ ਛੱਡ ਜਾਂਦੇ। ਪਰ ਬਈ ਮੂਸੇਵਾਲੇ ਸਿੱਧੂ ਨੇ ਆਖਰੀ ਸਵਾਸ ਤਕ ਪਿੰਡ ਨੂੰ ਹਿੱਕ ਨਾਲ ਲਾਈ ਰੱਖਿਆ। ਪਿੰਡ ਨੂੰ ਆਪਣੇ ਜੁੱਸੇ ’ਚੋਂ ਬਾਹਰ ਨਹੀਂ ਨਿਕਲਣ ਦਿੱਤਾ, ਚਿੱਤ ’ਚ ਵਸਾਈ ਰੱਖਿਆ। ਆਪਣੀ ਮਿੱਟੀ ਨੂੰ ਜਿੰਦ ਜਾਨ ਤੋਂ ਪਿਆਰਾ ਜਾਣ ਕੇ ਬੰਦੇ ਨੇ ਸਿੱਧ ਕਰ ਦਿੱਤਾ ਕਿ ਪਿੰਡ ਨੂੰ ਅੰਡਰ ਐਸਟੀਮੇਟ ਨਹੀਂ ਕਰਨਾ, ਇਸ ਨੂੰ ਛੋਟਾ ਕਰ ਕੇ ਨਾ ਜਾਣਨਾ। ਪਿੰਡ ਵੀ ਬੰਦੇ ਨੂੰ ਦੁਨੀਆਂ ਦੀਆਂ ਵੱਡੀਆਂ ਸਕਰੀਨਾਂ ’ਤੇ ਪਹੁੰਚਾ ਸਕਦਾ ਹੈ। ਬਈ ਜਦ ਉਹ ਪੂਰਾ ਹੋ ਗਿਆ ਤਾਂ ਦੁਨੀਆ ਦੇ ਵੱਡੇ ਮੀਡੀਆ ਹਾਊਸਾਂ ਅਦਾਰਿਆਂ ਬੀ ਬੀ ਸੀ ਵਰਗਿਆਂ ਨੇ ਉਸ ਦੇ ਬਲਦੇ ਸਿਵੇ ਨੂੰ ਦੁਨੀਆਂ ’ਤੇ ਨਸ਼ਰ ਕੀਤਾ। ਅਰਬ ਦੁਨੀਆ ਦੇ ਅਲ ਜ਼ਜ਼ੀਰਾ ਵਰਗੇ ਚੈਨਲ ਨੇ ਉਸ ਨੂੰ ਵੱਡਾ ਕਰ ਕੇ ਕਵਰ ਕੀਤਾ। ਲੰਡਨ ਦੇ ਪ੍ਰਸਿੱਧ ਕੌਮਾਂਤਰੀ ਅਖਬਾਰ ਗਾਰਡੀਅਨ ਨੇ ਸਿੱਧੂ ਨੂੰ ਸੁਰਖੀਆਂ ਵਿਚ ਥਾਂ ਦਿੱਤੀ। ਪਾਕਿਸਤਾਨ ਦੇ ਚੈਨਲਾਂ ਤੇ ਅਖਬਾਰਾਂ ਵਿਚ ਸਿੱਧੂ ਦਾ ਜ਼ਿਕਰ ਹੋਇਆ-ਸਿਧੂ ਮੂਸੇਵਾਲਾ ਸੰਗੀਤ ਕੀ ਦੁਨੀਆ ਕਾ ਏਕ ਐਸਾ ਕਮਾਲ ਔਰ ਲਾਜ਼ਵਾਲ ਸਿੰਗਰ ਥਾ ਜਿਸ ਨੇ ਕਮ ਮੁੱਦਤ ਮੇਂ ਪੂਰੀ ਦੁਨੀਆ ਕੋ ਅਪਨੀ ਜਾਦੂਈ ਅਵਾਜ਼ ਸੇ ਸੱਭ ਕੋ ਆਪਣੀ ਤਰਫ ਖੈਂਚ ਲੀਆ..। ਸਿੱਧੂ ਮੂਸੇਵਾਲਾ ਵੋਹ ਵਾਹਿਦ ਔਰ ਮੁਨਫਰਿਦ ਤਖਲੀਕਕਾਰ ਔਰ ਰੈਪਰ ਥਾ ਜਿਸ ਨੇ ਕੇਵਲ ਛੇ ਸਾਲ ਮੇਂ ਲਾਖੋਂ ਨਹੀਂ ਬਲਕਿ ਕਰੋੜ ਲੋਗੋਂ ਕੇ ਦਿਲੋਂ ਮੇਂ ਅਪਨੀ ਚਾਹਤ ਔਰ ਮੁਹੱਬਤ ਕੀ ਸ਼ਮਾ ਜਲਾ ਦੀ। ਇਸ ਲਈ ਬਈ ਮੋਤੂਆ, ਸਿਧੂ ਮੂਸੇਵਾਲੇ ਵਿਚ ਕੋਈ ਨਾ ਕੋਈ ਵੱਡੀ ਗੱਲ ਤਾਂ ਸੀਗੀ ਹੀ ਨਾ; ਤਾਂ ਹੀ ਤਾਂ ਉਸ ਦਾ ਐਨਾ ਜ਼ਿਕਰ ਹੋਇਆ। ਹੁਣ ਤਾਂ ਬਈ ਜਿੰਨੇ ਮੂੰਹ ਓਨੀਆਂ ਗੱਲਾਂ। ਕੋਈ ਕੁਝ ਕਹਿ ਰਿਹਾ ਕੋਈ ਕੁਝ-ਉਹ ਮਾਸੂਮ ਸੀ। ਉਹ ਘਿਰ ਗਿਆ ਸੀ। ਉਹ ਭੋਲਾ ਸੀ। ਉਹ ਦੁਨਿਆਵੀ ਸਿਆਸਤ ਤੋਂ ਕੋਰਾ ਸੀ ਅਣਜਾਣ ਸੀ। ਅਵੇਸਲਾ ਸੀ, ਇਨੋਸੈਂਟ ਸੀ। ਉਸ ਨੇ ਆਪਣਾ ਖਿਆਲ ਨਹੀਂ ਰੱਖਿਆ। ਪਰ ਬਈ ਵੱਡਾ ਦੈਵੀ ਸੱਚ ਤਾਂ ਇਹ ਹੀ ਹੈ ਕਿ ਜਦ ਅਣਿਆਈ ਮੌਤ ਨੇ ਆਉਣਾ ਹੁੰਦਾ ਤਾਂ ਕੋਈ ਨਾ ਕੋਈ ਸਬੱਬ , ਕੋਈ ਰਹੱਸ ਬਣ ਹੀ ਜਾਣਾ ਹੁੰਦਾ। ਪਰ ਬਈ, ਗੱਲ ਬਹੁਤ ਮਾੜੀ ਹੋਈ, ਛੇਤੀ ਕੀਤਿਆਂ ਖਿੱਤੇ ਨੂੰ ਐਹੋ ਜਿਹੇ ਕਾਬਲ ਚੜਤ ਵਾਲੇ ਕਿਥੇ ਮਿਲਿਆ ਕਰਦੇ। ਮੂਸੇ ਵਾਲੇ ਦੀ ਚੜਤ ਵੀ ਅਸਮਾਨੀ ਬਿਜਲੀ ਵਾਂਗੂੰ ਝਲਕਾਰੇ ਮਾਰਦੀ ਉਪਰ ਨੂੰ ਗਈ ਸੀ। ਰੱਬ ਉਸ ਦੇ ..ਦਰਜਾਤ ਬਲੰਦ ਕਰੇ, ਸਵਰਗਾਂ ਵਿਚ ਵਾਸ ਕਰੇ। ਸੱਚਮੁੱਚ-ਉੱਚੀਆਂ ਸੀ ਗੱਲਾਂ ਸਿੱਧੂ ਮੂਸੇਵਾਲੇ ਦੀਆਂ। ਉੱਚੀਆਂ ਸੀ ਗੱਲਾਂ ਸਿੱਧੂ ਮੂਸੇਵਾਲੇ ਦੀਆਂ।

## ‘ਮੋਰਚਾ ਗੁਰੂ ਕਾ ਬਾਗ’

ਅਖ਼ੀਰ ਪੰਜਾਬ ਸਰਕਾਰ ਨੇ ਮਹੰਤ ਸੁੰਦਰ ਦਾਸ ਵਲੋਂ ਗੁਰਦੁਆਰੇ ਦੀ ਜਮੀਨ ਦਾ ਠੇਕਾ ਰਾਇ ਬਹਾਦਰ ਗੰਗਾ ਰਾਮ ਨੂੰ ਦਿਵਾ ਕੇ ਜਮੀਨ ਦਾ ਜੁੰਮਾ ਸੰਗਤਾਂ ਨੂੰ ਸੌਂਪ ਦਿੱਤਾ। ਅੰਤ 17 ਨਵੰਬਰ, 1922 ਨੂੰ ਸਿੰਘ ਰਿਹਾਅ ਹੋ ਤੇ ਸਫਲ ਹੋਇਆ।

ਇਸ ਸ਼ਾਂਤਮਈ ਮੋਰਚੇ ਵਿਚ 839 ਸਿੰਘ ਜਖਮੀ ਹੋਏ ਅਤੇ 5606 ਸਿੰਘ ਗ੍ਰਿਫ਼ਤਾਰ ਹੋਏ। ਜਿਨਾਂ ਵਿਚ ਲਗਭਗ 35 ਸ਼੍ਰੋਮਣੀ ਕਮੇਟੀ ਮੈਂਬਰ ਅਤੇ 200 ਫੌਜੀ ਪੈਨਸ਼ਨੀਏ ਸਨ। ਇਸ ਮੋਰਚੇ ਨਾਲ ਗੁਰਦੁਆਰਾ ਸੁਧਾਰ ਲਹਿਰ ਨੂੰ ਬੜਾ ਬਲ ਮਿਲਿਆ। ਸਿੰਘਾਂ ਦੇ ਸਿਦਕ ਅਤੇ ਬਹਾਦਰੀ ਤੇ ਲੋਕਾਂ ਨੇ ਮਾਣ ਕੀਤਾ। ਸੂਰਬੀਰ ਸਿੰਘਾਂ ਨੇ ਅੰਗਰੇਜੀ ਪੁਲਿਸ ਦੇ ਅਣਮਨੁੱਖੀ ਤਸ਼ੱਦਦ ਨੂੰ ਸਹਿਣਸ਼ੀਲਤਾ, ਹੱਠ, ਤਿਆਗ ਦਾ ਸਬੂਤ ਦਿੰਦੇ ਹੋਏ ਆਪਣੇ ਤਨ ਤੇ ਜ਼ਰਿਆ। ਗੁਰਧਾਮਾਂ ਦੀ ਸ਼ਾਨ ਬਰਕਰਾਰ ਰੱਖਣ ਲਈ ਆਪਣੇ ਵਿਰਸੇ ਨੂੰ ਸੁਰਜੀਤ ਕੀਤਾ। ਮੋਰਚੇ ਦੀ ਜਿੱਤ ਨਾਲ ਜਨਤਕ ਲਹਿਰਾਂ ਲਈ ਰਾਹ ਪੱਧਰ ਹੋਇਆ। ਲੋਕਾਂ ਵਿਚ ਜਨਤਕ ਤੌਰ ’ਤੇ ਇਨਕਲਾਬੀ ਉਤਸ਼ਾਹ ਆਇਆ, ਕਿਉਂਕਿ ਇਹ ਮੋਰਚਾ ਸਿੱਧਾ ਹੀ ਅੰਗਰੇਜੀ ਹਕੂਮਤ ਦੇ ਖਿਲਾਫ਼ ਸੀ। ਇਸ ਮੋਰਚੇ ਨੇ ਚੜਦੀ ਕਲਾ ਸਰਬੱਤ ਦਾ ਭਲਾ ਦੇ ਸਿਧਾਂਤ ਨੂੰ ਪ੍ਰਫੁੱਲਤ ਕੀਤਾ। ਉਸ ਸਮੇਂ ਦੇ ਸਿੱਖ-ਆਚਰਣ ਵਿਚ ਪ੍ਰਦਰਸ਼ਤੇ ਗੁਣਾਂ ਨੂੰ ਅਪਨਾਉਣ ਦੀ ਪ੍ਰੇਰਣਾ ਮਿਲਦੀ ਹੈ। ਇਹ ਇਕ ਗੌਰਵਮਈ ਸਫ਼ਲ ਇਤਿਹਾਸਕ ਮੋਰਚਾ ਹੋ ਨਿਬੜਿਆ।

## ਮਾਨ ਸਰਕਾਰ ਦਾ ਦਾਅਵਾ..

ਹਰਮਨਦੀਪ ਸਿੰਘ ਧਾਲੀਵਾਲ (5 ਏਕੜ), ਮਨਦੀਪ ਸਿੰਘ ਧਨੋਆ (5 ਏਕੜ) ਅਤੇ ਗੀਟਾ ਸ਼ਰਮਾ (4 ਏਕੜ) ਸ਼ਾਮਲ ਹਨ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਹੁਣ ਤੱਕ 9053 ਏਕੜ ਕੀਮਤੀ ਜ਼ਮੀਨ ਦਾ ਕਬਜ਼ਾ ਲੈ ਲਿਆ ਹੈ, ਜਿਸ ਉਪਰ ਕੁਝ ਲੋਕਾਂ ਨੇ ਗੈਰ-ਕਾਨੂੰਨੀ ਢੰਗ ਨਾਲ ਕਬਜ਼ਾ ਕੀਤਾ ਹੋਇਆ ਸੀ। ਮੁੱਖ ਮੰਤਰੀ ਨੇ ਕਿਹਾ ਕਿ ਇਹ ਕਾਰਵਾਈ ਉਨਾਂ ਦੀ ਪਾਰਟੀ ਦੀ ਚੋਣ ਮੁਹਿੰਮ ਦੌਰਾਨ ਲੋਕਾਂ ਨੂੰ ਦਿੱਤੀ ਚੋਣ ਗਾਰੰਟੀ ਦੇ ਤਹਿਤ ਕੀਤੀ ਗਈ ਹੈ ਕਿਉਂ ਜੋ ਪਾਰਟੀ ਨੇ ਲੋਕਾਂ ਨਾਲ ਇਹ ਵਾਅਦਾ ਕੀਤਾ ਸੀ ਕਿ ਜਿਹੜੇ ਰਸੂਖ਼ਵਾਨਾਂ ਨੇ ਗੈਰ-ਕਾਨੂੰਨੀ ਢੰਗ ਨਾਲ ਕਬਜ਼ਾ ਕਰਕੇ ਬੇਰਹਿਮੀ ਨਾਲ ਪੈਸੇ ਦੀ ਲੁੱਟ-ਖਸੁੱਟ ਕੀਤੀ, ਉਨਾਂ ਨੂੰ ਕਾਨੂੰਨ ਦੇ ਕਟਹਿਰੇ ਵਿਚ ਖੜਾ ਕੀਤਾ ਜਾਵੇਗਾ। ਵਿਰੋਧੀਆਂ ਨੂੰ ਕਰੜੇ ਹੱਥੀਂ ਲੈਂਦਿਆਂ ਭਗਵੰਤ ਮਾਨ ਨੇ ਕਿਹਾ ਕਿ ਇਹ ਪਾਰਟੀਆਂ ਹਮੇਸ਼ਾ ਇਹ ਸਵਾਲ ਉਠਾਉਂਦੀਆਂ ਰਹੀਆਂ ਹਨ ਕਿ ਜਿਹੜੇ ਉਨਾਂ ਵਾਅਦੇ ਕੀਤੇ ਹਨ, ਉਨਾਂ ਲਈ ਫੰਡ ਕਿੱਥੋਂ ਆਵੇਗਾ।

ਮੁੱਖ ਮੰਤਰੀ ਨੇ ਇਨਾਂ ਆਗੂਆਂ ਨੂੰ ਚੇਤੇ ਕਰਵਾਇਆ ਕਿ ਇਹ ਫੰਡ ਸ਼ਿਵਾਲਿਕ ਦੀਆਂ ਪਹਾੜੀਆਂ ਦੀਆਂ ਜੜਾਂ ਵਿੱਚੋਂ ਉਦੋਂ ਆਵੇਗਾ, ਜਦੋਂ ਬੇਸ਼ਕੀਮਤੀ ਜ਼ਮੀਨ ਨੂੰ ਕਬਜ਼ਿਆਂ ਤੋਂ ਮੁਕਤ ਕਰਵਾ ਲਿਆ ਜਾਵੇਗਾ। ਉਨਾਂ ਕਿਹਾ ਕਿ ਇਸ 2828 ਏਕੜ ਜ਼ਮੀਨ ਵਿੱਚੋਂ 265 ਏਕੜ ਜ਼ਮੀਨ ਮੈਦਾਨੀ ਇਲਾਕੇ ਦੀ, ਜਦੋਂ ਕਿ 2563 ਏਕੜ ਪਹਾੜੀ ਹੈ। ਉਨਾਂ ਕਿਹਾ ਕਿ ਇਸ ਜ਼ਮੀਨ ਵਿੱਚ ਮਹਿੰਗੀ ਲੱਕੜ ਵਾਲੇ ਦਰੱਖਤ ਵੱਡੀ ਗਿਣਤੀ ਵਿੱਚ ਹਨ। ਭਗਵੰਤ ਮਾਨ ਨੇ ਕਿਹਾ ਕਿ ਇਸ ਜ਼ਮੀਨ ਤੋਂ ਸਿਰਫ਼ ਪ੍ਰਭਾਵਸ਼ਾਲੀ ਵਿਅਕਤੀਆਂ ਦਾ ਹੀ ਗੈਰ ਕਾਨੂੰਨੀ ਕਬਜ਼ਾ ਹਟਾਇਆ ਜਾ ਰਿਹਾ ਹੈ, ਜਦੋਂ ਕਿ ਜ਼ਮੀਨ ਤੋਂ ਆਪਣੀ ਰੋਜ਼ੀ-ਰੋਟੀ ਕਮਾ ਰਹੇ ਗਰੀਬ ਤੇ ਲੋੜਵੰਦ ਵਿਅਕਤੀਆਂ ਨੂੰ ਉਥੋਂ ਨਹੀਂ ਹਟਾਇਆ ਜਾ ਰਿਹਾ। ਮੁੱਖ ਮੰਤਰੀ ਨੇ ਪੇਂਡੂ ਵਿਕਾਸ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੀ ਇਸ ਮੁਹਿੰਮ ਦੀ ਅਗਵਾਈ ਕਰਨ ਦੀ ਸ਼ਲਾਘਾ ਕੀਤੀ। ਉਨਾਂ ਸਪੱਸ਼ਟ ਤੌਰ ਉਤੇ ਦੱਸਿਆ ਕਿ ਇਹ ਮੁਹਿੰਮ ਉਦੋਂ ਤੱਕ ਜਾਰੀ ਰਹੇਗੀ, ਜਦੋਂ ਤੱਕ ਸਾਰੀ ਸਰਕਾਰੀ ਜ਼ਮੀਨ ਨੂੰ ਕਬਜ਼ੇ ਤੋਂ ਮੁਕਤ ਨਹੀਂ ਕਰਵਾ ਲਿਆ ਜਾਂਦਾ।

ਦੂਸਰੇ ਪਾਸੇ ਅਕਾਲੀ ਦਲ (ਅੰਮ੍ਰਿਤਸਰ) ਦੇ ਸੂਬਾ ਸਕੱਤਰ ਕੁਸ਼ਲਪਾਲ ਸਿੰਘ ਮਾਨ ਤੇ ਹੋਰਨਾਂ ਸਾਥੀਆਂ ਨੇ ਕਿਹਾ ਹੈ ਕਿ ਜੇ ਸਰਕਾਰ ਕੋਲ ਦਸਤਾਵੇਜ਼ ਹਨ ਕਿ ਈਮਾਨ ਨੇ ਜ਼ਮੀਨ ’ਤੇ ਕਬਜ਼ਾ ਕੀਤਾ ਹੋਇਆ ਸੀ ਤਾਂ ਕਾਗਜ਼ ਪੱਤਰ ਜ਼ਾਹਰ ਕਰੇ।

## ਖਤਰਨਾਕ ਗੈਂਗਸਟਰ ਜੱਗੂ

ਡਿਪਟੀ ਕਮਿਸ਼ਨਰ ਮੁਖਵਿੰਦਰ ਸਿੰਘ ਭੁੱਲਰ ਨੇ ਕੀਤੀ ਹੈ। ਉਨਾਂ ਦੱਸਿਆ ਕਿ ਭਗਵਾਨਪੁਰੀਆ ਨੂੰ ਸਥਾਨਕ ਅਦਾਲਤ ਵਿਚ ਪੇਸ਼ ਕੀਤਾ ਸੀ, ਜਿੱਥੋਂ ਅਦਾਲਤ ਨੇ ਉਸ ਨੂੰ ਦੱਸ ਦਿਨਾਂ ਦੇ ਪੁਲਿਸ ਰਿਮਾਂਡ ’ਤੇ ਭੇਜ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਗੈਂਗਸਟਰ ਜੱਗੂ ਭਗਵਾਨਪੁਰੀਆ ਨੇ ਇਸ ਮਾਮਲੇ ਵਿਚ ਹਾਈ ਕੋਰਟ ਤੋਂ ਸਟੇਅ ਪ੍ਰਾਪਤ ਕਰ ਲਈ ਸੀ। ਉਸ ਨੇ ਖ਼ਦਸ਼ਾ ਪ੍ਰਗਟਾਇਆ ਸੀ ਕਿ ਪੁਲਿਸ ਪੁੱਛ-ਪੜਤਾਲ ਦੇ ਬਹਾਨੇ ਉਸ ਨੂੰ ਝੂਠੇ ਮੁਕਾਬਲੇ ਵਿਚ ਮਾਰ ਸਕਦੀ ਹੈ। ਪੁਲਿਸ ਸੂਤਰਾਂ ਮੁਤਾਬਕ ਹਾਈ ਕੋਰਟ ਵੱਲੋਂ ਜਾਰੀ ਸਟੇਅ ਖਤਮ ਹੋਣ ਮਗਰੋਂ ਉਸ ਨੂੰ ਹਿਰਾਸਤ ਵਿਚ ਲਿਆ ਗਿਆ ਹੈ।

## ਦਰਬਾਰ ਸਾਹਿਬ ਦੀਆਂ ...

ਇਸੇ ਤਰਾਂ ਨਾਲ ਮਾਤਾ ਭਾਗ ਕੌਰ ਨਿਵਾਸ ਵਿਖੇ ਕਮਰੇ ਦਾ ਕਿਰਾਇਆ ਸਿਰਫ਼ 300 ਰੁਪਏ ਹੈ ਜੋ ਹੁਣ 336 ਰੁਪਏ ਹੋ ਗਿਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਐਨ. ਆਰ. ਆਈ. ਸਰਾਂ ਵਿਖੇ ਕਮਰੇ ਦਾ ਕਿਰਾਇਆ 700 ਰੁਪਏ ਪ੍ਰਤੀ ਕਮਰਾ ਹੈ ਜੋ ਹੁਣ ਵਧ ਕੇ 784 ਰੁਪਏ ਹੋ ਗਿਆ ਹੈ। ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸੁਲੱਖਣ ਸਿੰਘ ਭੰਗਾਲੀ ਮੁਤਾਬਕ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਆਈਆਂ ਸੰਗਤਾਂ ਲਈ ਰਿਹਾਇਸ਼ ਦਾ ਪ੍ਰਬੰਧ ਕਰਨਾ ਸਾਡੀ ਜ਼ਿੰਮੇਵਾਰੀ ਹੈ ਤੇ ਅਸੀਂ ਕਦੀ ਸਰਕਾਰ ਕੋਲੋਂ ਕਿਸੇ ਤਰਾਂ ਦੀ ਸਹੂਲਤ ਦੀ ਮੰਗ ਨਹੀਂ ਕੀਤੀ ਪਰ ਧਾਰਮਿਕ ਯਾਤਰਾ ’ਤੇ ਆਏ ਸ਼ਰਧਾਲੂਆਂ ਦੀ ਰਿਹਾਇਸ਼ ਲਈ ਕਮਰੇ ਦੇ ਕਿਰਾਏ ’ਤੇ ਜੀ. ਐੱਸ. ਟੀ. ਲਾਗੂ ਕਰਨਾ ਆਪਣੇ ਆਪ ਵਿਚ ਜਜ਼ੀਆ ਟੈਕਸ ਹੈ। ਜਿਸ ਨੂੰ ਤੁਰੰਤ ਵਾਪਿਸ ਲਿਆ ਜਾਣਾ ਚਾਹੀਦਾ ਹੈ।

ਕੇਂਦਰ ਸਰਕਾਰ ਵੱਲੋਂ ਗੁਰਦੁਆਰਾ ਸਮੂਹ ਤੋਂ ਬਾਹਰ ਸਥਿਤ ਸ੍ਰੀ ਦਰਬਾਰ ਸਾਹਿਬ ਨਾਲ ਸਬੰਧਤ ਸਰਾਵਾਂ ’ਤੇ 12 ਫੀਸਦ ਜੀ. ਐੱਸ. ਟੀ. ਦੀ ਸ਼ਰਤ ਲਾਗੂ ਕਰਨ ਦੇ ਫ਼ੈਸਲੇ ਦੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਨਿੰਦਾ ਕੀਤੀ ਹੈ। ਮਾਨ ਨੇ ਕੇਂਦਰ ਸਰਕਾਰ ਨੂੰ ਅਪੀਲ ਕਰਦਿਆਂ ਤੁਰੰਤ ਇਸ ਫ਼ੈਸਲੇ ਨੂੰ ਵਾਪਸ ਲੈਣ ਲਈ ਆਖਿਆ ਹੈ।

ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਅਤੇ ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਤੇ ਜਾਗੋ ਪਾਰਟੀ ਦੇ ਮੋਢੀ ਪ੍ਰਧਾਨ ਮਨਜੀਤ ਸਿੰਘ ਨੇ ਵੱਖ-ਵੱਖ ਬਿਆਨਾਂ ਵਿਚ ਕਿਹਾ ਕਿ ਸੱਚਖੰਡ ਦਰਬਾਰ ਸਾਹਿਬ ਦੀਆਂ ਸਰਾਵਾਂ ’ਤੇ ਜੀ. ਐਸ. ਟੀ. ਲਗਾਉਣਾ ਮੁਗ਼ਲਾਂ ਵਲੋਂ ਜਜ਼ੀਆ ਲਗਾਉਣ ਦੇ ਬਰਾਬਰ ਹੈ । ਉਨਾਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਨਾਲ ਸੰਬੰਧਿਤ ਸਰਾਵਾਂ ਵਪਾਰਕ ਨਹੀਂ ਹਨ। ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਰੋਜ਼ਾਨਾ ਦੁਨੀਆ ਭਰ ਤੋਂ ਆਉਣ ਵਾਲੇ ਲੱਖਾਂ ਸ਼ਰਧਾਲੂ ਨਤਮਸਤਕ ਹੁੰਦੇ ਹਨ, ਜੋ ਕਿ ਇਨਾਂ ਸਰਾਵਾਂ ਵਿਚ ਹੀ ਠਹਿਰਦੇ ਹਨ, ਲਿਹਾਜ਼ਾ ਇਨਾਂ ਸਰਾਵਾਂ ਨੂੰ ਜੀ. ਐੱਸ. ਟੀ. ਦੇ ਘੇਰੇ ਵਿਚ ਲੈਣਾ ਕੇਂਦਰ ਸਰਕਾਰ ਦਾ ਗ਼ਲਤ ਫ਼ੈਸਲਾ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਨੇਤਾ ਤੇ ਸਾਬਕਾ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਕੇਂਦਰ ਸਰਕਾਰ ਵਲੋਂ ਸਰਾਵਾਂ ’ਤੇ ਟੈਕਸ ਲਗਾਉਣ ’ਤੇ ਆਪਣਾ ਪ੍ਰਤੀਕਰਮ ਪ੍ਰਗਟਾਉਂਦਿਆਂ ਕਿਹਾ ਕਿ ਸਰਾਵਾਂ ’ਤੇ ਟੈਕਸ ਲਗਾਉਣ ਨਾਲ ਸਿੱਖ ਕੌਮ ਵਿਚ ਭਾਰੀ ਰੋਸ ਦੀ ਲਹਿਰ ਹੈ, ਇਸ ਲਈ ਕੇਂਦਰ ਸਰਕਾਰ ਨੂੰ ਤੁਰੰਤ ਆਪਣਾ ਇਹ ਫ਼ੈਸਲਾ ਵਾਪਸ ਲੈਣਾ ਚਾਹੀਦਾ ਹੈ।

## ਬਹਿਬਲ ਗੋਲੀ ਕਾਂਡ...

ਸਿੱਖ ਪੰਥ ਦੇ ਬਹੁਗਿਣਤੀ ਹਲਕੇ ਇਹਨਾਂ ਨੂੰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਵਾਲੇ ਬੁਚੜ ਪੁਲਿਸ ਅਫਸਰ ਮੰਨਦੇ ਹਨ। 2007 ਤੋਂ ਬਾਅਦ ਉਹ ਅਕਾਲੀ ਦਲ ਦੀ 10 ਸਾਲ ਦੀ ਸੱਤਾ ਦੌਰਾਨ ਅਹਿਮ ਭੂਮਿਕਾ ਵਿੱਚ ਰਿਹਾ ਸੀ। ਅਕਾਲੀ ਭਾਜਪਾ ਸਰਕਾਰ ਦੌਰਾਨ ਹੀ ਉਹ 2012 ਤੋਂ 2015 ਤੱਕ ਪੰਜਾਬ ਪੁਲਿਸ ਮੁਖੀ ਬਣਿਆ ਰਿਹਾ।

2009 ਵਿੱਚ ਭਾਰਤ ਦੇ ਸਾਬਕਾ ਚੀਫ਼ ਜਸਟਿਸ ਟੀਐੱਸ ਠਾਕੁਰ ਨੇ ਸੈਣੀ ’ਤੇ ਪੰਜਾਬ ਹਾਈਕੋਰਟ ਦੇ ਜੱਜਾਂ ਦੇ ਫੋਨ ਟੈਪ ਕਰਨ ਦਾ ਇਲਜ਼ਾਮ ਲਾਇਆ। ਸੁਮੇਧ ਸਿੰਘ ਸੈਣੀ, ਕੈਪਟਨ ਅਮਰਿੰਦਰ ਦੇ ਪਹਿਲੇ ਕਾਰਜਕਾਲ ਦੌਰਾਨ ਉਨਾਂ ਦਾ ਭਰੋਸੇਯੋਗ ਅਫ਼ਸਰ ਸੀ। ਅਕਾਲੀ ਸਰਕਾਰ ਦੌਰਾਨ ਕੈਪਟਨ ’ਤੇ ਲੁਧਿਆਣਾ ਦੇ ਸਿਟੀ ਸੈਂਟਰ ਅਤੇ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਘੁਟਾਲੇ ਵਿੱਚ ਸ਼ਾਮਲ ਹੋਣ ਦੇ ਇਲਜ਼ਾਮ ਲਾਏ ਗਏ। ਇਸ ਮਗਰੋਂ ਇਹ ਰਿਸ਼ਤੇ ਨਿੱਘਰਦੇ ਹੀ ਚਲੇ ਗਏ। ਇਹ ਇਲਜ਼ਾਮ ਲਾਏ ਜਾਣ ਸਮੇਂ ਸੁਮੇਧ ਸੈਣੀ ਪੰਜਾਬ ਵਿਜੀਲੈਂਸ ਵਿਭਾਗ ਦਾ ਮੁਖੀ (2007-12) ਸੀ।ਕੈਪਟਨ ਅਮਰਿੰਦਰ ਸਿੰਘ ਦੇ ਸਰਕਾਰ ਵਿੱਚ ਆਉਣ ਤੋਂ ਬਾਅਦ ਸਿਟੀ ਸੈਂਟਰ ਘੋਟਾਲਾ ਮਾਮਲੇ ਵਿੱਚ ਕਲੋਜ਼ਰ ਰਿਪੋਰਟ ਜਮਾਂ ਕਰਵਾ ਦਿੱਤੀ ਗਈ। ਇਸ ਦੇ ਖਿਲਾਫ਼ ਸੈਣੀ ਨੇ ਲੁਧਿਆਣਾ ਦੇ ਜ਼ਿਲਾ ਤੇ ਸੈਸ਼ਨ ਜੱਜ ਗੁਰਬੀਰ ਸਿੰਘ ਦੀ ਅਦਾਲਤ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਖਿਲਾਫ਼ ਅਰਜ਼ੀ ਦਾਇਰ ਕਰ ਦਿੱਤੀ।

14 ਅਕਤੂਬਰ 2015 ਨੂੰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਦੋਸ਼ੀਆਂ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਕੋਟਕਪੂਰਾ ਵਿਚ ਸਿੱਖਾਂ ਵੱਲੋਂ ਪ੍ਰਦਰਸ਼ਨ, ਜਿਸ ਉੱਤੇ ਪੁਲਿਸ ਵੱਲੋਂ ਲਾਠੀਚਾਰਜ ਹੋਇਆ। ਇਸੇ ਦਿਨ ਬਹਿਬਲ ਕਲਾਂ ਵਿੱਚ ਪੁਲਿਸ ਵੱਲੋਂ ਚਲਾਈ ਗਈ ਗੋਲੀ ਵਿਚ ਦੋ ਸਿੱਖ ਨੌਜਵਾਨਾਂ ਦੀ ਮੌਤ ਹੋ ਗਈ ਸੀ। ਇਸ ਤੋਂ ਬਾਅਦ ਸਰਕਾਰ ’ਤੇ ਸੈਣੀ ਨੂੰ ਪੁਲਿਸ ਮੁਖੀ ਦੇ ਅਹੁਦੇ ਤੋਂ ਹਟਾਉਣ ਦਾ ਦਬਾਅ ਪਿਆ ਅਤੇ ਸੈਣੀ ਦੀ ਥਾਂ 1982 ਬੈਚ ਦੇ ਹੀ ਅਫ਼ਸਰ ਸੁਰੇਸ਼ ਅਰੋੜਾ ਨੂੰ ਪੁਲਿਸ ਮੁਖੀ ਨਿਯੁਕਤ ਕਰ ਦਿੱਤਾ ਗਿਆ।

## ਮੁੱਖ ਸਾਜਿਸ਼ਕਰਤਾ ਸਮੇਤ...

ਆਈ.ਜੀ. ਛੀਨਾ ਨੇ ਦੱਸਿਆ ਕਿ ਜਿੰਮ ਵਿਚ ਮੁਹੰਮਦ ਅਕਬਰ ਉਰਫ਼ ਭੋਲੀ ਦਾ ਕਤਲ ਕਰਕੇ ਜਾ ਰਹੇ ਦੋਵੇਂ ਮੁਲਜ਼ਮ ਸੀ.ਸੀ.ਟੀ.ਵੀ. ਕੈਮਰਿਆਂ ਵਿਚ ਕੈਦ ਹੋ ਗਏ। ਉਨਾਂ ਦੱਸਿਆ ਕਿ ਵਸੀਮ ਇਕਬਾਲ ਉਰਫ਼ ਸੋਨੀ, ਮੁਹੰਮਦ ਸਾਦਾਵ ਅਤੇ ਤਹਿਸੀਮ ਨੂੰ ਫਾਰਚੂਨਰ ਗੱਡੀ ਸਮੇਤ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਦੋਵੇਂ ਸ਼ੂਟਰਾਂ ਮੁਹੰਮਦ ਆਸਿਫ਼ ਅਤੇ ਮੁਹੰਮਦ ਮੁਰਸ਼ਦ ਨੂੰ ਗ੍ਰਿਫ਼ਤਾਰ ਕਰਨ ਲਈ ਪੁਲਿਸ ਟੀਮਾਂ ਗਠਿਤ ਕਰ ਦਿੱਤੀਆਂ ਗਈਆਂ ਹਨ।

## ਇਨਸਾਫ਼ ਮੋਰਚੇ ਵਲੋਂ...

ਪਰ ਇਨਸਾਫ਼ ਮੋਰਚੇ ਦੇ ਆਗੂਆਂ ਨੇ ਹੋਰ ਸਮਾਂ ਦੇਣ ਤੋਂ ਇਨਕਾਰ ਕਰ ਦਿੱਤਾ।

**ਕੇਸ ਦੀ ਸਟੇਟਸ ਰਿਪੋਰਟ ਤਲਬ ਕਰਨ ਦੇ ਹੋ ਚੁੱਕੇ ਨੇ ਹੁਕਮ**

12 ਜੁਲਾਈ 2022 ਨੂੰ ਫਰੀਦਕੋਟ ਦੀ ਟਰਾਇਲ ਕੋਰਟ ਨੇ ਬੇਅਦਬੀ ਘਟਨਾਵਾਂ ਦੀ ਜਾਂਚ ਕਰ ਰਹੀ ਵਿਸੇਸ ਜਾਂਚ ਟੀਮ ਨੂੰ ਆਦੇਸ਼ ਦਿੱਤੇ ਸਨ ਕਿ 15 ਦਿਨ ਦੇ ਅੰਦਰ ਸਟੇਟਸ ਰਿਪੋਰਟ ਦਾਖਿਲ ਕੀਤੀ ਜਾਵੇ ਐਡੀਸਨਲ ਸੈਸਨ ਜੱਜ ਰਾਜੀਵ ਕਾਲੜਾ ਨੇ 2015 ਵਿੱਚ ਬਹਿਬਲ ਕਲਾਂ ਗੋਲੀਕਾਂਡ ਤੋਂ ਬਾਅਦ ਮਾਰੇ ਗਏ ਦੋ ਪ੍ਰਦਰਸਨਕਾਰੀ ਗੁਰਜੀਤ ਸਿੰਘ ਅਤੇ ਕ੍ਰਿਸਨ ਭਗਵਾਨ ਸਿੰਘ ਸਬੰਧੀ ਕੇਸ ਦੀ ਸੁਣਵਾਈ ਦੌਰਾਨ ਇਹ ਆਦੇਸ ਦਿੱਤੇ ਸਨ। ਸਾਬਕਾ ਆਈਜੀ ਪਰਮਰਾਜ ਸਿੰਘ ਉਮਰਾਨੰਗਲ ਅਤੇ ਸਾਬਕਾ ਐੱਸਐੱਸਪੀ ਚਰਨਜੀਤ ਸਿੰਘ ਸਰਮਾ ਵੀ ਅਦਾਲਤ ਅੱਗੇ ਪੇਸ਼ ਹੋਏ ਸਨ। ਸਾਬਕਾ ਡੀਜੀਪੀ ਸੁਮੇਧ ਸਿੰਘ ਸੈਣੀ ਨੂੰ ਅਦਾਲਤ ਵੱਲੋਂ ਸਿਹਤ ਕਾਰਨਾਂ ਕਰਕੇ ਅਦਾਲਤ ਵਿਚ ਪੇਸ਼ੀ ਤੋਂ ਛੋਟ ਹੈ?

**ਬੇਅਦਬੀ ਦਾ ਮੁੱਦਾ ਪੰਜਾਬ ਸਿਆਸਤ ਵਿੱਚ ਅਹਿਮ ਰਿਹਾ**

ਬੇਅਦਬੀ ਦਾ ਮੁੱਦਾ ਪੰਜਾਬ ਵਿਧਾਨ ਸਭਾ ਵਿੱਚ ਵਾਰ- ਵਾਰ ਗੂੰਜਿਆ ਹੈ। ਜੂਨ 2022 ਦੇ ਬਜਟ ਸੈਸ਼ਨ ਦੌਰਾਨ ਹੀ ਅੰਮ੍ਰਿਤਸਰ ਉੱਤਰੀ ਤੋਂ ਵਿਧਾਇਕ ਤੇ ਸਾਬਕਾ ਆਈਜੀ ਕੁੰਵਰ ਵਿਜੇ ਪ੍ਰਤਾਪ ਨੇ ਬੇਅਦਬੀ ਦੇ ਮੁੱਦੇ ਉੱਪਰ ਚਰਚਾ ਲਈ ਸੈਸ਼ਨ ਨੂੰ ਅੱਧਾ ਘੰਟਾ ਵਧਾਉਣ ਦੀ ਅਪੀਲ ਕੀਤੀ ਸੀ।ਇਸ ਤੋਂ ਇਲਾਵਾ 2018 ਵਿੱਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਨੂੰ ਖਾਰਿਜ ਕਰਦੇ ਹੋਏ ਕਾਪੀਆਂ ਨੂੰ ਵਿਧਾਨ ਸਭਾ ਦੇ ਬਾਹਰ ਸੁੱਟਿਆ ਗਿਆ ਸੀ।ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਇਹ ਰਿਪੋਰਟ ਅਗਸਤ 2018 ਵਿਧਾਨ ਸਭਾ ਵਿੱਚ ਪੇਸ਼ ਕਰਨ ਦੀ ਗੱਲ ਵੀ ਆਖੀ ਸੀ ਪਰ ਉਸ ਤੋਂ ਪਹਿਲਾਂ ਹੀ ਇਸ ਦਾ ਕੁਝ ਹਿੱਸਾ ਲੀਕ ਹੋ ਗਿਆ ਸੀ।

ਸ਼੍ਰੋਮਣੀ ਅਕਾਲੀ ਦਲ ਸਰਕਾਰ ਵੱਲੋਂ ਬੇਅਦਬੀ ਦੀ ਘਟਨਾ ਤੋਂ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਦਾ ਗਠਨ ਕੀਤਾ ਗਿਆ ਸੀ। 2017 ਵਿੱਚ ਕਾਂਗਰਸ ਸਰਕਾਰ ਵੱਲੋਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਦਾ ਗਠਨ ਕੀਤਾ ਗਿਆ ਸੀ।ਰਿਪੋਰਟ ਦੇ ਕੁਝ ਹਿੱਸੇ ਵਿੱਚ ਲਿਖਿਆ ਗਿਆ ਸੀ ਕਿ ਬੇਅਦਬੀ ਵੇਲੇ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਕੋਟਕਪੂਰਾ ਵਿਖੇ ਹੋਈ ਪੁਲਿਸ ਕਾਰਵਾਈ ਦੀ ਜਾਣਕਾਰੀ ਸੀ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਸ ਰਿਪੋਰਟ ਨੂੰ ਸਾਜ਼ਿਸ਼ ਕਰਾਰ ਦਿੱਤਾ ਸੀ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ 5 ਜੁਲਾਈ ਨੂੰ ਆਖਿਆ ਕਿ ਜਦੋਂ ਤੱਕ ਬੇਅਦਬੀ ਦੇ ਦੋਸ਼ੀਆਂ ਨੂੰ ਜੇਲ੍ਹ ਨਹੀਂ ਪਹੁੰਚਾ ਦਿੰਦੇ ਉਹ ਚੈਨ ਨਾਲ ਨਹੀਂ ਬੈਠਣਗੇ।

ਬੇਅਦਬੀ ਦਾ ਮੁੱਦਾ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਵੀ ਭਖਿਆ ਰਿਹਾ।ਚੋਣ ਪ੍ਰਚਾਰ ਦੌਰਾਨ ਕਾਂਗਰਸ ਨੇ ਇਨਸਾਫ ਲਈ ਕਈ ਵਾਰ ਗੱਲ ਕੀਤੀ।

ਸੱਤਾ ਵਿੱਚ ਆਉਣ ਤੋਂ ਬਾਅਦ ਕਾਂਗਰਸ ਨੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦਾ ਗਠਨ ਕੀਤਾ। ਕਾਂਗਰਸ ਵੱਲੋਂ ਕੈਬਨਿਟ ਬੈਠਕ ਦੌਰਾਨ ਆਈਪੀਸੀ ਦੀਆਂ ਧਰਾਵਾਂ ਵਿੱਚ ਬਦਲਾਅ ਕਰਕੇ ਬੇਅਦਬੀ ਦੇ ਦੋਸ਼ੀਆਂ ਨੂੰ ਉਮਰ ਕੈਦ ਬਾਰੇ ਕਾਨੂੰਨ ਲੈ ਕੇ ਆਉਣ ਦੀ ਗੱਲ ਵੀ ਆਖੀ ਗਈ ਸੀ। ਸਾਬਕਾ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਵੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੂੰ ਬੇਅਦਬੀ ਮੁੱਦੇ 'ਤੇ ਘੇਰਦੇ ਰਹੇ ਸਨ।ਬੇਅਦਬੀ ਦੀਆਂ ਘਟਨਾਵਾਂ ਸਮੇਂ ਸੂਬੇ ਵਿੱਚ ਸ਼੍ਰੋਮਣੀ ਅਕਾਲੀ ਦਲ ਭਾਜਪਾ ਦੀ ਸਰਕਾਰ ਸੀ। ਬੇਅਦਬੀ ਅਤੇ ਗੋਲੀਕਾਂਡ ਤੋਂ ਬਾਅਦ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਸੱਤਾ ਤੋਂ ਬਾਹਰ ਹੋ ਗਈ।2012 ਵਿਧਾਨ ਸਭਾ ਚੋਣਾਂ ਵਿੱਚ 56 ਸੀਟਾਂ ਜਿਤਣ ਵਾਲੀ ਸ਼੍ਰੋਮਣੀ ਅਕਾਲੀ ਦਲ 2017 ਵਿੱਚ 15 ਸੀਟਾਂ ਤੇ ਸਿਮਟ ਗਈ। ਇਨਾਂ ਚੋਣ ਨਤੀਜਿਆਂ ਵਿੱਚ ਬੇਅਦਬੀ ਦੀ ਘਟਨਾ ਨੂੰ ਵੀ ਇੱਕ ਕਾਰਨ ਮੰਨਿਆ ਗਿਆ। 2018 ਵਿੱਚ ਸਾਬਕਾ ਆਈਜੀ ਅਤੇ ਤਤਕਾਲੀ ਐਸਆਈਟੀ ਮੈਂਬਰ ਕੁੰਵਰ ਵਿਜੈ ਪ੍ਰਤਾਪ ਵੱਲੋਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਜਾਂਚ ਲਈ ਸੰਮਨ ਕੀਤਾ ਗਿਆ ਸੀ। ਜੂਨ 2021 ਵਿੱਚ ਵੀ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਦੀ ਏਡੀਜੀਪੀ ਐਲ ਕੇ ਯਾਦਵ ਦੀ ਅਗਵਾਈ ਵਾਲੀ ਐਸਆਈਟੀ ਨੇ ਪੁੱਛਗਿੱਛ ਕੀਤੀ ਸੀ। 21 ਅਪ੍ਰੈਲ ਨੂੰ ਆਈਜੀ ਸੁਰਿੰਦਰਪਾਲ ਸਿੰਘ ਪਰਮਾਰ ਦੀ ਅਗਵਾਈ ਵਿੱਚ ਡੀਜੀਪੀ ਨੂੰ ਸੌਂਪੀ ਗਈ ਰਿਪੋਰਟ ਵਿੱਚ ਸੁਖਬੀਰ ਸਿੰਘ ਬਾਦਲ ਅਤੇ ਪ੍ਰਕਾਸ਼ ਸਿੰਘ ਬਾਦਲ ਦਾ ਸਿੱਧੇ ਤੌਰ 'ਤੇ ਨਾਮ ਨਹੀਂ ਹੈ।

467 ਪੰਨਿਆਂ ਦੀ ਰਿਪੋਰਟ ਵਿੱਚ ਡੇਰਾ ਸੱਚਾ ਸੌਦਾ ਦੇ ਸਮਰਥਕਾਂ ਨੂੰ ਬੇਅਦਬੀ ਦੀਆਂ ਘਟਨਾਵਾਂ ਨਾਲ ਜੋੜਿਆ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਆਖਿਆ ਗਿਆ ਸੀ ਕਿ ਕਾਂਗਰਸ ਅਤੇ ਆਮ ਆਦਮੀ ਪਾਰਟੀ ਇਸ ਮਾਮਲੇ ਵਿੱਚ ਪਾਰਟੀ ਤੋਂ ਮੁਆਫ਼ੀ ਮੰਗੇ।

**ਗੁਰੂ ਘਰ ਦੇ ਦੋਖੀਆਂ ਨੂੰ ਕਿਸੇ ਵੀ ਕੀਮਤ 'ਤੇ ਬਖ਼ਸ਼ਾਂਗੇ**

ਚੰਡੀਗੜ : ਆਮ ਆਦਮੀ ਪਾਰਟੀ ਦੇ ਸੀਨੀਅਰ ਲੀਡਰ ਤੇ ਲੋਕ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾ ਨੇ ਕਿਹਾ ਹੈ ਕਿ ਬੇਅਦਬੀ ਤੇ ਗੋਲੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾ ਜ਼ਰੂਰ ਦਿੱਤੀ ਜਾਵੇਗੀ। ਉਨਾਂ ਕਿਹਾ ਕਿ ਸਰਕਾਰ ਇਨਸਾਫ਼ ਦਵਾਉਣ ਲਈ ਵਚਨਬੱਧ ਹੈ ਤੇ ਗੁਰੂ ਘਰ ਦੇ ਦੋਖੀਆਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ।

# ✪ ਮਿੰਨੀ ਕਹਾਣੀਆਂ ✪



**ਗੁਰਮੀਤ ਸਿੰਘ ਪਲਾਹੀ**
9815802070

### (1). ਵਸੀਅਤ ਨਾਮਾ

ਮੈਂ ਲਾਭਾ ਪੁੱਤਰ ਸ਼ੇਰਾ (ਲੱਭੂ ਦਿਆਂ ਦਾ) ਸਕਨਾਂ ਕਾਨਾ ਜੱਟਾਂ, ਤਹਿਸੀਲ ਫਿਲੌਰ, ਜਿਲਾ ਜਲੰਧਰ, ਆਪਣੇ ਹੋਸ਼ ਹਵਾਸ ਕਾਇਮ ਰੱਖਦਾ ਹੋਇਆ ਵਸੀਅਤ ਕਰ ਰਿਹਾ ਹਾਂ ਤਾਂ ਕਿ ਮੇਰੀ ਮੌਤ ਤੋਂ ਬਾਅਦ ਕਿਸੇ ਕਿਸਮ ਦਾ ਝਗੜਾ ਝਾਉਲਾ ਨਾ ਰਹੇ :- ਵੱਡੇ ਪੁੱਤ ਮਸੰਦੇ ਨੂੰ (ਇਹ ਮੇਰਾ ਪਲੇਠੀ ਦਾ ਪੁੱਤ ਹੈ) :- ਕੰਗਾਲੀ+ ਲੁੰਡੀ ਪੂਛ ਵਾਲਾ ਝੋਟਾ, ਟੁੱਟੇ ਹੋਏ ਰੱਸੇ ਅਤੇ ਮੋਹੜੀ ਸਮੇਤ।

ਵਿਚਕਾਰਲੇ ਪੁੱਤ ਮੁਕੰਦੇ ਨੂੰ :-ਕਰਜ਼ਾ+ ਇੱਕ ਢਾਰਾ, (ਜਿਹਦੇ ਤੇ ਕੋਈ ਛੱਤ ਨਹੀਂ)+ ਟਾਹਲੀ ਦਾ ਇੱਕ ਖੁੰਡਾ, ਖੁੰਗਿਆਂ ਸਮੇਤ+ਸ਼ਰਾਬ ਦੇ ਦੋ ਘੁੱਟ, ਜਿਹੜੇ ਪਿਛਲੇ ਸਾਲ ਮੈਂ ਆਪਣੇ ਯਾਰ ਤੋਂ ਉਧਾਰੇ ਲਏ ਸਨ।

ਛੋਟੇ ਪੁੱਤ ਸ਼ਿੰਦੇ ਨੂੰ (ਇਹ ਮੇਰਾ ਲਾਡਲਾ ਪੁੱਤ ਹੈ) :- ਨੀਲੀ ਛਤਰੀ ਦਾ ਸਾਇਆ (ਹੋਰ ਕੁਝ ਬਚਿਆ ਹੀ ਨਹੀਂ)

ਧੀ ਪ੍ਰੀਤੋ ਨੂੰ :- ਦੁੱਖ, ਝੋਰੇ, ਮੁਸੀਬਤਾਂ, ਆਸਾਂ (ਸੁਪਨਿਆਂ ਦੇ ਕਤਲ ਸਮੇਤ)

ਸਹੀ/ਗਵਾਹ

ਸਹੀ/ਬਕਲਮ ਖ਼ੁਦ

ਨੱਥਾ ਸਿੰਘ ਨੰਬਰਦਾਰ

ਲਾਭਾ ਪੁੱਤਰ ਸ਼ੇਰਾ

ਕਾਨਾ ਜੱਟਾਂ ਪਿੰਡ ਸਕਨਾ ਕਾਨਾ ਜੱਟਾਂ

ਤਾਰੀਖ

ਸਹੀ/ ਗਵਾਹ

ਬੂਝਾ ਪੁੱਤਰ ਢੇਰੂ ਸਕਨਾ ਕਾਨਾ ਜੱਟਾਂ

### 2. ਰੋਟੀ ਅਤੇ ਬੱਚੇ

ਉਸ ਰਾਤ ਅੰਤਾਂ ਦਾ ਝੱਖੜ ਝੁਲਿਆ, ਮੀਂਹ ਪਿਆ ਤੇ ਫਿਰ ਹੜ ਆ ਗਿਆ।

ਉਹ ਮਾਸਟਰ ਹੈ। ਇੱਕ ਪਤਨੀ ਤੇ ਤਿੰਨ ਬੱਚੇ ਕੁਲ ਮਿਲਾਕੇ ਉਹ ਪੰਜ ਜੀਅ ਹਨ। ਇੱਕ ਬੈਠਕ ਤੇ ਇੱਕ ਰਸੋਈ ਉਨਾਂ ਕਿਰਾਏ ਤੇ ਲਈ ਹੋਈ ਹੈ। ਸਾਰੇ ਉਸ ਰਾਤ, ਉਸੇ ਬੈਠਕ ਵਿੱਚ ਸੁੱਤੇ ਪਏ ਸਨ।

ਰਾਤ ਨੂੰ ਸੁਤਿਆਂ, ਉਨਾਂ ਦੀ ਬੈਠਕ ਦੇ ਨਾਲ ਲੱਗਦੀ ਰਸੋਈ ਪਾਣੀ ਨਾਲ ਭਰ ਗਈ। ਅਚਾਨਕ ਮਾਸਟਰ ਰਾਤੀਂ ਗੁੱਸਲ ਕਰਨ ਉਠਿਆ। ਪਹਿਲਾਂ ਪੈਰ ਮੰਜੇ ਤੋਂ ਥੱਲੇ ਪਾਉਂਦੇ ਸਾਰ ਉਹਨੂੰ ਲੱਗਾ ਜਿਵੇਂ ਉਹਨੂੰ ਕੋਈ ਦਰਿਆ 'ਚ ਸੁੱਟ ਗਿਆ ਹੋਵੇ। ਦੂਜਾ ਪੈਰ ਥੱਲੇ ਰੱਖਦੇ ਤੇ ਬੱਤੀ ਜਗਾਉਂਦੇ ਉਹ ਅਬੜਵਾਹੇ ਬੋਲਿਆ, ਮੈਂਖਿਆ, ਉਠ, ਇਧਰ ਤੇ ਹੜ ਆ ਗਿਆ, ਆਪਾਂ ਤੇ ਮਾਰੇ ਗਏ। ਰਸੋਈ ਵਲ ਵੇਖ, ਕਿਧਰੇ ਸਭੋ ਕੁਝ ਨਾ ਰੁੜ ਜਾਏ ਅਤੇ ਘਬਰਾਹਟ ਵਿਚ ਬੋਲਦਾ ਬੋਲਦਾ ਉਹ ਰਸੋਈ 'ਚ ਚਲੇ ਗਿਆ, 'ਇਥੇ ਤਾਂ ਤੀਹ ਦਿਨਾਂ ਦਾ ਰਾਸ਼ਨ ਵੀ ਪੂਰਾ ਨਹੀਂ ਹੁੰਦਾ।' ਉਸ ਉਚੀ ਅਵਾਜ਼ 'ਚ ਕਿਹਾ।

'ਨਾ ਗੱਲ ਸੁਣੇਂ, ਜੇ ਬੱਚੇ ਰੁੜ ਗਏ?' ਤੀਵੀਂ ਘਸਿਆਈ ਅਵਾਜ਼ 'ਚ ਪੁੱਛਦੀ ਹੈ। ਉਹਦੀ ਅਵਾਜ਼ ਮਾਸਟਰ ਨੇ ਸੁਣੀ ਹੈ, ਉਹ ਚੀਜਾਂ ਚੁੱਕ ਚੁੱਕ ਪਰੇ ਉਤਾਂਹ ਰੱਖੀ ਜਾ ਰਿਹਾ ਹੈ, 'ਦਬਾ ਸੱਟ ਕਰ, ਨਿਆਣੇ ਹੋਰ ਬਣ ਜਾਣਗੇ, ਆਟੇ ਖੁਣੋਂ ਤਾਂ ਆਪਾਂ ਭੁੱਖੇ ਮਰ ਜਾਂਗੇ' ਤੇ ਤੀਵੀਂ ਘਬਰਾਈ ਹੋਈ ਉਠਕੇ ਰਸੋਈ 'ਚ ਆ ਜਾਂਦੀ ਹੈ।

### 3. ਖਾਨਾਪੂਰੀ

ਸਸਤੇ ਭਾਵ ਦੀਆਂ ਚੀਜਾਂ ਨਾ ਮਿਲਣ ਕਾਰਨ ਲੋਕਾਂ 'ਚ ਹਾਹਾਕਾਰ ਸੀ। ਸ਼ਹਿਰ ਦੇ ਲੋਕਾਂ ਸਰਕਾਰੀ ਦੁਕਾਨ ਦੇ ਸੇਲਜ਼ਮੈਨ ਦੀ ਸ਼ਕਾਇਤ ਕੀਤੀ ਹੈ ਕਿ ਉਹ ਬਲੈਕ ਕਰਦਾ ਹੈ। ਸਸਤੇ ਰੇਟ 'ਤੇ ਚੀਜਾਂ ਲੋਕਾਂ ਨੂੰ ਨਹੀਂ ਦੇਂਦਾ। ਇਨਕੁਆਰੀ ਅਫ਼ਸਰ ਨੇ ਅਚਾਨਕ ਛਾਪਾ ਮਾਰਿਆ ਹੈ।

'ਤੁਹਾਡੇ ਕੋਲ ਸਟਾਕ 'ਚ ਕਿਹੜੀ ਕਿਹੜੀ ਚੀਜ ਹੈ?'

'ਦਾਲਾਂ, ਘਿਉ ਅਤੇ ਖੰਡ।'

'ਕੀ ਤੁਸੀਂ ਕੋਈ ਚੀਜ਼ ਬਲੈਕ 'ਚ ਵੇਚਦੇ ਹੋ?'

'ਨਹੀਂ ਜੀ, ਸਵਾਲ ਹੀ ਪੈਦਾ ਨਹੀਂ ਹੁੰਦਾ।'

ਕੀ ਸਟਾਕ ਰਜਿਸਟਰ ਪੂਰਾ ਹੈ?

'ਜੀ ਹਾਂ।'

'ਕੀ ਰਾਸ਼ਨ ਕਾਰਡ 'ਤੇ ਰਾਸ਼ਨ ਦੇਂਦੇ ਹੋ?'

'ਜੀ ਹਾਂ, ਸਭ ਕੁਝ ਰਾਸ਼ਨ ਕਾਰਡ 'ਤੇ ਦੇਂਦਾ ਹਾਂ।'

ਇਨਕਵਾਰੀ ਅਫ਼ਸਰ ਨੇ ਦਾਲਾਂ, ਘਿਉ ਤੇ ਖੰਡ ਦਾ ਸਟਾਕ ਰਜਿਸਟਰ ਚੈਕ ਕੀਤਾ ਹੈ। ਚਾਹ ਪਾਣੀ ਛਕਿਆ ਹੈ, ਆਪਣਾ ਹਿੱਸਾ ਲਿਆ ਹੈ ਤੇ ਰਿਪੋਰਟ 'ਚ ਲਿਖਿਆ, 'ਕਾਇਦੇ ਕਾਨੂੰਨ ਮੁਤਾਬਕ ਸਾਰੇ ਰਜਿਸਟਰਾਂ ਵਿਚ ਹੀ ਖਾਨਾਪੂਰੀ ਕੀਤੀ ਗਈ ਹੈ, ਕੋਈ ਗਬਨ ਨਹੀਂ। ਬਲੈਕ ਕਰਨ ਦੀ ਸ਼ਿਕਾਇਤ ਨਿਰਾਧਾਰ ਹੈ।'

ਸ਼ਹਿਰ ਦੇ ਲੋਕਾਂ ਫਿਰ ਸ਼ਿਕਾਇਤ ਕੀਤੀ ਹੈ, 'ਸੇਲਜ਼ਮੈਨ ਬਲੈਕ ਕਰਦਾ ਹੈ।'

### (4). ਵਿਚਾਰਾ ਮਾਸਟਰ

ਅਧਿਆਪਕ ਦਿਵਸ ਵਾਲੇ ਦਿਨ ਇਲਾਕੇ ਦਾ ਜਾਣਿਆ ਪਛਾਣਿਆ ਮਾਸਟਰ ਕਮਲ ਸੜਕ 'ਤੇ ਮਰਿਆ ਪਿਆ ਮਿਲਿਆ ਹੈ। ਮਾਸਟਰ ਕਮਲ, ਜਿਸਦਾ ਆਪਣਾ ਕੋਈ ਪ੍ਰੀਵਾਰ ਨਹੀਂ ਸੀ, ਸਾਰੀ ਉਮਰ ਲੋਕਾਂ ਦੇ ਬੱਚਿਆਂ ਨੂੰ ਪੜ੍ਹਾਉਂਦਾ ਰਿਹਾ ਸੀ। ਅਧਿਆਪਕ ਦਿਵਸ ਦੇ ਮੌਕੇ 'ਤੇ ਇਕੱਤਰ ਹੋਏ ਪਤਵੰਤੇ ਸੱਜਣਾਂ ਤੇ ਅਧਿਆਪਕਾਂ ਨੂੰ ਉਸ ਵੇਲੇ ਇਹ ਖਬਰ ਮਿਲੀ ਜਦੋਂ ਸ਼ਹਿਰ ਦੀ ਮਿਉਂਸਪੈਲਟੀ ਦਾ ਪ੍ਰਧਾਨ ਲੈਕਚਰ ਕਰ ਕਿਹਾ ਸੀ, 'ਅਧਿਆਪਕ ਕੌਮ ਦਾ ਨਿਰਮਾਤਾ ਹੈ, ਪੱਥ ਪ੍ਰਦਰਸ਼ਕ ਹੈ।' ਭਾਸ਼ਨ ਖਤਮ ਹੁੰਦਿਆ ਹੀ ਮਿਉਂਸਪੈਲਟੀ ਦੇ ਪ੍ਰਧਾਨ ਸਮੇਤ ਦੂਜੇ ਸੱਜਣਾਂ ਦੇ ਕਾਰ ਵਿਚ ਬੈਠ ਘਟਨਾ ਵਾਲੀ ਥਾਂ ਪੁਜ ਗਏ। ਵੀਹ ਪੱਚੀ ਅਧਿਆਪਕ ਵੀ ਪੁੱਜ ਚੁੱਕੇ ਸਨ। ਮਾਸਟਰ ਕਮਲ ਨੂੰ ਰਾਤੀਂ ਕੋਈ ਟਰੱਕ ਕੁਚਲਕੇ ਸੁੱਟ ਗਿਆ ਸੀ।

ਮਾਸਟਰ ਕਮਲ ਦੀ ਲਾਸ਼ ਲਾਵਾਰਸ ਹੈ। ਅਧਿਆਪਕਾਂ ਮਾਸਟਰ ਕਮਲ ਦੀ ਅਰਥੀ ਲਈ ਚੰਦਾ ਇਕੱਠਾ ਕਰਕੇ ਅਰਥੀ ਬਣਾਈ ਹੈ। ਅਰਥੀ ਤਿਆਰ ਕੀਤੀ ਜਾ ਰਹੀ ਹੈ। ਪ੍ਰਧਾਨ ਤੇ ਉਹਦੇ ਨਾਲ ਦੇ ਕਾਹਲੇ ਪੈ ਰਹੇ ਹਨ। ਪ੍ਰਧਾਨ, ਤੁਰਨ ਦਾ ਬਹਾਨਾ ਲੱਭਦਾ, ਜੇਬ 'ਚੋਂ ਰੁਮਾਲ ਕੱਢਕੇ ਅੱਖਾਂ ਪੂੰਝਦਾ ਹੈ, ਪੰਜਾਂ ਦਾ ਨੋਟ ਚੰਦੇ ਲਈ ਮੈਨੂੰ ਫੜਾਉਂਦਾ ਹੈ ਅਤੇ 'ਵਿਚਾਰੇ ਮਾਸਟਰ' ਨਾਲ ਬਹੁਤ ਬੁਰਾ ਹੋਇਆ' ਆਖ ਸਾਥੀਆਂ ਸਮੇਤ ਕਾਰ 'ਤੇ ਬੈਠ ਤੁਰ ਗਿਆ ਹੈ।

ਮੈਂ ਤੁਰੀ ਜਾਂਦੀ ਕਾਰ ਨੂੰ ਵੇਖ ਰਿਹਾ ਹਾਂ ਤੇ ਸੋਚ ਰਿਹਾ ਹਾਂ ਕਿ ਮਾਸਟਰ ਕਮਲ, ਕੌਮ ਦੇ ਨਿਰਮਾਤੇ ਪੱਥ ਪ੍ਰਦਰਸ਼ਕ ਤੋਂ 'ਵਿਚਾਰਾ ਮਾਸਟਰ' ਕਿਵੇਂ ਬਣ ਗਿਆ?

### (5.) ਸਵਰਗ ਨਰਕ

ਕਾਲਜ ਦੀ ਪੜਾਈ ਮੁਕਾ, ਇਧਰ ਉਧਰ ਘੁੰਮਦਿਆਂ, ਨੌਕਰੀ ਦੀ ਤਲਾਸ਼ ਵਿਚ ਫਿਰਦਿਆਂ ਉਹ ਜ਼ਿੰਦਗੀ ਤੋਂ ਤੰਗ ਆ ਗਿਆ ਸੀ। ਫਿਰ ਕੁਝ ਸਮੇਂ ਦਾ ਚੱਕਰ ਅਜਿਹਾ ਬਣਿਆ ਕਿ ਉਹਦੇ ਵਿਆਹ ਦੀਆਂ ਗੱਲਾਂ ਤੁਰੀਆਂ, ਵਲੈਤੋਂ ਰਾਹ ਦਾਰੀ ਆਈ ਤੇ ਉਹ ਲੰਦਨ ਪੁੱਜ ਗਿਆ। ਇਸ ਸਮੇਂ ਦੌਰਾਨ ਉਸਦੇ ਮਨ ਵਿਚ ਬੜੇ ਵਿਚਾਰ ਆਏ ਸਨ, ਲੋਕਾਂ ਤੋਂ ਸੁਣ-ਸੁਣ ਕਈ ਸੁਪਨੇ ਉਲੀਕ ਲਏ ਸਨ। ਕਦੇ-ਕਦਾਈਂ ਉਸ ਆਪਣੀ ਹੋਣ ਵਾਲੀ ਪਤਨੀ ਦੇ ਬਾਰੇ ਵੀ ਸੋਚਿਆ ਸੀ। ਬਹੁਤੇ ਵਿਸਮਾਦ 'ਚ ਆ ਉਸ ਇਕ ਦਿਨ ਆਪਣੇ ਨਿਘੇ ਦੋਸਤ ਨੂੰ ਕਿਹਾ ਸੀ, 'ਉਥੇ ਤਾਂ ਸੁਰਗ ਹੋਊ ਸੁਰਗ, ਕਿਸੇ ਚੀਜ਼ ਦੀ ਘਾਟ ਨਹੀਂ ਰਹਿਣੀ। ਐਥੇ ਤਾਂ ਐਂਵੇ ਪਹਿਲਾਂ ਪੜਾਈ ਕਰਦੇ ਮਰ ਗਏ ਆਂ। ਹੁਣ ਆਹ ਖੇਤੀ ਦੇ ਨਰਕ 'ਚ ਪੈ ਗਏ ਆਂ, ਚਲ ਖਹਿੜਾ ਛੁਟੂ।'

ਉਹ ਏਅਰ ਪੋਰਟ 'ਤੇ ਪੁਜਾ। ਉਹਦੀ ਹੋਣ ਵਾਲੀ ਪਤਨੀ, ਆਪਣੇ ਘਰਦਿਆਂ ਸਮੇਤ ਏਅਰ ਪੋਰਟ ਤੇ ਆਈ ਹੋਈ ਸੀ ਪਰ ਉਹ ਭਰ ਨਜ਼ਰ ਉਹਦੇ ਵੱਲ ਵੇਖ ਵੀ ਨਹੀਂ ਸਕਿਆ। ਵਿਆਹ ਵਾਲੀ ਰਾਤ ਉਹ ਮਨ 'ਚ ਸੁਪਨੇ ਲਈ ਬੈਠਾ ਸੀ। ਉਹ ਸੋਚ ਰਿਹਾ ਸੀ ਉਹ ਉਹਨੂੰ ਕਿਵੇਂ ਬੁਲਾਏਗਾ, ਕਿਵੇਂ ਗੱਲ ਕਰੇਗਾ? ਉਹ ਉਹਦੇ ਨਾਲ ਕਿਹੋ ਜਿਹਾ ਵਰਤੇਗੀ? ਉਹ ਉਹਨੂੰ ਕੀ ਕਹੇਗੀ? ਉਹ ਕਮਰੇ 'ਚ ਆਈ ਤੇ ਕਮਰੇ ਵਿਚ ਪਏ ਸੋਫੇ ਤੇ ਬੈਠ ਗਈ। ਕਾਫੀ ਸਮਾਂ ਚੁਪ ਰਹੀ। ਉਸ ਸਮਝਿਆ ਉਹ ਸ਼ਰਮਾਉਂਦੀ ਪਈ ਹੈ। ਉਹ ਜਿਉਂ ਹੀ ਉਹਦੇ ਲਾਗੇ ਬੈਠਣ ਲੱਗਾ, ਉਹਦੇ ਬੋਲ 'ਆਈ ਹੈਵ ਏ ਫਰੈਂਡ ਮਿਸਟਰ, ਆਈ ਕੈਨ ਨਾਟ ਸ਼ੇਅਰ ਬੈਡ ਵਿਦ ਯੂ, ਗੋ ਐਂਡ ਹੈਵ ਯੁਅਰ ਵੇ' ਸੁਣ ਉਹ ਸੁੰਨ ਹੋ ਗਿਆ। ਉਹਨੂੰ ਜਾਪਿਆ ਜਿਵੇਂ ਕਿਸੇ ਉਹਨੂੰ ਨਰਕ 'ਚ ਸੁੱਟ ਦਿੱਤਾ ਹੋਵੇ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com